EVEREST TRANSPORT INC
We are Hiring
Company Drivers
Solo driver 50 cents per miles+Safety Bonus
3000 plus miles per week.
Call, Goldy Ph: 260-797-1122

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455 Raj Shergill
rajsshergill@yahoo.com Associate Broker

Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 40, October 5, 2019 20451 N. Plum Grove Rd., Palatine, IL 60074 Ph:847-359-0746, Fax:847-705-9388

## ਭਾਜਪਾ ਨੇ ਪੰਜਾਬ ਫਤਿਹ ਕਰਨ ਦੀ ਮੁਹਿੰਮ ਵਿੱਢੀ

### ਪਾਰਟੀ ਦੀ ਰਣਨੀਤੀ ਨੇ ਰਵਾਇਤੀ ਧਿਰਾਂ ਨੂੰ ਸੋਚੀਂ ਪਾਇਆ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵਲੋਂ ਪਿਛਲੇ ਕੁਝ ਸਮੇਂ ਤੋਂ ਸਿੱਖਾਂ ਦੀ 'ਸੱਚੀ ਹਮਦਰਦ' ਬਣਨ ਦੀਆਂ ਕੋਸ਼ਿਸ਼ਾਂ ਨੇ ਪੰਜਾਬ ਦੀਆਂ ਰਵਾਇਤੀ ਧਿਰਾਂ (ਅਕਾਲੀ ਦਲ ਤੇ ਕਾਂਗਰਸ) ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਕੇਂਦਰ ਸਰਕਾਰ ਵਲੋਂ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਸਿੱਖਾਂ ਦੀਆਂ ਕਾਲੀਆਂ ਸੂਚੀਆਂ ਖਤਮ ਕਰਨ ਅਤੇ ਹੁਣ ਸਿੱਖ ਕੈਦੀਆਂ ਦੀਆਂ ਸਜ਼ਾਵਾਂ ਮੁਆਫ ਕਰਨ ਦੇ ਫੈਸਲਿਆਂ ਨੇ ਦੋਵਾਂ ਧਿਰਾਂ ਵਿਚ ਬੇਚੈਨੀ ਪੈਦਾ ਕਰ ਦਿੱਤੀ ਹੈ।

ਰਵਾਇਤੀ ਧਿਰਾਂ ਭਾਜਪਾ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖ ਰਹੀਆਂ ਹਨ। ਇਹੀ ਕਾਰਨ ਹੈ ਕਿ ਦੋਵੇਂ ਧਿਰਾਂ ਸਿੱਖਾਂ ਨੂੰ ਰਾਹਤ ਦੇ ਇਨ੍ਹਾਂ ਫੈਸਲਿਆਂ ਦੀ ਸ਼ਲਾਘਾ ਤਾਂ ਕਰ ਕਰ ਰਹੀਆਂ ਹਨ ਪਰ ਇਹ ਗੱਲ ਖੁੱਲ੍ਹ ਕੇ ਜਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਕੇਂਦਰ ਨੇ ਇਹ ਫੈਸਲੇ ਉਨ੍ਹਾਂ ਵਲੋਂ ਪਾਏ ਦਬਾਅ ਕਾਰਨ ਹੀ ਕੀਤੇ ਹਨ; ਹਾਲਾਂਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦੇ ਫੈਸਲੇ ਉਤੇ ਕਾਂਗਰਸ ਆਪਸ ਵਿਚ ਵੰਡੀ ਗਈ ਹੈ।

ਕਾਂਗਰਸ ਦੇ ਐਮ.ਪੀ. ਅਤੇ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਬਿੱਟੂ ਵਲੋਂ ਕੇਂਦਰ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਇਸ ਫੈਸਲੇ ਬਾਰੇ ਖੁੱਲ੍ਹ ਕੇ ਬੋਲਣ ਤੋਂ ਟਾਲਾ ਵੱਟ ਰਹੇ ਹਨ। ਕੈਪਟਨ ਨੇ ਭਾਵੇਂ ਰਾਜੋਆਣਾ ਨੂੰ ਰਾਹਤ ਉਤੇ ਰਵਨੀਤ ਬਿੱਟੂ ਤੋਂ ਵੱਖਰਾ ਸਟੈਂਡ ਲਿਆ ਹੈ ਪਰ ਨਾਲ ਹੀ ਇਹ ਵੀ ਆਖ ਦਿੱਤਾ ਕਿ ਬੇਅੰਤ ਸਿੰਘ ਦੇ ਕਾਤਲਾਂ ਬਾਰੇ ਕਾਂਗਰਸ ਦਾ ਸਟੈਂਡ ਹਮੇਸ਼ਾਂ ਤੋਂ ਸਪਸ਼ਟ ਰਿਹਾ ਹੈ ਕਿ ਉਹ ਆਪਣੀਆਂ ਸਜ਼ਾਵਾਂ ਪੂਰੀ ਕਰਨ।

ਦਰਅਸਲ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਇਹ ਕਦਮ ਅਜਿਹੇ ਸਮੇਂ ਚੁੱਕਿਆ ਹੈ, ਜਦੋਂ ਭਾਜਪਾ ਨੇ ਹਰਿਆਣਾ ਵਿਚ ਅਗਾਮੀ ਚੋਣਾਂ ਲਈ ਆਪਣੇ ਰਵਾਇਤੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਤੋਂ ਨਾਂਹ ਕਰ ਦਿੱਤੀ ਹੈ। ਭਾਜਪਾ ਵਲੋਂ ਅਕਾਲੀਆਂ ਦੇ ਸੂਬੇ ਵਿਚ ਕਾਲਿਆਂਵਾਲੀ ਹਲਕੇ ਤੋਂ ਇਕਲੌਤੇ ਵਿਧਾਇਕ ਬਲਕੌਰ ਸਿੰਘ ਨੂੰ ਪਾਰਟੀ 'ਚ ਸ਼ਾਮਲ ਕਰਨ ਪਿੱਛੋਂ ਦੋਵੇਂ ਧਿਰਾਂ ਆਹਮੋ-ਸਾਹਮਣੇ ਹਨ। ਅਕਾਲੀ ਦਲ ਨੇ ਭਾਜਪਾ ਤੋਂ ਇਸ ਦਾ ਬਦਲਾ ਲੈਂਦੇ ਹੋਏ ਭਾਈਵਾਲ ਦੇ 2014 ਵਿਚ ਕਾਲਿਆਂਵਾਲੀ ਤੋਂ ਹੀ ਉਮੀਦਵਾਰ ਰਹੇ ਰਾਜਿੰਦਰ ਸਿੰਘ ਦੇਸੂਜੋਧਾ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਟਿਕਟ ਦੇ ਦਿੱਤੀ ਹੈ। ਹਰਿਆਣਾ ਵਿਚ ਇਸ ਸਿਆਸੀ ਘਟਨਾਕ੍ਰਮ ਤੋਂ ਬਾਅਦ ਪੰਜਾਬ ਵਿਚ ਵੀ ਭਾਜਪਾ ਆਗੂਆਂ ਦਾ ਰੁਖ ਬਦਲ ਗਿਆ ਹੈ। ਪੰਜਾਬ ਭਾਜਪਾ ਦੇ ਸੀਨੀਅਰ ਆਗੂ, ਸਾਬਕਾ ਮੰਤਰੀ ਅਤੇ ਸਾਬਕਾ ਸੂਬਾ ਪ੍ਰਧਾਨ ਮਦਨ ਮੋਹਨ ਮਿੱਤਲ ਨੇ ਸਾਫ ਆਖ ਦਿੱਤਾ ਹੈ ਕਿ ਹੁਣ ਵੱਡਾ ਭਰਾ ਅਕਾਲੀ ਦਲ ਨਹੀਂ ਸਗੋਂ ਭਾਜਪਾ ਹੈ ਤੇ ਸਾਨੂੰ 117 ਵਿਚੋਂ 59 ਸੀਟਾਂ ਮਿਲਣੀਆਂ ਚਾਹੀਦੀਆਂ ਹਨ।

ਦਰਅਸਲ, ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਫੈਸਲੇ ਨੂੰ ਸਿੱਖ ਸਿਆਸਤ ਵਿਚ ਭਾਜਪਾ ਦੀ ਦਿੱਖ ਨੂੰ ਸਕਾਰਾਤਮਕ ਗੇੜਾ ਦੇਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਹਰਿਆਣਾ ਵਿਚ ਸਿੱਖਾਂ ਦੀ ਗਿਣਤੀ ਕੁੱਲ ਆਬਾਦੀ ਦਾ ਅੱਠ ਫੀਸਦੀ ਹੈ ਤੇ ਖਾੜਕੂਵਾਦ ਦੇ ਦਿਨਾਂ ਦੌਰਾਨ (1978 ਤੋਂ 1995) ਰਵਾਇਤੀ ਤੌਰ 'ਤੇ ਵੱਡੀ ਗਿਣਤੀ ਸਿੱਖਾਂ ਨੇ ਦੇਵੀ ਲਾਲ ਤੇ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੀ ਇਨੈਲੋ ਪਾਰਟੀ ਦੀ ਚੋਣ ਕੀਤੀ ਸੀ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪੰਜਾਬ ਦੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਬਾਦਲ ਵਿਰੋਧੀ ਸਿੱਖਾਂ ਦੇ ਆਧਾਰ ਦਾ ਪੈਮਾਨਾ ਮਾਪਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਭਾਜਪਾ ਦੀ ਸੂਬਾਈ ਲੀਡਰਸ਼ਿਪ ਵਲੋਂ ਭਾਵੇਂ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਅਕਾਲੀ ਦਲ ਨਾਲੋਂ ਗੱਠਜੋੜ ਤੋੜ ਕੇ ਆਪਣੇ ਦਮ 'ਤੇ ਚੋਣਾਂ ਲੜਨ ਉਤੇ ਜ਼ੋਰ ਦਿੱਤਾ ਜਾ ਰਿਹਾ ਸੀ ਪਰ ਤਤਕਾਲੀ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਦੇ ਦਖਲ ਅਤੇ ਪਾਰਟੀ ਦੇ ਪੂਰੀ ਤਰ੍ਹਾਂ ਪੈਰਾਂ ਸਿਰ ਨਾ ਹੋਣ ਕਾਰਨ ਅਕਾਲੀ ਦਲ ਨਾਲੋਂ ਗੱਠਜੋੜ ਤੋੜਨ ਦਾ ਫੈਸਲਾ ਨਹੀਂ ਕੀਤਾ ਜਾ

*(ਬਾਕੀ ਸਫਾ 6 ਉਤੇ)*

## ਹਿਊਸਟਨ 'ਚ ਸਿੱਖ ਪੁਲਿਸ ਅਫਸਰ ਦਾ ਕਤਲ

**ਹਿਊਸਟਨ, ਟੈਕਸਸ (ਬਿਊਰੋ):** ਭਾਰਤੀ-ਅਮਰੀਕੀ ਸਿੱਖ ਪੁਲਿਸ ਅਧਿਕਾਰੀ ਸਨਦੀਪ ਸਿੰਘ ਧਾਲੀਵਾਲ (42) ਦੀ ਟਰੈਫਿਕ ਸਿਗਨਲ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਮੁਤਾਬਕ ਉਸ ਦੇ ਸਿਰ 'ਚ ਕਈ ਗੋਲੀਆਂ ਮਾਰੀਆਂ ਗਈਆਂ। ਪੁਲਿਸ ਤੁਰਤ ਹਰਕਤ 'ਚ ਆਈ ਅਤੇ ਦੋਸ਼ੀ ਨੂੰ ਫੜ ਲਿਆ। ਡਿਪਟੀ ਧਾਲੀਵਾਲ ਨੇ ਇਕ ਕਾਰ ਨੂੰ ਰੋਕਿਆ ਸੀ, ਜਿਸ 'ਚ ਮਹਿਲਾ ਅਤੇ ਇਕ ਵਿਅਕਤੀ ਸਵਾਰ ਸਨ। ਵਾਹਨ 'ਚੋਂ ਇਕ ਵਿਅਕਤੀ ਬਾਹਰ ਨਿਕਲਿਆ ਅਤੇ ਉਸ ਨੇ ਗੋਲੀਆਂ ਚਲਾ ਦਿੱਤੀਆਂ।



ਸਨਦੀਪ ਸਿੰਘ ਧਾਲੀਵਾਲ ਕਾਊਂਟੀ ਦੇ ਪਹਿਲੇ ਸਿੱਖ ਡਿਪਟੀ ਸਨ ਅਤੇ ਉਨ੍ਹਾਂ 10 ਸਾਲ ਪਹਿਲਾਂ ਪੁਲਿਸ ਵਿਭਾਗ 'ਚ ਨੌਕਰੀ ਸ਼ੁਰੂ ਕੀਤੀ ਸੀ। ਉਹ ਟੈਕਸਸ ਦੇ ਅਜਿਹੇ ਪਹਿਲੇ ਪੁਲਿਸ ਅਧਿਕਾਰੀ ਸਨ, ਜਿਨ੍ਹਾਂ ਨੂੰ ਕੰਮ ਦੌਰਾਨ ਸਿੱਖ ਧਰਮ ਦੀ ਰਵਾਇਤ ਮੁਤਾਬਕ ਦਾੜ੍ਹੀ ਅਤੇ ਦਸਤਾਰ ਸਜਾਉਣ ਦੀ ਇਜਾਜ਼ਤ ਮਿਲੀ ਹੋਈ ਸੀ। ਹੈਰਿਸ ਕਾਊਂਟੀ ਸ਼ੈਰਿਫ ਦੇ ਦਫਤਰ 'ਚ ਮੇਜਰ ਮਾਈਕ ਲੀ ਮੁਤਾਬਕ ਡਿਪਟੀ ਧਾਲੀਵਾਲ ਨੇ ਸਈਪ੍ਰੈੱਸ ਏਰੀਆ 'ਚ ਵਿਲੈਂਸੀ ਕੋਰਟ 'ਚ ਦੁਪਹਿਰ ਕਰੀਬ ਪੌਣੇ ਇਕ ਵਜੇ ਇਕ ਕਾਰ ਨੂੰ ਰੋਕਿਆ। ਲੀ ਨੇ ਕਿਹਾ ਕਿ ਡੈਸ਼ਕੈਮ ਵੀਡੀਓ ਤੋਂ ਪਤਾ ਲੱਗਾ ਕਿ ਧਾਲੀਵਾਲ ਅਤੇ ਕਾਰ 'ਚ ਬੈਠੇ ਸ਼ੱਕੀ ਰੌਬਰਟ ਸੋਲਿਸ (47) ਵਿਚਾਲੇ ਕੁਝ ਗੱਲਬਾਤ ਹੋਈ, ਪਰ ਕਿਸੇ ਤਕਰਾਰ ਦਾ

*(ਬਾਕੀ ਸਫਾ 2 ਉਤੇ)*

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com


BEST FARE GUARANTEE
WorldWide Travel
866 66 INDIA
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

ੴ ਸਤਿ ਸ਼੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ
Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com

## ਹਿਊਸਟਨ 'ਚ ਸਿੱਖ ਪੁਲਿਸ ਅਫਸਰ ਦਾ ਕਤਲ

*(ਸਫਾ ਇਕ ਦੀ ਬਾਕੀ)*

ਕੋਈ ਸੰਕੇਤ ਨਹੀਂ ਮਿਲਿਆ। ਡਿਪਟੀ ਧਾਲੀਵਾਲ ਕੁਝ ਪਲਾਂ ਮਗਰੋਂ ਜਦੋਂ ਆਪਣੀ ਸਕੁਐਡ ਕਾਰ ਵੱਲ ਪਰਤਿਆ ਤਾਂ ਹਮਲਾਵਰ ਭੱਜ ਕੇ ਉਸ ਕੋਲ ਆਇਆ ਅਤੇ ਸਿਰ 'ਚ ਗੋਲੀਆਂ ਮਾਰ ਦਿੱਤੀਆਂ। ਸਨਦੀਪ ਸਿੰਘ ਨੂੰ ਤੁਰਤ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਸ ਨੇ



*ਹਮਲਾਵਰ ਰੌਬਰਟ ਸੋਲਿਸ*

ਦਮ ਤੋੜ ਦਿੱਤਾ। ਡਿਪਟੀ ਧਾਲੀਵਾਲ ਵਿਆਹਿਆ ਹੋਇਆ ਸੀ ਅਤੇ ਉਸ ਦੇ ਤਿੰਨ ਬੱਚੇ ਹਨ।

ਡਿਪਟੀ ਧਾਲੀਵਾਲ ਕੋਲ ਜੋ ਕੈਮਰਾ ਸੀ, ਉਸ 'ਚ ਪੂਰੇ ਮਾਮਲੇ ਦਾ ਵੀਡੀਓ ਬਣ ਗਿਆ ਸੀ ਅਤੇ ਜਾਂਚਕਾਰਾਂ ਨੇ ਗੋਲੀਆਂ ਚਲਾਉਣ ਵਾਲੇ ਵਿਅਕਤੀ ਦੀ ਪਛਾਣ ਕਰ ਲਈ। ਇਸ ਮਗਰੋਂ ਹਮਲਾਵਰ ਅਤੇ ਉਸ ਨਾਲ ਆਈ ਮਹਿਲਾ ਨੂੰ ਫੜ ਲਿਆ ਗਿਆ।

ਜਾਣਕਾਰੀ ਮੁਤਾਬਕ ਸਨਦੀਪ ਸਿੰਘ ਧਾਲੀਵਾਲ ਗੁਰਦੁਆਰੇ 'ਚ ਵੀ ਸੇਵਾ ਕਰਦਾ ਸੀ ਅਤੇ ਜਦੋਂ ਉਹ ਡਿਪਟੀ ਬਣਿਆ ਤਾਂ ਘਰ 'ਚ ਪਾਠ ਰਖਵਾਇਆ ਸੀ। ਹਿਊਸਟਨ ਦੇ ਮੇਅਰ ਸਿਲਵੈਸਟਰ ਟਰਨਰ ਨੇ ਟਵੀਟ ਕਰਕੇ ਕਿਹਾ ਕਿ ਧਾਲੀਵਾਲ ਨੇ ਭਾਈਚਾਰੇ ਲਈ ਬਹੁਤ ਕੁਝ ਕੀਤਾ। ਟੈਕਸਸ ਦੇ ਗਵਰਨਰ ਗਰੇਗ ਐਬਟ ਨੇ ਉਸ ਦੀ ਮੌਤ ਨੂੰ ਵੱਡਾ ਨੁਕਸਾਨ ਕਰਾਰ ਦਿੱਤਾ ਹੈ। ਸਨਦੀਪ ਧਾਲੀਵਾਲ ਦੇ ਦੋਸਤਾਂ ਨੇ ਕਿਹਾ ਕਿ ਉਹ ਸਿੱਖ ਧਰਮ ਨੂੰ ਸਮਰਪਿਤ ਸਨ, ਜੋ ਪਿਆਰ ਅਤੇ ਸ਼ਾਂਤੀ ਦਾ ਸੰਦੇਸ਼ ਦਿੰਦਾ ਹੈ। ਦੋਸਤਾਂ ਨੇ ਦੱਸਿਆ ਕਿ ਧਾਲੀਵਾਲ ਪਿਆਰ ਨਾਲ ਸੇਵਾਵਾਂ ਦੇਣ ਲਈ ਜਾਣਿਆ ਜਾਂਦਾ ਸੀ ਅਤੇ ਉਸ ਦੀ ਕੁਰਬਾਨੀ ਨਫਰਤ ਅਤੇ ਗਲਤਫਹਿਮੀ ਦੀਆਂ ਵਲਗਣਾਂ ਤੋੜਨ ਦੇ ਸਮਰੱਥ ਹੈ। ਦੋਸਤਾਂ ਅਨੁਸਾਰ ਉਹ ਹੀਰਾ ਬੰਦਾ ਸੀ।

# ਅਲਵਿਦਾ ਸ਼ੈਰਿਫ ਡਿਪਟੀ ਸਨਦੀਪ ਸਿੰਘ ਧਾਲੀਵਾਲ

ਹੈਰਿਸ ਕਾਉਂਟੀ ਸ਼ੈਰਿਫ ਡਿਪਟੀ ਸਨਦੀਪ ਸਿੰਘ ਧਾਲੀਵਾਲ (42) ਨੂੰ ਲੰਘੇ ਸ਼ੁੱਕਰਵਾਰ ਇੱਕ ਟ੍ਰੈਫਿਕ ਸਟਾਪ ਦੌਰਾਨ ਇੱਕ ਸਿਰਫਿਰੇ ਸਪੈਨਿਸ਼ ਮੂਲ ਦੇ ਰੌਬਰਟ ਸੋਲਿਸ (47) ਨਾਮੀ ਕਾਤਲ ਨੇ ਪਿੱਛੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਦੀ ਦੇਹ ਦਾ ਅੰਤਿਮ ਸੰਸਕਾਰ 2 ਅਕਤੂਬਰ, ਬੁੱਧਵਾਰ ਨੂੰ ਬੈਰੀ ਸੈਂਟਰ ਸਾਇਪਰਸ (Berry Centre Cypress) ਵਿਖੇ ਹੋਇਆ ਅਤੇ ਭੋਗ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਹਿਊਸਟਨ ਵਿਖੇ ਪਿਆ। ਡਿਪਟੀ ਸਨਦੀਪ ਸਿੰਘ ਧਾਲੀਵਾਲ ਦਾ ਪਿਛਲਾ ਪਿੰਡ ਧਾਲੀਵਾਲ ਬੇਟ, ਜਿਲਾ ਕਪੂਰਥਲਾ ਵਿਚ ਪੈਂਦਾ ਹੈ। ਉਨ੍ਹਾਂ ਦਾ ਜਨਮ ਸ. ਪਿਆਰਾ ਸਿੰਘ ਧਾਲੀਵਾਲ (ਰਿਟਾ. ਇੰਡੀਅਨ ਆਰਮੀ) ਤੇ ਮਾਤਾ ਸਵਰਗੀ ਸੁਰਿੰਦਰ ਕੌਰ ਧਾਲੀਵਾਲ ਦੇ ਘਰ ਹੋਇਆ। ਡਿਪਟੀ ਧਾਲੀਵਾਲ ਆਪਣੇ ਪਿੱਛੇ ਪਤਨੀ ਤੋਂ ਇਲਾਵਾ 13 ਤੇ 10 ਸਾਲ ਦੀਆਂ ਦੋ ਧੀਆਂ ਤੇ 5 ਸਾਲ ਦਾ ਇਕ ਬੇਟਾ ਛੱਡ ਗਏ।

ਡਿਪਟੀ ਸਨਦੀਪ ਸਿੰਘ ਧਾਲੀਵਾਲ ਕਰੀਬ 25 ਸਾਲ ਪਹਿਲਾਂ ਅਮਰੀਕਾ ਆਏ। ਇੱਥੇ ਆ ਕੇ ਉਹ ਸਭਿਆਚਾਰਕ ਪ੍ਰੋਗਰਾਮਾਂ ਵਿਚ ਭੰਗੜੇ ਦੇ ਜੌਹਰ ਵਿਖਾ ਕੇ ਛਾਏ ਰਹੇ। ਉਸ ਨੂੰ ਬਾਡੀ ਬਣਾਉਣ ਦਾ ਬੇਹੱਦ ਸ਼ੌਕ ਸੀ ਤੇ ਅਕਸਰ ਜਿੰਮ ਵਿਚ ਹੀ ਮਿਲਦੇ ਸਨ। ਸੰਨ 2008 ਵਿਚ ਸੈਰਿਫ ਟਿੱਡ ਗੁੰਜਾਲਸ ਦੇ ਕਹਿਣ 'ਤੇ ਬਤੌਰ ਡਿਟੈਨਸ਼ਨ ਅਫਸਰ ਹੈਰਿਸ ਕਾਉਂਟੀ ਸ਼ੈਰਿਫ ਪੁਲਿਸ ਵਿਚ ਭਰਤੀ ਹੋ ਗਏ। 2014 ਵਿਚ ਉਨ੍ਹਾਂ ਨੂੰ ਪੈਟਰੋਲਿੰਗ ਦੀ ਨੌਕਰੀ ਮਿਲੀ, ਇਸੇ ਦੌਰਾਨ ਉਨ੍ਹਾਂ ਕਾਨੂੰਨੀ ਅੜਚਨਾਂ ਪਾਰ ਕਰਕੇ ਪੱਗ ਬੰਨ੍ਹਣੀ ਸ਼ੁਰੂ ਕੀਤੀ ਤੇ 2015 ਵਿਚ ਅਮਰੀਕਾ ਦੇ ਪਹਿਲੇ ਪਗੜੀਧਾਰੀ ਪੁਲਿਸ ਅਫਸਰ ਬਣੇ।

ਡਿਪਟੀ ਸਨਦੀਪ ਧਾਲੀਵਾਲ ਹਿਊਸਟਨ



*ਡਿਪਟੀ ਸਨਦੀਪ ਸਿੰਘ ਧਾਲੀਵਾਲ ਆਪਣੇ ਪਰਿਵਾਰ ਨਾਲ*

ਏਰੀਏ ਦੀ ਸ਼ਾਨ ਤੇ ਪੰਜਾਬੀ ਭਾਈਚਾਰੇ ਦਾ ਮਾਣ ਸਨ। ਜਿੰਨੇ ਵੀ ਲੋਕ ਉਨ੍ਹਾਂ ਨੂੰ ਮਿਲੇ, ਹਰ ਕੋਈ ਇਹੀ ਕਹਿੰਦਾ ਕਿ ਐਨਾ ਮਿਲਣਸਾਰ ਤੇ ਵਧੀਆ ਸੁਭਾਅ, ਉਸ ਦੀ ਜਿੰਨੀ ਸਿਫਤ ਕੀਤੀ ਜਾਵੇ, ਥੋੜ੍ਹੀ ਹੈ। ਸਾਲ 2017 ਵਿਚ ਹਰੀਕੇਨ ਹਾਰਵੀ ਨਾਲ ਸਾਊਥ ਈਸਟ ਟੈਕਸਸ ਵਿਚ ਹੋਈ ਭਾਰੀ ਤਬਾਹੀ ਦੌਰਾਨ ਖਤਰਨਾਕ ਥਾਂਵਾਂ 'ਤੇ ਜਾ ਕੇ ਜਾਨ ਜੋਖਮ 'ਚ ਪਾ ਕੇ ਡਿਪਟੀ ਧਾਲੀਵਾਲ ਨੇ ਲੋਕਾਂ ਦੀ ਮਦਦ ਕੀਤੀ। ਉਹ ਸਿੱਖ ਜਥੇਬੰਦੀ 'ਯੁਨਾਈਟਡ ਸਿੱਖਸ' ਦਾ ਸਰਗਰਮ ਮੈਂਬਰ ਵੀ ਸੀ। ਉਸ ਦੀ ਇੱਕ ਅਵਾਜ਼ 'ਤੇ ਪੰਜਾਬੀ ਪੂਰੇ ਅਮਰੀਕਾ ਵਿਚੋਂ ਉਸ ਸਮੇਂ 25 ਵੱਡੇ ਟਰੱਕ ਰਸਦ ਤੇ ਹੋਰ ਰੋਜ਼ਾਨਾ ਵਰਤੋਂ ਵਾਲਾ ਸਮਾਨ ਲੈ ਕੇ ਹਿਊਸਟਨ ਲਈ ਰਵਾਨਾ ਹੋਵੇ, ਜੋ ਇੱਕ ਮਿਸਾਲ ਸੀ। ਹਿਊਸਟਨ ਦੇ ਲੋਕ ਡਿਪਟੀ ਧਾਲੀਵਾਲ ਨੂੰ ਇੱਕ ਫਰਿਸ਼ਤੇ ਦੇ ਤੌਰ 'ਤੇ ਵੇਖਦੇ ਸਨ। ਪਿੱਛੇ ਜਿਹੇ ਸਾਊਥ ਅਮਰੀਕਾ ਦੇ ਦੇਸ਼ ਪੋਰਟੋ ਰੀਕੋ ਵਿਚ ਤੁਫਾਨ ਆਇਆ, ਡਿਪਟੀ ਸਨਦੀਪ ਉਥੇ ਵੀ ਸ਼ੈਰਿਫ ਡਿਪਾਰਟਮੈਂਟ ਵੱਲੋਂ ਸੇਵਾਵਾਂ ਨਿਭਾ ਕੇ ਆਏ।

ਸਨਿਚਰਵਾਰ ਰਾਤ ਨੂੰ ਡਿਪਟੀ ਧਾਲੀਵਾਲ ਦੀ ਯਾਦ ਵਿਚ ਕੈਂਡਲ ਲਾਈਟ ਵਿਜ਼ਿਲ ਰੱਖਿਆ ਗਿਆ, ਜਿੱਥੇ ਉਨ੍ਹਾਂ ਨੂੰ ਯਾਦ ਕਰਦਿਆਂ ਲੋਕ ਧਾਹਾਂ ਮਾਰ ਕੇ ਰੋਂਦੇ ਵੇਖੇ ਗਏ। ਸਭ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਉਨ੍ਹਾਂ ਦੇ ਆਪਣੇ ਪਰਿਵਾਰ ਦਾ ਕੋਈ ਜੀਅ ਤੁਰ ਗਿਆ ਹੋਵੇ।

ਹਿਊਸਟਨ ਤੋਂ ਪੱਤਰਕਾਰ ਜਸਵੰਤ ਜੱਸੀ ਨੇ ਦੱਸਿਆ ਕਿ ਹੋਰ ਦੋ ਕੁ ਮਹੀਨੇ ਤੱਕ ਡਿਪਟੀ ਧਾਲੀਵਾਲ ਪੈਟਰੋਲਿੰਗ ਬੰਦ ਕਰਕੇ ਸ਼ੈਰਿਫ ਦੇ ਦਫਤਰ 'ਚ ਨੌਕਰੀ ਕਰਨ ਵਾਲੇ ਸਨ ਕਿ ਇਹ ਭਾਣਾ ਵਰਤ ਗਿਆ। ਡਿਪਟੀ ਧਾਲੀਵਾਲ ਦੁਨੀਆਂ ਭਰ ਵਿਚ ਸਿੱਖਾਂ ਦੀ ਅਮਿਟ ਪਛਾਣ ਛੱਡ ਗਏ। ਉਹ ਬੇਸ਼ੱਕ ਸਰੀਰਕ ਤੌਰ 'ਤੇ ਸਾਥੋਂ ਦੂਰ ਜਾ ਚੁਕੇ ਹਨ, ਪਰ ਉਨ੍ਹਾਂ ਦੀ ਯਾਦ ਹਮੇਸ਼ਾ ਦਿਲ 'ਚ ਬਣੀ ਰਹੇਗੀ। ਇਹ ਸਮਾਂ ਧਾਲੀਵਾਲ ਪਰਿਵਾਰ ਲਈ ਬਹੁਤ ਔਖਾ ਹੈ, ਪਰ ਇਸ ਘੜੀ ਸਾਰਾ ਸੰਸਾਰ ਧਾਲੀਵਾਲ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ। ਉਨ੍ਹਾਂ ਦੇ ਗਰਾਈਂ ਸ਼ਿਕਾਗੋ ਤੋਂ ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਨੇ ਧਾਲੀਵਾਲ ਪਰਿਵਾਰ ਨਾਲ ਹਮਦਰਦੀ ਜਾਹਰ ਕਰਦਿਆਂ ਕਿਹਾ, ਉਨ੍ਹਾਂ ਦਾ ਸਾਰਾ ਪਿੰਡ ਸਕਤੇ ਵਿਚ ਹੈ ਕਿ ਹੋ ਕੀ ਗਿਆ?

ਸਨਦੀਪ ਵੀਰ ਤੇਰੀ ਘਾਟ ਤਾਂ ਕਦੇ ਵੀ ਪੂਰੀ ਨਹੀਂ ਹੋ ਸਕਦੀ ਪਰ ਜੋ ਤੂੰ ਰਾਹ ਦੁਸੇਰਾ ਕਰ ਚੱਲਿਆ, ਉਸ 'ਤੇ ਚੱਲਣ ਦੀ ਕੋਸ਼ਿਸ਼ ਕਰਾਂਗੇ! ਅਲਵਿਦਾ ਦੋਸਤ!

***-ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ***
***ਫੋਨ: 558-333-5776***

## ਵਿਦੇਸ਼ ਮੰਤਰੀ ਜੈਸ਼ੰਕਰ, ਕੈਪਟਨ ਤੇ ਸ਼ੋਮਣੀ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਵਿਦੇਸ਼ ਮੰਤਰੀ ਐਸ. ਜੈਸ਼ੰਕਰ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡਿਪਟੀ ਸਨਦੀਪ ਸਿੰਘ ਧਾਲੀਵਾਲ ਦੇ ਕਤਲ ਦੀ ਨਿਖੇਧੀ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਕਿਹਾ ਕਿ ਹੈਰਿਸ ਕਾਊਂਟੀ ਦੇ ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਦੇ ਕਤਲ 'ਤੇ ਉਨ੍ਹਾਂ ਨੂੰ ਡੂੰਘਾ ਅਫਸੋਸ ਹੈ।

ਉਧਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕਰਦਿਆਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੀ ਸੁਰੱਖਿਆ ਲਈ ਢੁਕਵੇਂ ਕਦਮ ਚੁੱਕੇ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸਨਦੀਪ ਸਿੰਘ ਧਾਲੀਵਾਲ ਲੋਕਾਂ ਦੇ ਮਨਾਂ ਵਿਚ ਹਮੇਸ਼ਾ ਆਪਣੇ ਮਿਸਾਲੀ ਤੇ ਉਚੇਚੇ ਕਾਰਜਾਂ ਕਰਕੇ ਯਾਦ ਰਹਿਣਗੇ।

## ਮਾਪਿਆਂ ਦਾ ਇਕਲੌਤਾ ਪੁੱਤ ਸੀ ਸਨਦੀਪ ਸਿੰਘ

**ਨਡਾਲਾ:** ਸਿੱਖ ਪੁਲਿਸ ਅਫਸਰ ਸਨਦੀਪ ਸਿੰਘ ਧਾਲੀਵਾਲ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੀਆਂ 2 ਭੈਣਾਂ ਹਨ। ਪੜ੍ਹਾਈ ਮੁਕੰਮਲ ਕਰਨ ਮਗਰੋਂ 1995 ਵਿਚ ਉਹ ਆਪਣੇ ਪਿਤਾ ਪਿਆਰਾ ਸਿੰਘ ਕੋਲ ਅਮਰੀਕਾ ਆ ਗਿਆ ਸੀ। ਜਿਵੇਂ ਹੀ ਉਸ ਦੀ ਮੌਤ ਦੀ ਖਬਰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਧਾਲੀਵਾਲ ਬੇਟ (ਨੇੜੇ ਢਿਲਵਾਂ) ਪੁੱਜੀ ਤਾਂ ਉਸ ਸਮੇਂ ਹੀ ਪਿੰਡ 'ਚ ਸੋਗ ਦੀ ਲਹਿਰ ਦੌੜ ਗਈ। ਉਸ ਦੀ ਮਾਤਾ ਪਿਛਲੇ ਸਾਲ ਚਲਾਣਾ ਕਰ ਗਈ ਸੀ। ਪਿੰਡ ਧਾਲੀਵਾਲ ਵਿਚ ਉਨ੍ਹਾਂ ਦੇ ਸਾਂਝੇ ਘਰ ਵਿਚ ਉਸ ਦਾ ਤਾਇਆ ਕਰਤਾਰ ਸਿੰਘ ਪਰਿਵਾਰ ਸਮੇਤ ਰਹਿੰਦੇ ਹਨ। ਜ਼ਮੀਨ ਉਹ ਹੀ ਸਾਂਭਦੇ ਹਨ। ਇਸ ਵੇਲੇ ਸਨਦੀਪ ਸਿੰਘ ਪਤਨੀ ਰਛਪਾਲ ਕੌਰ, ਤਿੰਨ ਬੱਚਿਆਂ ਅਤੇ ਪਿਤਾ ਪਿਆਰਾ ਸਿੰਘ ਨਾਲ ਹਿਊਸਟਨ ਰਹਿੰਦਾ ਸੀ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਹਿਊਸਟਨ 'ਚ ਸਿੱਖ ਪੁਲਿਸ ਅਫਸਰ ਸਨਦੀਪ ਸਿੰਘ ਧਾਲੀਵਾਲ ਦੇ ਡਿਊਟੀ ਸਮੇਂ ਕਤਲ ਦੀ ਦੁਖਦਾਈ ਘਟਨਾ 'ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਜਾਹਰ ਕੀਤੀ ਹੈ।

ਦਲ ਦੇ ਸੁਰਜੀਤ ਸਿੰਘ ਕੁਲਾਰ ਨਿਊ ਯਾਰਕ; ਬੂਟਾ ਸਿੰਘ ਖੜੌਦ, ਜੋਗਾ ਸਿੰਘ ਤੇ ਪ੍ਰੋ. ਬਲਜਿੰਦਰ ਸਿੰਘ ਮੋਰਜੰਡ ਨਿਊ ਜਰਸੀ; ਜੀਤ ਸਿੰਘ ਆਲੋਅਰਖ ਹਿਊਸਟਨ, ਰੁਪਿੰਦਰ ਸਿੰਘ ਬਾਠ ਓਹਾਇਓ; ਮੱਖਣ ਸਿੰਘ ਕਲੇਰ ਤੇ ਲਖਵੀਰ ਸਿੰਘ ਕੰਗ ਸ਼ਿਕਾਗੋ; ਤਰਸੇਮ ਸਿੰਘ, ਰੁਮਿੰਦਰਜੀਤ ਸਿੰਘ ਤੇ ਅਰਵਿੰਦਰ ਸਿੰਘ ਕੈਲੀਫੋਰਨੀਆ; ਪਵਨ ਸਿੰਘ, ਦਵਿੰਦਰ ਸਿੰਘ ਤੇ ਰੇਸ਼ਮ ਸਿੰਘ ਵਰਜੀਨੀਆ ਅਤੇ ਇੰਦਰਪਾਲ ਸਿੰਘ ਸਿਆਟਲ ਨੇ ਸਿੱਖ ਕੌਮ ਨੂੰ ਬੇਨਤੀ ਕੀਤੀ ਹੈ ਕਿ ਸਨਦੀਪ ਸਿੰਘ ਧਾਲੀਵਾਲ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ, ਕਿਉਂਕਿ ਜਿਥੇ ਉਸ ਨੇ ਆਪਣੀ ਡਿਊਟੀ ਨੂੰ ਮੁੱਖ ਰੱਖਿਆ, ਉਥੇ ਪਹਿਲ ਦੇ ਆਧਾਰ 'ਤੇ ਆਪਣੇ ਧਰਮ ਤੇ ਦਸਤਾਰ ਨੂੰ ਵੀ ਮੁੱਖ ਰੱਖਿਆ। ਉਹ ਹਰ ਲੋੜਵੰਦ ਦੀ ਮਦਦ ਕਰਨਾ ਧਰਮ ਸਮਝਦਾ ਸੀ।


ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਨੂੰ ਸਮਰਪਿਤ **ਪ੍ਰਾਜੈਕਟ: 'ਮੇਰਾ ਪਿੰਡ, ਮੇਰਾ ਪੰਜਾਬ'**

FRIENDS OF PUNJAB FOUNDATION

**'ਮਨੁੱਖਤਾ ਦੀ ਸੇਵਾ'**

**ਮਿਸ਼ਨ:** ਪੰਜਾਬ ਦੇ ਪਿੰਡਾਂ ਦੇ ਗਰੀਬਾਂ ਨੂੰ ਮਾਣ-ਸਤਿਕਾਰ ਨਾਲ ਜੀਣ ਅਤੇ ਨੌਜਵਾਨਾਂ ਨੂੰ ਗੁਰਬਤ ਵਿਚੋਂ ਕੱਢਣ ਲਈ ਉਨ੍ਹਾਂ ਦੀ ਮਦਦ ਕਰਨੀ

**ਨਿਯਮਿਤ ਪ੍ਰਾਜੈਕਟ:** ਕੁਝ ਸਾਲਾਂ ਤੋਂ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਦੇ ਸਹਿਯੋਗੀ ਪਿੰਡਾਂ ਦੇ ਸੈਂਕੜੇ ਲੋੜਵੰਦ ਪਰਿਵਾਰਾਂ ਦੀ ਮਦਦ ਕਰ ਰਹੇ ਹਨ। 70 ਤੋਂ ਵੀ ਵੱਧ ਪਰਵਾਸੀ ਭਾਰਤੀਆਂ ਉਤੇ ਵਾਹਿਗੁਰੂ ਵੱਲੋਂ 'ਵੰਡ ਛਕੋ' ਦੀ ਮਿਹਰ ਹੋਈ ਹੈ। ਇਨ੍ਹਾਂ ਵਿਚੋਂ ਕਈਆਂ ਨੇ ਆਪਣੇ ਪਿੰਡ ਅਪਨਾਏ ਹਨ ਅਤੇ ਕੁਝ ਦਾ ਕਹਿਣਾ ਹੈ ਕਿ 'ਪੰਜਾਬ ਦਾ ਕੋਈ ਵੀ ਪਿੰਡ ਉਨ੍ਹਾਂ ਦਾ ਆਪਣਾ ਹੀ ਹੈ।' ਇਹ ਮਦਦ ਵਿਦਿਆਰਥੀਆਂ, ਵਿਧਵਾਵਾਂ, ਬੇਔਲਾਦ ਬਜੁਰਗਾਂ, ਅਪਾਹਜਾਂ ਆਦਿ ਨੂੰ ਦਿੱਤੀ ਜਾ ਰਹੀ ਹੈ। ਲਾਭਪਾਤਰੀਆਂ ਨੂੰ ਹਰ ਮਹੀਨੇ ਦਿੱਤੀ ਜਾ ਰਹੀ ਮਦਦ ਦੀਆਂ ਕੁਝ ਮਿਸਾਲਾਂ:

-ਇਕੱਲੀ ਬੇਜ਼ਮੀਨ ਅਧਖੜ੍ਹ ਔਰਤ। ਉਸ ਦੀਆਂ ਤਿੰਨ ਜਵਾਨ ਧੀਆਂ ਹਨ (ਇਨ੍ਹਾਂ ਵਿਚੋਂ ਦੋ ਅਪਾਹਜ ਹਨ)।

-80 ਸਾਲ ਤੋਂ ਵੱਧ ਉਮਰ ਦੀ ਬੇਜ਼ਮੀਨ ਵਿਧਵਾ, ਜਿਸ ਦੇ ਇਕਲੌਤੇ ਪੁੱਤਰ ਦੀ ਮੌਤ ਹੋ ਚੁਕੀ ਹੈ। ਉਸ ਨੂੰ ਅਜੇ ਵੀ ਕੰਮ ਕਰਨਾ ਪੈਂਦਾ ਹੈ।

-ਅਨਪੜ੍ਹ ਬੇਜ਼ਮੀਨ ਜੋੜਾ, ਜਿਸ ਦਾ ਪਹਿਲਾ ਬੱਚਾ ਕਰੀਬ ਨੇਤਰਹੀਣ ਜੰਮਿਆ ਹੈ।

-ਇਕ ਸਾਧਾਰਨ ਕਿਸਾਨ ਦੀ ਅਪਾਹਜ ਵਿਧਵਾ ਆਪਣੇ ਦੋ ਛੋਟੇ ਬੱਚਿਆਂ ਨੂੰ ਪਾਲ ਰਹੀ ਹੈ।

-ਗਰੀਬ ਪਰਿਵਾਰਾਂ ਦੇ ਹੋਣਹਾਰ ਨੌਜਵਾਨ, ਜਿਨ੍ਹਾਂ ਪਾਸ ਉਚ ਸਿੱਖਿਆ ਹਾਸਲ ਕਰਨ ਦੇ ਵਸੀਲੇ ਨਹੀਂ ਹਨ।

**ਇੱਕ ਵਿਸ਼ੇਸ਼ ਪ੍ਰਾਜੈਕਟ:** ਪੰਜਾਬ ਦੇ ਪਿੰਡਾਂ ਵਿਚ ਹੜ੍ਹਾਂ ਕਾਰਨ ਕੁਝ ਪਰਿਵਾਰ ਬਹੁਤ ਮੁਸ਼ਕਿਲਾਂ ਝੱਲ ਰਹੇ ਹਨ। ਇਨ੍ਹਾਂ ਦੇ ਦੁੱਖ-ਦਰਦ ਘਟਾਉਣ ਲਈ ਇਹ ਵਿਸ਼ੇਸ਼ ਪ੍ਰੋਗਰਾਮ ਲਿਆਂਦਾ ਗਿਆ ਹੈ, ਜੋ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਨੂੰ ਸਮਰਪਿਤ ਹੈ। ਹੜ੍ਹ ਮਾਰੇ ਗਰੀਬਾਂ ਨੂੰ ਇੱਕ ਸਾਲ ਲਈ ਹਰ ਮਹੀਨੇ ਮਦਦ ਦਿੱਤੀ ਜਾਣੀ ਹੈ।

-ਹਰ ਪਿੰਡ ਦੇ ਚੁਣੇ ਗਏ 10 ਸਭ ਤੋਂ ਗਰੀਬ ਪਰਿਵਾਰਾਂ ਨੂੰ 1000 ਰੁਪਏ (15 ਡਾਲਰ) ਪ੍ਰਤੀ ਮਹੀਨਾ ਜਾਂ ਵਿਧਵਾ ਨੂੰ 1500 ਰੁਪਏ (22 ਡਾਲਰ) ਪ੍ਰਤੀ ਮਹੀਨਾ।

-ਹਰ ਪਿੰਡ ਲਈ ਕੁੱਲ ਫੰਡਾਂ ਦੀ ਲੋੜ: 10,000 ਰੁਪਏ (170 ਡਾਲਰ) ਤੋਂ 12,000 ਰੁਪਏ (180 ਡਾਲਰ) ਪ੍ਰਤੀ ਮਹੀਨਾ।

-ਇਕ ਪਿੰਡ ਅਪਨਾਓ ਜਾਂ ਆਪਣੇ ਦੋਸਤਾਂ ਨਾਲ ਰਲ ਕੇ ਅਪਨਾਓ ਜਾਂ ਜਿੰਨੇ ਮਰਜ਼ੀ ਪਰਿਵਾਰ ਅਪਨਾਓ। 15 ਡਾਲਰ ਪ੍ਰਤੀ ਮਹੀਨਾ ਦੇ ਹਿਸਾਬ ਇਕ ਪਰਿਵਾਰ ਅਪਨਾਓ।

-ਪੂਰੀ ਜਾਣਕਾਰੀ, ਜਿਵੇਂ ਪਿੰਡ ਦਾ ਨਾਂ, ਪਰਿਵਾਰਾਂ ਦੇ ਵੇਰਵੇ ਅਤੇ ਉਨ੍ਹਾਂ ਦੇ ਸੰਪਰਕ/ਬੈਂਕ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

**-ਨਿੱਜੀ ਸੰਪਰਕ:** ਸਾਡੇ ਵਾਲੰਟੀਅਰ ਸਾਲ ਵਿਚ ਦੋ ਵਾਰ ਤੁਹਾਡਾ ਤੁਹਾਡੇ ਲਾਭਪਾਤਰੀਆਂ ਨਾਲ ਸੰਪਰਕ (ਫੋਨ-ਸਕਾਈਪ ਰਾਹੀਂ) ਕਰਵਾਉਣਗੇ। ਤੁਹਾਡਾ ਪੈਸਾ ਲਾਭਪਾਤਰੀਆਂ ਤਕ ਪੁੱਜਦਾ ਹੈ। ਅਸੀਂ ਤੁਹਾਡੀ ਮਦਦ ਕਰਾਂਗੇ।

*ਸਾਡੀ 'ਜ਼ਮੀਰ' ਗੁਰੂ ਨਾਨਕ ਦੀਆਂ ਸਿੱਖਿਆਵਾਂ ਦੀ ਅਨੁਸਾਰੀ ਹੈ। ਆਓ, ਅਸੀਂ ਇਸ ਨੂੰ ਆਪਣੇ ਜੀਵਨ 'ਚ ਲਿਆਈਏ। ਨਿੱਕੀ ਜਿਹੀ ਮਦਦ ਨਾਲ ਗਰੀਬਾਂ ਦੀ ਜ਼ਿੰਦਗੀ ਸੁਖਾਲੀ ਹੋਵੇਗੀ ਅਤੇ ਉਨ੍ਹਾਂ ਦੀਆਂ ਅਸੀਸਾਂ ਨਾਲ ਵਾਹਿਗੁਰੂ ਤੁਹਾਨੂੰ ਬਖਸ਼ਿਸ਼ਾਂ ਦੇਵੇਗਾ।*

**ਨੋਟ:** 'ਫਰੈਂਡਜ਼ ਆਫ ਪੰਜਾਬ ਫਾਊਡੇਸ਼ਨ' ਨਗਦੀ ਇਕੱਠੀ ਨਹੀਂ ਕਰਦੀ। ਤੁਹਾਡੀ ਸਾਰੀ ਦੀ ਸਾਰੀ, 100 ਫੀਸਦੀ ਮਦਦ ਤੁਹਾਡੇ ਚੁਣੇ ਹੋਏ ਲਾਭਪਾਤਰੀਆਂ ਤੱਕ ਪੁਜਦੀ ਹੈ। ਲਗਾਤਾਰ ਮਦਦ ਲਈ ਤੁਸੀਂ ਆਪਣੇ ਜਾਂ ਕਿਸੇ ਵੀ ਪਿੰਡ ਦੇ ਗਰੀਬ ਪਰਿਵਾਰ/ਪਰਿਵਾਰਾਂ ਨੂੰ ਚੁਣੋ। ਜਾਂ ਹੜ੍ਹ ਮਾਰੇ ਪਿੰਡਾਂ ਦੇ ਗਰੀਬਾਂ ਦੀ ਇਕ ਸਾਲ ਤਕ ਮਦਦ ਕਰੋ।

**ਸੰਪਰਕ: ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179 www.friendsofpunjabfoundation.org**

# ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਉਮਰ ਕੈਦ 'ਚ ਤਬਦੀਲ

## 8 ਸਿੱਖ ਕੈਦੀਆਂ ਦੀ ਰਿਹਾਈ ਦਾ ਵੀ ਐਲਾਨ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਨਜ਼ਰਬੰਦ 8 ਸਿੱਖ ਕੈਦੀਆਂ ਤੇ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫੀ ਸਬੰਧੀ ਪਟੀਸ਼ਨ ਨੂੰ ਪ੍ਰਵਾਨ ਕਰ ਲਿਆ ਹੈ। ਕੇਂਦਰ ਸਰਕਾਰ ਨੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਹੈ। ਰਾਜੋਆਣਾ ਨੂੰ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ 31 ਅਗਸਤ 1995 ਨੂੰ ਹੋਈ ਹੱਤਿਆ ਮਾਮਲੇ ਵਿਚ ਨਿਭਾਈ ਭੂਮਿਕਾ ਲਈ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਪਟਿਆਲਾ ਜੇਲ੍ਹ ਵਿਚ ਬੰਦ ਰਾਜੋਆਣਾ ਨੂੰ ਹੁਣ ਉਮਰ ਕੈਦ ਦੀ ਸਜ਼ਾ ਕੱਟਣੀ ਹੋਵੇਗੀ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਅਕਤੂਬਰ 2010 ਨੂੰ ਸੁਣਾਏ ਫੈਸਲੇ ਵਿਚ ਬੇਅੰਤ ਸਿੰਘ ਹੱਤਿਆ ਮਾਮਲੇ ਦੇ ਇਕ ਹੋਰ ਮੁਜਰਮ ਜਗਤਾਰ ਸਿੰਘ ਹਵਾਰਾ ਦੀ ਮੌਤ ਦੀ ਸਜ਼ਾ ਨੂੰ ਪਹਿਲਾਂ ਹੀ ਉਮਰ ਕੈਦ ਵਿਚ ਤਬਦੀਲ ਕਰ ਚੁੱਕੀ ਹੈ। ਇਸੇ ਕੋਰਟ ਨੇ ਹਾਲਾਂਕਿ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਸੀ। ਹਾਲਾਂਕਿ ਟਰਾਇਲ ਦੌਰਾਨ ਰਾਜੋਆਣਾ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਖਲ ਕਰਨ ਤੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਉਸ ਨੇ ਆਪਣੇ ਦੋਸਤ ਤੇ ਪੰਜਾਬ ਪੁਲਿਸ ਦੇ



ਕਾਂਸਟੇਬਲ ਦਿਲਾਵਰ ਸਿੰਘ ਨਾਲ ਵਾਅਦਾ ਕੀਤਾ ਸੀ। ਦਿਲਾਵਰ 31 ਅਗਸਤ 1995 ਨੂੰ ਪੰਜਾਬ ਤੇ ਹਰਿਆਣਾ ਸਿਵਲ ਸਕੱਤਰੇਤ ਦੇ ਬਾਹਰ ਮੁੱਖ ਮੰਤਰੀ ਬੇਅੰਤ ਸਿੰਘ 'ਤੇ ਕੀਤੇ ਆਤਮਘਾਤੀ ਹਮਲੇ ਵਿਚ ਮਨੁੱਖੀ ਬੰਬ ਬਣਿਆ ਸੀ।

ਹਮਲੇ ਦੌਰਾਨ ਦਿਲਾਵਰ ਦੇ ਨਾਕਾਮ ਰਹਿਣ 'ਤੇ ਰਾਜੋਆਣਾ ਨੇ 'ਦੂਜੇ ਮਨੁੱਖੀ ਬੰਬ' ਵਜੋਂ ਕਾਰਵਾਈ ਨੂੰ ਅੰਜਾਮ ਦੇਣਾ ਸੀ। ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਰਹਿਮ ਦੀ ਅਪੀਲ ਮਗਰੋਂ 29 ਮਾਰਚ 2012 ਨੂੰ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਦੇ ਅਮਲ ਨੂੰ ਰੋਕ ਦਿੱਤਾ ਸੀ। ਰਾਜੋਆਣਾ ਨੂੰ 31 ਮਾਰਚ 2012 ਨੂੰ ਫਾਂਸੀ ਦਿੱਤੀ ਜਾਣੀ ਸੀ। ਉਂਜ, ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸੇ ਮਹੀਨੇ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਰਹਿਮ ਦੀ ਅਪੀਲ ਸੌਂਪਦਿਆਂ ਰਾਜੋਆਣਾ ਦੀ ਸਜ਼ਾ ਮੁਆਫ ਕੀਤੇ ਜਾਣ ਦੀ ਅਪੀਲ ਕੀਤੀ ਸੀ। ਰਾਸ਼ਟਰਪਤੀ ਨੇ ਇਹ ਅਪੀਲ ਅੱਗੇ ਗ੍ਰਹਿ ਮੰਤਰਾਲੇ ਨੂੰ ਰੈਫਰ ਕਰ ਦਿੱਤੀ, ਜਿਨ੍ਹਾਂ ਹੁਣ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ।

ਮੁੱਖ ਮੰਤਰੀ ਪੰਜਾਬ ਵੱਲੋਂ 14 ਸਤੰਬਰ, 2019 ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਕ ਪੱਤਰ ਲਿਖ ਕੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਨਜ਼ਰਬੰਦ 9 ਟਾਡਾ ਕੈਦੀਆਂ ਦੀ ਰਿਹਾਈ ਲਈ ਮੰਗ ਰੱਖੀ ਸੀ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਵੀ ਬੇਨਤੀ ਕੀਤੀ ਸੀ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਉਕਤ ਕੈਦੀਆਂ ਨੂੰ ਰਿਹਾ ਕੀਤਾ ਜਾਵੇ। ਰਾਜ ਸਰਕਾਰ ਵੱਲੋਂ ਜਿਨ੍ਹਾਂ 9 ਕੈਦੀਆਂ ਦੀ ਰਿਹਾਈ ਦੀ ਸਿਫਾਰਸ਼ ਭੇਜੀ ਸੀ, ਉਨ੍ਹਾਂ 'ਚ ਕਰਨਾਟਕ ਦੀ ਗੁਲਬਰਗ ਕੇਂਦਰੀ ਜੇਲ੍ਹ 'ਚ ਨਜ਼ਰਬੰਦ ਭਾਈ ਗੁਰਦੀਪ ਸਿੰਘ ਤੇ ਉਤਰ ਪ੍ਰਦੇਸ਼ ਦੀ ਬਰੇਲੀ ਜੇਲ੍ਹ 'ਚ ਨਜ਼ਰਬੰਦ ਭਾਈ ਵਰਿਆਮ ਸਿੰਘ ਤੋਂ ਇਲਾਵਾ ਪੰਜਾਬ 'ਚ ਨਾਭਾ ਦੀ ਉੱਚ ਸੁਰੱਖਿਆ ਜੇਲ੍ਹ 'ਚ ਨਜ਼ਰਬੰਦ ਲਾਲ ਸਿੰਘ, ਦਿਲਬਾਗ ਸਿੰਘ ਤੇ ਸ਼ਰਨ ਸਿੰਘ ਸ਼ਾਮਲ ਹਨ, ਜਦਕਿ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ 'ਚ ਹਰਦੀਪ ਸਿੰਘ ਤੇ ਬਾਜ਼ ਸਿੰਘ ਤੋਂ ਬਿਨਾ ਲੁਧਿਆਣਾ ਕੇਂਦਰੀ ਜੇਲ੍ਹ 'ਚ ਭਾਈ ਸੁਬੇਗ ਸਿੰਘ ਤੇ ਪਟਿਆਲਾ ਕੇਂਦਰੀ ਜੇਲ੍ਹ 'ਚ ਨਜ਼ਰਬੰਦ ਭਾਈ ਨੰਦ ਸਿੰਘ ਸ਼ਾਮਲ ਹਨ। ਇਨ੍ਹਾਂ ਨੂੰ ਅਤਿਵਾਦ ਦੇ ਦੌਰ 'ਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਇਨ੍ਹਾਂ 'ਤੇ ਟਾਡਾ ਐਕਟ ਅਧੀਨ ਕੇਸ ਬਣਾਏ ਗਏ ਸਨ। ਇਹ ਸਾਰੇ ਕੈਦੀ ਕਰੀਬ 20 ਸਾਲ ਤੋਂ ਵੱਧ ਦੀ ਸਜ਼ਾ ਪੂਰੀ ਕਰ ਚੁੱਕੇ ਹਨ, ਜਦਕਿ ਕਈਆਂ ਦੀ ਸਜ਼ਾ 28 ਸਾਲ ਤੋਂ ਵੀ ਵੱਧ ਹੋ ਗਈ ਹੈ।

### ਪੰਜਾਬ ਦੇ ਇਤਿਹਾਸ ਦਾ ਕਾਲਾ ਦਿਨ: ਬਿੱਟੂ

**ਚੰਡੀਗੜ੍ਹ:** ਲੁਧਿਆਣਾ ਤੋਂ ਲੋਕ ਸਭਾ ਮੈਂਬਰ ਤੇ ਮਰਹੂਮ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਜੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕੀਤੀ ਜਾਂਦੀ ਹੈ ਤਾਂ ਇਹ ਪੰਜਾਬ ਦੇ ਇਤਿਹਾਸ ਦਾ ਕਾਲਾ ਦਿਨ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਦਹਿਸ਼ਤਵਾਦ ਨਾਲ ਲੜਾਈ ਦੇ ਮੁੱਦੇ 'ਤੇ ਕੇਂਦਰ ਦੀ ਭਾਜਪਾ ਸਰਕਾਰ ਦਾ ਦਹਿਸ਼ਤਵਾਦ ਵਿਰੋਧੀ ਦੋਗਲਾ ਚਿਹਰਾ ਬੇਨਕਾਬ ਹੋ ਜਾਵੇਗਾ।

### ਸਿੱਖ ਜਥੇਬੰਦੀਆਂ ਨੇ ਸਮੂਹ ਸਿੱਖ ਕੈਦੀਆਂ ਦੀ ਰਿਹਾਈ ਮੰਗੀ

**ਅੰਮ੍ਰਿਤਸਰ:** 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਵੱਲੋਂ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਅੱਠ ਸਿੱਖ ਕੈਦੀਆਂ ਦੀ ਰਿਹਾਈ ਦੇ ਫੈਸਲੇ ਦਾ ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ, ਦਮਦਮੀ ਟਕਸਾਲ ਤੇ ਹੋਰਨਾਂ ਵੱਲੋਂ ਸਵਾਗਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਜ਼ਾ ਪੂਰੀ ਹੋਣ ਮਗਰੋਂ ਹੀ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਐਸ.ਜੀ.ਪੀ.ਸੀ. ਵੱਲੋਂ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਜਾਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅੱਠ ਸਿੱਖਾਂ ਨੂੰ ਰਿਹਾਅ ਕਰਨ ਅਤੇ ਇਕ ਸਿੱਖ ਕੈਦੀ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਹੈ। ਉਨ੍ਹਾਂ ਕਿਹਾ ਕਿ ਚੱਲ ਰਹੀ ਚਰਚਾ ਤਹਿਤ ਜੇਕਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕੀਤੀ ਜਾਂਦੀ ਹੈ ਤਾਂ ਇਹ ਸ਼ਲਾਘਾਯੋਗ ਫੈਸਲਾ ਹੋਵੇਗਾ। ਇਸੇ ਤਰ੍ਹਾਂ ਹਵਾਰਾ ਕਮੇਟੀ ਦੇ ਮੈਂਬਰ ਨਰੈਣ ਸਿੰਘ ਚੌੜਾ ਨੇ ਆਖਿਆ ਕਿ ਸਿੱਖ ਬੰਦੀਆਂ ਦੀ ਰਿਹਾਈ ਦੀ ਖਬਰ ਨਾਲ ਸਿੱਖ ਜਗਤ ਨੂੰ ਖੁਸ਼ੀ ਹੋਈ ਹੈ ਅਤੇ ਸਰਕਾਰ ਵੱਲੋਂ ਚੁੱਕੇ ਕਦਮ ਨੂੰ ਸਾਕਾਰਾਤਮਕ ਸਮਝਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਸਮੂਹ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ।

### ਪੰਜਾਬ ਸਰਕਾਰ 550 ਕੈਦੀ ਰਿਹਾ ਕਰੇਗੀ


**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 550 ਕੈਦੀਆਂ ਨੂੰ ਰਿਹਾਅ ਕਰੇਗੀ। ਇਸ ਦੇ ਨਾਲ ਹੀ ਉਨ੍ਹਾਂ ਇਸ ਮੌਕੇ 9 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦੀ ਤਜਵੀਜ਼ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪ੍ਰਵਾਨ ਕਰਨ ਬਦਲੇ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਹੈ। ਰਾਜ ਸਰਕਾਰ ਦੀ ਬੇਨਤੀ ਪ੍ਰਵਾਨ ਕਰਨ 'ਤੇ ਸ੍ਰੀ ਸ਼ਾਹ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕੈਦੀ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ ਤੇ ਬਜ਼ੁਰਗ ਹੋ ਚੁੱਕੇ ਹਨ ਤੇ ਇਨ੍ਹਾਂ ਨੂੰ ਆਪਣੀ ਬਾਕੀ ਜ਼ਿੰਦਗੀ ਆਪਣੇ ਸਕੇ ਸਬੰਧੀਆਂ ਨਾਲ ਬਿਤਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

## ਬਾਬਰੀ ਮਸਜਿਦ: ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ 'ਤੇ ਦੋਸ਼ ਤੈਅ

**ਲਖਨਊ:** ਬਾਬਰੀ ਮਸਜਿਦ ਢਾਹੁਣ ਦੇ ਮਾਮਲੇ 'ਚ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ। ਅਦਾਲਤ ਨੇ ਕਲਿਆਣ ਸਿੰਘ ਨੂੰ 2 ਲੱਖ ਰੁਪਏ ਦੇ ਨਿੰਜੀ ਮੁਚੱਲਕੇ 'ਤੇ ਜ਼ਮਾਨਤ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ ਅਦਾਲਤ ਨੇ ਕਲਿਆਣ ਸਿੰਘ ਵਿਰੁਧ ਦੋਸ਼ ਤੈਅ ਕਰ ਦਿੱਤੇ ਹਨ। ਉਸ 'ਤੇ ਆਈ.ਪੀ.ਸੀ. ਦੀ ਧਾਰਾ 153ਏ, 153ਬੀ, 295ਏ, 505 ਤੇ 120ਬੀ ਤਹਿਤ ਦੋਸ਼ ਤੈਅ ਕੀਤੇ ਗਏ ਹਨ। ਹੁਣ ਸੀ.ਬੀ.ਆਈ. ਵਿਸ਼ੇਸ਼ ਜੱਜ ਅਯੁੱਧਿਆ ਕੇਸ ਦੀ ਅਦਾਲਤ 'ਚ ਕਲਿਆਣ ਸਿੰਘ 'ਤੇ ਮੁਕੱਦਮਾ ਚੱਲੇਗਾ। ਅਦਾਲਤ ਕੇਸ ਦੀ ਸੁਣਵਾਈ ਰੋਜ਼ਾਨਾ ਕਰ ਰਹੀ ਹੈ।

ਕਲਿਆਣ ਸਿੰਘ ਬਾਬਰੀ ਮਸਜਿਦ ਢਾਹੁਣ ਦੇ ਮਾਮਲੇ 'ਚ ਮਿਲੇ ਸੰਮਨ ਦਾ ਜਵਾਬ ਦੇਣ ਲਈ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਸਾਹਮਣੇ ਪੇਸ਼ ਹੋਏ ਸਨ। ਅਯੁੱਧਿਆ 'ਚ ਵਿਵਾਦਤ ਰਾਮ ਜਨਮ ਭੂਮੀ-ਬਾਬਰੀ ਮਸਜਿਦ ਅਸਥਾਨ 'ਤੇ ਮਸਜਿਦ ਨੂੰ ਢਾਹੁਣ ਲਈ ਕਥਿਤ ਤੌਰ 'ਤੇ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਉਮਾ ਭਾਰਤੀ ਸਮੇਤ ਵੱਖ-ਵੱਖ ਭਾਜਪਾ ਨੇਤਾਵਾਂ 'ਤੇ ਮੁਕੱਦਮੇ ਚੱਲ ਰਹੇ ਹਨ ਤੇ ਉਕਤ ਸਾਰੇ ਨੇਤਾ ਜ਼ਮਾਨਤ 'ਤੇ ਹਨ।

Madan Khatri

**Want to Buy/Sell Homes, THs, Condos!**

Call Madan Khatri

**Ph: 847-530-1550**

www.PropertyZoo.com

*CALL TO BUY / SELL HOME TODAY!*

Top Producer at the office in 2011-2013-2014

*****A Broker who can work with you from Beginning to End, Call Now!!!*****

**BHHS American Heritage**

1010 Rohwing Road, Elk Grove Village, IL



# ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਅੱਸੂ ਤੇ ਕੱਤਕ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| | | 17 ਅੱਸੂ 1 ਅਕਤੂਬਰ | 18 ਅੱਸੂ 2 ਅਕਤੂਬਰ | 19 ਅੱਸੂ 3 ਅਕਤੂਬਰ | 20 ਅੱਸੂ 4 ਅਕਤੂਬਰ | 21 ਅੱਸੂ 5 ਅਕਤੂਬਰ |
| 22 ਅੱਸੂ 6 ਅਕਤੂਬਰ | 23 ਅੱਸੂ 7 ਅਕਤੂਬਰ | 24 ਅੱਸੂ 8 ਅਕਤੂਬਰ | 25 ਅੱਸੂ 9 ਅਕਤੂਬਰ | 26 ਅੱਸੂ 10 ਅਕਤੂਬਰ | 27 ਅੱਸੂ 11 ਅਕਤੂਬਰ | 28 ਅੱਸੂ 12 ਅਕਤੂਬਰ |
| 29 ਅੱਸੂ 13 ਅਕਤੂਬਰ | 30 ਅੱਸੂ 14 ਅਕਤੂਬਰ | 1 ਕੱਤਕ 15 ਅਕਤੂਬਰ | 2 ਕੱਤਕ 16 ਅਕਤੂਬਰ | 3 ਕੱਤਕ 17 ਅਕਤੂਬਰ | 4 ਕੱਤਕ 18 ਅਕਤੂਬਰ | 5 ਕੱਤਕ 19 ਅਕਤੂਬਰ |
| 6 ਕੱਤਕ 20 ਅਕਤੂਬਰ | 7 ਕੱਤਕ 21 ਅਕਤੂਬਰ | 8 ਕੱਤਕ 22 ਅਕਤੂਬਰ | 9 ਕੱਤਕ 23 ਅਕਤੂਬਰ | 10 ਕੱਤਕ 24 ਅਕਤੂਬਰ | 11 ਕੱਤਕ 25 ਅਕਤੂਬਰ | 12 ਕੱਤਕ 26 ਅਕਤੂਬਰ |
| 13 ਕੱਤਕ 27 ਅਕਤੂਬਰ | 14 ਕੱਤਕ 28 ਅਕਤੂਬਰ | 15 ਕੱਤਕ 29 ਅਕਤੂਬਰ | 16 ਕੱਤਕ 30 ਅਕਤੂਬਰ | 17 ਕੱਤਕ 31 ਅਕਤੂਬਰ | 18 ਕੱਤਕ 1 ਨਵੰਬਰ | 19 ਕੱਤਕ 2 ਨਵੰਬਰ |
| 20 ਕੱਤਕ 3 ਨਵੰਬਰ | 21 ਕੱਤਕ 4 ਨਵੰਬਰ | 22 ਕੱਤਕ 5 ਨਵੰਬਰ | 23 ਕੱਤਕ 6 ਨਵੰਬਰ | 24 ਕੱਤਕ 7 ਨਵੰਬਰ | 25 ਕੱਤਕ 8 ਨਵੰਬਰ | 26 ਕੱਤਕ 9 ਨਵੰਬਰ |
| 27 ਕੱਤਕ 10 ਨਵੰਬਰ | 28 ਕੱਤਕ 11 ਨਵੰਬਰ | 29 ਕੱਤਕ 12 ਨਵੰਬਰ | 30 ਕੱਤਕ 13 ਨਵੰਬਰ | | | |

25 ਅੱਸੂ (9 ਅਕਤੂਬਰ) ਪ੍ਰਕਾਸ਼ ਪੁਰਬ ਪਾਤਿਸ਼ਾਹੀ ਚੌਥੀ
6 ਕੱਤਕ (20 ਅਕਤੂਬਰ) ਗੁਰਗੱਦੀ ਦਿਵਸ ਗੁਰੂ ਗ੍ਰੰਥ ਸਾਹਿਬ ਜੀ ਤੇ ਪਾਤਿਸ਼ਾਹੀ 8ਵੀਂ ਅਤੇ ਜੋਤੀ ਜੋਤਿ ਦਿਹਾੜਾ ਪਾਤਿਸ਼ਾਹੀ 7ਵੀਂ
7 ਕੱਤਕ (21 ਅਕਤੂਬਰ) ਜੋਤੀ ਜੋਤਿ ਦਿਹਾੜਾ ਪਾਤਿਸ਼ਾਹੀ 10ਵੀਂ
14 ਕੱਤਕ (28 ਅਕਤੂਬਰ) ਸਾਕਾ ਪੰਜਾ ਸਾਹਿਬ
18 ਕੱਤਕ (1 ਨਵੰਬਰ) ਜਨਮ ਦਿਨ ਮਾਤਾ ਸਾਹਿਬ ਕੌਰ ਜੀ
30 ਕੱਤਕ (13 ਨਵੰਬਰ) ਸ਼ਹੀਦੀ ਬਾਬਾ ਦੀਪ ਸਿੰਘ ਜੀ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ

SIKH Religious Society PALATINE GURDWARA

**Sikh Religious Society**

1280 Winnetka St., Palatine IL 60067 Phone: (847) 358-1117

www.srschicago.org e-mail:contactus@srschicago.org



Personalized Service-Committed To Quality

Solutions Financial Mortgage Company

**Purchase & Refinance Your Home Loans**



**Cell 312-608-0006**

2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106

AMRIK P. SINGH
Mortgage Loan Originator
NMLS # 232904

Illinois Residential Mortgage Licensee.

Email: asingh@gosfmc.com
Web: www.gosfmc.com

# ਖਾਲਿਸਤਾਨੀ ਸਰਗਰਮੀਆਂ ਨੇ ਖੁਫੀਆਤੰਤਰ ਦੀ ਨੀਂਦ ਉਡਾਈ

**ਚੰਡੀਗੜ੍ਹ:** ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਮੁੜ ਖਾਲਿਸਤਾਨੀ ਸਰਗਰਮੀਆਂ ਮਗਰੋਂ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ। ਪਾਕਿਸਤਾਨ ਤੋਂ ਡਰੋਨਾਂ ਰਾਹੀਂ ਹਥਿਆਰ ਆਉਣ ਦੇ ਖੁਲਾਸੇ ਨੇ ਖੁਫੀਆਤੰਤਰ ਦੀ ਨੀਂਦ ਉਡਾ ਦਿੱਤੀ ਹੈ। ਪੰਜਾਬ ਤੇ ਕੇਂਦਰ ਦੀਆਂ ਸੁਰੱਖਿਆ ਏਜੰਸੀਆਂ ਇਸ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੀਆਂ ਹਨ।

ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਕਸ਼ਮੀਰ ਮਾਮਲੇ ਮਗਰੋਂ ਪਾਕਿਸਤਾਨ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਇਸ ਲਈ ਪਾਕਿ ਖੁਫੀਆ ਏਜੰਸੀ ਆਈ.ਐਸ.ਆਈ. ਪੰਜਾਬ ਵਿਚ ਖਾਲਿਸਤਾਨੀ ਸਰਗਰਮੀਆਂ ਮੁੜ ਸ਼ੁਰੂ ਕਰਨ ਲਈ ਸਲੀਪਰ ਸੈੱਲਾਂ ਨੂੰ ਟੋਹ ਰਹੀ ਹੈ। ਉਨ੍ਹਾਂ ਦਾ ਨਿਸ਼ਾਨਾ ਸਰਹੱਦੀ ਖੇਤਰ ਅੰਮ੍ਰਿਤਸਰ, ਗੁਰਦਾਸਪੁਰ ਤੇ ਤਰਨਤਾਰਨ ਹੀ ਹੈ।

ਪੰਜਾਬ ਪੁਲਿਸ ਵੱਲੋਂ ਹਥਿਆਰਾਂ ਦੀ ਤਸਕਰੀ ਲਈ ਵਰਤੇ ਗਏ ਦੋ ਡਰੋਨਾਂ ਦੀ ਬਰਾਮਦਗੀ ਕਰਨ ਤੋਂ ਬਾਅਦ ਇਸ ਮਾਮਲੇ ਦੀ ਤੈਅ ਤੱਕ ਜਾਣ ਲਈ ਵੱਡੇ ਪੱਧਰ 'ਤੇ ਜਾਂਚ ਆਰੰਭ ਦਿੱਤੀ ਹੈ। ਪੁਲਿਸ ਦੀਆਂ ਟੀਮਾਂ ਪਾਕਿਸਤਾਨ ਤੋਂ ਇਹ ਡਰੋਨ ਭੇਜਣ ਦੇ ਮਾਮਲੇ ਦੀ ਅਤਿਵਾਦੀ ਗਰੁੱਪਾਂ ਨਾਲ ਕਿਸੇ ਕਿਸਮ ਦੇ ਸਬੰਧਾਂ ਦਾ ਪਤਾ ਕਰਨ ਵਿਚ ਜੁੱਟ ਗਈ ਹੈ।

ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਹੁਣ ਤੱਕ ਹੋਈ ਜਾਂਚ 'ਚ ਇਹ ਪਤਾ ਲੱਗਾ ਹੈ ਕਿ ਕਸ਼ਮੀਰ 'ਚ ਧਾਰਾ 370 ਖਤਮ ਕਰਨ ਤੋਂ ਬਾਅਦ ਪਾਕਿਸਤਾਨ ਆਧਾਰਿਤ ਅਤਿਵਾਦੀ ਗਰੁੱਪ ਅਗਸਤ ਮਹੀਨੇ ਤੋਂ ਭਾਰਤ ਵਿਚ ਹਥਿਆਰਾਂ ਦੀ ਤਸਕਰੀ ਦੇ ਮਾਮਲੇ ਵਿਚ ਸ਼ਾਮਲ ਹਨ ਤੇ ਹੁਣ ਤੱਕ ਬਰਾਮਦ ਹੋਏ ਦੋਵੇਂ ਡਰੋਨ ਭੇਜਣ ਵਿਚ ਪਾਕਿਸਤਾਨ ਦੀ ਆਈ.ਐਸ.ਆਈ. ਨਾਲ ਜੁੜੇ ਵੱਖ-ਵੱਖ ਅਤਿਵਾਦੀ ਗਰੁੱਪ, ਗੁਆਂਢੀ ਦੇਸ਼ਾਂ ਦੀ ਸਰਪ੍ਰਸਤੀ ਵਾਲੇ ਜਹਾਦੀ ਤੇ ਖਾਲਿਸਤਾਨ ਪੱਖੀ ਗਰੁੱਪ ਸ਼ਾਮਲ ਸਨ।



ਉਨ੍ਹਾਂ ਕਿਹਾ ਕਿ ਇਨ੍ਹਾਂ ਬਰਾਮਦਗੀਆਂ ਨਾਲ ਇਸ ਗੱਲ ਦਾ ਵੀ ਖੁਲਾਸਾ ਹੋਇਆ ਹੈ ਕਿ ਅਤਿਵਾਦੀ ਗਰੁੱਪ ਡਰੋਨਾਂ ਰਾਹੀਂ ਕਈ ਤਰ੍ਹਾਂ ਦੇ ਦਹਿਸ਼ਤੀ ਤੇ ਕਮਿਊਨੀਕੇਸ਼ਨ ਹਾਰਡਵੇਅਰ ਪ੍ਰਦਾਨ ਕਰਨ ਦੀ ਸਮਰੱਥਾ ਹਾਸਲ ਕਰਨ ਵਾਲੇ ਹੋ ਗਏ ਹਨ। ਬੁਲਾਰੇ ਨੇ ਦੱਸਿਆ ਕਿ ਪੁਲਿਸ ਨੇ 13 ਅਗਸਤ ਨੂੰ ਅੰਮ੍ਰਿਤਸਰ ਦਿਹਾਤੀ ਜ਼ਿਲ੍ਹੇ ਦੇ ਪਿੰਡ ਮੁਹਾਵਾ ਵਿਖੇ ਡਿੱਗੇ ਹੋਏ 'ਹੈਕਸਾਕਾਪਟਰ ਡਰੋਨ' ਦੀ ਬਰਾਮਦਗੀ ਤੋਂ ਬਾਅਦ ਆਪਣੀ ਚੌਕਸੀ ਵਧਾ ਦਿੱਤੀ ਸੀ।

ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਬਰਾਮਦ ਕੀਤਾ ਡਰੋਨ 'ਯੂ 10 ਕੇਵੀ100-ਯੂ' ਮਾਡਲ ਦਾ ਹੈ ਤੇ ਇਸ ਨੂੰ ਇਕ ਚਾਈਨੀਜ਼ ਕੰਪਨੀ ਟੀ-ਮੋਟਰਜ਼ ਵੱਲੋਂ ਡਿਜ਼ਾਇਨ ਕੀਤਾ ਅਤੇ ਬਣਾਇਆ ਗਿਆ ਹੈ। ਬਰਾਮਦ ਕੀਤੇ ਡਰੋਨ ਸਬੰਧੀ ਵੇਰਵਿਆਂ ਨੂੰ ਕੇਂਦਰ ਸਰਕਾਰ ਨਾਲ ਸਾਂਝਾ ਕੀਤਾ ਗਿਆ ਹੈ। ਸੂਬਾ ਸਰਕਾਰ ਨੇ ਭਾਰਤ-ਪਾਕਿ ਸਰਹੱਦ 'ਤੇ ਵੱਡੇ ਆਕਾਰ ਦੇ ਡਰੋਨ ਦੀਆਂ ਗਤੀਵਿਧੀਆਂ ਸਬੰਧੀ ਕੇਂਦਰ ਸਰਕਾਰ ਕੋਲ ਗੰਭੀਰਤਾ ਵੀ ਪ੍ਰਗਟਾਈ। ਇਸ ਡਰੋਨ ਦੀ ਬਰਾਮਦਗੀ ਤੋਂ ਬਾਅਦ ਵਧਾਈ ਚੌਕਸੀ ਦੇ ਸਿੱਟੇ ਵਜੋਂ ਪੁਲਿਸ ਨੂੰ ਅਤਿਵਾਦੀ ਗਰੋਹ ਦਾ ਪਰਦਾਫਾਸ਼ ਕਰਨ ਵਿਚ ਸਫਲਤਾ ਮਿਲੀ। ਇਸ ਗਰੋਹ ਵਿਚ ਅਕਾਸ਼ਦੀਪ ਅਤੇ ਉਸ ਦੇ ਸਾਥੀ ਜਿਨ੍ਹਾਂ 'ਚ ਬਾਬਾ ਬਲਵੰਤ ਸਿੰਘ, ਹਰਭਜਨ ਸਿੰਘ ਤੇ ਬਲਬੀਰ ਸਿੰਘ ਉਰਫ ਬਿੰਦਾ ਸ਼ਾਮਲ ਸਨ।

ਇਸ ਤੋਂ ਬਾਅਦ ਹਥਿਆਰਾਂ ਦੀ ਵੱਡੀ ਖੇਪ ਦੀ ਹਾਡਲਿੰਗ ਵਿਚ ਸ਼ੁਭਦੀਪ ਦਾ ਹੱਥ ਹੋਣ ਕਾਰਨ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਅਕਾਸ਼ਦੀਪ ਨੇ ਦੱਸਿਆ ਕਿ ਸਤੰਬਰ ਦੇ ਸ਼ੁਰੂ ਵਿਚ ਅੱਧ ਸੜੇ ਡਰੋਨ ਨਾਲ 9 ਐਮ.ਐਮ. ਦੇ 2 ਪਿਸਤੌਲਾਂ ਦੀ ਤਸਕਰੀ ਕੀਤੀ ਗਈ, ਜਦੋਂ ਤੱਕ ਭਾਰਤ-ਪਾਕਿ ਸਰਹੱਦ ਨਜ਼ਦੀਕ ਹਥਿਆਰ ਸੁੱਟ ਕੇ ਡਰੋਨ ਪਾਕਿਸਤਾਨ ਨੂੰ ਵਾਪਸ ਮੁੜਦਾ ਉਸ ਤੋਂ ਪਹਿਲਾਂ ਹੀ ਭਾਰਤ ਵਾਲੇ ਪਾਸੇ ਇਹ ਡਰੋਨ ਹਾਦਸਾਗ੍ਰਸਤ ਹੋ ਕੇ ਡਿੱਗ ਗਿਆ।

ਵਿਦੇਸ਼ੀ ਹੱਥਾਂ 'ਚ ਖੇਡ ਰਿਹਾ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ.ਜੀ.ਐਫ.) ਦਾ ਸਰਗਨਾ ਗੁਰਮੀਤ ਸਿੰਘ ਬੱਗਾ ਅਤੇ ਉਸ ਦੇ ਪਾਕਿਸਤਾਨ ਆਧਾਰਿਤ ਸਾਥੀ ਜਿਨ੍ਹਾਂ ਵਿਚ ਕੇ.ਜੀ.ਐਫ. ਮੁਖੀ ਰਣਜੀਤ ਸਿੰਘ ਉਰਫ ਨੀਟਾ ਸ਼ਾਮਲ ਹਨ ਤੇ ਪਾਕਿਸਤਾਨੀ ਅਤਿਵਾਦੀ ਗਰੁੱਪ ਚਲਾ ਰਹੇ ਹਨ, ਨੇ ਅਕਾਸ਼ਦੀਪ ਤੇ ਉਸ ਦੇ ਸਾਥੀਆਂ ਨੂੰ ਭਾਰਤ ਵਾਲੇ ਪਾਸੇ ਡਰੋਨ ਦੇ ਡਿੱਗਣ ਸਬੰਧੀ ਸੂਚਨਾ ਦਿੱਤੀ। ਉਨ੍ਹਾਂ ਅਕਾਸ਼ਦੀਪ ਨੂੰ ਡਰੋਨ ਦੇ ਡਿੱਗਣ ਵਾਲੀ ਥਾਂ ਦੀ ਵੀ ਸੂਚਨਾ ਦਿੱਤੀ ਅਤੇ ਅਕਾਸ਼ਦੀਪ ਨੂੰ ਕਰੈਸ਼ ਵਾਲੀ ਥਾਂ 'ਤੇ ਜਾ ਕੇ ਡਰੋਨ ਨੂੰ ਨਸ਼ਟ ਕਰਨ ਲਈ ਕਿਹਾ। ਇਸ ਬਾਰੇ ਸੂਚਨਾ ਮਿਲਦਿਆਂ ਹੀ ਅਕਾਸ਼ਦੀਪ ਤੇ ਉਸ ਦੇ ਸਾਥੀਆਂ ਨੇ ਡਰੋਨ ਡਿੱਗਣ ਵਾਲੀ ਜਗ੍ਹਾ 'ਤੇ ਜਾ ਕੇ ਡਰੋਨ ਨੂੰ ਨਸ਼ਟ ਕਰ ਦਿੱਤਾ ਤੇ ਡਰੋਨ ਦੇ ਸਟੀਲ ਢਾਂਚੇ ਨੂੰ ਨਾਲੇ 'ਚ ਸੁੱਟ ਦਿੱਤਾ।

## ਮਹੀਨੇ 'ਚ 8 ਵਾਰ ਹਥਿਆਰ ਸੁੱਟਣ ਆਏ ਪਾਕਿ ਡਰੋਨ

**ਚੰਡੀਗੜ੍ਹ:** ਤਰਨਤਾਰਨ ਤੋਂ ਬਰਾਮਦ ਕੀਤੇ ਹਥਿਆਰਾਂ ਸਬੰਧੀ ਪੰਜਾਬ ਪੁਲਿਸ ਨੇ ਵੱਡਾ ਖੁਲਾਸਾ ਕਰਦਿਆਂ ਦੱਸਿਆ ਕਿ ਇਹ ਹਥਿਆਰ ਪਾਕਿਸਤਾਨ ਵੱਲੋਂ ਜੀ.ਪੀ.ਐਸ. ਲੱਗੇ ਡਰੋਨ ਜੋ ਕਿ 10 ਕਿੱਲੋ ਤੱਕ ਵਜ਼ਨ ਚੁੱਕ ਸਕਦਾ ਹੈ, ਰਾਹੀਂ ਇੱਧਰ ਸੁੱਟੇ ਗਏ। ਅਧਿਕਾਰੀਆਂ ਅਨੁਸਾਰ ਜੀ.ਪੀ.ਐਸ. ਲੱਗੇ ਵੱਡੇ ਡਰੋਨ ਨੂੰ ਸਰਹੱਦ ਪਾਰੋਂ ਤਰਨਤਾਰਨ 'ਚ ਹਥਿਆਰ ਤੇ ਗੋਲੀ-ਸਿੱਕਾ ਸੁੱਟਣ ਲਈ ਵਰਤਿਆ ਗਿਆ। ਇਸ ਮਹੀਨੇ ਸਰਹੱਦ ਪਾਰੋਂ ਇਹ ਡਰੋਨ 7 ਤੋਂ 8 ਵਾਰ ਹਥਿਆਰ ਸੁੱਟਣ ਲਈ ਭੇਜੇ ਗਏ। ਜ਼ਿਕਰਯੋਗ ਹੈ ਕਿ ਪੁਲਿਸ ਵੱਲੋਂ ਕਾਬੂ ਕੀਤੇ 4 ਖਾੜਕੂਆਂ ਕੋਲੋਂ ਪੰਜ ਏ. ਕੇ.-47 ਰਾਈਫਲਾਂ, 16 ਮੈਗਜ਼ੀਨ ਤੇ ਗੋਲੀ-ਸਿੱਕੇ ਦੇ 472 ਰਾਉਂਡ, 8 ਮੈਗਜ਼ੀਨਾਂ ਨਾਲ 72 ਰਾਉਂਡ ਸਮੇਤ ਚਾਰ ਚਾਈਨਾ ਮੇਡ .30 ਬੋਰ ਦੇ ਪਿਸਤੌਲ, 9 ਹੱਥ ਗੋਲੇ, ਪੰਜ ਸੈਟੇਲਾਈਟ ਫੋਨ, ਦੋ ਮੋਬਾਈਲ ਫੋਨ, ਦੋ ਵਾਇਰਲੈੱਸ ਸੈੱਟ ਅਤੇ 10 ਲੱਖ ਦੀ ਜਾਅਲੀ ਕਰੰਸੀ ਬਰਾਮਦ ਕੀਤੀ ਗਈ ਸੀ।

# ਬੇਅਦਬੀ: ਕੈਪਟਨ ਨੂੰ ਸੀ.ਬੀ.ਆਈ. ਦੀ ਨੀਅਤ ਉਤੇ ਸ਼ੱਕ




ਚੰਡੀਗੜ੍ਹ: ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਬਰਗਾੜੀ ਮਾਮਲਿਆਂ ਦੀ ਜਾਂਚ ਸਬੰਧੀ ਸੂਬਾ ਸਰਕਾਰ ਨੂੰ ਸੀ.ਬੀ.ਆਈ. 'ਤੇ ਕੋਈ ਭਰੋਸਾ ਨਹੀਂ ਹੈ ਅਤੇ ਇਸ ਲਈ ਪੰਜਾਬ ਸਰਕਾਰ ਨੇ ਸੀ.ਬੀ.ਆਈ. ਕੋਲੋਂ ਜਾਂਚ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੀ.ਬੀ.ਆਈ. ਵੱਲੋਂ ਜਾਂਚ ਜਾਰੀ ਰੱਖਣ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਸ਼ਰੇਆਮ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤੇ ਦੀ ਉਲੰਘਣਾ ਅਤੇ ਮਾਣਹਾਨੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੀ.ਬੀ.ਆਈ. ਸਪੱਸ਼ਟ ਤੌਰ 'ਤੇ ਬਾਦਲਾਂ ਦੇ ਇਸ਼ਾਰੇ 'ਤੇ ਕੇਂਦਰ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੀ ਹੈ, ਜੋ ਜਾਂਚ ਵਿਚ ਰੁਕਾਵਟ ਪੈਦਾ ਕਰ ਰਹੇ ਹਨ। ਅਦਾਲਤ ਵਿਚ ਕਲੋਜ਼ਰ ਰਿਪੋਰਟ ਦਾਇਰ ਕਰਨ ਦੇ ਤਿੰਨ ਮਹੀਨਿਆਂ ਬਾਅਦ ਇਨ੍ਹਾਂ ਮਾਮਲਿਆਂ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪਣ ਦਾ ਫੈਸਲਾ ਸਪੱਸ਼ਟ ਤੌਰ 'ਤੇ ਜਾਂਚ ਲਟਕਾਉਣ ਅਤੇ ਸੂਬਾ ਸਰਕਾਰ ਨੂੰ ਜਾਂਚ ਸੌਂਪਣ ਦੇ ਰਾਹ ਵਿਚ ਅੜਿੱਕਾ ਡਾਹੁਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਦਾਲਤ ਵਿਚ ਸੀ.ਬੀ.ਆਈ. ਦਾ ਵਿਰੋਧ ਜਾਰੀ ਰੱਖੇਗੀ।

ਮੁੱਖ ਮੰਤਰੀ ਨੇ ਅਕਾਲੀ ਲੀਡਰਸ਼ਿਪ ਖਾਸ ਕਰਕੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ 'ਤੇ ਵਰ੍ਹਦਿਆਂ ਕਿਹਾ ਕਿ ਉਹ ਸੂਬੇ ਨੂੰ ਜਾਂਚ ਮੁੜ ਸੌਂਪਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਜਾਂ ਫਿਰ ਅਸਤੀਫਾ ਦੇਣ। ਉਨ੍ਹਾਂ ਹਰਸਿਮਰਤ ਕੌਰ ਨੂੰ ਚੇਤੇ ਕਰਵਾਇਆ ਕਿ ਸੀ.ਬੀ.ਆਈ. ਤੋਂ ਜਾਂਚ ਵਾਪਸ ਲੈਣ ਲਈ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਲਏ ਫੈਸਲੇ ਵਿਚ ਉਨ੍ਹਾਂ ਦੀ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਵੀ ਸ਼ਾਮਲ ਸੀ।

ਇਸ ਦੌਰਾਨ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੀ.ਬੀ.ਆਈ. ਵੱਲੋਂ ਬੇਅਦਬੀ ਦੀਆਂ ਘਟਨਾਵਾਂ ਦੀ ਮੁੜ ਜਾਂਚ ਕਰਨ 'ਤੇ ਸਖਤ ਇਤਰਾਜ਼ ਕਰਦਿਆਂ ਕਿਹਾ ਕਿ ਇਹ ਫੈਸਲਾ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਉਸ ਮਤੇ ਦੀ ਸ਼ਰੇਆਮ ਉਲੰਘਣਾ ਤੇ ਮਾਣਹਾਨੀ ਹੈ, ਜਿਸ ਵਿਚ ਸੀ.ਬੀ.ਆਈ. ਕੋਲੋਂ ਜਾਂਚ ਵਾਪਸ ਲੈ ਲਈ ਗਈ ਸੀ ਤੇ ਜਾਂਚ ਪੰਜਾਬ ਪੁਲੀਸ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਨੇ ਅਦਾਲਤ ਵਿਚ ਕਿਹਾ ਹੈ ਕਿ ਉਸ ਨੇ ਬੇਅਦਬੀ ਘਟਨਾਵਾਂ ਦੀ ਜਾਂਚ ਕਰਨ ਲਈ ਨਵੀਂ ਟੀਮ ਬਣਾਈ ਹੈ ਕਿਉਂਕਿ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਪ੍ਰਬੋਧ ਕੁਮਾਰ ਨੇ ਪੱਤਰ ਭੇਜ ਕੇ ਸੀ.ਬੀ.ਆਈ. ਨੂੰ ਜਾਂਚ ਜਾਰੀ ਰੱਖਣ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਇਕੋ ਮਾਮਲੇ ਬਾਰੇ ਦੋ ਜਾਂਚ ਏਜੰਸੀਆਂ ਵੱਲੋਂ ਜਾਂਚ ਕਰਨ ਨਾਲ ਸਾਰਾ ਮਾਮਲਾ ਘੱਟੇ ਵਿਚ ਪੈ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸੀ.ਬੀ.ਆਈ. ਮੁੜ ਜਾਂਚ ਇਸ ਲਈ ਕਰਨਾ ਚਾਹੁੰਦੀ ਹੈ ਤਾਂ ਜੋ ਬਾਦਲਾਂ ਨੂੰ ਬਚਾਇਆ ਜਾ ਸਕੇ।

ਇਸ ਕਰਕੇ ਜਾਂਚ ਪੰਜਾਬ ਪੁਲਿਸ ਦੀ ਸਿਟ ਵਲੋਂ ਕੀਤੀ ਜਾਣੀ ਚਾਹੀਦੀ ਹੈ। ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਿਹਾ ਕਿ ਸੂਬਾ ਸਰਕਾਰ ਅਦਾਲਤ ਵਿਚ ਸੀ.ਬੀ.ਆਈ. ਦੇ ਫੈਸਲੇ ਵਿਰੁੱਧ ਇਸ ਆਧਾਰ 'ਤੇ ਕੇਸ ਲੜ ਰਹੀ ਹੈ ਕਿ ਜਦੋਂ 6 ਸਤੰਬਰ ਨੂੰ ਦਿੱਲੀ ਪੁਲਿਸ ਐਸਟੈਬਲਿਸ਼ਮੈਂਟ ਐਕਟ ਦੀ ਧਾਰਾ 6 ਤਹਿਤ ਇਕ ਵਾਰ ਆਪਣੀ ਸਹਿਮਤੀ ਵਾਪਸ ਲੈ ਲਈ ਤਾਂ ਸੀ.ਬੀ.ਆਈ. ਨੂੰ ਜਾਂਚ ਜਾਰੀ ਰੱਖਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਕੇਸ ਦੀ ਅਗਲੀ ਸੁਣਵਾਈ 30 ਅਕਤੂਬਰ ਨੂੰ ਹੋਵੇਗੀ।

## ਸੀ.ਬੀ.ਆਈ. ਵੱਲੋਂ ਜਾਂਚ ਅਧਿਕਾਰੀ ਤਬਦੀਲ

**ਐਸ.ਏ.ਐਸ. ਨਗਰ (ਮੁਹਾਲੀ):** ਬੇਅਦਬੀ ਮਾਮਲਿਆਂ ਸਬੰਧੀ ਜਾਰੀ ਜਾਂਚ ਤੋਂ ਸੀ.ਬੀ.ਆਈ. ਨੇ ਅਚਾਨਕ ਵਧੀਕ ਐਸ.ਪੀ. ਪੀ. ਚੱਕਰਵਰਤੀ ਨੂੰ ਲਾਂਭੇ ਕਰ ਦਿੱਤਾ ਹੈ। ਹੁਣ ਇਸ ਕੇਸ ਦੀ ਪੈਰਵੀ ਨਵੇਂ ਜਾਂਚ ਅਧਿਕਾਰੀ ਸੀ.ਬੀ.ਆਈ. ਦੇ ਵਧੀਕ ਐਸ.ਪੀ. ਅਨਿਲ ਯਾਦਵ ਕਰਨਗੇ। ਸੀ.ਬੀ.ਆਈ. ਨੇ ਇਸ ਕੇਸ ਦੀ ਪਹਿਲਾਂ ਤੋਂ ਜਾਂਚ ਕਰ ਰਹੀ ਸਮੁੱਚੀ ਟੀਮ ਨੂੰ ਹੀ ਬਦਲ ਦਿੱਤਾ ਹੈ ਤੇ ਨਵੀਂ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਹੈ।

ਕਲੋਜ਼ਰ ਰਿਪੋਰਟ ਅਤੇ ਨਵੇਂ ਸਿਰਿਓਂ ਜਾਂਚ ਲਈ ਦਾਇਰ ਅਰਜ਼ੀ 'ਤੇ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਸੁਣਵਾਈ ਹੋਈ। ਇਸ ਦੌਰਾਨ ਜਿਵੇਂ ਹੀ ਜੱਜ ਨੇ ਕੇਸ ਦੀ ਸੁਣਵਾਈ ਸ਼ੁਰੂ ਕੀਤੀ ਤਾਂ ਸੀਬੀਆਈ ਦੇ ਵਕੀਲ ਅਤੇ ਵਧੀਕ ਐਸ.ਪੀ. ਅਨਿਲ ਯਾਦਵ ਨੇ ਅਦਾਲਤ ਨੂੰ ਦੱਸਿਆ ਕਿ ਉਹ ਸੀ.ਬੀ.ਆਈ. ਦੇ ਨਵੇਂ ਜਾਂਚ ਅਧਿਕਾਰੀ ਹਨ। ਇਸ ਕੇਸ ਬਾਰੇ ਉਨ੍ਹਾਂ ਨੂੰ ਬਹੁਤੀ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਉਹ ਹੁਣ ਤੱਕ ਦੀ ਪੜਤਾਲ ਤੋਂ ਵਾਕਿਫ ਹਨ। ਇਹੀ ਨਹੀਂ ਉਨ੍ਹਾਂ ਨੂੰ ਪੂਰੇ ਦਸਤਾਵੇਜ਼ ਵੀ ਨਹੀਂ ਮਿਲੇ ਹਨ। ਇਸ ਕਰ ਕੇ ਉਨ੍ਹਾਂ (ਨਵੇਂ ਜਾਂਚ ਅਧਿਕਾਰੀ) ਨੂੰ ਘੱਟੋ-ਘੱਟ ਇਕ ਮਹੀਨੇ ਦੀ ਮੋਹਲਤ ਦਿੱਤੀ ਜਾਵੇ।

## ਮੁੱਖ ਮੰਤਰੀ ਝੂਠ ਬੋਲਣਾ ਬੰਦ ਕਰਨ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਹੈ ਕਿ ਉਹ ਬੇਅਦਬੀ ਦੇ ਮੁੱਦੇ 'ਤੇ ਸਿੱਖਾਂ ਨੂੰ ਭੰਬਲਭੂਸੇ ਵਿਚ ਪਾਉਣ ਲਈ ਰੋਜ਼ਾਨਾ ਬਲਦਵੇਂ ਬਿਆਨ ਦੇਣੇ ਬੰਦ ਕਰਨ। ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਅਮਰਿੰਦਰ ਬੇਅਦਬੀ ਮੁੱਦੇ ਉਤੇ ਭੰਬਲਭੂਸਾ ਫਰਵਰੀ 2022 ਤੱਕ ਬਰਕਰਾਰ ਰੱਖਣਾ ਚਾਹੁੰਦਾ ਹੈ ਤਾਂ ਕਿ ਲੋਕਾਂ ਦਾ ਧਿਆਨ ਮੁੱਖ ਮੰਤਰੀ ਦੀਆਂ ਨਾਕਾਮੀਆਂ ਤੋਂ ਹਟਿਆ ਰਹੇ। ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਵੱਲੋਂ ਇਸ ਮੁੱਦੇ ਉਤੇ ਮਾਰੀ ਪਲਟੀ ਦਾ ਉਦੇਸ਼ ਇਕ ਅਖ਼ਬਾਰ ਨੂੰ ਦਿੱਤੇ ਉਸ ਬਿਆਨ ਤੋਂ ਮੁਕਰਨਾ ਸੀ, ਜਿਸ ਵਿਚ ਉਸ ਨੇ ਸਵੀਕਾਰ ਕੀਤਾ ਸੀ ਕਿ ਉਸ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਲਈ ਅਕਾਲੀ ਆਗੂਆਂ ਖਾਸ ਕਰ ਕੇ ਪ੍ਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਉਣਾ ਗਲਤ ਸੀ।



## ਬੇਅਦਬੀ ਮਾਮਲਿਆਂ ਦੀ ਜਾਂਚ ਨੂੰ ਮਜ਼ਾਕ ਬਣਾਇਆ: ਚੀਮਾ

**ਚੰਡੀਗੜ੍ਹ:** ਸਾਲ 2015 ਵਿਚ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਤਿੰਨ ਮਹੀਨੇ ਪਹਿਲਾਂ 'ਕਲੋਜ਼ਰ ਰਿਪੋਰਟ' ਦੇਣ ਵਾਲੀ ਸੀ.ਬੀ.ਆਈ. ਵੱਲੋਂ ਮੁੜ ਇਸ ਮਾਮਲੇ ਦੀ ਜਾਂਚ ਆਪਣੀ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਹਵਾਲੇ ਕੀਤੇ ਜਾਣ 'ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਇਸ ਨੂੰ ਪੰਜਾਬ ਵਿਧਾਨ ਸਭਾ ਦੇ ਪਵਿੱਤਰ ਸਦਨ ਦੀ ਮਰਿਆਦਾ ਦਾ ਹਨਨ, ਅਦਾਲਤਾਂ ਦੀ ਤੌਹੀਨ ਤੇ ਗੁਰੂ ਗ੍ਰੰਥ ਸਾਹਿਬ ਦੀ ਵਾਰ-ਵਾਰ ਬੇਅਦਬੀ ਦੱਸਿਆ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬੇਅਦਬੀ ਮਾਮਲਿਆਂ ਵਿਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਬਾਦਲ ਪਰਿਵਾਰ ਤੇ ਹੋਰ ਰਸੂਖਦਾਰ ਲੋਕਾਂ ਅਤੇ ਅਫਸਰਾਂ ਨੂੰ ਬਚਾਉਣ ਲਈ ਕੈਪਟਨ ਤੇ ਮੋਦੀ ਸਰਕਾਰ ਨੇ ਗੁਰੂ ਦੀ ਬੇਅਦਬੀ ਮਾਮਲਿਆਂ ਦੀ ਜਾਂਚ ਨੂੰ ਮਜ਼ਾਕ ਸਮਝ ਰੱਖਿਆ ਹੈ।

## ਕੇਜਰੀਵਾਲ ਵੱਲੋਂ ਕੈਪਟਨ ਤੇ ਖੱਟਰ ਨੂੰ ਪੱਤਰ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਤੇ ਪੰਜਾਬ ਦੇ ਮੁੱਖ ਮੰਤਰੀਆਂ ਨੂੰ ਪੱਤਰ ਲਿਖ ਕੇ ਪਰਾਲੀ ਫੂਕਣ ਤੋਂ ਰੋਕਣ ਲਈ ਤੁਰਤ ਕਦਮ ਚੁੱਕੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕੇਂਦਰੀ ਵਾਤਾਵਰਨ ਮੰਤਰੀ ਨੂੰ ਵੀ ਪੱਤਰ ਲਿਖਿਆ ਹੈ ਤਾਂ ਜੋ ਆਉਣ ਵਾਲੇ ਸਮੇਂ 'ਚ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।

ਅਰਵਿੰਦ ਕੇਜਰੀਵਾਲ ਅਨੁਸਾਰ ਗੁਆਂਢੀ ਸੂਬਿਆਂ 'ਚ ਪਰਾਲੀ ਫੂਕਣ ਦੀ ਸ਼ੁਰੂਆਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਰਾਲੀ ਫੂਕਣ ਨਾਲ ਨਿਕਲਣ ਵਾਲਾ ਧੂੰਆਂ ਹਰ ਸਾਲ ਨਵੰਬਰ 'ਚ ਦਿੱਲੀ ਦੀ ਹਵਾ ਨੂੰ ਤੇਜ਼ੀ ਨਾਲ ਪ੍ਰਦੂਸ਼ਿਤ ਕਰਦਾ ਹੈ, ਜਿਸ ਕਾਰਨ ਉਨ੍ਹਾਂ ਨੇ ਹਰਿਆਣਾ ਤੇ ਪੰਜਾਬ ਦੇ ਮੁੱਖ ਮੰਤਰੀ ਸਣੇ ਕੇਂਦਰੀ ਵਾਤਾਵਰਨ ਮੰਤਰੀ ਨੂੰ ਇੱਕ ਪੱਤਰ ਲਿਖਿਆ।

ਅਰਵਿੰਦ ਕੇਜਰੀਵਾਲ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਲੋਕਾਂ ਦੀ ਸਿਹਤ ਕਿਸੇ ਵੀ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੁੰਦੀ ਹੈ।

## ਨਵਜੰਮੀਆਂ ਦੋਹਤੀਆਂ ਨਹਿਰ 'ਚ ਸੁੱਟੀਆਂ

**ਬਠਿੰਡਾ:** ਬਠਿੰਡਾ ਦੇ ਇੱਕ ਨਿਜੀ ਹਸਪਤਾਲ ਵਿਚ ਜੰਮੀਆਂ ਜੁੜਵਾ ਬੱਚੀਆਂ ਨੂੰ ਉਸ ਦੀ ਨਾਨੀ ਅਤੇ ਮਾਮੇ ਨੇ ਸਰਹੰਦ ਨਹਿਰ ਵਿਚ ਸੁੱਟ ਦਿੱਤਾ। ਥਾਣਾ ਸਿਵਲ ਲਾਈਨ ਪੁਲਿਸ ਨੇ ਨਾਨੀ ਅਤੇ ਮਾਮੇ 'ਤੇ ਕਤਲ ਦਾ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਬਠਿੰਡਾ ਦੀ ਸਿਵਲ ਲਾਈਨ ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਦੇ ਇੱਕ ਨਿਜੀ ਹਸਪਤਾਲ ਵਿਚ ਪਿੰਡ ਚੱਕ ਅਤਰ ਸਿੰਘ ਵਾਲੇ ਦੀ ਮਹਿਲਾ ਅਮਨਦੀਪ ਕੌਰ ਪਤਨੀ ਗੁਰਪ੍ਰੀਤ ਸਿੰਘ ਜਣੇਪੇ ਲਈ ਦਾਖਲ ਹੋਈ ਸੀ। ਉਸ ਨੇ ਦੋ ਜੁੜਵਾਂ ਲੜਕੀਆਂ ਨੂੰ ਜਨਮ ਦਿੱਤਾ ਜਿਨ੍ਹਾਂ 'ਚੋਂ ਇੱਕ ਦਾ ਭਾਰ 1 ਕਿੱਲੋ ਅਤੇ ਦੂਜੀ ਦਾ ਭਾਰ 600 ਗਰਾਮ ਸੀ। ਨਰਸਿੰਗ ਹੋਮ ਦੇ ਡਾਕਟਰ ਨੇ ਭਾਰ ਘੱਟ ਹੋਣ ਕਾਰਨ ਬੱਚੀਆਂ ਨੂੰ ਮਸ਼ੀਨ ਵਿਚ ਰੱਖਣ ਲਈ ਕਿਹਾ ਸੀ।

ਲੜਕੀ ਦੀ ਮਾਤਾ ਮਲਕੀਤ ਕੌਰ ਨੇ ਆਪਣੀਆਂ ਦੋਹਤੀਆਂ ਨੂੰ ਹਸਪਤਾਲ ਵਿਚੋਂ ਚੋਰੀ ਚੁੱਕ ਕੇ ਬਠਿੰਡਾ ਨੇੜਿਓਂ ਲੰਘਦੀ ਸਰਹੰਦ ਨਹਿਰ ਵਿਚ ਸੁੱਟ ਦਿੱਤਾ ਕਿਉਂਕਿ ਅਮਨਦੀਪ ਕੋਲ ਪਹਿਲਾਂ ਵੀ ਦੋ ਧੀਆਂ ਦੀ ਮਾਂ ਸੀ ਅਤੇ ਮਲਕੀਤ ਕੌਰ ਨਹੀਂ ਚਾਹੁੰਦੀ ਸੀ ਕਿ ਉਸ ਦੀ ਕੁੜੀ 'ਤੇ ਹੋਰ ਬੋਝ ਵਧੇ।

# ਜ਼ਿਮਨੀ ਚੋਣ: ਤੀਜੇ ਬਦਲ ਦੇ ਦਾਅਵੇ ਵਾਲੀਆਂ ਧਿਰਾਂ ਟਿਕਟਾਂ ਪਿੱਛੇ ਖਹਿਬੜੀਆਂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਸੂਬੇ 'ਚ ਤੀਸਰਾ ਸਿਆਸੀ ਬਦਲ ਦੇਣ ਦੇ ਨਾਅਰੇ ਨਾਲ ਬੜੇ ਜ਼ੋਰ-ਸ਼ੋਰ ਉਸਰਿਆ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਹੁਣ ਪੰਜਾਬ ਵਿਧਾਨ ਸਭਾ ਦੇ ਚਾਰ ਹਲਕਿਆਂ ਦੀਆਂ ਹੋ ਰਹੀਆਂ ਉਪ ਚੋਣਾਂ ਵਿਚ ਸੀਟਾਂ ਦੀ ਵੰਡ ਨੂੰ ਲੈ ਕੇ ਵੰਡਿਆ ਗਿਆ ਹੈ।

ਇਸ ਕਾਰਨ ਇਨ੍ਹਾਂ ਉਪ ਚੋਣਾਂ ਵਿਚ ਦੋ



ਰਵਾਇਤੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ-ਭਾਜਪਾ ਗੱਠਜੋੜ ਤੋਂ ਬਾਅਦ ਤੀਸਰੀ ਧਿਰ ਵਜੋਂ ਮੁੱਖ ਤੌਰ 'ਤੇ ਆਮ ਆਦਮੀ ਪਾਰਟੀ (ਆਪ) ਹੀ ਮੈਦਾਨ ਵਿਚ ਰਹਿ ਗਈ ਹੈ। ਸੂਤਰਾਂ ਅਨੁਸਾਰ ਚਾਰ ਹਲਕਿਆਂ ਦੀਆਂ ਉਪ ਚੋਣਾਂ ਲਈ ਪੀ.ਡੀ.ਏ. ਕੋਲ ਕੁੱਲ 4 ਉਮੀਦਵਾਰਾਂ ਦੀ ਵੀ ਘਾਟ ਹੋਣ ਦੇ ਬਾਵਜੂਦ ਇਸ ਵਿਚਲੀਆਂ ਧਿਰਾਂ ਇਕਸੁਰ ਨਹੀਂ ਹੋ ਸਕੀਆਂ। ਇਸ ਦੌਰਾਨ ਪੀ.ਡੀ.ਏ. ਵਿਚਲੀ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਨੇ ਵਿਧਾਨ ਸਭਾ ਹਲਕਾ ਦਾਖਾ ਤੇ ਫਗਵਾੜਾ ਸੀਟਾਂ ਉਤੇ ਆਪਣੇ ਉਮੀਦਵਾਰ ਉਤਾਰ ਦਿੱਤੇ ਹਨ। ਦਰਅਸਲ, ਫਗਵਾੜਾ ਦੀ ਸੀਟ ਉਪਰ ਪੀ.ਡੀ.ਏ. ਦੀ ਇਕ ਮੁੱਖ ਧਿਰ ਬਹੁਜਨ ਸਮਾਜ ਪਾਰਟੀ (ਬਸਪਾ) ਦਾਅਵਾ ਕਰ ਰਹੀ ਹੈ ਪਰ ਸਿਮਰਜੀਤ ਸਿੰਘ ਬੈਂਸ ਇਹ ਸੀਟ ਛੱਡਣ ਲਈ ਤਿਆਰ ਨਹੀਂ ਹੋਏ।

ਦੱਸਣਯੋਗ ਹੈ ਕਿ ਸ੍ਰੀ ਬੈਂਸ ਨੇ ਲੋਕ ਸਭਾ ਹਲਕਾ ਲੁਧਿਆਣਾ ਦੀ ਸੀਟ ਤੋਂ ਚੋਣ ਲੜੀ ਸੀ ਅਤੇ ਭਾਵੇਂ ਉਹ ਇਹ ਚੋਣ ਹਾਰ ਗਏ ਸਨ ਪਰ ਉਨ੍ਹਾਂ ਨੇ ਵਿਧਾਨ ਸਭਾ ਹਲਕਾ ਦਾਖਾ ਤੋਂ ਹੋਰ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਤੋਂ ਵੱਧ ਵੋਟਾਂ ਲਈਆਂ ਸਨ, ਜਿਸ ਕਾਰਨ ਪੀ.ਡੀ.ਏ. ਦੀਆਂ ਸਾਰੀਆਂ ਧਿਰਾਂ ਇਹ ਸੀਟ ਸਰਬਸੰਮਤੀ ਨਾਲ ਸ੍ਰੀ ਬੈਂਸ ਦੀ ਪਾਰਟੀ ਨੂੰ ਦੇਣ ਲਈ ਸਹਿਮਤ ਹੋ ਗਈਆਂ ਹਨ। ਸੂਤਰਾਂ ਅਨੁਸਾਰ ਸ੍ਰੀ ਬੈਂਸ ਨੂੰ ਛੱਡ ਕੇ ਪੀ.ਡੀ.ਏ. ਦੀਆਂ ਬਾਕੀ ਸਾਰੀਆਂ ਧਿਰਾਂ ਦੀ ਰਾਏ ਸੀ ਕਿ ਫਗਵਾੜਾ ਸੀਟ ਬਸਪਾ ਨੂੰ ਛੱਡ ਦਿੱਤੀ ਜਾਵੇ ਪਰ ਸ੍ਰੀ ਬੈਂਸ ਨੇ ਇਸ 'ਤੇ ਸਹਿਮਤੀ ਨਹੀਂ ਦਿੱਤੀ। ਦਰਅਸਲ ਲੋਕ ਸਭਾ ਚੋਣਾਂ ਤੋਂ ਬਾਅਦ ਪੀ.ਡੀ.ਏ. ਦੀਆਂ ਹੋਰ ਧਿਰਾਂ ਨੇ ਤਾਂ ਕੋਈ ਖਾਸ ਸਰਗਰਮੀ ਨਹੀਂ ਦਿਖਾਈ ਪਰ ਸ੍ਰੀ ਬੈਂਸ ਨੇ ਆਪਣੀ ਪਾਰਟੀ ਨੂੰ ਹਰੇਕ ਮੁੱਦੇ ਉਪਰ ਸਰਗਰਮ ਰੱਖਿਆ ਹੈ। ਸ੍ਰੀ ਬੈਂਸ ਦੀ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨਾਲ ਵਾਪਰੀ ਘਟਨਾ ਨੇ ਸਿਆਸੀ ਤੌਰ 'ਤੇ ਸ੍ਰੀ ਬੈਂਸ ਨੂੰ ਹੋਰ ਬਲ ਦਿੱਤਾ ਹੈ, ਜਿਸ ਕਾਰਨ ਉਹ ਇਨ੍ਹਾਂ ਚੋਣਾਂ ਵਿਚ ਵੀ ਆਪਣੀ ਪਾਰਟੀ ਦੀ ਤਾਕਤ ਦਿਖਾਉਣ ਦੇ ਰੌਂਅ ਵਿਚ ਹਨ।

ਦੂਸਰੇ ਪਾਸੇ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਸਪਸ਼ਟ ਕੀਤਾ ਕਿ ਹਲਕਾ ਫਗਵਾੜਾ ਤੋਂ ਉਨ੍ਹਾਂ ਦੀ ਪਾਰਟੀ ਦਾ ਉਮੀਦਵਾਰ ਅਵੱਸ਼ ਚੋਣ ਲੜੇਗਾ, ਜਿਸ ਕਾਰਨ ਬਸਪਾ ਅਤੇ ਸ੍ਰੀ ਬੈਂਸ ਦੋਵਾਂ ਧਿਰਾਂ ਵੱਲੋਂ ਫਗਵਾੜੇ ਆਪੋ-ਆਪਣੇ ਉਮੀਦਵਾਰ ਉਤਾਰਨ ਦੀ ਨੌਬਤ ਆ ਗਈ ਹੈ। ਇਸ ਸਥਿਤੀ ਵਿਚ ਪੀ.ਡੀ.ਏ. ਦੀ ਇਨ੍ਹਾਂ ਉਪ ਚੋਣਾਂ ਵਿਚ ਕੋਈ ਸਾਂਝੀ ਰਣਨੀਤੀ ਬਣਦੀ ਸਾਹਮਣੇ ਨਹੀਂ ਆ ਰਹੀ। ਦੱਸਣਯੋਗ ਹੈ ਕਿ ਭਾਵੇਂ ਲੋਕ ਸਭਾ ਚੋਣਾਂ ਵਿਚ ਪੀ.ਡੀ.ਏ. ਦਾ ਕੋਈ ਵੀ ਉਮੀਦਵਾਰ ਨਹੀਂ ਜਿੱਤਿਆ ਸੀ ਪਰ ਪਟਿਆਲਾ ਤੋਂ ਡਾਕਟਰ ਧਰਮਵੀਰ ਗਾਂਧੀ, ਲੁਧਿਆਣਾ ਤੋਂ ਸਿਮਰਜੀਤ ਬੈਂਸ, ਖਡੂਰ ਸਾਹਿਬ ਤੋਂ ਬੀਬੀ ਪਰਮਜੀਤ ਕੌਰ ਖਾਲੜਾ ਸਮੇਤ ਕੁਝ ਹੋਰ ਉਮੀਦਵਾਰਾਂ ਨੂੰ ਚੰਗੀਆਂ ਵੋਟਾਂ ਪੈ ਗਈਆਂ ਸਨ। ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਖਹਿਰਾ ਨੇ ਦੱਸਿਆ ਕਿ ਪੀ.ਡੀ.ਏ. ਦੀ ਮੀਟਿੰਗ ਵਿਚ ਸ਼ਾਮਲ ਨਵਾਂ ਪੰਜਾਬ ਮੰਚ ਦੇ ਮੁਖੀ ਡਾਕਟਰ ਧਰਮਵੀਰ ਗਾਂਧੀ, ਸੀ.ਪੀ.ਆਈ. ਪੰਜਾਬ ਦੇ ਕਾਮਰੇਡ ਬੰਤ ਸਿੰਘ ਬਰਾੜ, ਆਰ. ਐਮ. ਪੀ. ਆਈ. ਦੇ ਮੰਗਤ ਰਾਮ ਪਾਸਲਾ ਅਤੇ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜੀ ਸਮੇਤ ਉਨ੍ਹਾਂ (ਖਹਿਰਾ) ਨੇ ਫਗਵਾੜਾ ਦੀ ਸੀਟ ਬਸਪਾ ਨੂੰ ਦੇਣ ਦੀ ਸਲਾਹ ਦਿੱਤੀ ਸੀ ਪਰ ਸ੍ਰੀ ਬੈਂਸ ਇਹ ਸੀਟ ਛੱਡਣ ਲਈ ਤਿਆਰ ਨਹੀਂ ਹੋਏ।

## ਰਾਜੇਸ਼ ਬਾਘਾ ਫਗਵਾੜਾ ਅਤੇ ਜੰਗੀ ਲਾਲ ਮੁਕੇਰੀਆਂ ਤੋਂ ਭਾਜਪਾ ਉਮੀਦਵਾਰ

**ਚੰਡੀਗੜ੍ਹ:** ਭਾਜਪਾ ਨੇ ਪੰਜਾਬ ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਫਗਵਾੜਾ ਤੇ ਮੁਕੇਰੀਆਂ ਤੋਂ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਫਗਵਾੜਾ ਤੋਂ ਰਾਜੇਸ਼ ਬਾਘਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ ਜਦਕਿ ਮੁਕੇਰੀਆਂ ਤੋਂ ਜੰਗੀ ਲਾਲ ਮਹਾਜਨ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੋਣਗੇ। ਬਾਘਾ ਭਾਜਪਾ ਦੀ ਪੰਜਾਬ ਇਕਾਈ ਦੇ ਉਪ ਪ੍ਰਧਾਨ ਵੀ ਹਨ। ਉਹ ਪਹਿਲੀ ਵਾਰ ਵਿਧਾਨ ਸਭਾ ਚੋਣ ਲੜਨਗੇ। 2011-17 ਤੱਕ ਉਹ ਪੰਜਾਬ ਰਾਜ ਅਨੁਸੂਚਿਤ ਜਾਤਾਂ ਕਮਿਸ਼ਨ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹ ਸੂਬਾਈ ਭਾਜਪਾ ਐਸਸੀ ਮੋਰਚਾ ਦੇ ਪ੍ਰਧਾਨ ਵੀ ਰਹੇ ਹਨ। ਇਸ ਤੋਂ ਪਹਿਲਾਂ ਚਰਚਾ ਸੀ ਕਿ ਭਾਜਪਾ ਆਗੂ ਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਆਪਣੀ ਪਤਨੀ ਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਆਪਣੇ ਪੁੱਤਰ ਨੂੰ ਟਿਕਟ ਦਿਵਾਉਣ ਲਈ ਯਤਨ ਕਰ ਰਹੇ ਹਨ। ਸੋਮ ਪ੍ਰਕਾਸ਼ ਦੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਚੁਣੇ ਜਾਣ ਕਾਰਨ ਫਗਵਾੜਾ ਸੀਟ ਖਾਲੀ ਹੋ ਗਈ ਸੀ।

## 'ਆਪ' ਨੇ ਚਾਰ ਨਵੇਂ ਚਿਹਰੇ ਚੋਣ ਮੈਦਾਨ 'ਚ ਉਤਾਰੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ 21 ਅਕਤੂਬਰ ਨੂੰ ਹੋ ਰਹੀਆਂ ਜ਼ਿਮਨੀ ਚੋਣਾਂ ਲਈ ਆਪਣੇ ਸਾਰੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਨਵੇਂ ਚਿਹਰੇ ਚੋਣ ਪਿੜ ਵਿਚ ਉਤਾਰੇ ਹਨ ਤੇ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਹੁਣ ਪਾਰਟੀ ਵਿਚ ਦਲ-ਬਦਲੂਆਂ ਦੀ ਥਾਂ ਵਲੰਟੀਅਰਾਂ ਉਪਰ ਹੀ ਟੇਕ ਰੱਖੀ ਜਾਵੇਗੀ। ਪਾਰਟੀ ਦੀ ਕੋਰ ਕਮੇਟੀ ਦੀ ਹੋਈ ਮੀਟਿੰਗ ਤੋਂ ਬਾਅਦ ਪੰਜਾਬ ਇਕਾਈ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਉਮੀਦਵਾਰਾਂ ਦਾ ਐਲਾਨ ਕੀਤਾ। ਹਲਕਾ ਦਾਖਾ ਤੋਂ ਅਮਨਦੀਪ ਸਿੰਘ ਮੋਹੀ,



ਫਗਵਾੜਾ ਤੋਂ ਸੰਤੋਸ਼ ਕੁਮਾਰ ਗੋਗੀ, ਜਲਾਲਾਬਾਦ ਤੋਂ ਮਹਿੰਦਰ ਸਿੰਘ ਕਚੂਰਾ ਅਤੇ ਮੁਕੇਰੀਆਂ ਤੋਂ ਗੁਰਧਿਆਨ ਸਿੰਘ ਮੁਲਤਾਨੀ ਨੂੰ ਉਮੀਦਵਾਰ ਐਲਾਨਿਆ ਹੈ। ਮੋਹੀ ਲੁਧਿਆਣਾ ਦੀ ਜ਼ਿਲ੍ਹਾ ਯੂਥ ਇਕਾਈ ਦੇ ਪ੍ਰਧਾਨ ਅਤੇ ਦਾਖਾ ਹਲਕੇ ਦੇ ਪ੍ਰਧਾਨ ਵਜੋਂ ਕੰਮ ਕਰਦੇ ਆ ਰਹੇ ਹਨ। ਭਗਵੰਤ ਮਾਨ ਨੇ ਦੱਸਿਆ ਕਿ ਇਨ੍ਹਾਂ ਚਾਰਾਂ ਉਮੀਦਵਾਰਾਂ ਬਾਰੇ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਤੋਂ ਵੀ ਪ੍ਰਵਾਨਗੀ ਲੈ ਲਈ ਗਈ ਹੈ।

# ਜ਼ਿਮਨੀ ਚੋਣ: ਮੁੱਖ ਮੰਤਰੀ ਵੱਲੋਂ ਨਾਰਾਜ਼ ਆਗੂਆਂ ਨੂੰ ਮਨਾਉਣ ਦੀ ਕਵਾਇਦ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜ਼ਿਮਨੀ ਚੋਣਾਂ ਵਾਲੇ ਚਾਰੇ ਵਿਧਾਨ ਸਭਾ ਹਲਕਿਆਂ ਦੇ ਨਾਰਾਜ਼ ਕਾਂਗਰਸ ਆਗੂਆਂ ਨੂੰ ਪਾਰਟੀ ਉਮੀਦਵਾਰਾਂ ਦੇ ਹੱਕ 'ਚ ਪਰਤਾਉਣ ਲਈ ਯਤਨ ਕਰ ਰਹੇ ਹਨ। ਉਨ੍ਹਾਂ ਨੇ ਕੁਝ ਆਗੂਆਂ ਨਾਲ ਮੀਟਿੰਗਾਂ ਵੀ ਕੀਤੀਆਂ। ਆਗੂਆਂ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਕਿ ਉਹ ਕਾਂਗਰਸ ਉਮੀਦਵਾਰਾਂ ਦੀ ਜਿੱਤ ਲਈ ਯਤਨ ਕਰਨਗੇ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੀ ਨਾਰਾਜ਼ ਆਗੂਆਂ ਨੂੰ ਮਨਾਉਣ ਅਤੇ ਚੋਣ ਮੁਹਿੰਮ ਨੂੰ ਮਘਾਉਣ ਲਈ ਯਤਨ ਕਰਨਗੇ। ਇਸ ਹਲਕੇ ਦਾ ਇੰਚਾਰਜ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੂੰ ਲਾਇਆ ਗਿਆ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੂੰ ਮਿਲਣ ਵਾਲਿਆਂ 'ਚ ਸਾਬਕਾ ਮੰਤਰੀ ਹੰਸ ਰਾਜ ਜੋਸਨ ਵੀ ਸਨ ਤੇ ਉਨ੍ਹਾਂ ਨਾਲ ਜਲਾਲਾਬਾਦ ਹਲਕੇ ਦੀ 15 ਮੈਂਬਰੀ ਕਮੇਟੀ ਵੀ ਸੀ। ਕਮੇਟੀ ਦੇ ਸੀਨੀਅਰ ਮੈਂਬਰ ਹਰਭਜਨ ਸਿੰਘ ਨੇ ਮੁੱਖ ਮੰਤਰੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਾਬਕਾ ਮੰਤਰੀ ਜੋਸਨ ਨੂੰ ਤਕੜਾ ਕੀਤਾ ਜਾਵੇ। ਮੁੱਖ ਮੰਤਰੀ ਨੇ ਕਮੇਟੀ ਨੂੰ ਭਰੋਸਾ ਦਿੱਤਾ ਕਿ ਜ਼ਿਮਨੀ ਚੋਣਾਂ ਤੋਂ ਬਾਅਦ ਇਸ 'ਤੇ ਕਾਰਵਾਈ ਕੀਤੀ ਜਾਵੇਗੀ। ਇਸ 'ਤੇ ਕਮੇਟੀ ਮੈਂਬਰਾਂ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਕਿ ਉਹ ਕਾਂਗਰਸ ਉਮੀਦਵਾਰ ਰਮਿੰਦਰ ਆਵਲਾ ਦੀ ਹਮਾਇਤ ਵਿਚ ਪ੍ਰਚਾਰ ਕਰਨਗੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਲਾਲਾਬਾਦ ਅਤੇ ਦਾਖਾ ਹਲਕੇ ਦੇ ਉਮੀਦਵਾਰਾਂ ਦੇ ਕਾਗਜ਼ ਦਾਖਲ ਕਰਵਾਉਣ ਲਈ 30 ਸਤੰਬਰ ਨੂੰ ਜਾਣਗੇ।

ਦਾਖਾ ਹਲਕੇ ਤੋਂ ਮੁੱਖ ਮੰਤਰੀ ਦੇ ਰਾਜਨੀਤਕ ਸਕੱਤਰ ਸੰਦੀਪ ਸਿੰਘ ਸੰਧੂ ਤੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰ ਕੇ ਚੋਣ ਪ੍ਰਚਾਰ ਦੀ ਰਣਨੀਤੀ ਘੜੀ ਹੈ, ਪਰ ਫਗਵਾੜਾ ਹਲਕੇ ਤੋਂ ਕਾਂਗਰਸ ਉਮੀਦਵਾਰ ਤੇ ਸਾਬਕਾ ਆਈਏਐਸ ਅਧਿਕਾਰੀ ਬਲਵਿੰਦਰ ਸਿੰਘ ਧਾਲੀਵਾਲ ਨੂੰ ਵਰਕਰਾਂ ਤੇ ਆਗੂਆਂ ਨੂੰ ਨਾਲ ਤੋਰਨ 'ਚ ਮੁਸ਼ਕਤ ਕਰਨੀ ਪਵੇਗੀ।

## ਜ਼ਿਮਨੀ ਚੋਣ ਵਾਸਤੇ ਅਕਾਲੀ ਦਲ ਨੇ ਬਣਾਈ ਰਣਨੀਤੀ

**ਲੰਬੀ:** ਪੰਜਾਬ ਦੀਆਂ ਚਾਰ ਵਿਧਾਨ ਸੀਟਾਂ ਰਾਹੀਂ ਸੂਬੇ ਵਿਚ ਮੁੜ ਤੋਂ ਜਿੱਤ ਦੀ 'ਕਹਾਣੀ' ਲਿਖਣ ਵਾਸਤੇ ਲਈ ਸਮੁੱਚਾ ਅਕਾਲੀ ਦਲ ਡਟ ਗਿਆ ਹੈ। ਇਸ ਤਹਿਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਚੋਣ ਹਲਕੇ ਰਹੇ ਜਲਾਲਾਬਾਦ ਦੇ ਅਕਾਲੀ ਕਾਡਰ ਨਾਲ ਪਿੰਡ ਬਾਦਲ 'ਚ ਮੀਟਿੰਗ ਕੀਤੀ। ਪਾਰਟੀ ਸੂਤਰਾਂ ਅਨੁਸਾਰ ਚੋਣਾਂ 'ਚ ਸਾਬਕਾ ਮੰਤਰੀਆਂ, ਵਿਧਾਇਕਾਂ, ਸਾਬਕਾ ਵਿਧਾਇਕਾਂ ਅਤੇ ਕਾਡਰ ਦੀਆਂ ਹਲਕਾ ਵਾਈਜ਼, ਸ਼ਹਿਰ ਅਤੇ ਪਿੰਡਾਂ ਅਨੁਸਾਰ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

ਮੀਟਿੰਗ 'ਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੰਸਦ ਮੈਂਬਰ ਚੁਣੇ ਜਾਣ ਕਾਰਨ ਜਲਾਲਾਬਾਦ ਹਲਕੇ ਦੀ ਵਾਗਡੋਰ ਆਰਜੀ ਤੌਰ 'ਤੇ ਉਨ੍ਹਾਂ ਨੂੰ ਛੱਡਣੀ ਪਈ ਹੈ ਅਤੇ ਛੇਤੀ ਹੀ ਉਮੀਦਵਾਰ ਦਾ ਐਲਾਨ ਕਰ ਦਿੱਤਾ ਜਾਵੇਗਾ। ਜਲਾਲਾਬਾਦ ਉਨ੍ਹਾਂ ਦਾ ਆਪਣਾ ਹਲਕਾ ਹੈ ਅਤੇ ਉਹ ਦੋ-ਢਾਈ ਸਾਲਾਂ ਨੂੰ ਆਗਾਮੀ ਵਿਧਾਨ ਸਭਾ ਚੋਣ ਵੀ ਉਥੋਂ ਹੀ ਲੜਨਗੇ। ਉਨ੍ਹਾਂ ਨੇ ਪਾਰਟੀ ਵਰਕਰਾਂ ਨੂੰ ਡਟ ਕੰਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜਲਾਲਾਬਾਦ ਤੋਂ ਅਕਾਲੀ-ਭਾਜਪਾ ਗਠਜੋੜ ਦਾ ਉਮੀਦਵਾਰ ਲੋਕ ਸਭਾ ਚੋਣਾਂ ਨਾਲੋਂ ਵੀ ਵੱਧ ਵੋਟਾਂ ਨਾਲ ਜਿੱਤੇਗਾ।

# ਬਾਜਵਾ ਨੇ ਕੈਪਟਨ ਤੇ ਬਾਦਲਾਂ ਦੀ ਗੰਢਤੁਪ ਦੀ ਪਾਈ ਦੁਹਾਈ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਦੇ ਬਿਆਨ 'ਤੇ ਦਿੱਤੇ ਪ੍ਰਤੀਕਰਮ ਦੇ ਜਵਾਬ ਵਿਚ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਕੇਸ ਦੀ ਜਾਂਚ ਨੂੰ ਕਿਸੇ ਸਿਰੇ ਲਾਉਣ ਦੀ ਥਾਂ ਮੇਰੇ ਵਿਰੁੱਧ ਸਿਆਸੀ ਦੂਸ਼ਣਬਾਜ਼ੀ ਨੂੰ ਵੱਧ ਤਰਜੀਹ ਦਿੱਤੀ।





ਉਨ੍ਹਾਂ ਕਿਹਾ ਕਿ ਕੈਪਟਨ ਅਤੇ ਬਾਦਲਾਂ ਦਰਮਿਆਨ ਰਾਜ ਦੇ ਹਰੇਕ ਗਲੀ ਕੂਚੇ 'ਚ ਇਹੋ ਚਰਚਾ ਹੈ ਅਤੇ ਹੁਣ ਇਹ ਗੱਲ ਕੋਈ ਲੁਕੀ ਛਿਪੀ ਨਹੀਂ ਰਹਿ ਗਈ। ਉਨ੍ਹਾਂ ਕਿਹਾ ਕਿ ਬਰਗਾੜੀ ਕੇਸ ਸਬੰਧੀ ਜਿਵੇਂ ਗੈਰ-ਸੰਜੀਦਗੀ ਨਾਲ ਜਾਂਚ ਕੀਤੀ ਗਈ ਹੈ ਅਤੇ ਬਾਦਲਾਂ ਨੂੰ ਬਚਾਉਣ ਦੀ ਕੋਸ਼ਿਸ਼ ਹੋਈ ਹੈ, ਉਹ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ ਰਹਿ ਗਈ। ਉਨ੍ਹਾਂ ਆਪਣੇ ਬਿਆਨ ਵਿਚ ਮੁੱਖ ਮੰਤਰੀ ਦੀ ਉਸ ਇੰਟਰਵਿਊ ਦੇ ਹਿੱਸੇ ਦੁਬਾਰਾ ਦਿੱਤੇ ਜਿਨ੍ਹਾਂ 'ਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਪੱਸ਼ਟ ਕਿਹਾ ਗਿਆ ਸੀ ਕਿ ਪ੍ਰਕਾਸ਼ ਸਿੰਘ ਬਾਦਲ ਬੇਹੁਰਮਤੀ ਲਈ ਜ਼ਿੰਮੇਵਾਰ ਨਹੀਂ ਅਤੇ ਕੁਝ ਹੋਰ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜਨ ਲਈ ਸਾਹਮਣੇ ਆਏ ਹਨ, ਜਦੋਂ ਕਿ ਸ. ਬਾਦਲ 'ਤੇ ਡੇਰਾ ਸਿਰਸਾ ਨਾਲ ਮਿਲੀਭੁਗਤ ਦੇ ਜ਼ਰੂਰ ਦੋਸ਼ ਹਨ। ਉਨ੍ਹਾਂ ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਨੂੰ 9 ਸਵਾਲ ਵੀ ਕੀਤੇ, ਜਿਨ੍ਹਾਂ 'ਚ ਉਨ੍ਹਾਂ ਰਾਜ ਸਰਕਾਰ ਨੂੰ ਪੁੱਛਿਆ ਕਿ ਉਨ੍ਹਾਂ ਸੀ.ਬੀ.ਆਈ ਤੋਂ ਕੇਸ ਵਾਪਸ ਲੈਣ ਲਈ ਕਦੋਂ 'ਤੇ ਕੀ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਅਸਲ ਵਿਚ ਮੁੱਖ ਮੰਤਰੀ ਉਹ ਕੁਝ ਹੀ ਕਰ ਰਹੇ ਹਨ ਜੋ ਬਾਦਲਾਂ ਨੂੰ ਬਚਾਉਣ ਲਈ ਜ਼ਰੂਰੀ ਹੈ।

## ਬਾਜਵਾ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਤੋਂ ਵਰਜਿਆ

ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਹੈ ਕਿ ਰਾਜ ਸਭਾ ਮੈਂਬਰ ਪ੍ਰਤਾਪ ਬਾਜਵਾ ਨੂੰ ਕਾਂਗਰਸ ਦੇ ਸਿਆਸੀ ਵਿਰੋਧੀਆਂ ਦੇ ਹੱਥੀਂ ਖੇਡ ਕੇ ਪਾਰਟੀ ਦਾ ਨੁਕਸਾਨ ਕਰਨ ਦਾ ਸ਼ੁਰੂ ਕੀਤਾ ਗਿਆ ਭੰਡੀ ਪ੍ਰਚਾਰ ਤੁਰਤ ਬੰਦ ਕਰਨਾ ਚਾਹੀਦਾ ਹੈ। ਪ੍ਰਤਾਪ ਬਾਜਵਾ ਨੇ ਜ਼ਿਮਨੀ ਚੋਣਾਂ ਤੋਂ ਐਨ ਪਹਿਲਾਂ ਆਪਣੀ ਹੀ ਪਾਰਟੀ ਦੀ ਸਰਕਾਰ ਵਿਰੁਧ ਬਿਆਨਬਾਜ਼ੀ ਸ਼ੁਰੂ ਕੀਤੀ ਹੈ। ਪੰਚਾਇਤ ਮੰਤਰੀ ਨੇ ਕਿਹਾ ਕਿ ਪ੍ਰਤਾਪ ਬਾਜਵਾ ਸੂਬੇ ਵਿਚ ਅਜਿਹਾ ਸਿਆਸੀ ਮਾਹੌਲ ਸਿਰਜਣਾ ਚਾਹੁੰਦੇ ਹਨ ਕਿ ਜ਼ਿਮਨੀ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਹਾਰ ਹੋਵੇ।ਇਸ ਨਾਲ ਉਹ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਆਪਣੀ ਨਿੱਜੀ ਸਿਆਸੀ ਕਿੜ ਕੱਢਣਾ ਚਾਹੁੰਦੇ ਹਨ।

# ਹਰਿਆਣਾ 'ਚ ਭਾਜਪਾ ਨੇ ਅਕਾਲੀਆਂ ਨਾਲ ਬੁਰੀ ਕੀਤੀ

ਚੰਡੀਗੜ੍ਹ: ਹਾਕੀ ਟੀਮ ਦੇ ਸਾਬਕਾ ਕਪਤਾਨ ਸੰਦੀਪ ਸਿੰਘ ਤੇ ਉਲੰਪਿਕ ਤਗਮਾ ਜੇਤੂ ਯੋਗੇਸ਼ਵਰ ਦੱਤ ਭਾਜਪਾ ਵਿਚ ਸ਼ਾਮਲ ਹੋ ਗਏ। ਇਸ ਦੇ ਨਾਲ ਹੀ ਹਰਿਆਣਾ 'ਚ ਅਕਾਲੀ ਦਲ ਦੇ ਇਕੋ ਇਕ ਵਿਧਾਇਕ ਬਲਕੌਰ ਸਿੰਘ ਨੇ ਵੀ ਭਾਜਪਾ ਦਾ ਪੱਲਾ ਫੜ ਲਿਆ।

ਜ਼ਿਕਰਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਦੀਆਂ 21 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਦਾ ਮੋਰਚਾ ਗਰਮ ਹੋ ਰਿਹਾ ਹੈ ਤੇ ਇਸ ਦੇ ਨਾਲ ਹੀ ਦਲ ਬਦਲੀਆਂ ਦਾ ਸਿਲਸਿਲਾ ਜਾਰੀ ਹੈ ਪਰ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਆਪਣੀ ਚੋਣ ਕਮੇਟੀ ਦੀ ਮੀਟਿੰਗ 'ਚ ਸਿਧਾਂਤਕ ਫੈਸਲਾ ਕੀਤਾ ਹੈ ਕਿ ਮੌਜੂਦਾ ਸਾਰੇ ਕਾਂਗਰਸੀ ਵਿਧਾਇਕਾਂ ਨੂੰ ਮੁੜ ਪਾਰਟੀ ਦੀ ਟਿਕਟ ਦਿੱਤੀ ਜਾਵੇ, ਜਿਨ੍ਹਾਂ ਦੀ ਗਿਣਤੀ ਹੁਣ ਘਟ ਕੇ 17 ਰਹਿ ਗਈ ਹੈ। ਚੋਣ ਪ੍ਰੋਗਰਾਮ ਦਾ ਐਲਾਨ ਹੋਣ ਤੋਂ ਬਾਅਦ ਦਿਲਚਸਪ ਤੇ ਅਨੋਖੀ ਘਟਨਾ ਇਹ ਵਾਪਰੀ ਕਿ ਰਾਜ ਵਿਧਾਨ ਸਭਾ 'ਚ ਇਕੋ ਇਕ ਅਕਾਲੀ ਵਿਧਾਇਕ ਬਲਕੌਰ ਸਿੰਘ ਆਪਣੀ ਪਾਰਟੀ ਛੱਡ ਕੇ ਸੱਤਾਧਾਰੀ ਭਾਜਪਾ 'ਚ ਸ਼ਾਮਲ ਹੋ ਗਏ।

ਉਹ ਇਸ ਸਮੇਂ ਰਾਜ ਵਿਧਾਨ ਸਭਾ ਵਿਚ ਰਾਖਵਾਂ ਹਲਕਾ ਕਾਲਾਂਵਾਲੀ ਦੀ ਪ੍ਰਤੀਨਿਧਤਾ ਕਰਦੇ ਹਨ। ਉਨ੍ਹਾਂ ਬਾਰੇ ਇਹ ਗੱਲ ਪ੍ਰਸਿੱਧ ਹੈ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੱਕੇ ਸਿਆਸੀ ਚੇਲੇ ਮੰਨੇ ਜਾਂਦੇ ਹਨ। ਇਹ ਦੋਵੇਂ ਇਸ ਸਮੇਂ ਡੀ.ਐਸ.ਪੀ. ਦੇ ਅਹੁਦੇ 'ਤੇ ਤਾਇਨਾਤ ਹਨ। ਦੱਤ ਕੁਸ਼ਤੀ ਦੇ ਖਿਡਾਰੀ ਹਨ। ਵਰਨਣਯੋਗ ਹੈ ਕਿ ਪਿਛਲੀਆਂ ਚੋਣਾਂ 'ਚ ਬਲਕੌਰ ਸਿੰਘ ਇਨੈਲੋ ਦੀ ਮਦਦ ਨਾਲ ਵਿਧਾਇਕ ਬਣੇ ਸਨ। ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਹਰਿਆਣਾ ਵਿਧਾਨ ਸਭਾ ਦੇ ਇਕੋ ਇਕ ਅਕਾਲੀ ਵਿਧਾਇਕ ਬਲਕੌਰ ਸਿੰਘ ਨੇ ਪਾਰਟੀ ਨਾਲ ਧੋਖਾ ਕਰਕੇ ਭਾਰਤੀ ਜਨਤਾ ਪਾਰਟੀ 'ਚ ਸ਼ਮੂਲੀਅਤ ਕੀਤੀ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਮੇਸ਼ਾ ਉਨ੍ਹਾਂ 'ਤੇ ਵਿਸ਼ਵਾਸ ਪ੍ਰਗਟ ਕਰਦੇ ਰਹੇ ਪਰ ਪਤਾ ਨਹੀਂ ਕਿਸ ਲਾਲਚ 'ਚ ਆ ਕੇ ਉਨ੍ਹਾਂ ਭਾਜਪਾ ਦਾ ਪੱਲਾ ਫੜ ਲਿਆ।

## ਗੱਠਜੋੜ ਧਰਮ ਦੀ ਮਰਿਆਦਾ ਦੀ ਉਲੰਘਣਾ ਹੋਈ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਅਕਾਲੀ ਦਲ ਦੇ ਵਿਧਾਇਕ ਨੂੰ ਭਾਜਪਾ ਵਿਚ ਸ਼ਾਮਲ ਕਰਨ ਦਾ ਫੈਸਲਾ ਅਨੈਤਿਕ ਹੈ ਅਤੇ ਇਸ ਨਾਲ ਗੱਠਜੋੜ ਧਰਮ ਦੀ ਮਰਿਆਦਾ ਦੀ ਉਲੰਘਣਾ ਹੋਈ ਹੈ। ਇਸ ਕਾਰਨ ਅਕਾਲੀ ਦਲ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਇਕੱਲੇ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਵੇਂ ਹਰਿਆਣਾ ਵਿਚ ਭਾਜਪਾ ਨਾਲ ਸਬੰਧ ਤੋੜ ਦਿੱਤੇ ਹਨ ਪਰ ਪੰਜਾਬ ਅਤੇ ਦਿੱਲੀ ਵਿਚ ਭਾਜਪਾ ਨਾਲ ਗੱਠਜੋੜ ਪਹਿਲਾਂ ਵਾਂਗ ਹੀ ਜਾਰੀ ਰਹੇਗਾ ਅਤੇ ਇਸ ਉਪਰ ਹਰਿਆਣਾ ਬਾਰੇ ਫੈਸਲੇ ਦਾ ਕੋਈ ਅਸਰ ਨਹੀਂ ਹੋਵੇਗਾ।

**Punjab Times**
**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰਤਾਰਪੁਰ ਲਾਂਘਾ: ਪਾਕਿਸਤਾਨ ਵਲੋਂ ਮਨਮੋਹਨ ਸਿੰਘ ਨੂੰ ਸੱਦਾ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਖਿਆ ਹੈ ਕਿ ਉਹ 9 ਨਵੰਬਰ ਨੂੰ ਕਰਤਾਰਪੁਰ ਲਾਂਘੇ ਦੇ ਉਦਘਾਟਨ ਸਮਾਗਮ ਲਈ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਮਨਮੋਹਨ ਸਿੰਘ ਨੂੰ ਸੱਦਾ ਭੇਜਣਗੇ।

ਕੁਰੈਸ਼ੀ ਨੇ ਕਿਹਾ ਕਿ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ਨੇ ਉਦਘਾਟਨੀ ਸਮਾਗਮ ਉਚੇਚੇ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ ਹੈ। ਪਾਕਿ ਸਰਕਾਰ ਨੇ ਮੁੱਖ ਸਮਾਗਮ ਲਈ ਵੱਡੀਆਂ ਤਿਆਰੀਆਂ ਕੀਤੀਆਂ ਹਨ।

ਸ੍ਰੀ ਕੁਰੈਸ਼ੀ ਨੇ ਕਿਹਾ, ''ਅਸੀਂ ਸਾਬਕਾ ਭਾਰਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੱਦਣ ਦਾ ਫੈਸਲਾ ਲਿਆ ਹੈ। ਉਨ੍ਹਾਂ ਦਾ ਸਿੱਖ ਭਾਈਚਾਰੇ 'ਚ ਚੰਗਾ ਆਦਰ ਮਾਣ ਹੈ ਤੇ ਉਹ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹਨ। ਮੈਂ ਪਾਕਿਸਤਾਨ ਸਰਕਾਰ ਵਲੋਂ ਉਨ੍ਹਾਂ ਨੂੰ ਸੱਦਾ ਭੇਜਦਾ ਹਾਂ। ਅਸੀਂ ਉਨ੍ਹਾਂ ਨੂੰ ਲਿਖਤੀ ਸੱਦਾ ਪੱਤਰ ਵੀ ਭੇਜਾਂਗੇ।' ਵਿਦੇਸ਼ ਮੰਤਰੀ ਨੇ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਸਾਰੇ ਸਿੱਖ ਸ਼ਰਧਾਲੂ ਕਰਤਾਰਪੁਰ ਆਉਣ ਅਤੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਜਸ਼ਨਾਂ ਵਿਚ ਸ਼ਰੀਕ ਹੋਣ।'

ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦਫਤਰ ਨੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਪਾਕਿਸਤਾਨ ਵਲੋਂ ਕੋਈ ਸੱਦਾ ਭੇਜੇ ਜਾਣ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਸੂਤਰਾਂ ਨੇ ਹਾਲਾਂਕਿ ਇਸ਼ਾਰਾ ਕੀਤਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸ਼ਾਇਦ ਇਸ ਸਮਾਗਮ ਵਿਚ ਸ਼ਾਮਲ ਨਾ ਹੋਣ। ਉਧਰ, ਕਾਂਗਰਸ ਨੇ ਵੀ ਹਾਲ ਦੀ ਘੜੀ ਇਸ ਮੁੱਦੇ 'ਤੇ ਚੁੱਪੀ ਵੱਟੀ ਹੋਈ ਹੈ। ਚੇਤੇ ਰਹੇ ਕਿ ਪ੍ਰਧਾਨ ਮੰਤਰੀ ਵਜੋਂ ਆਪਣੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਮਨਮੋਹਨ ਸਿੰਘ ਇਕ ਵਾਰ ਵੀ ਪਾਕਿਸਤਾਨ ਨਹੀਂ ਗਏ।

# ਭਾਜਪਾ ਨੇ ਪੰਜਾਬ ਫਤਿਹ ਕਰਨ ਦੀ ਮੁਹਿੰਮ ਵਿੱਢੀ

*(ਸਫਾ ਇਕ ਦੀ ਬਾਕੀ)*

ਸਕਿਆ। ਸਾਲ 2019 ਦੀਆਂ ਚੋਣਾਂ 'ਚ ਪਾਰਟੀ ਦਾ ਕੌਮੀ ਪੱਧਰ ਉਤੇ ਵਧੀਆ ਪ੍ਰਦਰਸ਼ਨ ਰਹਿਣ ਅਤੇ ਪੰਜਾਬ ਵਿਚ ਵੀ ਹਿੰਦੂ ਵਰਗ ਨਾਲ ਸਬੰਧਤ ਵੋਟਰਾਂ ਦਾ ਝੁਕਾਅ ਭਾਜਪਾ ਵਲ ਹੋਣ ਕਾਰਨ ਪਾਰਟੀ ਆਗੂਆਂ ਦਾ ਹੌਸਲੇ ਬੁਲੰਦ ਹਨ।

ਚਰਚਾ ਹੈ ਕਿ ਮੋਦੀ ਸਰਕਾਰ ਨੇ ਸਿੱਖਾਂ ਨੂੰ ਕਾਲੀ ਸੂਚੀ ਵਿਚੋਂ ਬਾਹਰ ਕਰਨ ਅਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਫੈਸਲਾ ਇਕੱਠਾ ਹੀ ਕੀਤਾ ਸੀ। ਰਿਹਾਈ ਵਾਲੇ ਫੈਸਲੇ ਦਾ ਸਿਰਫ ਐਲਾਨ ਹੀ ਹੁਣ ਕੀਤਾ ਗਿਆ ਹੈ।

ਦਰਅਸਲ, ਨਰਿੰਦਰ ਮੋਦੀ ਨੇ ਪਿਛਲੇ ਹਫਤੇ ਆਪਣੀ ਅਮਰੀਕਾ ਫੇਰੀ ਦੌਰਾਨ ਇਥੇ ਵੱਸੇ ਸਿੱਖਾਂ ਨੂੰ ਇਸ਼ਾਰਾ ਕੀਤਾ ਸੀ ਕਿ ਉਨ੍ਹਾਂ ਨੂੰ ਜਲਦ ਹੀ ਇਕ ਹੋਰ ਖੁਸ਼ਖਬਰੀ ਮਿਲਣ ਵਾਲੀ ਹੈ। ਇਹ ਸਿੱਖ ਕਾਲੀ ਸੂਚੀ ਖਤਮ ਕਰਨ ਉਤੇ ਮੋਦੀ ਸਰਕਾਰ ਦਾ ਧੰਨਵਾਦ ਕਰਨ ਆਏ ਸਨ। ਦਰਅਸਲ ਪੂਰੇ ਮੁਲਕ ਵਿਚ ਪੰਜਾਬ ਹੀ ਅਜਿਹਾ ਸੂਬਾ ਹੈ ਜਿਥੇ ਇਹ ਭਗਵਾ ਧਿਰ ਦੇ ਪੈਰ ਨਹੀਂ ਲੱਗ ਰਹੇ। ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਨੇ ਭਾਜਪਾ ਕੁਝ ਆਸ ਦੀ ਕਿਰਨ ਦਿਖਾਈ ਸੀ।

ਸੀਟਾਂ ਲੈਣ ਪੱਖੋਂ ਭਾਵੇਂ ਭਗਵਾ ਧਿਰ ਮਾਰ ਖਾ ਗਈ ਪਰ ਵੋਟ ਫੀਸਦੀ ਪੱਖੋਂ ਰਵਾਇਤੀ ਧਿਰਾਂ ਨੂੰ ਚੰਗੀ ਟੱਕਰ ਦੇ ਦਿੱਤੀ। ਹੁਣ ਭਾਜਪਾ ਦਾ ਅਗਲਾ ਏਜੰਡਾ ਸਾਫ ਹੈ। ਉਸ ਨੂੰ ਇਹ ਸਮਝ ਆ ਗਈ ਹੈ ਕਿ ਸਿੱਖਾਂ ਦੇ ਦਿਲਾਂ ਵਿਚ ਭਾਜਪਾ ਪ੍ਰਤੀ ਨਫਰਤ ਉਸ ਦੇ ਰਾਹ ਵਿਚ ਰੋੜਾ ਬਣ ਸਕਦੀ ਹੈ। ਇਸੇ ਲਈ ਭਗਵਾ ਧਿਰ ਸਿੱਖਾਂ ਦੀ ਹਮਦਰਦੀ ਖਿੱਚਣ ਲਈ ਹੱਥ ਪੈਰ ਮਾਰ ਰਹੀ ਹੈ।

# ਪੰਜਾਬ 'ਚ 30 ਸਾਲ ਪਹਿਲਾਂ ਲੱਗੀ ਸੀ ਫਾਂਸੀ

**ਪਟਿਆਲਾ:** ਕੇਂਦਰੀ ਜੇਲ੍ਹ ਪਟਿਆਲਾ 'ਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਹੋਣ ਦੀ ਪ੍ਰਕਿਰਿਆ ਦੇ ਨਾਲ ਹੀ ਫਾਂਸੀ ਦੇ ਮਾਮਲੇ ਨੂੰ ਲੈ ਕੇ ਮੁੜ ਚਰਚਾ ਸ਼ੁਰੂ ਹੋ ਗਈ ਹੈ। ਪੰਜਾਬ ਅੰਦਰ ਆਖਰੀ ਫਾਂਸੀ ਤਿੰਨ ਦਹਾਕੇ ਪਹਿਲਾਂ ਪਟਿਆਲਾ ਜੇਲ੍ਹ ਵਿਚ ਹੀ ਲੱਗੀ ਸੀ ਜਿਸ ਦੌਰਾਨ ਦੋ ਸਕੇ ਭਰਾਵਾਂ ਨੂੰ ਫਾਂਸੀ 'ਤੇ ਲਟਕਾਇਆ ਗਿਆ ਸੀ।

ਜ਼ਿਕਰਯੋਗ ਹੈ ਕਿ ਫਾਂਸੀ ਦੇ ਪ੍ਰਬੰਧ (ਫਾਂਸੀ ਵਾਲਾ ਤਖਤਾ) ਮੁੱਖ ਤੌਰ 'ਤੇ ਪਟਿਆਲਾ ਜੇਲ੍ਹ ਵਿਚ ਹੀ ਹਨ। ਇਸ ਦੀ ਅੰਤਲੀ ਵਾਰੀ ਵਰਤੋਂ 16 ਜੂਨ 1989 ਨੂੰ ਕੀਤੀ ਗਈ ਸੀ। ਇਸ ਦੌਰਾਨ ਦੋ ਸਕੇ ਭਰਾਵਾਂ ਗੁਰਚਰਨ ਸਿੰਘ ਤੇ ਪ੍ਰੀਤਮ ਸਿੰਘ ਨੂੰ ਫਾਂਸੀ 'ਤੇ ਚਾੜ੍ਹਿਆ ਗਿਆ ਸੀ। ਇਨ੍ਹਾਂ ਤੋਂ ਪਹਿਲਾਂ ਇਥੇ ਹੀ 14 ਜੂਨ 1988 ਨੂੰ ਵੀ ਫਾਹੇ ਲਾਏ ਗਏ ਦੋ ਗੁਲਜ਼ਾਰ ਸਿੰਘ ਅਤੇ ਭਜਨ ਸਿੰਘ ਵੀ ਸਕੇ ਭਰਾ ਸਨ। ਪਹਿਲਾਂ ਦੀ ਤਰ੍ਹਾਂ ਹੁਣ ਪੰਜਾਬ ਜੇਲ੍ਹ ਵਿਭਾਗ ਕੋਲ ਫਾਂਸੀ ਲਾਉਣ ਵਾਲਾ ਕੋਈ ਜਲਾਦ ਵੀ ਨਹੀਂ ਰਿਹਾ।

ਫਾਂਸੀ ਦੀ ਸਜ਼ਾ ਤੋਂ ਮੁਕਤੀ ਪਾਉਣ ਵਾਲੇ ਰਾਜੋਆਣਾ ਵੀ ਪਟਿਆਲਾ ਜੇਲ੍ਹ ਵਿਚ ਹੁੰਦਿਆਂ, ਸਿਰਫ ਦੋ ਦਿਨ, ਜਦੋਂਕਿ ਜਸਬੀਰ ਸਿੰਘ ਤੇ ਬਿਕਰਮ ਸਿੰਘ ਸਿਰਫ ਇਕ ਦਿਨ ਦੇ ਵਕਫੇ ਨਾਲ ਹੀ ਫਾਂਸੀ ਤੋਂ ਬਚੇ ਹਨ।

31 ਅਗਸਤ 1995 ਦੇ ਬੇਅੰਤ ਕਤਲ ਕਾਂਡ ਸਬੰਧੀ 22 ਦਸੰਬਰ 1995 ਨੂੰ ਫੜੇ ਗਏ ਰਾਜੋਆਣਾ ਨੂੰ 31 ਜੁਲਾਈ 2007 ਨੂੰ ਸੁਣਾਈ ਗਈ ਫਾਂਸੀ ਦੀ ਸਜ਼ਾ ਤਹਿਤ ਫਾਂਸੀ ਦੇਣ ਲਈ 31 ਮਾਰਚ 2012 ਦਾ ਦਿਨ ਮੁਕੱਰਰ ਕੀਤਾ ਗਿਆ ਸੀ, ਪਰ ਉਸ ਵਲੋਂ ਖੁਦ ਕੋਈ ਚਾਰਾਜੋਈ ਨਾ ਕਰਨ 'ਤੇ ਸ਼੍ਰੋਮਣੀ ਕਮੇਟੀ ਵਲੋਂ ਪਾਈ ਗਈ ਰਹਿਮ ਦੀ ਅਪੀਲ ਤਹਿਤ ਰਾਸ਼ਟਰਪਤੀ ਵਲੋਂ ਸਿਰਫ ਦੋ ਦਿਨ ਪਹਿਲਾਂ ਹੀ ਫਾਂਸੀ 'ਤੇ ਰੋਕ ਲਾਈ ਗਈ ਸੀ।

# ਸਨਦੀਪ ਦੇ ਪਰਿਵਾਰ ਲਈ 6 ਲੱਖ ਡਾਲਰ ਤੋਂ ਵੱਧ ਫੰਡ ਇਕੱਠਾ

**ਹਿਊਸਟਨ:** ਹਿਊਸਟਨ ਦੇ ਦਸਤਾਰਧਾਰੀ ਸਿੱਖ ਪੁਲਿਸ ਅਫਸਰ ਸਨਦੀਪ ਸਿੰਘ ਧਾਲੀਵਾਲ ਦੇ ਤਿੰਨ ਬੱਚਿਆਂ ਦੀ ਪੜ੍ਹਾਈ ਲਈ ਹੁਣ ਤੱਕ ਲੋਕਾਂ ਵਲੋਂ 6 ਲੱਖ ਡਾਲਰ ਇਕੱਠੇ ਕੀਤੇ ਜਾ ਚੁੱਕੇ ਹਨ। ਉਥੇ ਬੇਸਬਾਲ ਖਿਡਾਰੀ ਕਾਰਲੋਸ ਕੋਰੀਆ ਨੇ ਪਰਿਵਾਰ ਨੂੰ 10 ਹਜ਼ਾਰ ਡਾਲਰ ਦੇਣ ਦਾ ਐਲਾਨ ਕੀਤਾ ਹੈ।

ਸਨਦੀਪ ਸਿੰਘ ਦੇ ਸਸਕਾਰ ਮੌਕੇ ਹਜ਼ਾਰਾਂ ਲੋਕ ਇਕੱਠੇ ਹੋਏ ਅਤੇ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ। ਯੂਨਾਈਟਿਡ ਸਿੱਖਸ ਸੰਸਥਾ ਨੇ ਆਪਣੇ ਤੌਰ 'ਤੇ ਸਨਦੀਪ ਸਿੰਘ ਦੇ ਪਰਿਵਾਰ ਲਈ ਫੰਡ ਇੱਕਠਾ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਹੈ। ਇਸ ਤੋਂ ਇਲਾਵਾ 'ਹਿਊਸਟਨ ਟੈਕਸਾਨਸ' ਨਾਂ ਦੇ



*ਸਨਦੀਪ ਬਾਰੇ ਬਣਾਇਆ ਚਿੱਤਰ।*



*ਚਿੱਤਰ ਵਾਲੇ ਬੱਚੇ ਨਾਲ ਅਸਲੀ ਤਸਵੀਰ।*

ਰਗਬੀ ਕਲੱਬ ਨੇ ਆਪਣੇ ਮੈਚ ਦੌਰਾਨ ਇਕੱਠੀ ਕੀਤੀ ਸਾਰੀ ਰਾਸ਼ੀ ਧਾਲੀਵਾਲ ਪਰਿਵਾਰ ਨੂੰ ਸੌਂਪਣ ਦਾ ਐਲਾਨ ਕੀਤਾ ਹੈ। ਇਥੇ 'ਚਿਕ-ਫਿਲ-ਏ' ਨਾਂ ਦੇ ਰੈਸਟੋਰੈਂਟ ਨੇ ਸਨਦੀਪ ਧਾਲੀਵਾਲ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਦੇ ਨਾਂ 'ਤੇ ਟੇਬਲ ਸਥਾਪਤ ਕੀਤਾ।

ਇਸੇ ਦੌਰਾਨ ਲੰਡਨ ਦੇ ਇਕ ਕਲਾਕਾਰ ਨੇ ਸਨਦੀਪ ਦਾ ਚਿੱਤਰ ਬਣਾਇਆ ਹੈ, ਜਿਸ ਵਿਚ ਸਨਦੀਪ ਨੇ ਇਕ ਬੱਚੇ ਨੂੰ ਕਲਾਵੇ ਵਿਚ ਲਿਆ ਹੋਇਆ ਹੈ ਅਤੇ ਉਸ ਦੀ ਦਸਤਾਰ ਦਾ ਲੜ ਬੱਚੇ ਦੁਆਲੇ ਘੁੰਮਿਆ ਹੋਇਆ ਹੈ।

ਦੂਜੇ ਪਾਸੇ ਸਨਦੀਪ ਸਿੰਘ ਦੀ ਹੱਤਿਆ ਕਰਨ ਵਾਲੇ ਰੌਬਰਟ ਸੋਲਿਸ ਨੂੰ ਜ਼ਮਾਨਤ 'ਤੇ ਰਿਹਾ ਨਹੀਂ ਕੀਤਾ ਗਿਆ। ਉਸ 'ਤੇ ਗੰਭੀਰ ਹੱਤਿਆ ਦੇ ਦੋਸ਼ ਲੱਗੇ ਹਨ। ਸੁਣਵਾਈ ਦੌਰਾਨ ਜੱਜ ਨੇ ਉਸ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ, ਉਸ ਨੂੰ ਮੌਤ ਦੀ ਸਜ਼ਾ ਦਾ ਅਨੁਮਾਨ ਲਾਇਆ ਜਾ ਰਿਹਾ ਹੈ।

# ਪੰਜਾਬ ਯੂਨੀਵਰਸਿਟੀ ਵਿਚ ਉਰਦੂ ਹੁਣ ਵਿਦੇਸ਼ੀ ਭਾਸ਼ਾ?

**ਚੰਡੀਗੜ੍ਹ:** ਮੁਲਕ ਦੀਆਂ 22 ਅਧਿਕਾਰਤ ਭਾਸ਼ਾਵਾਂ 'ਚ ਸ਼ਾਮਲ ਹੋਣ ਦੇ ਬਾਵਜੂਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਫਰੈਂਚ, ਜਰਮਨ, ਰੂਸੀ, ਤਿੱਬਤੀ ਤੇ ਚੀਨੀ ਆਦਿ ਭਾਸ਼ਾਵਾਂ ਦੇ ਨਾਲ ਰਲਗੱਡ ਕਰਕੇ ਉਰਦੂ ਨੂੰ ਵੀ ਇਕ ਵਿਦੇਸ਼ੀ ਭਾਸ਼ਾ ਐਲਾਨਣ ਦੀ ਯੋਜਨਾਬੰਦੀ ਕੀਤੀ ਜਾ ਰਹੀ ਹੈ।

ਯੂਨੀਵਰਸਿਟੀ ਦੀ ਇਸ ਮਨਸੂਬਾਬੰਦੀ ਤੋਂ ਡਾਢੇ ਚਿੰਤਤ ਉਰਦੂ ਲੇਖਕਾਂ, ਸਾਹਿਤਕਾਰਾਂ ਤੇ ਵਿਦਵਾਨਾਂ ਨੇ ਇਸ ਕਾਰਵਾਈ ਨੂੰ ਉਰਦੂ ਭਾਸ਼ਾ ਦੇ ਇਤਿਹਾਸ ਤੇ ਪਛਾਣ ਲਈ ਖਤਰੇ ਦੀ ਘੰਟੀ ਦੱਸਿਆ ਹੈ।

ਜਾਣਕਾਰੀ ਮੁਤਾਬਕ ਵਾਈਸ ਚਾਂਸਲਰ ਪ੍ਰੋ. ਰਾਜ ਕੁਮਾਰ ਵਲੋਂ ਉਰਦੂ ਨੂੰ ਫਰੈਂਚ, ਜਰਮਨ, ਰੂਸੀ, ਤਿੱਬਤੀ, ਚੀਨੀ ਭਾਸ਼ਾਵਾਂ ਦੇ ਵਿਭਾਗਾਂ ਨਾਲ ਰਲਾ ਕੇ ਸਕੂਲ ਆਫ ਫਾਰੇਨ ਲੈਂਗੂਏਜ ਸਥਾਪਤ ਕਰਨ ਲਈ ਇਕ ਕਮੇਟੀ ਗਠਿਤ ਕੀਤੀ ਗਈ ਹੈ। ਯੂਨੀਵਰਸਿਟੀ ਦੇ ਉਰਦੂ ਵਿਭਾਗ ਨਾਲ ਸਬੰਧਤ ਅਧਿਕਾਰੀਆਂ ਤੇ ਅਧਿਆਪਕਾਂ ਨੇ ਯੂਨੀਵਰਸਿਟੀ ਦੇ ਡੀਨ ਤੇ ਕਮੇਟੀ ਦੇ ਚੇਅਰਪਰਸਨ ਪ੍ਰੋ. ਸੰਕਰਜੀ ਝਾਅ ਨੂੰ ਇਕ ਪੱਤਰ ਲਿਖ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਰਦੂ ਸਾਡੀ ਆਪਣੀ ਭਾਸ਼ਾ ਹੈ ਤੇ ਇਸ ਨੂੰ ਸਿਰਫ ਇਸੇ ਕਾਰਨ ਵਿਦੇਸ਼ੀ ਭਾਸ਼ਾਵਾਂ ਨਾਲ ਨਹੀਂ ਰਲਾਇਆ ਜਾ ਸਕਦਾ ਕਿ ਇਹ ਭਾਸ਼ਾ ਕਿਸੇ ਹੋਰ ਦੇਸ਼ 'ਚ ਵੀ ਬੋਲੀ ਜਾਂਦੀ ਹੈ।

ਫੈਸਲੇ ਦੀ ਅਲੋਚਨਾ ਕਰਦਿਆਂ ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਇਨ ਉਰਦੂ ਐਂਡ ਪਰਸੀਅਨ (ਰਿਜਨਲ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੀ ਮੁਖੀ ਤੇ ਪ੍ਰਸਿੱਧ ਸ਼ਾਇਰਾ ਡਾ. ਰੂਬੀਨਾ ਸ਼ਬਨਮ ਨੇ ਦੱਸਿਆ ਕਿ ਉਰਦੂ ਸਾਡੇ ਆਪਣੇ ਮੁਲਕ ਹਿੰਦੁਸਤਾਨ 'ਚ ਪੈਦਾ ਹੋਈ ਮਾਣਮੱਤੀ ਭਾਸ਼ਾ ਹੈ।

## *ਭਾਰਤ ਸਿਰ ਵਿਦੇਸ਼ੀ ਕਰਜ਼ਾ 554.4 ਅਰਬ ਡਾਲਰ ਨੂੰ ਪੁੱਜਾ*

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਹੈ ਕਿ ਜੂਨ ਦੀ ਤਿਮਾਹੀ ਵਿਚ ਭਾਰਤ ਸਿਰ 557.4 ਅਰਬ ਅਮਰੀਕੀ ਡਾਲਰ ਦਾ ਵਿਦੇਸ਼ੀ ਕਰਜ਼ਾ ਖੜ੍ਹਾ ਸੀ ਤੇ ਮਾਰਚ 2019 ਵਿਚ ਖਤਮ ਹੋਈ ਤਿਮਾਹੀ ਦੌਰਾਨ ਇਸ ਕਰਜ਼ੇ ਵਿਚ 14.1 ਅਰਬ ਡਾਲਰ ਦਾ ਵਾਧਾ ਹੋਇਆ। ਰੁਪਏ ਤੇ ਵਿਸ਼ਵ ਦੀਆਂ ਹੋਰਨਾਂ ਕਰੰਸੀਆਂ ਦੇ ਮੁਕਾਬਲੇ ਅਮਰੀਕੀ ਡਾਲਰ ਦਾ ਮੁੱਲ ਘਟਣ ਕਰਕੇ ਮੁਲਾਂਕਣ ਘਾਟਾ 1.7 ਅਰਬ ਅਮਰੀਕੀ ਡਾਲਰ ਦੇ ਕਰੀਬ ਹੈ। ਜੇਕਰ ਮੁੱਲਾਂਕਣ ਦੇ ਅਸਰ ਨੂੰ ਨਾ ਵੀ ਗਿਣੀਏ ਤਾਂ ਮਾਰਚ 2019 ਦੇ ਮੁਕਾਬਲੇ ਜੂਨ 2019 ਵਿਚ ਵਿਦੇਸ਼ੀ ਕਰਜ਼ੇ ਵਿਚ ਵਾਧਾ 14.1 ਅਰਬ ਡਾਲਰ ਦੀ ਥਾਂ 12.4 ਅਰਬ ਡਾਲਰ ਸੀ। 38.4 ਫੀਸਦੀ ਹਿੱਸੇਦਾਰੀ ਨਾਲ ਵਿਦੇਸ਼ੀ ਕਰਜ਼ੇ 'ਚ ਸਭ ਤੋਂ ਵੱਡਾ ਯੋਗਦਾਨ ਕਮਰਸ਼ੀਅਲ ਤੌਰ ਉਤੇ ਉਧਾਰ ਚੁੱਕੀ ਰਾਸ਼ੀ ਦਾ ਹੈ।

ਆਰ.ਬੀ.ਆਈ. ਦੀ ਰਿਲੀਜ਼ ਮੁਤਾਬਕ ਇਸ ਸੂਚੀ ਵਿਚ 24 ਫੀਸਦੀ ਤੇ 18.7 ਫੀਸਦੀ ਹਿੱਸੇਦਾਰੀ ਨਾਲ ਕ੍ਰਮਵਾਰ ਨਾਨ-ਰੈਜ਼ੀਡੈਂਟ ਡਿਪਾਜ਼ਿਟਸ ਤੇ ਛੋਟੀ-ਮਿਆਦ ਦਾ ਵਣਜ ਕਰਜ਼ਾ ਦੂਜੇ ਤੇ ਤੀਜੇ ਸਥਾਨ ਉਤੇ ਹੈ।

ਇਸ ਦੌਰਾਨ ਆਰਥਿਕ ਇੰਟੈਲੀਜੈਂਸ ਯੂਨਿਟ (ਈ.ਆਈ.ਯੂ.) ਨੇ ਮੌਜੂਦ ਵਿੱਤੀ ਵਰ੍ਹੇ ਦੌਰਾਨ ਭਾਰਤੀ ਦੀ ਅਸਲ ਜੀ.ਡੀ.ਪੀ. (ਕੁੱਲ ਘਰੇਲੂ ਉਤਪਾਦ) 5.2 ਫੀਸਦੀ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬੇਮੌਸਮੇ ਮੀਂਹ ਨੇ ਕਿਸਾਨਾਂ ਦੇ ਸਾਹ ਸੂਤੇ



**ਚੰਡੀਗੜ੍ਹ:** ਪੰਜਾਬ ਵਿਚ ਬੇਮੌਸਮੇ ਮੀਂਹ ਨੇ ਕਿਸਾਨਾਂ ਦੇ ਸਾਹ ਸੂਤ ਲਏ ਹਨ। ਕਈ ਹਿੱਸਿਆਂ ਵਿਚ ਮੀਂਹ ਕਾਰਨ ਝੋਨੇ ਦੀ ਕਟਾਈ ਦਾ ਕੰਮ ਰੁਕ ਗਿਆ ਹੈ। ਕੁਝ ਇਲਾਕਿਆਂ ਵਿਚ ਫਸਲਾਂ ਵਿਛਣ ਦੀਆਂ ਵੀ ਰਿਪੋਰਟਾਂ ਹਨ, ਜਿਸ ਕਰ ਕੇ ਕਟਾਈ ਵਿਚ ਮੁਸ਼ਕਲਾਂ ਆਉਣਗੀਆਂ। ਕੁਝ ਮੰਡੀਆਂ ਵਿਚ ਝੋਨੇ ਦੀਆਂ ਢੇਰੀਆਂ ਗਿੱਲੀਆਂ ਹੋ ਗਈਆਂ। ਮੀਂਹ ਕਰਕੇ ਕੁਝ ਥਾਵਾਂ ਉਤੇ ਮਟਰ, ਗਾਜਰ, ਮੂਲੀ ਅਤੇ ਹੋਰ ਸਬਜ਼ੀਆਂ ਮਾਰੀਆਂ ਗਈਆਂ ਹਨ ਤੇ ਕਾਸ਼ਤਕਾਰਾਂ ਨੂੰ ਇਨ੍ਹਾਂ ਦੀ ਬਿਜਾਈ ਮੁੜ ਕਰਨੀ ਪਵੇਗੀ। ਚਾਰੇ ਦੀ ਬਿਜਾਈ ਵੀ ਕਈ ਦਿਨ ਪੱਛੜ ਗਈ ਹੈ।

ਮੌਸਮ ਵਿਭਾਗ ਕੋਲੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਪਠਾਨਕੋਟ ਵਿੱਚ ਸਭ ਤੋਂ ਵੱਧ 59 ਮਿਲੀਮੀਟਰ ਮੀਂਹ ਪਿਆ। ਅੰਮ੍ਰਿਤਸਰ ਵਿਚ 17, ਲੁਧਿਆਣਾ ਵਿਚ 5 ਅਤੇ ਪਟਿਆਲਾ ਵਿਚ ਢਾਈ ਮਿਲੀਮੀਟਰ ਮੀਂਹ ਪਿਆ। ਅੰਮ੍ਰਿਤਸਰ ਜ਼ਿਲ੍ਹੇ ਦੀਆਂ ਰਈਆ, ਜੰਡਿਆਲਾ ਗੁਰੂ, ਭਗਤਾਂਵਾਲੀ, ਤਰਨ ਤਾਰਨ ਜ਼ਿਲ੍ਹੇ ਦੀ ਮੰਡੀ ਵਿਚ ਮੀਂਹ ਦਾ ਪਾਣੀ ਭਰ ਜਾਣ ਕਰ ਕੇ ਝੋਨਾ ਪੂਰੀ ਤਰ੍ਹਾਂ ਗਿੱਲਾ ਹੋ ਗਿਆ ਹੈ। ਇਨ੍ਹਾਂ ਇਲਾਕਿਆਂ ਵਿਚ ਝੋਨੇ ਦੀ ਕਟਾਈ ਦਾ ਕੰਮ ਅਗਲੇ ਇਕ ਹਫਤੇ ਲਈ ਪੱਛੜ ਗਿਆ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਨੀਵੇਂ ਇਲਾਕਿਆਂ ਵਿਚ ਵੀ ਫਸਲਾਂ ਨੂੰ ਕੁਝ ਨੁਕਸਾਨ ਪਹੁੰਚਿਆ ਹੈ। ਪਟਿਆਲਾ, ਫਰੀਦਕੋਟ, ਮੋਗਾ ਅਤੇ ਲੁਧਿਆਣਾ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ ਇਨ੍ਹਾਂ ਜ਼ਿਲ੍ਹਿਆਂ ਵਿਚ ਕੁਝ ਥਾਵਾਂ 'ਤੇ ਝੋਨੇ ਦੀ ਖੇਤਾਂ ਵਿਚ ਖੜੀ ਫਸਲ ਵਿਛ ਗਈ ਹੈ। ਇਹੋ ਜਿਹੀ ਹਾਲਤ ਫਤਿਹਗੜ੍ਹ ਜ਼ਿਲ੍ਹੇ ਵਿਚ ਵੀ ਹੈ।

## ਮੋਹਲੇਧਾਰ ਮੀਂਹ ਨਾਲ 150 ਮੌਤਾਂ

**ਨਵੀਂ ਦਿੱਲੀ:** ਮੀਂਹ ਨਾਲ ਸਬੰਧਤ ਹਾਦਸਿਆਂ 'ਚ ਪੂਰੇ ਮੁਲਕ 'ਚ ਕਰੀਬ 150 ਲੋਕਾਂ ਦੀ ਮੌਤ ਹੋ ਗਈ ਹੈ। ਸਭ ਤੋਂ ਵੱਧ ਮੌਤਾਂ ਉਤਰ ਪ੍ਰਦੇਸ਼ ਵਿਚ ਹੋਈਆਂ ਹਨ। ਇਸੇ ਤਰ੍ਹਾਂ ਬਿਹਾਰ 'ਚ ਲਗਾਤਾਰ ਮੀਂਹ ਤੋਂ ਬਾਅਦ ਮੌਤਾਂ ਦੀ ਗਿਣਤੀ 30 ਹੋ ਗਈ ਹੈ। ਮੀਂਹ ਨਾਲ ਰੇਲ, ਸੜਕੀ ਤੇ ਹਵਾਈ ਆਵਾਜਾਈ ਪ੍ਰਭਾਵਿਤ ਹੋਈ ਹੈ। ਘਰਾਂ 'ਤੇ ਦੁਕਾਨਾਂ ਵਿਚ ਪਾਣੀ ਦਾਖਲ ਹੋ ਗਿਆ ਹੈ। ਸਕੂਲ ਬੰਦ ਹਨ ਤੇ ਬਿਜਲੀ ਸਪਲਾਈ ਵੀ ਪ੍ਰਭਾਵਿਤ ਹੋਈ ਹੈ।

ਬਿਹਾਰ ਦੇ ਕਾਫੀ ਵੱਡੇ ਇਲਾਕੇ 'ਚ ਹੜ੍ਹਾਂ ਵਰਗੀ ਸਥਿਤੀ ਬਣ ਗਈ ਹੈ। ਯੂਪੀ ਵਿਚ ਮੌਤਾਂ ਦਾ ਕਾਰਨ ਘਰਾਂ ਦਾ ਢਹਿਣਾ ਦੱਸਿਆ ਗਿਆ ਹੈ। ਬਿਹਾਰ 'ਚ ਵੱਡੀਆਂ ਨਦੀਆਂ ਵਿਚ ਪਾਣੀ ਦਾ ਵਹਾਅ ਕਾਫੀ ਜ਼ਿਆਦਾ ਹੈ ਤੇ ਕੰਢੇ ਟੁੱਟ ਰਹੇ ਹਨ। ਐਨ.ਡੀ.ਆਰ.ਐਫ. ਦੀਆਂ ਟੀਮਾਂ ਮਦਦ ਲਈ ਭੇਜੀਆਂ ਹਨ।

## ਇਰਵਿਨਪ੍ਰੀਤ ਸਿੰਘ ਨੂੰ ਸਦਮਾ, ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਬੋਰਡ ਮੈਂਬਰ ਇਰਵਿਨਪ੍ਰੀਤ ਸਿੰਘ ਨੂੰ ਉਦੋਂ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸ. ਹਰਿੰਦਰ ਸਿੰਘ ਪਦਮ



ਵਾਹਿਗੁਰੂ ਵਲੋਂ ਬਖਸ਼ੇ ਸਵਾਸ ਭੋਗ ਕੇ ਲੰਘੀ 29 ਸਤੰਬਰ ਨੂੰ ਅਕਾਲ ਚਲਾਣਾ ਕਰ ਗਏ। ਉਹ 81 ਵਰ੍ਹਿਆਂ ਦੇ ਸਨ। ਉਹ ਸ਼ਿਕਾਗੋ ਦੇ ਸਭਿਆਚਾਰਕ ਹਲਕਿਆਂ ਦੀ ਉਘੀ ਸ਼ਖਸੀਅਤ ਡਾ. ਹਰਜਿੰਦਰ ਸਿੰਘ ਖਹਿਰਾ ਦੇ ਸਹੁਰਾ ਸਾਹਿਬ ਸਨ।

ਸਵਰਗੀ ਪਦਮ ਆਪਣੇ ਪਿਛੇ ਪਤਨੀ ਰਬਿੰਦਰ ਕੌਰ ਪਦਮ, ਪੁੱਤਰ ਇਰਵਿਨਪ੍ਰੀਤ ਸਿੰਘ ਤੇ ਨੂੰਹ ਸੁਖਵੀਰ ਕੌਰ, ਧੀ ਹਰਪ੍ਰੀਤ ਕੌਰ ਖਹਿਰਾ ਤੇ ਜਵਾਈ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਧੀ ਡਾ. ਗੁਰਪ੍ਰੀਤ ਕੌਰ ਪਦਮ ਤੇ ਜਵਾਈ ਭਵਦੀਪ ਸਿੰਘ ਤੋਂ ਇਲਾਵਾ ਪੋਤਰੇ-ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਮੋਹਿਨਾ ਕੌਰ, ਜਸਕੀਰਤ ਖਹਿਰਾ, ਬਿਨੇ ਸਿੰਘ, ਜੈਸਮੀਨ ਖਹਿਰਾ, ਅਕਾਸ਼ ਸਿੰਘ ਤੇ ਅਰਜ਼ੋਈ ਕੌਰ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਸਵਰਗੀ ਹਰਿੰਦਰ ਸਿੰਘ ਪਦਮ ਨਮਿਤ ਪਾਠ ਦਾ ਭੋਗ, ਕੀਰਤਨ ਅਤੇ ਅੰਤਿਮ ਅਰਦਾਸ 5 ਅਕਤੂਬਰ, ਸਨਿਚਰਵਾਰ ਨੂੰ ਗੁਰਦੁਆਰਾ ਪੈਲਾਟਾਈਨ (1280 Winnetka St, Palatine, IL 60067) ਵਿਖੇ ਸ਼ਾਮ 4 ਵਜੇ ਤੋਂ 6 ਵਜੇ ਦਰਮਿਆਨ ਹੋਣਗੇ। ਪਰਿਵਾਰ ਨਾਲ ਸੰਪਰਕ ਇਰਵਿਨਪ੍ਰੀਤ ਸਿੰਘ ਫੋਨ: 847-942-5150 ਜਾਂ ਡਾ. ਹਰਜਿੰਦਰ ਸਿੰਘ ਖਹਿਰਾ ਨਾਲ ਫੋਨ: 630-479-0031 ਰਾਹੀਂ ਕੀਤਾ ਜਾ ਸਕਦਾ ਹੈ।

## Matrimonials

### ਲੜਕੀ ਦੀ ਲੋੜ ਹੈ

Wanted suitable match for Well Established hardworking Ramgarhia Sikh turbaned boy, Delhi born, 31/5'-9". Currently working in a reputed company as a Project Architect. Caste no bar. Ready to settle in US/Canada. Respond with bio-data. Email: jaspreetmaann01@gmail.com

39-42

### ਜੀਵਨ ਸਾਥੀ ਦੀ ਲੋੜ ਹੈ

Seeking bride for 41 yrs, 5'-4", never married, male handsome reddish white Malayalee. Christian with MD degree. Working in hospital administration. The girl should be professional with license in their profession & bachelors, masters or up in nursing, Dr. of pharmacy. MD or other professional. age 23-35. Contact with picture. E-mail: kaithjustin@yahoo.com or Text, What`s app or Phone: 516-376-0631 and 516-209-7186

39-42

### ਲੜਕੇ ਦੀ ਲੋੜ ਹੈ

Suitable match for a beautiful US born, Hindu Nai, divorced girl, 30 years, 5'-2". Have Masters in English, worked as an English professor, currently doing final year of law. All family well settled in New York. Please contact: 516-590-9117

38-41

## Public Notice

### Change of Name

I Narinder Kaur Gill, daughter of Joginder Singh, holder of Indian Passport No. H4121541 issued at Chicago on Oct. 12, 2009, permanent resident of India and presently residing at 330 Northland Dr. NE, Rockford 49341, USA do hereby change my name from Narinder Kaur to Narinder Kaur Gill, with immediate effect.

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

ਬਜ਼ੁਰਗ ਮਾਤਾ ਦੀ ਸਾਂਭ-ਸੰਭਾਲ ਲਈ ਸੇਵਾਦਾਰ ਦੀ ਫੌਰੀ ਲੋੜ ਹੈ
ਅਰੋੜਾ, ਇਲੀਨਾਏ ਵਿਚ ਰਹਿੰਦੇ ਪੰਜਾਬੀ ਪਰਿਵਾਰ ਦੀ ਬਜ਼ੁਰਗ ਮਾਤਾ ਦੀ ਸਾਂਭ-ਸੰਭਾਲ ਅਤੇ ਘਰ ਦੇ ਕੰਮ-ਕਾਜ ਲਈ ਸੇਵਾਦਾਰ, ਜੋ ਨਾਲ ਰਹਿ ਸਕਦੀ ਹੋਵੇ, ਦੀ ਫੌਰੀ ਲੋੜ ਹੈ। ਵੀਜ਼ੇ ਦੀ ਲੋੜ ਨਹੀਂ।
ਸੰਪਰਕ ਕਰੋ, ਸੁਨੀਤਾ ਚੋਪੜਾ
ਫੋਨ: 773-370-7106

ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਲਖਵੀਰ ਸਿੰਘ ਜੌਹਲ
ਫੋਨ: 317-709-7800
34-

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਨੇਪਾਲ ਸਰਕਾਰ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਯਾਦਗਾਰੀ ਸਿੱਕੇ ਜਾਰੀ

**ਅੰਮ੍ਰਿਤਸਰ:** ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਮੌਕੇ ਨੇਪਾਲ ਸਰਕਾਰ ਵੱਲੋਂ ਤਿੰਨ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ ਹਨ।

ਨੇਪਾਲ ਵਿਚ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਭਾਰਤ ਤੋਂ ਸਿੱਖ ਵਫਦ ਨੇ ਸ਼ਮੂਲੀਅਤ ਕੀਤੀ। ਇਸ ਵਫਦ ਵਿਚ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਆਗੂ ਸ਼ਾਮਲ ਸਨ। ਰਾਜਧਾਨੀ ਕਾਠਮੰਡੂ ਵਿਚ ਭਾਰਤੀ ਸਫਾਰਤਖਾਨੇ ਵੱਲੋਂ ਨੇਪਾਲ ਸਰਕਾਰ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿਚ ਨੇਪਾਲ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਤਿੰਨ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ। ਇਹ ਸਿੱਕੇ 2500, 1000 ਅਤੇ 100 ਰੁਪਏ ਦੇ ਹਨ। ਇਸ ਤੋਂ ਇਲਾਵਾ ਸਫਾਰਤਖਾਨੇ ਵਲੋਂ ਨੇਪਾਲ ਦੀ ਸਿੱਖ ਵਿਰਾਸਤ ਨੂੰ ਰੂਪਮਾਨ ਕਰਦੀ ਪੁਸਤਕ ਵੀ ਲੋਕ ਅਰਪਣ ਕੀਤੀ ਗਈ ਹੈ। ਸਮਾਗਮ ਵਿਚ ਨੇਪਾਲ ਦੀ ਕੌਮੀ ਬੈਂਕ ਦੇ ਗਵਰਨਰ ਚਿਰੰਜੀ ਬੀ. ਨੇਪਾਲ ਅਤੇ ਭਾਰਤੀ ਸਫੀਰ ਮਨਜੀਵ ਸਿੰਘ ਪੁਰੀ ਸ਼ਾਮਲ ਹੋਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਅਗਵਾਈ ਹੇਠ ਸਿੱਖ ਵਫਦ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ 550ਵੇਂ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਹ ਮੁਲਾਕਾਤ ਪ੍ਰਧਾਨ ਮੰਤਰੀ ਦੀ



ਰਿਹਾਇਸ਼ 'ਤੇ ਕੀਤੀ ਗਈ। ਮੁਲਾਕਾਤ ਦੌਰਾਨ ਨੇਪਾਲ ਵਿਚ ਵਸਦੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਵੀ ਚਰਚਾ ਹੋਈ। ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਨੇਪਾਲ ਦੇ ਪ੍ਰਧਾਨ ਮੰਤਰੀ ਨੇ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਮੁੱਖ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਸਵੀਕਾਰ ਕਰਦਿਆਂ ਸਮਾਗਮ ਵਿਚ ਪੁੱਜਣ ਦਾ ਭਰੋਸਾ ਦਿੱਤਾ।

### ਦੁਕਾਨਦਾਰ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਯਾਦਗਾਰੀ ਸਿੱਕੇ ਜਾਰੀ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਦੁਕਾਨਦਾਰ ਵੱਲੋਂ ਨਿੱਜੀ ਤੌਰ 'ਤੇ ਸੁਨਹਿਰੀ ਅਤੇ ਚਾਂਦੀ ਰੰਗੇ ਯਾਦਗਾਰੀ ਸਿੱਕੇ ਤਿਆਰ ਕੀਤੇ ਗਏ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰਨਾਂ ਨੇ ਸੰਗਤ ਲਈ ਜਾਰੀ ਕੀਤਾ ਹੈ। ਇਹ ਸਿੱਕੇ ਬਾਵਾ ਗੁਰਦੀਪ ਸਿੰਘ ਐਂਡ ਸੰਨਜ਼ ਵੱਲੋਂ ਤਿਆਰ ਕੀਤੇ ਗਏ ਹਨ। ਇਨ੍ਹਾਂ ਦੀ ਦੁਕਾਨ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਹੈ। ਇਨ੍ਹਾਂ ਸਿੱਕਿਆਂ ਦੇ ਇਕ ਪਾਸੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਅਤੇ ਦੂਜੇ ਪਾਸੇ ਗੁਰਦੁਆਰਾ ਨਾਨਕ ਝੀਰਾ ਦੇ ਗੁਰਦੁਆਰੇ ਦੀ ਤਸਵੀਰ ਉਕਰੀ ਹੋਈ ਹੈ। ਇਨ੍ਹਾਂ ਦੋਵਾਂ ਸਿੱਕਿਆਂ ਦੇ ਸੈੱਟ ਦੀ ਕੀਮਤ ਇਕ ਹਜ਼ਾਰ ਰੁਪਏ ਰੱਖੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਹੈ।

# ਕੇਂਦਰ ਵੱਲੋਂ ਸੁਲਤਾਨਪੁਰ ਲੋਧੀ ਲਈ 27.11 ਕਰੋੜ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਰਮਿਆਨ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨਾਲ ਸਬੰਧਤ ਮੌਕਿਆਂ 'ਤੇ ਆਪੋ ਆਪਣੇ ਸਿਰ ਸਿਹਰਾ ਬੰਨ੍ਹਣ ਦੀ ਦੌੜ ਤੇਜ਼ ਹੁੰਦੀ ਜਾ ਰਹੀ ਹੈ। ਕੇਂਦਰ ਸਰਕਾਰ ਵੱਲੋਂ ਸੁਲਤਾਨਪੁਰ ਲੋਧੀ ਸਮਾਰਟ ਸਿਟੀ ਪ੍ਰਾਜੈਕਟ ਲਈ 27.11 ਕਰੋੜ ਰੁਪਏ ਜਾਰੀ ਕਰਨ ਦੀ ਸੂਚਨਾ ਨਸ਼ਰ ਹੋਈ ਤਾਂ ਸਰਕਾਰ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਮੀਡੀਆ ਰਾਹੀਂ ਹਾਜ਼ਰੀ ਲਵਾਉਣ ਲਈ ਪੂਰਾ ਤਾਣ ਲਾਇਆ ਗਿਆ।

ਪੰਜਾਬ ਸਰਕਾਰ ਵੱਲੋਂ ਜਿੱਥੇ ਦਾਅਵਾ ਕੀਤਾ ਗਿਆ ਹੈ ਕਿ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਨੇ ਇਹ ਪੈਸਾ ਜਾਰੀ ਕਰਨ ਸਬੰਧੀ ਰਾਜ ਸਰਕਾਰ ਨੂੰ ਸੂਚਿਤ ਕੀਤਾ ਹੈ ਤਾਂ ਸ੍ਰੀਮਤੀ ਬਾਦਲ ਨੇ ਵੀ ਝੱਟ ਮੌਕਾ ਸੰਭਾਲਦਿਆਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ (ਹਰਸਿਮਰਤ) ਇਹ ਪੈਸਾ ਜਾਰੀ ਕਰਨ ਸਬੰਧੀ ਜਾਣਕਾਰੀ ਭੇਜੀ ਹੈ। ਕੇਂਦਰੀ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਮਨਾਏ ਜਾਣ ਲਈ ਕੇਂਦਰ ਵੱਲੋਂ ਜਾਰੀ ਕੀਤੀ ਜਾਣ ਵਾਲੀ ਗਰਾਂਟ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਸਮਾਗਮਾਂ ਦੇ ਇਤਿਹਾਸਕ ਮੌਕੇ ਦੀ ਸ਼ੁਰੂਆਤ ਵਜੋਂ ਕੇਂਦਰ ਸਰਕਾਰ ਨੇ ਸੁਲਤਾਨਪੁਰ ਲੋਧੀ ਸਮਾਰਟ ਸਿਟੀ ਪ੍ਰਾਜੈਕਟ ਲਈ ਉਲੀਕੇ ਫੰਡਾਂ ਵਿੱਚੋਂ ਆਪਣੇ ਹਿੱਸੇ ਦੀ 27.11 ਕਰੋੜ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ।ਹਰਸਿਮਰਤ ਕੌਰ ਬਾਦਲ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੇ ਪ੍ਰਾਜੈਕਟਾਂ ਲਈ ਕੇਂਦਰ ਸਰਕਾਰ ਵੱਲੋਂ 135.5 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ।

# ਗੁਰਦਾਸ ਮਾਨ ਨੂੰ ਸਿਰੋਪਾਉ ਦੇਣ ਦੇ ਮਾਮਲੇ ਦੀ ਜਾਂਚ ਦੇ ਆਦੇਸ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਗਾਇਕ ਗੁਰਦਾਸ ਮਾਨ ਨੂੰ ਸਿਰੋਪਾਉ ਦੇਣ ਦੇ ਮਾਮਲੇ ਵਿਚ ਜਾਂਚ ਦੇ ਆਦੇਸ਼ ਦਿੱਤੇ ਹਨ।



ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਗੁਰਦਾਸ ਮਾਨ ਵੱਲੋਂ ਪੰਜਾਬੀ ਮਾਂ-ਬੋਲੀ ਦੇ ਕੀਤੇ ਕਥਿਤ ਅਪਮਾਨ ਦੀ ਸ਼੍ਰੋਮਣੀ ਕਮੇਟੀ ਵੱਲੋਂ ਸਖਤ ਨਿਖੇਧੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਗੁਰਦਾਸ ਮਾਨ ਆਪਣੀ ਗਲਤੀ ਦਾ ਅਹਿਸਾਸ ਕਰਕੇ ਸਮੁੱਚੇ ਪੰਜਾਬੀਆਂ ਕੋਲੋਂ ਮੁਆਫੀ ਨਹੀਂ ਮੰਗ ਲੈਂਦਾ, ਉਦੋਂ ਤੱਕ ਸ਼੍ਰੋਮਣੀ ਕਮੇਟੀ ਉਸ ਖਿਲਾਫ ਆਪਣੇ ਸਟੈਂਡ 'ਤੇ ਕਾਇਮ ਰਹੇਗੀ। ਉਨ੍ਹਾਂ ਕਿਹਾ ਕਿ ਗੁਰਦਾਸ ਮਾਨ ਨੂੰ ਗੁਰਦੁਆਰਾ ਬੇਰ ਸਾਹਿਬ ਵਿਖੇ ਸਿਰੋਪਾ ਦੇਣ ਦੇ ਮਾਮਲੇ ਦੀ ਉੱਚ ਪੱਧਰੀ ਜਾਂਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਆਹਲੀ ਨੂੰ ਸੌਂਪੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਅਣਗਹਿਲੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਬੰਧਕੀ ਪੱਧਰ 'ਤੇ ਸ਼੍ਰੋਮਣੀ ਕਮੇਟੀ ਵਿਚ ਕੋਈ ਵੀ ਅਧਿਕਾਰੀ ਜਾਂ ਮੁਲਾਜ਼ਮ ਕੋਈ ਅਜਿਹੀ ਗਲਤੀ ਕਰਦਾ ਹੈ, ਜਿਸ ਨਾਲ ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਢਾਹ ਲੱਗਦੀ ਹੋਵੇ, ਤਾਂ ਉਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

# ਯੂ. ਪੀ. 'ਚ ਅਨੰਦ ਮੈਰਿਜ ਐਕਟ ਲਾਗੂ ਕਰਨ ਦਾ ਭਰੋਸਾ

**ਲਖਨਊ:** ਸਾਡੀ ਸਰਕਾਰ ਸਾਰੇ ਧਰਮਾਂ ਦੇ ਅਧਿਕਾਰਾਂ ਨੂੰ ਪੂਰਾ ਕਰਨ ਵਾਲੀ ਹੈ। ਇਸੇ ਲੜੀ 'ਚ ਜਲਦ ਹੀ ਉੱਤਰ ਪ੍ਰਦੇਸ਼ 'ਚ ਅਨੰਦ ਮੈਰਿਜ ਐਕਟ ਲਾਗੂ ਹੋਵੇਗਾ, ਇਹ ਭਰੋਸਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਲਖਨਊ ਲੋਕ ਭਵਨ ਸਥਿਤ ਦਫਤਰ 'ਚ ਮੁਲਾਕਾਤ ਕਰਨ ਪੁੱਜੇ ਸੰਤ ਲੌਂਗੋਵਾਲ ਫਾਊਂਡੇਸ਼ਨ ਦੇ ਸਿੱਖ ਵਫਦ ਨੂੰ ਅਨੰਦ ਮੈਰਿਜ ਐਕਟ ਨੂੰ ਉੱਤਰ ਪ੍ਰਦੇਸ਼ 'ਚ ਵੀ ਲਾਗੂ ਕਰਨ ਦੇ ਸਬੰਧ 'ਚ ਦਿੱਤੇ ਗਏ



ਮੰਗ ਪੱਤਰ ਨੂੰ ਸਵੀਕਾਰ ਕਰਦਿਆਂ ਦਿੱਤਾ।

ਸੰਤ ਲੌਂਗੋਵਾਲ ਫਾਊਂਡੇਸ਼ਨ ਦੇ ਪ੍ਰਧਾਨ ਹਰਮਿੰਦਰ ਸਿੰਘ ਲੌਂਗੋਵਾਲ ਦੀ ਅਗਵਾਈ 'ਚ ਇਕ ਵਫਦ ਨੇ ਲਖਨਊ 'ਚ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨਾਲ ਪਹਿਲਾਂ ਤੋਂ ਤੈਅ ਕੀਤੇ ਸਮੇਂ ਅਨੁਸਾਰ ਮੁਲਾਕਾਤ ਕਰ ਸਿੱਖਾਂ ਦੇ ਵਿਆਹ ਉਨ੍ਹਾਂ ਦੇ ਆਪਣੇ ਐਕਟ ਤਹਿਤ ਰਜਿਸਟਰ ਕਰਾਏ ਜਾਣ ਸਬੰਧੀ ਮੰਗ ਕਰਦੇ ਹੋਏ ਮੰਗ ਪੱਤਰ ਦਿੱਤਾ।

ਵਫਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਹਰਿਆਣਾ, ਦਿੱਲੀ, ਝਾਰਖੰਡ ਸਮੇਤ ਹੁਣ ਤੱਕ 5 ਸੂਬੇ ਆਪਣੇ-ਆਪਣੇ ਪ੍ਰਦੇਸ਼ਾਂ 'ਚ ਅਨੰਦ ਮੈਰਿਜ ਐਕਟ ਲਾਗੂ ਕਰ ਚੁੱਕੇ ਹਨ, ਪਰ ਹਾਲੇ ਤੱਕ ਇਸ ਨੂੰ ਉੱਤਰ ਪ੍ਰਦੇਸ਼ 'ਚ ਲਾਗੂ ਨਹੀਂ ਕੀਤਾ ਗਿਆ, ਜਦਕਿ ਪੰਜਾਬ ਅਤੇ ਦਿੱਲੀ ਦੇ ਬਾਅਦ ਸਿੱਖਾਂ ਦੀ ਸਭ ਤੋਂ ਵੱਧ ਆਬਾਦੀ ਉੱਤਰ ਪ੍ਰਦੇਸ਼ 'ਚ ਹੈ। ਅਜੇ ਤੱਕ ਸਿੱਖਾਂ ਦਾ ਵਿਆਹ ਹਿੰਦੂ ਐਕਟ ਤਹਿਤ ਰਜਿਸਟਰ ਹੋਣ ਕਾਰਨ ਗੈਰ-ਪ੍ਰਵਾਸੀ ਸਿੱਖਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਮੰਤਰੀ ਨੇ ਸਿੱਖਾਂ ਦੀ ਮੰਗ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ।

## ਕੈਲਗਰੀ ਵਾਸੀਆਂ ਨੇ ਹੜ੍ਹ ਪੀੜਤਾਂ ਲਈ 25 ਹਜ਼ਾਰ ਡਾਲਰ ਇਕੱਠੇ ਕੀਤੇ

**ਕੈਲਗਰੀ (ਸੁਖਵੀਰ ਗਰੇਵਾਲ):** ਕੈਲਗਰੀ ਦੇ ਪੰਜਾਬੀਆਂ ਨੇ ਪੰਜਾਬ ਦੇ ਹੜ੍ਹ ਪੀੜਤਾਂ ਲਈ ਹਾਅ ਦਾ ਨਾਅਰਾ ਮਾਰਿਆ ਹੈ। ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਤੇ ਰੇਡੀਓ ਸੁਰਸੰਗਮ ਵਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਰੇਡੀਓ ਥਾਨ ਦੌਰਾਨ ਉਨ੍ਹਾਂ ਨੇ 25 ਹਜ਼ਾਰ ਡਾਲਰ ਤੋਂ ਵੱਧ ਰਕਮ ਇਕੱਠੀ ਕੀਤੀ ਹੈ। ਇਹ ਰੇਡੀਓ ਥਾਨ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਕਰਵਾਇਆ ਗਿਆ ਸੀ। ਇਕੱਤਰ ਰਕਮ ਖਾਲਸਾ ਏਡ ਤੇ ਬਲਬੀਰ ਸਿੰਘ ਸੀਚੇਵਾਲ ਵਲੋਂ ਹੜ੍ਹ ਪੀੜਤਾਂ ਲਈ ਕੀਤੇ ਜਾ ਰਹੇ ਕਾਰਜਾਂ ਵਾਸਤੇ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਇੱਕ ਬੋਤਲ ਡਰਾਈਵ ਵੀ ਕਰਵਾਈ ਗਈ, ਜਿਸ ਵਿਚ ਰੀਸਾਈਕਲ ਬੋਤਲਾਂ ਤੋਂ ਕਰੀਬ 1900 ਡਾਲਰ ਹੜ੍ਹ ਪੀੜਤਾਂ ਲਈ ਇਕੱਠੇ ਕੀਤੇ ਗਏ।

ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੇ ਪ੍ਰਧਾਨ ਨਰਿੰਦਰਪਾਲ ਸਿੰਘ ਔਜਲਾ ਤੇ ਰੇਡੀਓ ਸੁਰਸੰਗਮ ਦੇ ਮੁੱਖ ਸੰਚਾਲਕ ਰਣਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਵਿਚ ਹੜ੍ਹ ਪੀੜਤ ਪਰਿਵਾਰਾਂ ਨੂੰ ਵੱਡੀ ਆਰਥਕ ਮਦਦ ਦੀ ਲੋੜ ਹੈ।

ਇਸ ਮੌਕੇ ਅਲਬਰਟਾ ਦੇ ਸਾਬਕਾ ਮੰਤਰੀ ਇਰਫਾਨ ਸਬੀਰ, ਫੈਡਰਲ ਚੋਣਾਂ ਲਈ ਫੌਰੈਸਟ ਲਾਨ ਤੋਂ ਕੰਜ਼ਰਵੇਟਿਵ ਉਮੀਦਵਾਰ ਜਸਰਾਜ ਸਿੰਘ ਹੱਲਣ, ਗੁਰਦੁਆਰਾ ਦਸ਼ਮੇਸ਼ ਕਲਚਰਲ ਸੈਂਟਰ ਦੇ ਪ੍ਰਧਾਨ ਰਣਬੀਰ ਸਿੰਘ ਪਰਮਾਰ, ਨਰਿੰਦਰ ਪਾਲ ਸਿੰਘ ਔਜਲਾ ਤੇ ਰਣਜੀਤ ਸਿੰਘ ਸਿੱਧੂ ਨੇ ਰੇਡੀਓ ਥਾਨ ਨੂੰ ਮਿਲੇ ਵੱਡੇ ਹੁੰਗਾਰੇ ਲਈ ਕੈਲਗਰੀ ਵਾਸੀਆਂ ਦਾ ਧੰਨਵਾਦ ਕੀਤਾ ਹੈ।

# ਸਟੱਡੀ ਵੀਜ਼ਿਆਂ ਦੁਆਲੇ ਹੋਏ ਪੰਜਾਬੀ ਨੌਜਵਾਨ

## ਪਾਸਪੋਰਟ ਬਣਾਉਣ 'ਚ ਉਤਰੀ ਭਾਰਤ 'ਚੋਂ ਪੰਜਾਬ ਦਾ ਪਹਿਲਾ ਨੰਬਰ

**ਚੰਡੀਗੜ੍ਹ:** ਪਾਸਪੋਰਟ ਬਣਾਉਣ 'ਚ ਪੰਜਾਬੀ ਹੁਣ ਦੇਸ਼ ਵਿਚੋਂ ਪੰਜਵੇਂ ਨੰਬਰ ਉਤੇ ਹਨ। ਉੱਤਰੀ ਭਾਰਤ ਵਿਚੋਂ ਪੰਜਾਬ ਦਾ ਨੰਬਰ ਪਹਿਲਾ ਹੈ। ਪੰਜਾਬ ਜਨਵਰੀ 2017 ਤੋਂ ਪਾਸਪੋਰਟਾਂ ਦੀਆਂ ਪੰਡਾਂ ਬੰਨ੍ਹਣ ਲੱਗਾ ਹੈ। ਨਾਲੋਂ ਨਾਲ ਕਿਸਾਨੀ ਕਰਜ਼ੇ ਦੀ ਪੰਡ ਵੀ ਬੋਝਲ ਹੋਣ ਲੱਗੀ ਹੈ। ਸਟੱਡੀ ਵੀਜ਼ੇ ਦੇ ਜਦੋਂ ਤੋਂ ਬੰਨ੍ਹ ਖੁੱਲ੍ਹੇ ਹਨ, ਉਦੋਂ ਤੋਂ ਪੰਜਾਬ ਦੇ ਪਿੰਡਾਂ ਦੇ ਮੁੰਡੇ ਵਿਦੇਸ਼ ਦੇ ਸੁਪਨੇ ਵੇਖਣ ਲੱਗੇ ਹਨ। ਇਕੱਲੇ ਪਾਸਪੋਰਟਾਂ ਦੇ ਖਰਚ ਦੀ ਗੱਲ ਕਰੀਏ ਤਾਂ ਪੰਜਾਬੀਆਂ ਨੇ ਪਹਿਲੀ ਜਨਵਰੀ 2014 ਤੋਂ ਅਗਸਤ 2019 ਤੱਕ (ਪੌਣੇ ਛੇ ਵਰ੍ਹਿਆਂ) ਤੱਕ ਕਰੀਬ 914.45 ਕਰੋੜ ਰੁਪਏ ਖਰਚੇ ਹਨ।

ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਦੇਸ਼ ਭਰ 'ਚ ਪਹਿਲੀ ਜਨਵਰੀ 2014 ਤੋਂ ਅਗਸਤ 2019 ਤੱਕ 5.81 ਕਰੋੜ ਪਾਸਪੋਰਟ ਜਾਰੀ ਕੀਤੇ ਗਏ ਹਨ। ਪੰਜਾਬ 'ਚ ਇਸੇ ਸਮੇਂ ਦੌਰਾਨ (ਪੌਣੇ ਛੇ ਵਰ੍ਹਿਆਂ) 45.72 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ ਲੰਘੇ ਢਾਈ ਸਾਲਾਂ (1 ਜਨਵਰੀ 2017 ਤੋਂ ਅਗਸਤ 2019 ਤੱਕ) ਪੰਜਾਬ 'ਚ 26.99 ਲੱਖ ਪਾਸਪੋਰਟ ਬਣੇ ਹਨ। ਵੱਡੀ ਗਿਣਤੀ ਸਟੱਡੀ ਵੀਜ਼ੇ ਵਾਲੇ ਵਿਦਿਆਰਥੀਆਂ ਦੀ ਹੈ ਅਤੇ ਉਨ੍ਹਾਂ ਦੇ ਮਾਪਿਆਂ ਦੀ ਹੈ। ਢਾਈ ਵਰ੍ਹਿਆਂ ਦੀ ਔਸਤਨ ਦੇਖੀਏ ਤਾਂ ਪੰਜਾਬ ਵਿਚ ਰੋਜ਼ਾਨਾ ਕਰੀਬ 2800 ਪਾਸਪੋਰਟ ਬਣ ਰਹੇ ਹਨ। ਹਰ ਵਰ੍ਹੇ ਪਾਸਪੋਰਟਾਂ ਦਾ ਰਿਕਾਰਡ ਟੁੱਟ ਰਿਹਾ ਹੈ। ਕਿੰਨੇ ਪਾਸਪੋਰਟਾਂ 'ਤੇ ਵੀਜ਼ੇ ਦਾ ਠੱਪਾ ਲੱਗਦਾ ਹੈ, ਇਹ ਵੱਖਰੀ ਗੱਲ ਹੈ।

ਤੱਥਾਂ ਅਨੁਸਾਰ ਪੰਜਾਬ 'ਚ ਸਾਲ 2017 ਵਿਚ 9.73 ਲੱਖ ਪਾਸਪੋਰਟ ਜਾਰੀ ਹੋਏ ਜਦੋਂ



ਕਿ ਸਾਲ 2018 ਵਿਚ ਇਹ ਗਿਣਤੀ ਵਧ ਕੇ 10.69 ਲੱਖ ਹੋ ਗਈ। ਚਾਲੂ ਸਾਲ ਦੇ ਅੱਠ ਮਹੀਨਿਆਂ ਵਿਚ 6.55 ਲੱਖ ਪਾਸਪੋਰਟ ਬਣੇ ਹਨ। ਪਿਛਾਂਹ ਨਜ਼ਰ ਮਾਰੀਏ ਤਾਂ ਸਾਲ 2014 ਵਿਚ 5.48 ਲੱਖ, ਸਾਲ 2015 ਵਿਚ 6.65 ਲੱਖ ਅਤੇ ਸਾਲ 2016 ਵਿਚ 6.59 ਲੱਖ ਪਾਸਪੋਰਟ ਬਣੇ ਹਨ। ਪਾਸਪੋਰਟਾਂ ਦਾ ਇਹ ਰੁਝਾਨ ਪੰਜਾਬ ਦੇ ਭਵਿੱਖ ਨੂੰ ਤਸਦੀਕ ਕਰਦਾ ਹੈ ਅਤੇ ਪਰਵਾਸ ਦੇ ਨਾਗ ਵਲ ਨੂੰ ਵੀ। ਲੰਘੇ ਢਾਈ ਸਾਲਾਂ 'ਚ ਦੇਸ਼ ਭਰ ਵਿਚ ਤਿੰਨ ਕਰੋੜ ਪਾਸਪੋਰਟ ਬਣੇ ਹਨ ਜਿਸ ਦਾ ਕਰੀਬ 9 ਫੀਸਦੀ ਇਕੱਲੇ ਪੰਜਾਬ 'ਚ ਬਣੇ ਪਾਸਪੋਰਟਾਂ ਦਾ ਹੈ। ਬਾਕੀ ਸੂਬਿਆਂ ਦਾ ਰੁਝਾਨ ਦੇਖੀਏ ਤਾਂ ਦੇਸ਼ 'ਚੋਂ ਪਹਿਲਾ ਨੰਬਰ ਮਹਾਰਾਸ਼ਟਰ ਦਾ ਹੈ, ਜਿਥੇ ਪੌਣੇ ਛੇ ਸਾਲਾਂ ਵਿਚ 68.38 ਲੱਖ ਪਾਸਪੋਰਟ ਬਣੇ ਹਨ ਅਤੇ ਕੇਰਲ 64.52 ਲੱਖ ਪਾਸਪੋਰਟਾਂ ਨਾਲ ਦੂਜੇ ਨੰਬਰ ਉਤੇ ਹੈ। ਤੀਜੇ ਨੰਬਰ ਵਾਲੇ ਤਾਮਿਲਨਾਡੂ ਵਿਚ 57.70 ਲੱਖ ਤੇ ਚੌਥੇ ਨੰਬਰ 'ਤੇ ਉੱਤਰ ਪ੍ਰਦੇਸ਼ ਹੈ, ਜਿਥੇ 56.69 ਲੱਖ ਪਾਸਪੋਰਟ ਬਣੇ ਹਨ।

ਉੱਤਰੀ ਭਾਰਤ 'ਚੋਂ ਪੰਜਾਬ ਨੇ ਇਸ ਫਰੰਟ ਉਤੇ ਬੱਲੇ ਬੱਲੇ ਕਰਾਈ ਹੈ। ਹਰਿਆਣਾ ਵਿਚ ਪੌਣੇ ਛੇ ਸਾਲਾਂ 'ਚ 17.86 ਲੱਖ ਅਤੇ ਰਾਜਸਥਾਨ ਵਿਚ 18.42 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ ਹਿਮਾਚਲ ਪ੍ਰਦੇਸ਼ ਵਿਚ 2.79 ਲੱਖ ਪਾਸਪੋਰਟ ਜਾਰੀ ਹੋਏ ਹਨ। ਦਿੱਲੀ ਵਿਚ 24.46 ਲੱਖ ਅਤੇ ਚੰਡੀਗੜ੍ਹ ਵਿਚ 1.74 ਲੱਖ ਪਾਸਪੋਰਟ ਬਣੇ ਹਨ। ਪੰਜਾਬ ਦਾ ਪੰਜਵਾਂ ਨੰਬਰ ਹੈ ਅਤੇ ਯੂਪੀ ਨਾਲ ਪੰਜਾਬ ਟੱਕਰ ਲੈਣ ਲੱਗਾ ਹੈ। ਹਵਾ ਇਹੋ ਰਹੀ ਤਾਂ ਪੰਜਾਬ ਲਈ ਦਿੱਲੀ ਦੂਰ ਨਹੀਂ। ਇਸ ਤੋਂ ਬਿਨਾਂ ਪੰਜਾਬ ਦਾ ਸਰਮਾਇਆ ਵੀ ਉਡਾਣ ਭਰ ਰਿਹਾ ਹੈ। ਗੱਲ ਕਰੀਏ ਤਾਂ ਇਕੱਲੇ ਪਾਸਪੋਰਟ ਬਣਾਉਣ 'ਤੇ 914 ਕਰੋੜ ਪੌਣੇ ਛੇ ਵਰ੍ਹਿਆਂ ਵਿਚ ਪੰਜਾਬੀਆਂ ਨੇ ਖਰਚ ਕੀਤੇ ਹਨ।

ਪਾਸਪੋਰਟ ਬਣਾਉਣ ਦੀ 1500 ਰੁਪਏ ਸਰਕਾਰੀ ਫੀਸ ਹੈ ਅਤੇ ਬਾਕੀ ਖਰਚਿਆਂ ਸਮੇਤ ਪਾਸਪੋਰਟ ਉਤੇ ਔਸਤਨ ਦੋ ਹਜ਼ਾਰ ਰੁਪਏ ਦਾ ਖਰਚਾ ਆਉਂਦਾ ਹੈ। ਪੰਜਾਬੀ ਰੋਜ਼ਾਨਾ ਔਸਤਨ 56 ਲੱਖ ਰੁਪਏ ਪਾਸਪੋਰਟ ਬਣਾਉਣ 'ਤੇ ਖਰਚਦੇ ਹਨ। ਪੰਜਾਬ ਪੁਲਿਸ ਨੂੰ ਪਾਸਪੋਰਟਾਂ ਦੀ ਵੈਰੀਫਿਕੇਸ਼ਨ ਤੋਂ ਪੌਣੇ ਛੇ ਵਰ੍ਹਿਆਂ 'ਚ 91.44 ਕਰੋੜ ਦੀ ਕਮਾਈ ਹੋਈ ਹੈ। ਪੁਲਿਸ ਦੇ ਜੋ ਆਪਣੇ ਸਾਂਝ ਕੇਂਦਰ ਹਨ, ਉਨ੍ਹਾਂ ਦੀ ਫੀਸ 100 ਰੁਪਏ ਪ੍ਰਤੀ ਪਾਸਪੋਰਟ ਵੱਖਰੀ ਹੁੰਦੀ ਹੈ। ਪੰਜਾਬ ਵਿਚ ਇਸ ਵੇਲੇ 14 ਪਾਸਪੋਰਟ ਸੇਵਾ ਕੇਂਦਰ ਕੰਮ ਕਰ ਰਹੇ ਹਨ। ਮਾਲਵੇ ਦੇ ਸ਼ਹਿਰਾਂ ਵਿਚ ਵੀ ਰੁਝਾਨ ਨੂੰ ਦੇਖਦੇ ਹੋਏ ਇਹ ਸੇਵਾ ਕੇਂਦਰ ਖੋਲ ਦਿੱਤੇ ਗਏ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਪਾਸਪੋਰਟ ਜਾਰੀ ਕਰਨ ਲਈ 7 ਤੋਂ 11 ਦਿਨ ਦਾ ਸਮਾਂ ਲਿਆ ਜਾ ਰਿਹਾ ਹੈ। ਸਾਲ 2015 ਵਿਚ ਪਾਸਪੋਰਟ ਲਈ 21 ਦਿਨ ਲੱਗ ਜਾਂਦੇ ਸਨ। ਹੁਣ ਧੜਾਧੜ ਪਾਸਪੋਰਟ ਜਾਰੀ ਹੋ ਰਹੇ ਹਨ।

# ਚੰਗੀ ਸ਼ਖਸੀਅਤ ਦੀ ਉਸਾਰੀ

***ਗੁਣ-ਔਗੁਣ ਦੇ ਆਧਾਰ 'ਤੇ ਹੀ ਮਨੁੱਖ ਦੀ ਸ਼ਖਸੀਅਤ ਉਸਰਦੀ ਹੈ। ਚੰਗੇ ਗੁਣਾਂ ਵਾਲਿਆਂ ਦਾ ਸਮਾਜ ਤੇ ਪਰਿਵਾਰ ਵਿਚ ਸਤਿਕਾਰ ਹੁੰਦਾ ਹੈ ਅਤੇ ਔਗੁਣਾਂ ਵਾਲੇ ਸ਼ਖਸ ਧੜਵੈਲ ਤਾਂ ਭਾਵੇਂ ਬਣ ਜਾਣ ਪਰ ਉਨ੍ਹਾਂ ਨੂੰ ਸਮਾਜ ਵਿਚ ਮਾਣ-ਸਤਿਕਾਰ ਨਹੀਂ ਮਿਲਦਾ। ਨਰਿੰਦਰ ਸਿੰਘ ਢਿੱਲੋਂ ਨੇ ਇਸ ਲੇਖ ਵਿਚ ਮਨੁੱਖੀ ਸ਼ਖਸੀਅਤ ਦੇ ਇਨ੍ਹਾਂ ਪੱਖਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। -ਸੰਪਾਦਕ***

ਸਮਾਜ ਵਿਚ ਰਹਿੰਦੇ ਹਰ ਬੰਦੇ ਦੀ ਖਾਹਿਸ਼ ਹੁੰਦੀ ਹੈ ਕਿ ਉਹ ਲੋਕਾਂ ਵਿਚ ਸਤਿਕਾਰਿਆ ਜਾਵੇ, ਉਹ ਜਿਸ ਪਾਸੇ ਵੀ ਜਾਵੇ, ਲੋਕ ਪਿਆਰ ਨਾਲ ਸਲਾਮਾਂ ਕਰਨ। ਕੋਈ ਵੀ ਇਹ ਨਹੀਂ ਚਾਹੁੰਦਾ ਕਿ ਲੋਕ ਉਸ ਨੂੰ ਨਫਰਤ ਕਰਨ, ਉਸ ਨੂੰ ਵੇਖ ਕੇ ਪਾਸਾ ਵੱਟ ਜਾਣ ਜਾਂ ਉਹ ਭੈੜੇ ਬੰਦੇ ਵਜੋਂ ਜਾਣਿਆ ਜਾਵੇ। ਬਹੁਤ ਸਾਰੇ ਲੋਕ ਜਿਥੇ ਨਿਮਰਤਾ, ਮਿੱਠ ਬੋਲੜੇ ਅਤੇ ਮਿਲਾਪੜੇ ਸੁਭਾਅ ਕਰਕੇ ਚੰਗੇ ਜੀਅ ਵਜੋਂ ਜਾਣੇ ਜਾਂਦੇ ਹਨ, ਉਥੇ ਕੁਝ ਲੋਕ ਐਸੇ ਵੀ ਹੁੰਦੇ ਹਨ, ਜੋ ਡਰ, ਧਮਕੀ ਜਾਂ ਬਾਹੂਬਲ ਰਾਹੀਂ ਆਪਣੀ ਸ਼ੋਭਾ ਕਰਾਉਣ ਦਾ ਰਾਹ ਚੁਣਦੇ ਹਨ, ਪਰ ਅਸਲ ਵਿਚ ਉਨ੍ਹਾਂ ਨੂੰ ਸਮਾਜ ਵਿਚ ਸਤਿਕਾਰ ਵਾਲੀ ਥਾਂ ਨਹੀਂ ਮਿਲਦੀ। ਇਨ੍ਹਾਂ ਲੋਕਾਂ ਦੀ ਸ਼ਖਸੀਅਤ ਦੇ ਗੁਣਾਂ ਵਿਚ ਬਹੁਤ ਫਰਕ ਹੈ।

ਸਮਾਜ ਵਿਚ ਜਿਨ੍ਹਾਂ ਲੋਕਾਂ ਨੂੰ ਸਤਿਕਾਰ ਮਿਲਦਾ ਹੈ, ਉਨ੍ਹਾਂ ਨੂੰ ਇਹ ਜੀਵਨ ਭਰ ਕੀਤੀ ਮਿਹਨਤ ਕਰਕੇ ਮਿਲਦਾ ਹੈ। ਉਂਜ ਵੀ ਹਰ ਬੰਦੇ ਨੂੰ ਆਪਣੀ ਸ਼ਖਸੀਅਤ ਦੀ ਉਸਾਰੀ ਲਈ ਚੰਗੇ

**ਨਰਿੰਦਰ ਸਿੰਘ ਢਿੱਲੋਂ**
**ਫੋਨ: 403-616-4032**

ਅਸੂਲਾਂ ਤੇ ਆਦਤਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਦਾ ਟੀਚਾ ਰੱਖਣਾ ਚਾਹੀਦਾ ਹੈ। ਚੰਗੀ ਸ਼ਖਸੀਅਤ ਉਹ ਹੈ, ਜਿਸ ਦੇ ਅੰਦਰੂਨੀ ਅਤੇ ਬਾਹਰਮੁਖੀ ਗੁਣ ਚੰਗੇ ਹੋਣ। ਕੇਵਲ ਬਾਹਰੀ ਤੌਰ 'ਤੇ ਬਣਦਾ-ਫੱਬਦਾ, ਸੁਹਣਾ-ਸੁਨੱਖਾ ਬੰਦਾ ਹੀ ਚੰਗੀ ਸ਼ਖਸੀਅਤ ਦਾ ਮਾਲਕ ਨਹੀਂ ਹੁੰਦਾ, ਬੰਦੇ ਦੀ ਦਿਮਾਗੀ ਸਮਝਦਾਰੀ ਅਤੇ ਲੋਕਾਂ ਪ੍ਰਤੀ ਉਨ੍ਹਾਂ ਦਾ ਵਿਹਾਰ ਇਸ ਦੇ ਮੁੱਖ ਕਾਰਨ ਹੁੰਦੇ ਹਨ।


ਸਮਾਜ ਵਿਚ ਵੱਖ-ਵੱਖ ਆਦਤਾਂ, ਮਾਨਸਿਕ ਪੱਧਰ ਅਤੇ ਸੁਭਾਅ ਵਾਲੇ ਲੋਕ ਰਹਿੰਦੇ ਹਨ, ਜਿਨ੍ਹਾਂ ਵਿਚ ਜਿਥੇ ਬਹੁਤ ਸਾਰੇ ਚੰਗੇ ਕਿਰਦਾਰ ਵਾਲੇ ਲੋਕ ਹੁੰਦੇ ਹਨ, ਉਥੇ ਅਵਾਰਾਗਰਦ, ਅਯਾਸ਼, ਨਸ਼ੇੜੀ, ਬਦਮਾਸ਼, ਲਾਲਚੀ, ਚੋਰ-ਉਚੱਕੇ ਅਤੇ ਗਾਲੀ-ਗਲੋਚ ਕਰਨ ਵਾਲੇ ਵੀ ਹੁੰਦੇ ਹਨ। ਉਨ੍ਹਾਂ ਨਾਲ ਮੇਲ-ਮਿਲਾਪ ਵਿਚ ਸੰਤੁਲਨ ਕਾਇਮ ਰੱਖਣਾ ਚੰਗੀ ਸ਼ਖਸੀਅਤ ਲਈ ਚੈਲੰਜ ਹੁੰਦਾ ਹੈ। ਚੰਗੀ ਸ਼ਖਸੀਅਤ ਦੀ ਉਸਾਰੀ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਆਪਣੇ ਵਿਚੋਂ ਉਪਰੋਕਤ ਔਗੁਣ ਦੂਰ ਕਰਨ ਅਤੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਸਿਹਤਮੰਦ ਤੇ ਚੰਗੇ ਨੈਤਿਕ ਗੁਣਾਂ ਦੀ ਗੁੜਤੀ ਦੇਣ। ਇਹ ਭਾਵੇਂ ਮਾਪਿਆਂ ਦੀ ਆਪਣੀ ਸਮਝਦਾਰੀ, ਪਰਿਵਾਰਕ ਮਾਹੌਲ ਅਤੇ ਵਿਹਾਰ 'ਤੇ ਨਿਰਭਰ ਕਰਦਾ ਹੈ ਪਰ ਚੰਗੀ ਸ਼ਖਸੀਅਤ ਦੀ ਉਸਾਰੀ ਲਈ ਪੌੜੀ ਦਾ ਇਹ ਪਹਿਲਾ ਡੰਡਾ ਹੈ।

ਨਿਮਰਤਾ ਅਤੇ ਮਿੱਠ ਬੋਲੜਾ ਹੋਣਾ ਚੰਗੇ ਸ਼ਖਸ ਦੀ ਪਹਿਲੀ ਨਿਸ਼ਾਨੀ ਹੈ, ਪਰ ਚੰਗਾ ਕਿਰਦਾਰ ਉਸਾਰਨ ਲਈ ਇਹ ਕਾਫੀ ਨਹੀਂ ਹੈ। ਜਿਸ ਮਨੁੱਖ ਦਾ ਕਿਰਦਾਰ ਠੀਕ ਨਹੀਂ, ਉਸ ਦਾ ਕੁਝ ਵੀ ਠੀਕ ਨਹੀਂ। ਚੰਗੇ ਕਿਰਦਾਰ ਵਿਚ ਭਰੋਸੇਯੋਗਤਾ, ਦੂਜਿਆਂ ਦੇ ਕੰਮ ਆਉਣ ਦੀ ਰੁਚੀ, ਧਰਮਾਂ ਤੇ ਜਾਤ-ਪਾਤ ਤੋਂ ਉਪਰ ਉਠ ਕੇ ਸੱਚਾਈ ਨਾਲ ਖੜ੍ਹਨ ਦੀ ਦਲੇਰੀ ਅਤੇ ਸਖਤ ਮਿਹਨਤ ਦੇ ਗੁਣਾਂ ਦੇ ਨਾਲ-ਨਾਲ ਜਵਾਬਦੇਹੀ ਦਾ ਗੁਣ ਹੋਣਾ ਵੀ ਅਤਿ ਜ਼ਰੂਰੀ ਹੈ। ਆਪਣੇ ਵਰਤੋਂ-ਵਿਹਾਰ ਵਿਚ ਚੰਗਾ ਸਲੀਕਾ ਜ਼ਰੂਰੀ ਹੈ। ਜੋ ਸ਼ਖਸ ਆਪਣੇ ਲਈ ਪੈਮਾਨਾ ਹੋਰ ਤੇ ਦੂਜਿਆਂ ਲਈ ਹੋਰ ਰੱਖਦਾ ਹੈ, ਉਹ ਚੰਗੀ ਸ਼ਖਸੀਅਤ ਦੀ ਉਸਾਰੀ ਨਹੀਂ ਕਰ ਸਕਦਾ। ਵਧੀਆ ਸ਼ਖਸੀਅਤ ਲਈ ਕੋਈ ਵਿਸ਼ੇਸ਼ ਪਹਿਰਾਵਾ ਨਹੀਂ ਹੁੰਦਾ ਸਗੋਂ ਵਿਚਾਰਾਂ ਅਤੇ ਜ਼ਿੰਦਗੀ ਦੇ ਤਜਰਬੇ ਦੇ ਸੁਮੇਲ ਦੀ ਹੀ ਲੋੜ ਹੁੰਦੀ ਹੈ।

ਜ਼ਿੰਮੇਵਾਰੀ ਦਾ ਅਹਿਸਾਸ ਅਤੇ ਜਵਾਬਦੇਹੀ ਦਾ ਗੁਣ ਧਾਰਨਾ ਬੜਾ ਜ਼ਰੂਰੀ ਹੈ। ਜ਼ਿੰਮੇਵਾਰੀ ਉਸੇ ਸ਼ਖਸ ਦੇ ਹਿੱਸੇ ਆਉਂਦੀ ਹੈ, ਜਿਸ ਨੂੰ ਇਸ ਦਾ ਅਹਿਸਾਸ ਹੋਵੇ ਅਤੇ ਚੁੱਕਣ ਦਾ ਜਿਗਰਾ ਰਖਦਾ ਹੋਵੇ। ਜੋ ਸ਼ਖਸ ਕਿਸੇ ਕੰਮ ਦੀ ਜ਼ਿੰਮੇਵਾਰੀ ਲੈਣ, ਪਰ ਉਸ ਨੂੰ ਪੂਰਾ ਕਰਨ ਵਿਚ ਦਿਲਚਸਪੀ ਨਾ ਦਿਖਾਉਣ, ਉਹ ਪਰਿਵਾਰ, ਸਮਾਜ ਜਾਂ ਕਿਸੇ ਅਦਾਰੇ ਅੰਦਰ ਝੂਠੇ, ਨਿਕੰਮੇ ਜਾਂ ਗੈਰ ਭਰੋਸੇਮੰਦ ਗਿਣੇ ਜਾਂਦੇ ਹਨ। ਜੋ ਸ਼ਖਸ ਜ਼ਿੰਮੇਵਾਰੀ ਨਿਭਾਉਣ ਅਤੇ ਜਵਾਬਦੇਹੀ ਵਿਚ ਵਿਸ਼ਵਾਸ ਰਖਦੇ ਹਨ, ਸਮਾਜ ਵਿਚ ਅੱਗੇ ਵੀ ਉਹੀ ਵਧਦੇ ਹਨ।

ਕਈ ਸ਼ਖਸ ਠੀਕ ਹੋਣ 'ਤੇ ਸਿਹਰਾ ਆਪਣੇ ਸਿਰ ਪਰ ਵਿਗੜਨ ਦਾ ਭਾਂਡਾ ਦੂਜਿਆਂ ਸਿਰ ਭੰਨਣ ਦੇ ਆਦੀ ਹੁੰਦੇ ਹਨ। ਅਜਿਹੇ ਲੋਕ ਸ਼ਖਸੀਅਤ ਦੇ ਚੰਗੇ ਗੁਣਾਂ ਤੋਂ ਕੋਰੇ ਹੁੰਦੇ ਹਨ। ਸਮਾਜ ਮਿਹਨਤੀ, ਜ਼ਿੰਮੇਵਾਰ, ਅਗਾਂਹਵਧੂ ਵਿਚਾਰਾਂ ਅਤੇ ਸੁਹਿਰਦ ਸ਼ਖਸੀਅਤ ਦੇ ਗੁਣਾਂ ਕਰਕੇ ਹੀ ਅਗਾਂਹ ਵਧਦਾ ਹੈ, ਪਰ ਜਦ ਸਮਾਜ ਵਿਚ ਵਿਹਲੜ, ਨਿਕੰਮੇ, ਨਸ਼ੇੜੀ ਲੋਕ ਭਾਰੂ ਹੋ ਜਾਣ ਤਾਂ ਸਮਾਜ ਦੀਆਂ ਸਿਹਤਮੰਦ ਕਦਰਾਂ-ਕੀਮਤਾਂ ਖੁਰ ਜਾਂਦੀਆਂ ਹਨ ਤੇ ਸਮਾਜ ਬਰਬਾਦੀ ਵਾਲੇ ਪਾਸੇ ਤੁਰ ਪੈਂਦਾ ਹੈ।

ਸ਼ਬਦ ਹਰ ਸ਼ਖਸ ਦੀਆਂ ਭਾਵਨਾਵਾਂ ਅਤੇ ਦ੍ਰਿਸ਼ਟੀਕੋਣ ਨੂੰ ਪ੍ਰਭਾਸ਼ਿਤ ਕਰਦੇ ਹਨ। ਸ਼ਬਦ ਹੀ ਮਨੁੱਖਾਂ ਵਿਚ ਪਿਆਰ ਪੈਦਾ ਕਰਦੇ ਅਤੇ ਸ਼ਬਦ ਹੀ ਇਕ ਦੂਜੇ ਤੋਂ ਦੂਰ ਕਰਦੇ ਹਨ। ਸਾਡੇ ਪਰਿਵਾਰਾਂ ਵਿਚ ਬਹੁਤ ਸਾਰੇ ਗੁੱਸੇ, ਨਾਰਾਜ਼ਗੀਆਂ ਆਮ ਤੌਰ 'ਤੇ ਗਲਤ ਸ਼ਬਦਾਵਲੀ ਕਰਕੇ ਹੁੰਦੀਆਂ ਹਨ। ਪੰਜਾਬੀ ਭਾਈਚਾਰੇ ਵਿਚ ਕਈ ਅਜਿਹੇ ਸੱਜਣ ਮੌਜੂਦ ਹਨ, ਜੋ ਗੱਲਾਂਬਾਤਾਂ ਦੌਰਾਨ ਮਾਂਵਾਂ-ਭੈਣਾਂ ਬਾਰੇ ਮੰਦਾ ਬੋਲੀ ਜਾਂਦੇ ਹਨ। ਉਹ ਆਪਣੇ ਪਰਿਵਾਰ ਵਿਚ ਬੈਠੇ ਜਾਂ ਕਿਸੇ ਜਨਤਕ ਥਾਂ 'ਤੇ ਬੈਠੇ ਵੀ ਇਹ ਸਭ ਕਰਦਿਆਂ ਸ਼ਰਮ ਨਹੀਂ ਮੰਨਦੇ। ਇਹ ਵਿਹਾਰਕ ਸਮਝਦਾਰੀ ਦੀ ਅਣਹੋਂਦ ਕਰਕੇ ਹੈ। ਬੰਦੇ ਨੂੰ ਸਮਾਜ ਵਿਚ ਵਿਚਰਦਿਆਂ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਕੀ ਕਹਿਣਾ ਹੈ ਤੇ ਕੀ ਬਿਲਕੁਲ ਨਹੀਂ ਕਹਿਣਾ।





ਇਕ ਸੁਚੱਜੀ ਸ਼ਖਸੀਅਤ ਸਮਾਜ ਜਾਂ ਪਰਿਵਾਰ ਵਿਚ ਵਿਚਾਰਾਂ ਦੇ ਵਖਰੇਵਿਆਂ ਜਾਂ ਝਗੜਿਆਂ ਦੌਰਾਨ ਝਗੜਾ ਜਿੱਤਣ ਨਾਲੋਂ ਰਿਸ਼ਤਾ ਬਚਾਉਣ ਨੂੰ ਪਹਿਲ ਦਿੰਦੀ ਹੈ, ਜਦਕਿ ਕੁਚੱਜੀ ਸ਼ਖਸੀਅਤ ਝਗੜਾ ਜਿੱਤਣ ਦੀ ਖਾਹਿਸ਼ ਅੰਦਰ ਰਿਸ਼ਤਾ ਤੋੜ ਬੈਠਦੀ ਹੈ। ਸਿਆਣਾ ਬੰਦਾ ਚੁੱਪ ਰਹਿ ਕੇ ਜਾਂ ਹਾਰ ਮੰਨ ਕੇ ਰਿਸ਼ਤਾ ਬਚਾ ਲੈਂਦਾ ਹੈ, ਜਦਕਿ ਮੂਰਖ ਝਗੜਾ ਕਰਕੇ ਰਿਸ਼ਤੇ ਦੀ ਬਲੀ ਦੇ ਬੈਠਦਾ ਹੈ।

ਸਮਾਜ 'ਚ ਇਕ ਦੂਜੇ ਦੀ ਆਲੋਚਨਾ ਕਰਨ ਦਾ ਰੁਝਾਨ ਤਾਂ ਹੁੰਦਾ ਹੀ ਹੈ; ਸਿਆਣਾ ਆਲੋਚਕ ਪਿੱਠ ਪਿੱਛੇ ਆਲੋਚਨਾ ਨਹੀਂ ਕਰਦਾ। ਬਹੁਤ ਵਾਰ ਪਿੱਠ ਪਿੱਛੇ ਕੀਤੀ ਆਲੋਚਨਾ ਜਾਂ ਗਲਤ ਢੰਗ ਨਾਲ ਕੀਤੀ ਆਲੋਚਨਾ ਅਸਲ ਵਿਚ ਲੁਕੀ ਹੋਈ ਸਿਫਤ ਹੁੰਦੀ ਹੈ, ਜੋ ਅਗਿਆਨ, ਗੁੱਸੇ, ਨਫਰਤ, ਸਾੜੇ ਜਾਂ ਸ਼ਰੀਕੇਬਾਜ਼ੀ ਵਿਚੋਂ ਨਿਕਲਦੀ ਹੈ। ਆਲੋਚਨਾ ਸਬੰਧਤ ਸ਼ਖਸ ਨੂੰ ਦਰੁਸਤ ਕਰਨ ਲਈ ਕਰਨੀ ਚਾਹੀਦੀ ਹੈ, ਅਪਮਾਨ ਕਰਨ ਲਈ ਨਹੀਂ। ਸੁਚੱਜੀ ਸੋਚ ਵਾਲਾ ਸ਼ਖਸ ਕਿਸੇ ਨੂੰ ਜ਼ਲੀਲ ਕਰਨ ਜਾਂ ਨੀਵਾਂ ਦਿਖਾਉਣ ਦਾ ਯਤਨ ਨਹੀਂ ਕਰਦਾ। ਆਲੋਚਨਾ ਸਬੰਧਤ ਸ਼ਖਸ ਨਾਲ ਇਕੱਲਿਆਂ ਬੈਠ ਕੇ ਕਰਨੀ ਚਾਹੀਦੀ ਹੈ, ਉਹ ਵੀ ਉਦੋਂ ਜਦੋਂ ਦੋਵੇਂ ਸ਼ਾਂਤ-ਚਿਤ ਹੋਣ।

ਆਲੋਚਨਾ ਸ਼ੁਰੂ ਕਰਨ ਤੋਂ ਪਹਿਲਾਂ ਸਬੰਧਤ ਸ਼ਖਸ ਦੇ ਚੰਗੇ ਗੁਣਾਂ ਦੀ ਸਿਫਤ ਕਰਨੀ ਚਾਹੀਦੀ ਹੈ ਤੇ ਉਸ ਸ਼ਖਸ ਦਾ ਪੱਖ ਵੀ ਪੂਰੇ ਧਿਆਨ ਨਾਲ ਸੁਣਨਾ ਚਾਹੀਦਾ ਹੈ। ਆਲੋਚਨਾ ਵਿਚ ਕੋਈ ਧਮਕੀ ਭਰੀ ਸ਼ਬਦਾਵਲੀ ਨਹੀਂ ਹੋਣੀ ਚਾਹੀਦੀ ਅਤੇ ਆਲੋਚਕ ਨੂੰ ਆਪਣੀਆਂ ਸਿਫਤਾਂ ਨਹੀਂ ਕਰਨੀਆਂ ਚਾਹੀਦੀਆਂ। ਆਲੋਚਨਾ ਅਧੀਨ ਸ਼ਖਸ ਜੇ ਆਲੋਚਨਾ ਨੂੰ ਸਵੀਕਾਰਦਾ ਹੈ ਤਾਂ ਠੀਕ ਹੈ, ਜੇ ਨਹੀਂ ਸਵੀਕਾਰਦਾ ਤਾਂ ਵੀ ਸੁਖਾਵੇਂ ਮਾਹੌਲ ਵਿਚ ਗੱਲ ਸਮਾਪਤ ਕਰਨੀ ਚਾਹੀਦੀ ਹੈ ਅਤੇ ਉਸ ਸ਼ਖਸ ਵਿਰੁਧ ਮੰਦਭਾਵਨਾ ਨਹੀਂ ਰੱਖਣੀ ਚਾਹੀਦੀ। ਗਲਤ ਢੰਗ ਨਾਲ ਆਲੋਚਨਾ ਕਰਨ ਵਾਲੇ ਮਨੁੱਖ ਦੇ ਆਪਣੇ ਉਪਰ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਸੁਚੱਜੀ ਸ਼ਖਸੀਅਤ ਆਲੋਚਨਾ ਦੀ ਇਹੀ ਵਿਧੀ ਅਪਨਾਉਂਦੀ ਹੈ।

ਸੁਚੱਜਾ ਇਨਸਾਨ ਬਣਨ ਲਈ ਸ਼ਿਕਾਇਤ ਕਰਨ ਦਾ ਰੁਝਾਨ ਖਤਮ ਕਰਨਾ ਚਾਹੀਦਾ ਹੈ। ਘਰ ਵਿਚ ਪਤੀ-ਪਤਨੀ, ਮਾਤਾ-ਪਿਤਾ, ਭੈਣ-ਭਰਾ ਜਾਂ ਹੋਰ ਜੀਆਂ ਦੀ ਨਿੱਕੀ-ਨਿੱਕੀ ਗੱਲ 'ਤੇ ਟੋਕਾ-ਟਾਕੀ ਨਹੀਂ ਕਰਨੀ ਚਾਹੀਦੀ। ਜੇ ਕੋਈ ਮੁਲਾਜ਼ਮ ਹੈ ਤਾਂ ਆਪਣੇ ਅਦਾਰੇ ਵਿਚ ਦੂਜੇ ਮੁਲਾਜ਼ਮਾਂ ਨਾਲ ਉਲਝ ਕੇ ਅਫਸਰ ਪਾਸ ਸ਼ਿਕਾਇਤਾਂ ਨਹੀਂ ਕਰਨੀਆਂ ਚਾਹੀਦੀਆਂ। ਜੇ ਪਰਿਵਾਰਕ ਮੈਂਬਰ, ਦਫਤਰ ਦੇ ਸਾਥੀ ਮੁਲਾਜ਼ਮ ਜਾਂ ਅਧਿਕਾਰੀ ਨਾਲ ਕੋਈ ਸ਼ਿਕਾਇਤ ਹੋਵੇ ਤਾਂ ਉਨ੍ਹਾਂ ਨਾਲ ਬੈਠ ਕੇ ਨਿਮਰਤਾ ਸਹਿਤ ਸੁਥਰੀ ਭਾਸ਼ਾ ਵਿਚ ਬਾਦਲੀਲ ਅਤੇ ਤੱਥਾਂ ਦੇ ਆਧਾਰ 'ਤੇ ਗੱਲ ਕਰਨੀ ਚਾਹੀਦੀ ਹੈ। ਆਪਸ ਵਿਚ ਕੀਤੀ ਗੱਲਬਾਤ ਸਾਰਿਆਂ ਦੀ ਸ਼ਖਸੀਅਤ ਦਾ ਮਾਪਦੰਡ ਵੀ ਹੁੰਦੀ ਹੈ।

ਸਮਾਜ ਵਿਚ ਵੱਖ-ਵੱਖ ਧਰਮਾਂ, ਜਾਤਾਂ, ਬੋਲੀਆਂ ਅਤੇ ਸੁਭਾਅ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਦੀਆਂ ਆਪੋ-ਆਪਣੀਆਂ ਦਿਲਚਸਪੀਆਂ ਅਤੇ ਤਰਜੀਹਾਂ ਹਨ। ਇਨ੍ਹਾਂ ਲੋਕਾਂ ਅਤੇ ਆਂਢ-ਗੁਆਂਢ ਵਿਚ ਚੰਗੇ ਮਨੁੱਖ ਦੇ ਤੌਰ 'ਤੇ ਵਿਚਰਨਾ ਚਾਹੀਦਾ ਹੈ ਅਤੇ ਧਰਮ, ਜਾਤਾਂ ਆਦਿ ਮੁੱਦਿਆਂ 'ਤੇ ਉਲਝਣਾ ਨਹੀਂ ਚਾਹੀਦਾ। ਇਸ ਤਰ੍ਹਾਂ ਮਨੁੱਖ ਨੂੰ ਸੁਚੱਜੀ ਸ਼ਖਸੀਅਤ ਦੇ ਤੌਰ 'ਤੇ ਮਾਨਤਾ ਮਿਲੇਗੀ; ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਅਤੇ ਗੁਆਂਢੀਆਂ ਵਿਚ ਪੂਰਨ ਸਤਿਕਾਰ ਮਿਲੇਗਾ।

ਮੱਥੇ 'ਤੇ ਤਿਊੜੀਆਂ ਪਾਉਣ ਨਾਲੋਂ ਮੁਸਕਰਾਉਣਾ ਆਸਾਨ ਹੁੰਦਾ ਹੈ। ਬਾਹਰੋਂ ਕੰਮ ਤੋਂ ਆਏ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਨੂੰ ਘਰ ਵੜਦਿਆਂ ਹੀ ਮੁਸਕਰਾਉਂਦਿਆਂ ਮਿਲਣਾ ਚਾਹੀਦਾ ਹੈ। ਮੱਥੇ 'ਤੇ ਤਿਊੜੀਆਂ ਰੱਖਣ ਵਾਲੇ ਦੇ ਘਰ ਕੋਈ ਆਉਣਾ ਨਹੀਂ ਚਾਹੁੰਦਾ ਅਤੇ ਹਰ ਵਕਤ ਸੜੇ-ਬਲੇ ਰਹਿੰਦੇ ਬੰਦੇ ਕੋਲ ਕੋਈ ਬੈਠਣਾ ਵੀ ਪਸੰਦ ਨਹੀਂ ਕਰਦਾ। ਡਾ. ਨਾਰਮੈਨ ਅਨੁਸਾਰ ਖੁਸ਼ਮਿਜ਼ਾਜ ਰਹਿਣ ਲਈ ਕਈ ਬਿਮਾਰੀਆਂ ਆਪ ਹੀ ਠੀਕ ਹੋ ਜਾਂਦੀਆਂ ਹਨ।

ਚੰਗੀ ਸ਼ਖਸੀਅਤ ਦੀ ਉਸਾਰੀ ਲਈ ਦੂਜੇ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਣਾ ਚਾਹੀਦਾ। ਧਰਮ ਹਰ ਇਕ ਦਾ ਨਿੱਜੀ ਮਾਮਲਾ ਹੈ। ਧਰਮਾਂ, ਜਾਤਾਂ ਜਾਂ ਬੋਲੀਆਂ ਅਤੇ ਇਲਾਕਿਆਂ ਦੇ ਨਾਂ 'ਤੇ ਜ਼ਹਿਰੀਲਾ ਪ੍ਰਚਾਰ ਕਰਨ ਵਾਲੇ ਲੋਕ ਮਨੁੱਖਤਾ ਦੇ ਦੁਸ਼ਮਣ ਹੋ ਨਿਬੜਦੇ ਹਨ। ਚੰਗਾ ਮਨੁੱਖ ਹੋਣਾ ਸਭ ਤੋਂ ਉਤਮ ਧਰਮ ਹੈ। ਚੰਗਾ ਮਨੁੱਖ ਅਤੇ ਚੰਗਾ ਵਿਹਾਰ ਹੋਣਾ ਸਭ ਤੋਂ ਉਤਮ ਧਰਮ ਹੈ। ਚੰਗਾ ਮਨੁੱਖ ਅਤੇ ਚੰਗਾ ਵਿਹਾਰ ਚੰਗੇ ਦੋਸਤ ਤੇ ਚੰਗੇ ਰਿਸ਼ਤੇਦਾਰ ਦਿੰਦਾ ਹੈ। ਦੋਸਤੀ ਨਿਭਾਉਣ ਲਈ ਕੁਰਬਾਨੀ, ਵਫਾਦਾਰੀ ਤੇ ਤਿਆਗ ਦੀ ਲੋੜ ਹੁੰਦੀ ਹੈ। ਚੰਗੀ ਸ਼ਖਸੀਅਤ ਦੀ ਉਸਾਰੀ ਲਈ ਇਹ ਗੁਣ ਗ੍ਰਹਿਣ ਕਰਨ ਦੀ ਲੋੜ ਹੈ।

ਵਧੀਆ ਮਨੁੱਖ ਬਣਨ ਲਈ ਪਹਿਲਾਂ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਦੂਜਿਆਂ ਦੀ ਇੱਜਤ ਕਰਨੀ ਸਿੱਖੇ। ਲੋਕ ਉਸ ਦੀ ਇੱਜਤ ਤਾਂ ਹੀ ਕਰਨਗੇ ਪਰ ਇਹ ਸਿੱਖਿਆ ਗ੍ਰਹਿਣ ਕਰਨ ਲਈ ਆਪਣੇ ਅੰਦਰੋਂ ਹੰਕਾਰ, ਫੂੰ-ਫਾਂ ਅਤੇ ਬੇਲੋੜੀ ਆਕੜ ਛੱਡ ਕੇ ਆਪਣੀ ਮਾਨਸਿਕਤਾ ਲੋਕਾਂ, ਭਾਵ ਜ਼ਮੀਨੀ ਪੱਧਰ 'ਤੇ ਰੱਖਣ ਦੀ ਲੋੜ ਹੋਵੇਗੀ।

ਹਾਸਾ ਮਜ਼ਾਕ ਵੀ ਜ਼ਿੰਦਗੀ ਦਾ ਹਿੱਸਾ ਹੈ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਮਾਨਸਿਕ ਤਣਾਅ ਦੂਰ ਕਰਨ ਲਈ ਹਾਸਾ ਮਜ਼ਾਕ ਚੰਗਾ ਹਥਿਆਰ ਹੈ, ਪਰ ਇਸ ਹਥਿਆਰ ਦੀ ਵਰਤੋਂ ਸੁਚੱਜੇ ਢੰਗ ਨਾਲ ਕਰਨੀ ਚਾਹੀਦੀ ਹੈ। ਮਜ਼ਾਕ ਨੀਵੇਂ ਪੱਧਰ ਦਾ ਜਾਂ ਦੂਜੇ ਦਾ ਅਪਮਾਨ ਕਰਨ ਵਾਲਾ ਨਹੀਂ ਹੋਣਾ ਚਾਹੀਦਾ। ਦੂਜਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਮਜ਼ਾਕ, ਮਜ਼ਾਕ ਕਰਨ ਵਾਲੇ ਦੀ ਸ਼ਖਸੀਅਤ ਨੂੰ ਖੰਡਿਤ ਕਰ ਦਿੰਦਾ ਹੈ। ਮਜ਼ਾਕ ਕਰਦਿਆਂ ਗੱਲਬਾਤ ਵਿਚ ਨਿਮਰਤਾ ਅਤੇ ਵਧੀਆ ਸਲੀਕੇ ਦੀ ਝਲਕ ਦਿਸਣੀ ਚਾਹੀਦੀ ਹੈ।

ਚੰਗੀ ਸ਼ਖਸੀਅਤ ਦੀ ਉਸਾਰੀ ਹਿੱਤ ਜਿਥੇ ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਦੀ ਲੋੜ ਹੈ, ਉਥੇ ਮਨੁੱਖ ਅੰਦਰ ਹੱਕ ਅਤੇ ਸੱਚ ਲਈ ਖੜ੍ਹਨ ਦੀ ਵੀ ਜੁਅਰਤ ਹੋਣੀ ਚਾਹੀਦੀ ਹੈ। ਚੰਗੀ ਸ਼ਖਸੀਅਤ ਦਾ ਸਮਾਜ ਵਿਰੋਧੀ ਅਨਸਰਾਂ ਨੂੰ ਭੈਅ ਅਤੇ ਸਮਾਜ ਦੇ ਬੇਕਸੂਰ ਤੇ ਕਮਜ਼ੋਰ ਲੋਕਾਂ ਨੂੰ ਆਸਰਾ ਵੀ ਹੋਣਾ ਚਾਹੀਦਾ ਹੈ। ਅਣਖ ਨਾਲ ਜਿਉਣਾ, ਹੱਕਾਂ ਦੀ ਸੋਝੀ ਅਤੇ ਫਰਜ਼ਾਂ ਪ੍ਰਤੀ ਵਫਾਦਾਰੀ ਦਾ ਗਿਆਨ ਹੋਣਾ ਜ਼ਰੂਰੀ ਹੈ। ਸਮਾਜ ਵਿਚ ਇਕ ਜਮਾਤ ਲੋਕਾਂ ਨੂੰ ਲੁੱਟਣ, ਬੇਇਨਸਾਫੀਆਂ ਤੇ ਧੱਕੇਸ਼ਾਹੀਆਂ ਕਰਨ ਵਾਲੀ ਹੈ, ਜਿਸ ਦੀ ਸਿਆਸੀ ਨੇਤਾਵਾਂ ਅਤੇ ਭ੍ਰਿਸ਼ਟ ਅਫਸਰਸ਼ਾਹੀ ਨਾਲ ਗੰਢ-ਤੁਪ ਹੈ। ਦੂਸਰੀ ਜਮਾਤ ਮਿਹਨਤੀ ਲੋਕਾਂ, ਲੁੱਟੇ ਜਾਣ ਵਾਲਿਆਂ ਅਤੇ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੀ ਹੈ। ਸੁਚੱਜੀ ਸ਼ਖਸੀਅਤ ਵਾਲੇ ਮਨੁੱਖ ਨੂੰ ਮਿਹਨਤੀ ਲੋਕਾਂ ਦੇ ਹੱਕ ਵਿਚ ਖਲੋ ਕੇ ਬੇਇਨਸਾਫੀ ਅਤੇ ਹੱਕਾਂ ਲਈ ਲੜਾਕੂ ਗੁਣ ਵੀ ਰੱਖਣ ਦੀ ਲੋੜ ਹੈ।

ਅੱਜ ਦੁਨੀਆਂ ਪੱਧਰ 'ਤੇ ਨਸ਼ਿਆਂ ਦਾ ਰੁਝਾਨ ਚਰਚਾ ਦਾ ਵਿਸ਼ਾ ਹੈ। ਇਹ ਰੁਝਾਨ ਗੁੰਡਾਗਰਦੀ, ਗੈਂਗਵਾਰ, ਕਤਲ ਅਤੇ ਲੁੱਟ-ਖੋਹ ਨੂੰ ਵੀ ਜਨਮ ਦੇ ਰਿਹਾ ਹੈ। ਕਈ ਥਾਂਵਾਂ 'ਤੇ ਇੰਜ ਲਗਦਾ ਹੈ ਕਿ ਸਰਕਾਰੀ ਮਸ਼ੀਨਰੀ ਹੁਣ ਇਨ੍ਹਾਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਨੂੰ ਰੋਕਣ ਤੋਂ ਅਸਮਰਥ ਹੈ। ਮੇਰੇ ਵਿਚਾਰ ਮੁਤਾਬਕ ਕੁਝ ਕੁ ਫੀਸਦੀ ਨੂੰ ਛੱਡ ਕੇ ਇਹ ਰੁਝਾਨ ਘਰ ਤੋਂ ਹੀ ਸ਼ੁਰੂ ਹੁੰਦਾ ਹੈ। ਘਰ ਵਿਚ ਸ਼ਰਾਬ ਪੀਣੀ ਜਾਂ ਬਾਹਰੋਂ ਪੀ ਕੇ ਆਉਣਾ ਜਾਂ ਕੋਈ ਹੋਰ ਨਸ਼ਾ ਕਰਨਾ ਬੱਚਿਆਂ 'ਤੇ ਮਾਰੂ ਅਸਰ ਪਾਉਂਦਾ ਹੈ। ਬੱਚੇ ਜਿਉਂ-ਜਿਉਂ ਵੱਡੇ ਹੁੰਦੇ ਹਨ, ਉਨ੍ਹਾਂ ਨੂੰ ਨਸ਼ਿਆਂ ਦੀ ਜਾਗ ਘਰੋਂ ਹੀ ਲੱਗਣ ਲਗਦੀ ਹੈ। ਆਪ ਨਸ਼ਾ ਕਰਨ ਵਾਲਾ ਬਾਪ ਬੱਚਿਆਂ ਨੂੰ ਰੋਕ ਨਹੀਂ ਸਕਦਾ। ਕੁਝ ਬੱਚੇ ਘਰ ਵਿਚ ਨਸ਼ੇ ਦੇਖ ਕੇ ਇਸ ਦਾ ਸੁਆਦ ਆਪਣੇ ਦੋਸਤਾਂ ਕੋਲੋਂ ਚੱਖਦੇ ਹਨ ਤੇ ਫਿਰ ਇਸ ਦੇ ਆਦੀ ਹੋ ਜਾਂਦੇ ਹਨ।

ਮਨੁੱਖ ਨੇ ਜੇ ਵਧੀਆ ਇਨਸਾਨ ਬਣਨਾ ਹੈ ਤਾਂ ਉਸ ਨੂੰ ਨਸ਼ੇ ਘਰੋਂ ਬਾਹਰ ਕੱਢ ਦੇਣੇ ਚਾਹੀਦੇ ਹਨ ਅਤੇ ਬੱਚਿਆਂ ਨੂੰ ਚੰਗੇ ਸੰਸਕਾਰ ਦੇ ਕੇ ਵਧੀਆ ਨਾਗਰਿਕ ਬਣਾਉਣਾ ਚਾਹੀਦਾ ਹੈ। ਨਸ਼ੇ ਤੋਂ ਬਿਨਾ ਨੀਂਦ ਨਹੀਂ ਆਉਂਦੀ, ਥਕਾਵਟ ਨਹੀਂ ਲੱਥਦੀ, ਮਾਨਸਿਕ ਤਣਾਅ ਨਹੀਂ ਹਟਦਾ, ਦੋਸਤ ਜਾਂ ਰਿਸ਼ਤੇਦਾਰ ਨਾਰਾਜ਼ ਹੋ ਜਾਣਗੇ-ਇਹ ਸਭ ਫਜ਼ੂਲ ਬਹਾਨੇ ਹਨ। ਨਸ਼ੇ ਨਾਲ ਪੈਸੇ ਅਤੇ ਸਿਹਤ ਦੀ ਬਰਬਾਦੀ, ਪਰਿਵਾਰ ਦੀ ਸ਼ਾਂਤੀ ਭੰਗ ਅਤੇ ਬੱਚਿਆਂ ਦੀ ਬਰਬਾਦੀ, ਸਮਾਜ ਵਿਚ ਕਦਰ ਘਟਾਈ ਅਤੇ ਪੀਤੀ-ਖਾਧੀ ਵਿਚ ਲੜਾਈ ਝਗੜੇ ਦਾ ਖਦਸ਼ਾ ਰਹਿੰਦਾ ਹੈ। ਏਨੇ ਨੁਕਸਾਨ ਬਚਾਉਣ ਲਈ ਜੇ ਕੋਈ ਦੋਸਤ ਜਾਂ ਰਿਸ਼ਤੇਦਾਰ ਰੁੱਸਦਾ ਹੈ ਤਾਂ ਰੁੱਸ ਲੈਣ ਦੇਣਾ ਚਾਹੀਦਾ ਹੈ। ਕੁਝ ਸਮੇਂ ਬਾਅਦ ਉਹ ਮੰਨ ਵੀ ਜਾਵੇਗਾ, ਬੱਸ ਆਪਣਾ ਮਨ ਪੱਕਾ ਰੱਖਣ ਦੀ ਲੋੜ ਹੈ।

ਸਮੇਂ ਦੀ ਕਦਰ ਅਤੇ ਸਖਤ ਮਿਹਨਤ ਕਰਨੀ ਬਹੁਤ ਜ਼ਰੂਰੀ ਹੈ। ਸਮਾਂ ਲੋਕਾਂ ਦਾ ਸਾਥ ਵੀ ਅਤੇ ਲੋਕਾਂ ਦੀ ਔਕਾਤ ਵੀ ਦਿਖਾ ਦਿੰਦਾ ਹੈ, ਪਰ ਲੋਕਾਂ ਤੋਂ ਵੀ ਪਹਿਲਾਂ ਆਪਣੇ ਆਪ ਨੂੰ ਪਛਾਣਨ ਦੀ ਲੋੜ ਹੈ। ਮਨੁੱਖ ਸਭ ਤੋਂ ਵੱਧ ਆਪਣੇ ਆਪ ਨੂੰ ਜਾਣਦਾ ਹੈ, ਜਿਸ ਕਰਕੇ ਉਸ ਦੇ ਜੀਵਨ ਦੀ ਗੱਡੀ ਆਪਣੇ ਆਪ ਅਨੁਸਾਰ ਤੋਰਨੀ ਚਾਹੀਦੀ ਹੈ। ਚੰਗੀ ਸ਼ਖਸੀਅਤ ਦੀ ਉਸਾਰੀ ਲਈ ਲੋਕਾਂ ਦੀ ਭੀੜ ਪਿੱਛੇ ਨਹੀਂ ਚਲਣਾ ਚਾਹੀਦਾ, ਕਿਉਂਕਿ ਭੀੜਾਂ ਕਦੇ ਵੀ ਸਿਆਣੀਆਂ ਨਹੀਂ ਹੁੰਦੀਆਂ। ਹੋਣ ਥੋੜ੍ਹੇ ਪਰ ਹੋਣ ਚੰਗੇ। ਚੰਗੇ ਲੋਕਾਂ ਦੀ ਸੰਗਤ ਕਰਨੀ ਚਾਹੀਦੀ ਹੈ। ਚੰਗੇ ਲੋਕਾਂ ਦੀਆਂ ਭੀੜਾਂ ਨਹੀਂ ਹੁੰਦੀਆਂ। ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਫਾਇਦੇਮੰਦ ਮੰਜ਼ਿਲ ਤਕ ਪੁੱਜਣ ਲਈ ਰਸਤੇ ਕਠਿਨ ਹੀ ਹੁੰਦੇ ਹਨ, ਪਰ ਸਖਤ ਮਿਹਨਤ ਨਾਲ ਮੰਜ਼ਿਲ ਤੱਕ ਪੁੱਜਿਆ ਜਾ ਸਕਦਾ ਹੈ।

ਕਈ ਲੋਕ ਘਰ ਵਿਚ ਸਭ ਕੁਝ ਹੋਣ ਦੇ ਬਾਵਜੂਦ ਖੁਸ਼ ਨਹੀਂ ਹਨ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਕੁਝ ਖਾਲੀ ਜ਼ਰੂਰ ਹੈ, ਜਿਸ ਬਾਰੇ ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਚੰਗੀ ਸ਼ਖਸੀਅਤ ਦੀ ਉਸਾਰੀ ਲਈ ਮਨੁੱਖ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਅਤੇ ਲੋਕਾਂ ਵਲ ਵੇਖ ਕੇ ਆਪਣੀਆਂ ਇੱਛਾਵਾਂ ਵਧਾ ਕੇ ਪ੍ਰੇਸ਼ਾਨੀ ਨਹੀਂ ਸਹੇੜਨੀ ਚਾਹੀਦੀ। ਸਮਾਜ ਵਿਚ ਰਹਿੰਦਿਆਂ ਗਲਤ ਨੂੰ ਗਲਤ ਅਤੇ ਠੀਕ ਨੂੰ ਠੀਕ ਕਹਿਣ ਦੀ ਹਿੰਮਤ ਰੱਖਣੀ ਚਾਹੀਦੀ ਹੈ ਅਤੇ ਉਸ ਸਿਖਿਆ ਤੋਂ ਦੂਰ ਰਹਿਣਾ ਚਾਹੀਦਾ ਹੈ, ਜੋ ਮਨੁੱਖ ਨੂੰ ਇਨਸਾਨੀਅਤ ਅਤੇ ਉਚ ਇਖਲਾਕੀ ਕਦਰਾਂ-ਕੀਮਤਾਂ ਨਹੀਂ ਸਿਖਾਉਂਦੀ। ਆਉ, ਆਪਾਂ ਸਾਰੇ ਚੰਗੀ ਸ਼ਖਸੀਅਤ ਦੇ ਗੁਣ ਧਾਰਨ ਕਰੀਏ।

**Cook Wanted**

**ਭਾਰਤੀ ਰੈਸਟੋਰੈਂਟ ਲਈ ਕੁੱਕ ਦੀ ਲੋੜ ਹੈ**

**Wanted Cook for Indian restaurant. My Taste of India 7800 Linglestown Road, Harrisburg PA.17112**

**Cell: JD, Ph: 347-536-1516**

39

ਪੰਜਾਬ ਟਾਈਮਜ਼

*ਸਨਿਚਰਵਾਰ, 5 ਅਕਤੂਬਰ 2019*

# ਪੰਜਾਬ ਦੀ ਹੋਣੀ

ਪੰਜਾਬ ਚਿਰਾਂ ਤੋਂ, ਖਾਸ ਕਰਕੇ 2014 ਵਾਲੀਆਂ ਲੋਕ ਸਭਾ ਚੋਣਾਂ ਦੇ ਵੇਲੇ ਤੋਂ ਤੀਜੇ ਮੋਰਚੇ ਦੀ ਭਾਲ ਵਿਚ ਹੈ। ਉਸ ਵਕਤ ਪੰਜਾਬ ਵਾਸੀਆਂ ਨੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀਆਂ ਨੂੰ ਪਿਛਾਂਹ ਧੱਕ ਕੇ ਆਮ ਆਦਮੀ ਪਾਰਟੀ ਵਰਗੀ ਬਿਲਕੁੱਲ ਨਵੀਂ ਸਿਆਸੀ ਧਿਰ ਨੂੰ ਹੁਲਾਰਾ ਦਿੱਤਾ, ਪਰ ਇਹ ਪਾਰਟੀ ਆਵਾਮ ਦੀਆਂ ਆਸਾਂ 'ਤੇ ਪੂਰੀ ਨਹੀਂ ਉਤਰ ਸਕੀ। ਸਿੱਟੇ ਵਜੋਂ ਪਹਿਲਾਂ 2017 ਵਿਚ ਵਿਧਾਨ ਸਭਾ ਚੋਣਾਂ ਵੇਲੇ ਅਤੇ ਹੁਣ 2019 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਦਾ ਪਹਿਲਾਂ ਵਾਲਾ ਠੁੱਕ ਨਹੀਂ ਬੱਝ ਸਕਿਆ। ਇਸ ਵਕਤ ਸ਼੍ਰੋਮਣੀ ਅਕਾਲੀ ਦਲ ਦਾ ਗਰਾਫ ਨਿਵਾਣ ਵੱਲ ਜਾ ਰਿਹਾ ਹੈ ਅਤੇ ਕਾਂਗਰਸ ਦਾ ਹਾਲ ਵੀ ਕੋਈ ਬਹੁਤਾ ਚੰਗਾ ਨਹੀਂ। ਕਾਂਗਰਸ ਦੀ ਢਾਈ ਸਾਲਾਂ ਦੀ ਸਰਕਾਰ ਦੇ ਪੱਲੇ ਅਜੇ ਤਾਈਂ ਸਿਰਫ ਉਲਾਂਭੇ ਹੀ ਪਏ ਹਨ। ਇਹ ਸਰਕਾਰ ਅਜੇ ਤੱਕ ਇਸੇ ਕਰਕੇ ਠੀਕ-ਠਾਕ ਚੱਲੀ ਜਾਂਦੀ ਹੈ ਕਿਉਂਕਿ ਵਿਰੋਧੀ ਧਿਰ ਨਿਸੱਤੀ ਹੋਈ ਪਈ ਹੈ। ਇਸ ਸੂਰਤ ਵਿਚ ਕੀ ਕੇਂਦਰ ਵਿਚ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦਾ ਸਿਆਸੀ ਖਲਾਅ ਭਰ ਸਕਦੀ ਹੈ? ਇਹ ਸਵਾਲ ਬਹੁਤ ਗੰਭੀਰਤਾ ਨਾਲ ਵਿਚਾਰਨ ਵਾਲਾ ਹੈ। ਜਾਪਦਾ ਇੰਜ ਹੈ, ਜਿਵੇਂ ਪੰਜਾਬ ਅੱਜ ਸਿਆਸਤ ਦੇ ਇਸ ਮੋੜ 'ਤੇ ਆਣ ਖੜ੍ਹਾ ਹੋਇਆ ਹੈ ਅਤੇ 2022 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਤੇ ਬਹੁਤ ਕੁਝ ਨਿਰਭਰ ਕਰੇਗਾ।

ਭਾਜਪਾ ਦੀਆਂ ਹਾਲੀਆ ਸਰਗਰਮੀਆਂ ਉਤੇ ਉਡਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਸਿਆਸਤ ਦਾ ਪਹੀਆ ਇਸੇ ਪਾਸੇ ਘੁੰਮ ਰਿਹਾ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਅਕਾਲੀ ਦਲ ਦਾ ਹਰਿਆਣਾ ਤੋਂ ਇਕਲੌਤਾ ਵਿਧਾਇਕ ਹੁਣ ਭਾਜਪਾ ਵਿਚ ਸ਼ਾਮਿਲ ਹੋ ਕੇ ਚੋਣ ਮੈਦਾਨ ਵਿਚ ਹੈ। ਅਕਾਲੀ ਲੀਡਰਸ਼ਿਪ ਦੇ ਇਤਰਾਜ਼ ਦਾ ਪਾਰਟੀ ਉਤੇ ਕੋਈ ਅਸਰ ਨਹੀਂ ਪਿਆ ਹੈ, ਸਗੋਂ ਇਸ ਨੇ ਤਾਂ ਅਕਾਲੀ ਦਲ ਨੂੰ ਸੀਟਾਂ ਵੰਡਣ ਦੇ ਮਾਮਲੇ 'ਤੇ ਧੱਕਾ ਦੇ ਕੇ ਪਰ੍ਹਾਂ ਵਗ੍ਹਾ ਮਾਰਿਆ ਹੈ। ਪੰਜਾਬ ਦੇ ਭਾਜਪਾ ਦੇ ਲੀਡਰ ਪਹਿਲਾਂ ਹੀ ਬਿਆਨ-ਦਰ-ਬਿਆਨ ਦਾਗ ਰਹੇ ਹਨ ਕਿ ਅਗਲੀਆਂ ਪੰਜਾਬ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਸਭ ਤੋਂ ਵੱਡੀ ਧਿਰ ਬਣ ਕੇ ਉਭਰੇਗੀ। ਪਾਰਟੀ ਦਾ ਇਕ ਹਿੱਸਾ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਕਰਕੇ ਸਿਆਸੀ ਪਿੜ ਵਿਚ ਇਕੱਲਿਆਂ ਨਿਤਰਨ ਬਾਰੇ ਪਹਿਲਾਂ ਵੀ ਜ਼ੋਰ ਮਾਰਦਾ ਰਿਹਾ ਹੈ। ਇਹ ਕਨਸੋਅ ਪੰਜਾਬ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਆਈ ਸੀ। ਐਤਕੀਂ ਲੋਕ ਸਭਾ ਚੋਣਾਂ ਦੌਰਾਨ ਇਸ ਪਾਰਟੀ ਨੂੰ ਦੇਸ਼ ਭਰ ਵਿਚ ਜਿਸ ਤਰ੍ਹਾਂ ਦਾ ਹੁੰਗਾਰਾ ਮਿਲਿਆ ਹੈ, ਉਸ ਤੋਂ ਬਾਅਦ ਪੰਜਾਬ ਇਕਾਈ ਦਾ ਇਹ ਹਿੱਸਾ ਇਕ ਵਾਰ ਫਿਰ ਸਰਗਰਮ ਹੋ ਗਿਆ ਹੈ। ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੀ ਹੁਣ ਅਕਾਲੀ ਦਲ ਨੂੰ ਛੱਡ ਕੇ ਪੰਜਾਬ ਵਿਚ ਆਪਣਾ ਪਸਾਰ ਕਰਨ ਬਾਰੇ ਤਿਆਰੀਆਂ ਵਿਚ ਜੁਟੀ ਹੋਈ ਹੈ।

ਸਿਆਸੀ ਮਾਹਿਰ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਦਿੱਤੀਆਂ ਕਥਿਤ ਛੋਟਾਂ ਨੂੰ ਇਸੇ ਚੋਣ ਸਿਆਸਤ ਨਾਲ ਜੋੜ ਕੇ ਦੇਖ ਰਹੇ ਹਨ। ਪਿੱਛੇ ਜਿਹੇ ਇਸ ਨੇ ਪਰਵਾਸੀ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦਾ ਐਲਾਨ ਕੀਤਾ ਹੈ ਹਾਲਾਂਕਿ ਇਸ ਸੂਚੀ ਵਿਚ ਕੌਣ-ਕੌਣ ਸ਼ਾਮਲ ਹੈ, ਬਾਰੇ ਖੁਲਾਸਾ ਨਹੀਂ ਕੀਤਾ ਗਿਆ। ਉਂਜ, ਪਹਿਲਾਂ ਵੀ ਇਕ ਤੋਂ ਵੱਧ ਵਾਰ ਸਿੱਖਾਂ ਦਾ ਨਾਂ ਸੂਚੀ ਵਿਚੋਂ ਕੱਢਣ ਬਾਰੇ ਐਲਾਨ ਹੋ ਚੁਕੇ ਹਨ। ਪਿਛਲੇ ਦਿਨੀਂ ਨੌਂ ਬੰਦੀ ਸਿੱਖਾਂ ਨੂੰ ਰਿਹਾ ਕਰਨ ਦਾ ਐਲਾਨ ਵੀ ਹੋਇਆ, ਹਾਲਾਂਕਿ ਇਸ ਰਿਹਾਈ ਬਾਰੇ ਤੱਥ ਇਹ ਹਨ ਕਿ ਇਨ੍ਹਾਂ ਵਿਚੋਂ ਪੰਜ ਬੰਦੀ ਸਿੱਖ ਪਹਿਲਾਂ ਹੀ ਰਿਹਾ ਹੋ ਚੁਕੇ ਹਨ। ਇਸ ਰਿਹਾਈ ਨੂੰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਨਾਲ ਜੋੜ ਕੇ ਸਿੱਖਾਂ ਦੀ ਹਮਦਰਦੀ ਹਾਸਲ ਕਰਨ ਦਾ ਯਤਨ ਕੀਤਾ ਗਿਆ। ਚੁਰਾਸੀ ਵਾਲੇ ਸਿੱਖ ਕਤਲੇਆਮ ਬਾਰੇ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਕੇ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਭਾਜਪਾ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਚਾਰਾਜੋਈ ਕਰ ਰਹੀ ਹੈ। ਪਾਰਟੀ ਦੀ ਇਹ ਮੁਹਿੰਮ ਅਸਲ ਵਿਚ ਪਹਿਲਾਂ ਹੀ ਪਛਾੜ ਖਾ ਰਹੀ ਕਾਂਗਰਸ ਨੂੰ ਹੋਰ ਸੱਟ ਮਾਰਨ ਲਈ ਸੀ; ਨਹੀਂ ਤਾਂ ਕੌਣ ਨਹੀਂ ਜਾਣਦਾ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਫੌਜ ਭੇਜਣ ਅਤੇ ਉਸ ਤੋਂ ਬਾਅਦ ਪੰਜਾਬ ਨਾਲ ਕੀਤੀ ਤੱਦੀ ਲਈ ਭਾਜਪਾ ਦੀ ਕਾਂਗਰਸ ਨਾਲ ਕਿੰਨੀ ਸਹਿਮਤੀ ਸੀ, ਸਗੋਂ ਇਸ ਦੇ ਲੀਡਰ ਤਾਂ ਅਜਿਹੀ ਕਾਰਵਾਈ ਲਈ ਉਸ ਵਕਤ ਦੀ ਕੇਂਦਰ ਸਰਕਾਰ ਉਤੇ ਵਾਰ-ਵਾਰ ਦਬਾਅ ਪਾ ਰਹੇ ਸਨ।

ਜਾਹਰ ਹੈ ਕਿ ਪੰਜਾਬ ਦੀਆਂ ਅਗਲੀਆਂ, 2022 ਵਾਲੀਆਂ ਵਿਧਾਨ ਸਭਾ ਚੋਣਾਂ ਅਸਾਧਾਰਨ ਹੋਣਗੀਆਂ। ਅੱਜ ਦੀ ਤਰੀਕ ਵਿਚ ਪੰਜਾਬ ਵਿਚ ਸੱਤਾ ਉਤੇ ਕਾਬਜ਼ ਕਾਂਗਰਸ ਸਵਾਲਾਂ ਦੇ ਘੇਰੇ ਵਿਚ ਹੈ। ਇਸ ਦੀ ਲੀਡਰਸ਼ਿਪ ਵਿਚ ਤਬਦੀਲੀ ਦਾ ਮਸਲਾ ਵੀ ਵਾਰ-ਵਾਰ ਹਵਾ 'ਚ ਤੈਰ ਰਿਹਾ ਹੈ। ਇਕ ਗੱਲ ਹੋਰ, ਪੰਜਾਬ ਕਾਂਗਰਸ ਦੇ ਵੱਖ-ਵੱਖ ਧੜੇ ਇਕ-ਦੂਜੇ ਨੂੰ ਠਿੱਬੀ ਲਾਉਣ ਲਈ ਕਿਸੇ ਵੀ ਹੱਦ ਤਕ ਜਾਣ ਲਈ ਤਿਆਰ ਹਨ। ਅਕਾਲੀ ਸਿਆਸਤ ਵਿਚੋਂ ਸਭ ਤੋਂ ਵੱਧ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਦਾ ਪ੍ਰਤਾਪ ਹੁਣ ਖਤਮ ਹੋ ਚੁਕਾ ਹੈ। ਅਕਾਲੀ ਦਲ ਦਾ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਨੂੰ ਦਰਪੇਸ਼ ਚੁਣੌਤੀਆਂ ਦੇ ਹਾਣ ਦਾ ਸਾਬਤ ਨਹੀਂ ਹੋਇਆ ਹੈ। ਸੀਨੀਅਰ ਲੀਡਰ ਉਸ ਦੀ ਪਰਿਵਾਰਵਾਦੀ ਸਿਆਸਤ ਤੋਂ ਪਹਿਲਾਂ ਹੀ ਔਖੇ ਹਨ। ਗੈਰ-ਸਰਗਰਮ ਹੋ ਕੇ ਘਰੇ ਬੈਠੇ ਸੀਨੀਅਰ ਲੀਡਰ ਸੁਖਦੇਵ ਸਿੰਘ ਢੀਂਡਸਾ ਦਾ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਲ ਲਗਾਤਾਰ ਸੰਪਰਕ ਬਣਿਆ ਹੋਇਆ ਹੈ। ਭਾਜਪਾ ਨੇ ਉਸ ਨੂੰ ਪਦਮ ਇਨਾਮ ਦੇ ਕੇ ਇਕ ਤਰ੍ਹਾਂ ਨਾਲ ਪਹਿਲਾਂ ਹੀ ਸ਼ਿੰਗਾਰ ਕੇ ਰੱਖਿਆ ਹੋਇਆ ਹੈ ਅਤੇ ਮਸਲਾ ਹੁਣ ਸ਼ਾਇਦ ਮੌਕੇ ਦਾ ਹੀ ਰਹਿ ਗਿਆ ਹੈ। ਆਮ ਆਦਮੀ ਪਾਰਟੀ ਬਾਰੇ ਰਿਪੋਰਟਾਂ ਵੀ ਬਹੁਤੀਆਂ ਚੰਗੀਆਂ ਨਹੀਂ। ਭਾਜਪਾ ਦੇ ਲੀਡਰ ਚਾਹੁੰਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੀ ਸਿਆਸਤ ਦੇ ਇਸ ਖਲਾਅ ਵਿਚ ਭਰਪੂਰ ਹਾਜ਼ਰੀ ਲੁਆਈ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਜ ਸੌ ਪੰਜਾਹ ਸਾਲਾ ਪੁਰਬ !*

ਪੰਜ ਸੌ ਪੰਜਾਹ ਬਾਬਾ ਪੰਜ ਸੌ ਪੰਜਾਹ, ਚੱਲੇ ਨਹੀਂਓ ਅਸੀਂ ਤੇਰੇ ਦੱਸੇ ਹੋਏ ਰਾਹ।
ਟੇਕਦੇ ਹਾਂ ਮੱਥਾ ਤੇ ਰੁਮਾਲੇ ਵੀ ਚੜ੍ਹਾਏ, ਪਰ ਸਾਨੂੰ ਲੱਗਿਆ ਨਾ ਬਾਣੀ ਵਾਲਾ ਪਾਹ।
ਕਿਰਤ ਵਿਰਤ ਸਾਥੋਂ ਹੋਈ ਨਾ ਧਰਮ ਵਾਲੀ, ਤਾਹੀਂਓਂ ਵੰਡ ਛਕਣੇ ਨੂੰ ਦਿੱਤਾ ਏ ਭੁਲਾ।
ਏਕਾ ਲਾ ਕੇ ਏਕਤਾ ਦਾ ਸਬਕ ਸਿਖਾਇਆ, ਪਾਟੋ-ਧਾੜ ਹੋ ਕੇ ਲਈਆਂ ਵੰਡੀਆਂ ਨੇ ਪਾ।
ਤੀਰ ਅਣਿਆਲੇ ਸੱਚੀ ਬਾਣੀ ਵਾਲੇ ਸਹੇ ਨਾ, ਪੜ੍ਹਨ-ਸੁਣਨ ਦਾ ਹੀ ਥੋੜ੍ਹਾ-ਬਹੁਤਾ ਚਾਅ।
'ਪਵਣ ਗੁਰੂ' ਤੇ 'ਮਾਤਾ ਧਰਤਿ' ਸਲੋਕ ਗਾ ਕੇ, ਕੁਦਰਤ ਨਾਲ ਅਸੀਂ ਲਿਆ ਆਢਾ ਲਾ।

# ਦੁਵੱਲਾ ਕਰਤਾਰਪੁਰ ਲਾਂਘਾ !

*ਭਾਰਤ ਦੀ ਕੇਂਦਰ ਸਰਕਾਰ ਜਿਸ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਕੋਲ ਹੈ, ਦੀ ਪਾਕਿਸਤਾਨ ਬਾਰੇ ਪਹੁੰਚ ਕਿਸੇ ਤੋਂ ਲੁਕੀ ਹੋਈ ਨਹੀਂ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਇਸ ਨੇ ਬਹੁਤ ਚੁਸਤੀ ਨਾਲ ਲੋਕਾਂ ਦਾ ਧਿਆਨ ਆਮ ਮਾਮਲਿਆਂ ਤੋਂ ਭਟਕਾ ਕੇ ਸਿਰਫ ਪਾਕਿਸਤਾਨ ਉਤੇ ਕੇਂਦਰਤ ਕਰ ਦਿੱਤਾ ਸੀ ਅਤੇ ਫਿਰ ਰਾਸ਼ਟਰਵਾਦ ਦੀ ਮੁਹਾਰਨੀ ਪੜ੍ਹ ਕੇ ਤਕੜੀਆਂ ਵੋਟਾਂ ਵੀ ਬਟੋਰ ਲਈਆਂ ਸਨ। ਕੇਂਦਰ ਸਰਕਾਰ ਦੀ ਅਜਿਹੀ ਪਹੁੰਚ ਪੰਜਾਬ ਨੂੰ ਸਦਾ ਹੀ ਮਹਿੰਗੀ ਪਈ ਹੈ। ਪਿਛਲੇ ਕੁਝ ਸਮੇਂ ਤੋਂ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਮੌਕੇ ਦੋਹਾਂ ਪੰਜਾਬ ਦੇ ਨਜ਼ਦੀਕ ਆਉਣ ਲਈ ਰਾਹ ਖੁੱਲ੍ਹਣ ਲੱਗ ਪਏ ਸਨ, ਪਰ ਕੇਂਦਰ ਸਰਕਾਰ ਨੇ ਇਸ ਵਿਚ ਅੜਿੱਕੇ ਪਾਉਣ ਵਿਚ ਕੋਈ ਕਸਰ ਨਹੀਂ ਛੱਡੀ। ਇਸ ਦੇ ਬਾਵਜੂਦ ਕਰਤਾਰਪੁਰ ਲਾਂਘੇ ਦਾ ਕੰਮ-ਕਾਰ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ। ਉਘੇ ਵਿਦਵਾਨ ਅਭੈ ਸਿੰਘ ਨੇ ਆਪਣੇ ਇਸ ਲੇਖ ਵਿਚ ਹਾਲਾਤ ਦਾ ਜਾਇਜ਼ਾ ਲੈਂਦਿਆਂ ਦੋਹਾਂ ਮੁਲਕਾਂ ਵਿਚਾਲੇ ਦੁਵੱਲਾ ਲਾਂਘਾ ਖੋਲ੍ਹਣ 'ਤੇ ਜ਼ੋਰ ਦਿੱਤਾ ਹੈ ਤਾਂ ਜੋ ਦੋਹਾਂ ਪਾਸਿਆਂ ਦੇ ਲੋਕ ਇਕ-ਦੂਜੇ ਨੂੰ ਘੁੱਟ ਗਲਵੱਕੜੀ ਪਾ ਸਕਣ। -ਸੰਪਾਦਕ*



**ਅਭੈ ਸਿੰਘ**
ਫੋਨ: +91-98783-75903

ਪਾਕਿਸਤਾਨ ਵਿਚ ਸਰਹੱਦ ਦੇ ਬਿਲਕੁਲ ਨਜ਼ਦੀਕ ਪੈਂਦੇ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਬਾਰੇ ਕਾਫੀ ਦੇਰ ਤੋਂ ਚਰਚਾ ਚਲਦੀਆਂ ਰਹੀਆਂ ਹਨ। ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਵੀ ਪਾਕਿਸਤਾਨ ਵਿਚ ਹੈ ਤੇ ਜਿਥੇ ਉਨ੍ਹਾਂ ਆਖਰੀ ਦਿਨ ਬਿਤਾਏ, ਉਹ ਵੀ। ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਡੇਰਾ ਬਾਬਾ ਨਾਨਕ ਤੋਂ ਸਰਹੱਦ ਦੇ ਸਿਰਫ 4 ਕਿਲੋਮੀਟਰ ਅੱਗੇ ਹੈ। ਇਥੇ ਬੀਐਸਐਫ ਦੇ ਇਕ ਅਫਸਰ ਨੇ ਪੱਕਾ ਥੜ੍ਹਾ ਬਣਾ ਕੇ ਉਪਰ ਦੂਰਬੀਨ ਫਿੱਟ ਕਰ ਦਿੱਤੀ ਸੀ। ਲੋਕੀਂ ਸਿਰ ਢੱਕ ਕੇ ਦੂਰਬੀਨ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੇ ਤੇ ਹੱਥ ਜੋੜ ਕੇ ਸ਼ਰਧਾ ਭੇਂਟ ਕਰਦੇ। ਇਸ ਦੂਰਬੀਨ ਦੇ ਕੋਲ ਹੀ ਇਕ ਗੁਰਦੁਆਰਾ ਵੀ ਬਣ ਗਿਆ ਜਿੱਥੇ ਲੋਕ ਆਰਾਮ ਕਰਦੇ ਅਤੇ ਪ੍ਰਸ਼ਾਦ ਪਾਣੀ ਵੀ ਛਕਦੇ ਹਨ।

ਲੋਕੀਂ ਗੱਲਾਂ ਤਾਂ ਕਰਦੇ ਸਨ ਕਿ ਇਥੋਂ ਪਾਕਿਸਤਾਨ ਵਿਚੋਂ ਦੀ ਲਾਂਘਾ ਬਣ ਜਾਵੇ ਅਤੇ ਜਾ ਕੇ ਦਰਸ਼ਨ ਕੀਤੇ ਜਾਣ ਪਰ ਕੋਈ ਗੰਭੀਰ ਨਹੀਂ ਸਨ। ਕੋਈ ਨਹੀਂ ਸੋਚਦਾ ਸੀ ਕਿ ਇਹ ਸੱਚਮੁੱਚ ਬਣ ਜਾਵੇਗਾ। ਸਿੱਖ ਸੰਸਥਾਵਾਂ ਦੇ ਕਹਿਣ 'ਤੇ ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਇਕ ਦੋ ਪੱਤਰ ਤਾਂ ਲਿਖੇ ਪਰ ਕਦੇ ਜ਼ੋਰ ਨਾਲ ਮੰਗ ਨਹੀਂ ਰੱਖੀ ਸੀ। ਨਵਾਜ਼ ਸ਼ਰੀਫ ਦਿੱਲੀ ਆਏ ਅਤੇ ਨਰਿੰਦਰ ਮੋਦੀ ਲਾਹੌਰ ਗਏ ਪਰ ਕਿਸੇ ਗੱਲ ਨਹੀਂ ਛੇੜੀ; ਲੇਕਿਨ ਇਹ ਤਾਂ ਪਤਾ ਨਹੀਂ ਕੀ ਸੋਚ ਸੀ ਕਿ ਪਾਕਿਸਤਾਨ ਦੀ ਨਵੀਂ ਬਣੀ ਸਰਕਾਰ ਨੇ ਚੋਣ ਜਿੱਤਣ ਦੇ ਨਾਲ ਹੀ ਕਰਤਾਰਪੁਰ ਸਾਹਿਬ ਲਾਂਘੇ ਦਾ ਮਨ ਬਣਾ ਲਿਆ।

ਸਭ ਜਾਣਦੇ ਹਨ ਕਿ ਇਮਰਾਨ ਖਾਨ ਦੀ ਜਿੱਤ ਵਿਚ ਪਾਕਿਸਤਾਨ ਦੀ ਫੌਜ ਦਾ ਵੱਡਾ ਹੱਥ ਸੀ। ਇਸੇ ਲਈ ਕਈ ਲੋਕ ਕਹਿੰਦੇ ਹਨ ਕਿ ਇਹ ਫੌਜ ਦੀ ਹੀ ਕੋਈ ਸਕੀਮ ਸੀ ਅਤੇ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਗਏ ਨਵਜੋਤ ਸਿੰਘ ਸਿੱਧੂ ਨੂੰ ਫੌਜ ਦੇ ਸਰਬਰਾਹ ਕਮਰ ਜਾਵੇਦ ਬਾਜਵਾ ਨੇ ਹੀ ਇਸ ਦਾ ਸੰਕੇਤ ਦਿੱਤਾ।

ਸਾਡੇ ਵਾਲੇ ਪਾਸੇ ਫਜ਼ੂਲ ਹੀ ਬਹਿਸ ਚੱਲੀ ਕਿ ਕੀ ਇਸ ਦਾ ਸਿਹਰਾ ਅਕਾਲੀ ਪਾਰਟੀ ਨੂੰ ਜਾਵੇ ਜਾਂ ਕੇਂਦਰ ਦੀ ਸਰਕਾਰ ਨੂੰ ਜਾਂ ਫਿਰ ਨਵਜੋਤ ਸਿੰਘ ਸਿੱਧੂ ਨੂੰ ਜਿਸ ਨਾਲ ਜਨਰਲ ਬਾਜਵਾ ਨੇ ਗੱਲ ਕੀਤੀ ਸੀ। ਅਸਲ ਗੱਲ ਇਹ ਹੈ ਕਿ ਇਹ ਨਿਰੋਲ ਪਾਕਿਸਤਾਨ ਦੀ ਸਰਕਾਰ ਦਾ ਆਪਣਾ ਫੈਸਲਾ ਸੀ ਤੇ ਦੁੱਖ ਦੀ ਗੱਲ ਹੈ ਕਿ ਅਕਾਲੀ ਲੀਡਰਾਂ, ਪੰਜਾਬ ਸਰਕਾਰ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਪਾਕਿਸਤਾਨ ਸਰਕਾਰ ਤੇ ਇਮਰਾਨ ਖਾਨ ਦਾ ਰਸਮੀ ਧੰਨਵਾਦ ਵੀ ਨਹੀਂ ਕੀਤਾ। ਇਸ ਨੂੰ ਪਾਕਿਸਤਾਨ ਸਰਕਾਰ ਦੀ ਸਾਜ਼ਿਸ਼ ਵੀ ਕਿਹਾ ਗਿਆ ਪਰ ਇਹ ਸਵਾਗਤ ਯੋਗ ਸੀ, ਇਹ ਚੰਗੀ ਨੀਤੀ ਸੀ, ਕਿਉਂਕਿ ਇਮਾਰਾਨ ਖਾਨ ਨੇ ਜਲਦੀ ਹੀ ਕਸ਼ਮੀਰੀ ਪੰਡਤਾਂ ਦੇ ਸਥਾਨ ਸ਼ਾਰਧਾ ਪੀਠ ਦਾ ਰਸਤਾ ਖੋਲ੍ਹਣ ਦੀ ਪੇਸ਼ ਕਰ ਦਿੱਤੀ ਸੀ। ਵੱਡੇ ਦੁੱਖ ਦੀ ਗੱਲ ਹੈ ਕਿ ਅਸੀਂ ਇਸ ਦਾ ਠੀਕ ਹੁੰਗਾਰਾ ਨਹੀਂ ਦਿੱਤਾ ਅਤੇ ਵਿਹਾਰਕ ਕਾਰਵਾਈ ਨਹੀਂ ਤੋਰੀ।

ਸ਼ਾਰਧਾ ਪੀਠ ਹਿੰਦੋਸਤਾਨ ਪਾਕਿਸਤਾਨ ਸਰਹੱਦ ਜਿਸ ਨੂੰ ਉਥੇ ਕੰਟਰੋਲ ਲਾਈਨ (ਰੇਖਾ) ਕਿਹਾ ਜਾਂਦਾ ਹੈ, ਤੋਂ 40 ਕਿਲੋਮੀਟਰ ਹੈ। ਇਹ ਬਹੁਤ ਰਮਣੀਕ ਇਲਾਕਾ ਹੈ ਅਤੇ ਰਸਤੇ ਵਿਚ ਕਈ ਪਿੰਡ ਆਉਂਦੇ ਹਨ। ਜੇ ਇਹ ਲਾਂਘਾ ਅਮਲ ਵਿਚ ਆ ਜਾਵੇ ਤਾਂ ਸਿਰਫ ਕਸ਼ਮੀਰੀ ਪੰਡਤਾਂ ਦੀ ਹੀ ਗੱਲ ਨਹੀਂ, ਦੋ ਕਸ਼ਮੀਰਾਂ ਦੇ ਆਪਸੀ ਰਾਬਤੇ ਦਾ ਰਾਹ ਖੁੱਲ੍ਹ ਜਾਂਦਾ ਹੈ। ਅੱਗੇ ਜਾ ਕੇ ਇਹ ਲਾਂਘਾ



ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਦੀ ਬਹੁਤ ਚੰਗੀ ਸ਼ੁਰੂਆਤ ਹੋ ਸਕਦਾ ਸੀ। ਇਸ ਦੇ ਨਾਲ ਹੋਰ ਕਈ ਕਿਸਮ ਦੇ ਲਾਂਘਿਆਂ ਦੀ ਮੰਗ ਉਠ ਸਕਦੀ ਸੀ ਤੇ ਕਈ ਰਸਤੇ ਖੁੱਲ੍ਹਦੇ ਸਨ। ਦਰਅਸਲ ਕਈ ਤਰ੍ਹਾਂ ਦੇ ਲਾਂਘੇ ਅਤੇ ਲੋਕਾਂ ਦੇ ਆਪਸੀ ਮੇਲ ਜੋਲ ਦੇ ਵਧਦੇ ਰਸਤੇ ਹੀ ਭਾਰਤ ਤੇ ਪਾਕਿਸਤਾਨ ਦੇ ਚੰਗੇ ਸਬੰਧਾਂ ਦੀ ਬੁਨਿਆਦ ਬਣ ਸਕਦੇ ਹਨ ਤੇ ਸਾਡੇ ਕਈ ਮਸਲਿਆਂ ਦਾ ਇਕ ਤਰ੍ਹਾਂ ਦਾ ਵਿਹਾਰਕ ਹੱਲ।

ਕਸ਼ਮੀਰ ਵਾਦੀ ਵਿਚ ਹੀ ਇਕ ਜਗ੍ਹਾ 'ਮੱਠਾ ਬਾਜ਼ੀ ਸ਼ਰੀਫ ਦੀ ਦਰਗਾਹ' ਸਰਹੱਦ ਤੋਂ ਸਿਰਫ 500 ਮੀਟਰ ਸਾਡੇ ਵਾਲੇ ਪਾਸੇ ਪੈਂਦੀ ਹੈ। ਪਹਿਲਾਂ ਇਥੇ ਦੋਹਾਂ ਪਾਸਿਆਂ ਦੇ ਲੋਕ ਅਣਐਲਾਨੇ ਇੰਤਜ਼ਾਮ ਨਾਲ ਹੀ ਆ ਕੇ ਇਬਾਦਤ ਕਰਦੇ ਤੇ ਵਾਪਸ ਚਲੇ ਜਾਂਦੇ ਰਹੇ। ਫਿਰ 1981 ਵਿਚ ਬਾਕਾਇਦਾ ਤੌਰ 'ਤੇ ਰਸਤਾ ਖੋਲ੍ਹ ਦਿੱਤਾ। ਉਧਰੋਂ ਗਿਣ ਕੇ ਲੋਕ ਲੰਘਾਏ ਜਾਂਦੇ ਤੇ ਵਾਪਸੀ ਵੇਲੇ ਵੀ ਗਿਣ ਲਏ ਜਾਂਦੇ। ਇਸ ਨੂੰ 1983 ਵਿਚ ਬੰਦ ਕਰ ਦਿੱਤਾ ਗਿਆ। ਫਿਰ ਇਧਰੋਂ ਜਦੋਂ ਲਾਊਡ ਸਪੀਕਰ ਉਪਰ ਰਾਤਾਂ ਨੂੰ ਨਮਾਜ਼ ਪੜ੍ਹੀ ਜਾਂਦੀ ਤਾਂ ਦੂਸਰੀ ਤਰਫ ਦੇ ਲੋਕ ਦੂਰ ਖੜ੍ਹੇ ਹੋ ਕੇ ਹੀ ਸਿਜਦਾ ਕਰ ਲੈਂਦੇ। ਦੁੱਖ ਦੀ ਗੱਲ ਹੈ ਕਿ 1990 ਵਿਚ ਇਹ ਲਾਊਡ ਸਪੀਕਰ ਵੀ ਬੰਦ ਕਰਵਾ ਦਿੱਤੇ। ਹੁਣ ਢੁਕਵਾਂ ਮੌਕਾ ਹੈ, ਭਾਰਤ ਸਰਕਾਰ ਨੂੰ ਪਾਕਿਸਤਾਨ ਵੱਲੋਂ 4 ਕਿਲੋਮੀਟਰ ਲਾਂਘਾ ਖੋਲ੍ਹਣ ਦੇ ਹੁੰਗਾਰੇ ਵਜੋਂ ਮੱਠਾ ਸ਼ਰੀਫ ਦਾ ਇਹ ਅੱਧਾ ਕਿਲੋਮੀਟਰ ਦਾ ਰਸਤਾ ਜ਼ਰੂਰ ਖੋਲ੍ਹਣਾ ਚਾਹੀਦਾ ਹੈ।

ਇਸੇ ਤਰ੍ਹਾਂ ਸਰਹੱਦ ਦੇ ਦੋਹੀਂ ਪਾਸੀਂ ਕਈ ਤਰ੍ਹਾਂ ਦੇ ਅਸਥਾਨ ਹਨ ਜਿਨ੍ਹਾਂ ਉਪਰ ਦੋਹਾਂ ਪਾਸਿਆਂ ਦੇ ਲੋਕ ਕਈ ਜਗ੍ਹਾ ਦੂਰੋਂ ਤੇ ਕਈ ਜਗ੍ਹਾ ਤਾਂ ਨਜ਼ਦੀਕ ਆ ਕੇ ਵੀ ਸਿਜਦਾ ਕਰਦੇ ਹਨ। ਇਨ੍ਹਾਂ ਨੂੰ ਵਿਧੀਵਤ ਬਣਾ ਦੇਣਾ ਚਾਹੀਦਾ ਹੈ। ਡੇਰਾ ਬਾਬਾ ਨਾਨਕ ਦੇ ਨਜ਼ਦੀਕ ਵੀ ਅਜਿਹੀਆਂ ਮਜ਼ਾਰਾਂ ਹਨ ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਨੌਸ਼ਹਿਰਾ ਵਿਚ ਵੀ। ਉਧਰ ਹੁਣੇ ਹੁਣੇ ਚੀਨ ਨੇ ਲਾਹੌਰ ਵਿਚ ਆਪਣੇ ਸਫਾਰਤਖਾਨੇ ਦਾ ਵੀਜ਼ਾ ਕੇਂਦਰ ਖੋਲ੍ਹਿਆ ਹੈ। ਅਜਿਹਾ ਕੇਂਦਰ ਭਾਰਤ ਦਾ ਵੀ ਖੁੱਲ੍ਹ ਸਕਦਾ ਹੈ ਅਤੇ ਅੰਮ੍ਰਿਤਸਰ ਵਿਚ ਪਾਕਿਸਤਾਨ ਦਾ, ਤਾਂ ਜੋ ਲੋਕ ਅੰਮ੍ਰਿਤਸਰ ਤੇ ਲਾਹੌਰ ਦਰਮਿਆਨ ਆਉਣਾ ਜਾਣਾ, ਘੁੰਮਣਾ ਫਿਰਨਾ ਬਣਾ ਸਕਣ। ਕਿਹਾ ਜਾਵੇਗਾ ਕਿ ਅਜੇ ਹਾਲਾਤ ਕਸ਼ੀਦਗੀ ਭਰੇ ਹਨ, ਅਜਿਹੀਆਂ ਗੱਲ ਸੰਭਵ ਨਹੀਂ; ਪਰ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਤਾਂ ਇਸੇ ਕਸ਼ੀਦਗੀ ਵਿਚ ਹੀ ਸੰਭਵ ਹੋ ਰਿਹਾ ਹੈ। ਫਿਰ ਲੋਕਾਂ ਦਾ ਆਉਣਾ ਜਾਣਾ ਹੀ ਕਸ਼ੀਦਗੀਆਂ ਦੂਰ ਕਰਨ ਦਾ ਸਭ ਤੋਂ ਕਾਰਾਗਰ ਸਾਧਨ ਹੈ। ਹਾਂ, ਜਿਨ੍ਹਾਂ ਦਾ ਸਿਆਸੀ ਆਧਾਰ ਹੀ ਕਸ਼ੀਦਗੀਆਂ ਹਨ, ਉਨ੍ਹਾਂ ਦੀ ਗੱਲ ਉਕਾ ਵੱਖਰੀ ਹੈ।

ਇਸ ਵੇਲੇ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਮੁੱਖ ਚਰਚਾ ਪਾਕਿਸਤਾਨ ਵੱਲੋਂ ਲਗਾਈ 20 ਡਾਲਰ ਦੀ ਫੀਸ ਬਾਰੇ ਹੈ ਜੋ 1400 ਰੁਪਏ ਬਣਦੀ ਹੈ। ਪਹਿਲਾਂ ਇਸ ਗੱਲ ਦਾ ਖਿਆਲ ਨਹੀਂ ਸੀ ਅਤੇ ਨਾ ਹੀ ਇਹ ਸੀ ਕਿ ਇਸ ਵਾਸਤੇ ਇੰਨੀਆਂ ਵੱਡੀਆਂ ਬਿਲਡਿੰਗਾਂ ਬਣਨਗੀਆਂ। ਪਾਕਿਸਤਾਨ ਦਾ ਪੱਖ ਹੈ ਕਿ ਵੱਡੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਉਹ ਖਰਚੇ ਦਾ ਸਿਰਫ 10 ਫੀਸਦੀ ਹੀ ਲੈ ਰਹੇ ਹਨ। ਦੂਜੇ ਪਾਸੇ ਸਾਨੂੰ ਇਹ ਲਗਦਾ ਹੈ ਕਿ 4 ਕਿਲੋਮੀਟਰ ਵਾਸਤੇ ਇੰਨੀਆਂ ਸਹੂਲਤਾਂ ਦੀ ਲੋੜ ਹੀ ਨਹੀਂ ਸੀ। ਤੁਸੀਂ ਬੰਦਿਆਂ ਦੀ ਸ਼ਨਾਖਤ ਲੈ ਕੇ ਤੋਰੀ ਜਾਵੋ ਤੇ ਗਿਣਤੀ ਕਰਦੇ ਜਾਓ। ਫਿਰ ਵੀ ਉਹ ਦੂਸਰਾ ਮੁਲਕ ਹੈ, ਉਸ ਦੀਆਂ ਆਪਣੀਆਂ ਜ਼ਰੂਰਤਾਂ ਹੋ ਸਕਦੀਆਂ ਹਨ, ਅਸੀਂ ਜ਼ਿਆਦਾ ਨੁਕਤਾਚੀਨੀ ਨਹੀਂ ਕਰ ਸਕਦੇ। ਅਸੀਂ ਜਾਣਦੇ ਹਾਂ, ਲੋਕ ਇਸ ਫੀਸ ਤੋਂ ਖੁਸ਼ ਨਹੀਂ ਪਰ ਦੇਣ ਬਾਰੇ ਬਿਨਾ ਉਜ਼ਰ ਤਿਆਰ ਹੋਣਗੇ। ਇਸ ਬਾਰੇ ਅਕਾਲੀ ਲੀਡਰਾਂ ਅਤੇ ਅਮਰਿੰਦਰ ਸਿੰਘ ਵੱਲੋਂ ਜਜ਼ੀਆ ਕਹਿਣਾ ਬਹੁਤ ਗ਼ਲਤ ਹੈ। ਇਹ ਗੱਲ ਕਿਸੇ ਠੀਕ ਤਰੀਕੇ ਨਾਲ ਨਾਲ ਵੀ ਕੀਤੀ ਜਾ ਸਕਦੀ ਹੈ।

ਚੰਗਾ ਤਾਂ ਇਹ ਹੈ ਕਿ ਭਾਰਤ ਆਪਣੇ ਵੱਲੋਂ ਹੋਰ ਲਾਂਘੇ ਖੋਲ੍ਹੇ, ਬਿਨਾ ਫੀਸ ਚੰਗੀਆਂ ਸਹੂਲਤਾਂ ਦੀ ਮਿਸਾਲ ਪੇਸ਼ ਕਰੇ। ਹੋਰ ਚੰਗਾ ਹੋਵੇ ਕਿ ਭਾਰਤ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਆਪਣੇ ਵੱਲੋਂ ਹੀ ਦੋ ਤਰਫਾ ਬਣਾਉਣ ਦੀ ਤਜਵੀਜ਼ ਕਰੇ। ਹਫਤੇ ਵਿਚ ਦੋ ਦਿਨ ਜਾਂ ਸ਼ੁਰੂਆਤ ਵਿਚ ਸਿਰਫ ਇਕ ਦਿਨ ਪਾਕਿਸਤਾਨ ਦੇ ਨਾਗਰਿਕਾਂ ਵਾਸਤੇ ਡੇਰਾ ਬਾਬਾ ਨਾਨਕ ਆਉਣ ਦੀ ਖਾਤਰ ਰੱਖਿਆ ਜਾਵੇ। ਇਸ ਦੀ ਕੋਈ ਫੀਸ ਨਾ ਹੋਵੇ। ਇਸ ਵਿਚ ਉਥੋਂ ਦੇ ਸਿੱਖ ਆਉਣ, ਹਿੰਦੂ ਆਉਣ, ਮੁਸਲਿਮ ਆਉਣ, ਸਭ ਦਾ ਸਵਾਗਤ ਹੋਵੇ। ਉਹ ਆ ਕੇ ਡੇਰਾ ਬਾਬਾ ਨਾਨਕ ਦਰਬਾਰ ਸਾਹਿਬ ਦੇ ਦਰਸ਼ਨ ਕਰਨ, ਲੰਗਰ ਛਕਣ ਅਤੇ ਪਿੰਡ ਵਿਚ ਵੀ ਘੁੰਮਣ। ਉਹ ਵੀ ਖੁਸ਼ ਹੋਣਗੇ ਅਤੇ ਸਾਡੇ ਲੋਕ ਵੀ। ਇਥੇ ਵੱਖ ਵੱਖ ਚੀਜ਼ਾਂ ਦੀਆਂ ਦੁਕਾਨਾਂ ਲੱਗ ਸਕਦੀਆਂ ਹਨ ਜਿਸ ਵਿਚ ਉਹ ਖਰੀਦੋ ਫਰੋਖਤ ਕਰਨ, ਸਾਡੇ ਵਪਾਰੀ ਵੀ ਖੁਸ਼ ਹੋਣ ਤੇ ਉਹ ਵੀ ਥੈਲੇ ਭਰ ਕੇ ਲੈ ਕੇ ਜਾਣ।

ਇਸ ਨਾਲ ਵੱਡੇ ਮਕਸਦ ਦੀ ਪੂਰਤੀ ਹੋ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਸਭ ਭੇਦ ਭੁਲਾ ਕੇ ਮਨੁਖਤਾ ਦੀ ਸਾਂਝ' ਦੇ ਮੁੱਖ ਸੰਦੇਸ਼ ਨੂੰ ਅਮਲੀ ਰੂਪ ਵਿਚ ਦੂਰ ਦਰਾਜ ਤੱਕ ਪਹੁੰਚਾਇਆ ਜਾ ਸਕਦਾ ਹੈ, ਸਿਰਫ ਇਸੇ ਤਰੀਕੇ ਨਾਲ।

# ਕਸ਼ਮੀਰ ਬਾਰੇ ਸੱਤਾ ਦਾ ਝੂਠ ਬੇਨਕਾਬ

***ਕਸ਼ਮੀਰ ਵਾਦੀ ਵਿਚ ਪਾਬੰਦੀਆਂ ਨੂੰ ਦੋ ਮਹੀਨੇ ਹੋ ਗਏ ਹਨ। ਭਾਜਪਾ ਸਰਕਾਰ ਅਤੇ ਇਸ ਦੇ ਆਗੂ ਲਗਾਤਾਰ ਦਾਅਵੇ ਕਰ ਰਹੇ ਹਨ ਕਿ ਉਥੇ 'ਸਭ ਅੱਛਾ' ਹੈ, ਪਰ ਹੁਣ ਤਕ ਵੱਖ-ਵੱਖ ਵਿਦਵਾਨਾਂ ਅਤੇ ਮਨੁੱਖੀ ਹੱਕਾਂ ਲਈ ਕੰਮ ਕਰਦੇ ਕਾਰਕੁਨਾਂ ਨੇ ਜਿੰਨੀਆਂ ਵੀ ਰਿਪੋਰਟਾਂ ਉਥੋਂ ਦੇ ਹਾਲਾਤ ਬਾਰੇ ਤਿਆਰ ਕੀਤੀਆਂ ਹਨ, ਉਨ੍ਹਾਂ ਦਾ ਤੱਤ-ਸਾਰ ਇਹੀ ਹੈ ਕਿ ਉਥੇ ਲੋਕਾਂ ਦਾ ਜੀਣਾ ਵੀ ਮੁਹਾਲ ਹੋਇਆ ਪਿਆ ਹੈ। ਹਾਲ ਹੀ ਵਿਚ ਪੰਜ ਔਰਤ ਕਾਰਕੁਨਾਂ ਨੇ ਵਾਦੀ ਦਾ ਦੌਰਾ ਕਰਕੇ ਰਿਪੋਰਟ ਨਸ਼ਰ ਕੀਤੀ ਹੈ, ਜਿਸ ਵਿਚ ਵਾਦੀ ਦੀ ਹਕੀਕਤ ਪੇਸ਼ ਕੀਤੀ ਗਈ ਹੈ। ਇਸ ਰਿਪੋਰਟ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***



ਸਾਥੀ ਅਬਦੁਲ ਸਤਾਰ ਰੰਜੂਰ ਦੀਆਂ ਇਹ ਸਤਰਾਂ ਖੁੱਲ੍ਹੀ ਜੇਲ੍ਹ ਬਣੀ ਸਰਜ਼ਮੀਨ ਵਿਚ ਸਾਡੇ ਚਾਰ ਦਿਨਾਂ ਸਫਰ ਦੌਰਾਨ ਸਾਡੇ ਲਈ ਚਾਨਣ ਮੁਨਾਰਾ ਸਨ (1990 ਵਿਚ ਰੰਜੂਰ ਦੀ ਹੱਤਿਆ ਕਰ ਦਿੱਤੀ ਗਈ ਸੀ):

ਖਿੜ ਜਾਣਗੀਆਂ ਬਸੰਤ ਦੀਆਂ ਕਲੀਆਂ
ਮੁੱਕ ਜਾਏਗੀ ਬੁਲਬੁਲਾਂ ਦੀ ਪੀੜਾ
ਭਰ ਜਾਣਗੇ ਆਸ਼ਕਾਂ ਦੇ ਜ਼ਖਮ
ਨਹੀਂ ਰਹੇਗਾ ਮਰੀਜ਼ ਦਾ ਸੰਤਾਪ
ਪੂਰੀ ਹੋ ਜਾਵੇਗੀ ਰੰਜੂਰ ਦੀ ਤਮੰਨਾ
ਜਦੋਂ ਗਰੀਬ ਗੁਰਬੇ ਰਾਜ ਕਰਨਗੇ
ਗੌਰਵ ਦਾ ਤਾਜ ਸਜਾ ਕੇ

ਅਸੀਂ 5 ਔਰਤਾਂ ਦੀ ਟੀਮ ਨੇ 17 ਤੋਂ 21 ਸਤੰਬਰ 2019 ਕਸ਼ਮੀਰ ਦਾ ਦੌਰਾ ਕੀਤਾ। ਅਸੀਂ ਅੱਖੀਂ ਦੇਖਣਾ ਚਾਹੁੰਦੀਆਂ ਸੀ ਕਿ ਕੈਦ ਦਾ ਲੋਕਾਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਉਪਰ ਕੀ ਅਸਰ ਪਿਆ ਹੈ। ਟੀਮ ਵਿਚ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵਿਮੈਨ ਦੀ ਐਨੀ ਰਾਜਾ, ਕਵਲਜੀਤ ਕੌਰ, ਪਾਂਖੁੜੀ ਜ਼ਹੀਰ, ਪ੍ਰਗਤੀਸ਼ੀਲ ਮਹਿਲਾ ਸੰਗਠਨ ਦੀ ਪੂਨਮ ਕੌਸ਼ਿਕ ਅਤੇ ਮੁਸਲਿਮ ਵਿਮੈਨਜ਼ ਫੋਰਮ ਦੀ ਸਈਦਾ ਹਮੀਦ ਸ਼ਾਮਲ ਸਨ।

ਸ੍ਰੀਨਗਰ ਦੇ ਨਾਲ-ਨਾਲ ਅਸੀਂ ਸ਼ੋਪੀਆਂ, ਪੁਲਵਾਮਾ ਅਤੇ ਬਾਂਦੀਪੋਰਾ ਜ਼ਿਲ੍ਹਿਆਂ ਦੇ ਬਹੁਤ ਸਾਰੇ ਪਿੰਡਾਂ ਵਿਚ ਗਈਆਂ। ਅਸੀਂ ਹਸਪਤਾਲਾਂ, ਸਕੂਲਾਂ, ਘਰਾਂ, ਬਾਜ਼ਾਰਾਂ ਵਿਚ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਦੇ ਮਰਦਾਂ, ਔਰਤਾਂ, ਨੌਜਵਾਨਾਂ ਅਤੇ ਬੱਚਿਆਂ ਨਾਲ ਗੱਲਬਾਤ ਕੀਤੀ। ਇਹ ਰਿਪੋਰਟ 43 ਦਿਨਾਂ ਤੋਂ ਲੋਹ-ਪਿੰਜਰੇ ਵਿਚ ਡੱਕੇ ਅਵਾਮ ਦੀ ਜ਼ਿੰਦਗੀ ਦਾ ਅੱਖੀਂ ਡਿੱਠਾ ਹਾਲ ਹੈ।

ਦੁਕਾਨਾਂ, ਹੋਟਲ, ਸਕੂਲ, ਕਾਲਜ, ਸੰਸਥਾਵਾਂ ਅਤੇ ਯੂਨੀਵਰਸਿਟੀਆਂ ਸਭ ਬੰਦ, ਸੜਕਾਂ ਸੁੰਨ-ਮਸਾਨ। ਇਹ ਸੀ ਹਵਾਈ ਅੱਡੇ ਤੋਂ ਚੱਲ ਕੇ ਦੇਖੀ ਪਹਿਲੀ ਝਲਕ। ਇਹ ਸਜ਼ਾ ਦੇਣ ਵਾਲਾ ਦਮ-ਘੋਟੂ ਮਾਹੌਲ ਜਾਪਦਾ ਸੀ।

ਅਸੀਂ ਉਥੇ ਸ਼ਿਕਾਰਿਆਂ, ਹਾਊਸ ਬੋਟਾਂ, ਡੱਲ ਝੀਲ, ਕਮਲ ਤੋਂ ਐਨ ਉਲਟ ਮੰਜ਼ਰ ਦੇਖਿਆ - ਇਹ ਆਪਣੇ ਘਰਾਂ ਦੇ ਬੂਹਿਆਂ ਅੱਗੇ ਖੜ੍ਹੀਆਂ ਕਿਸੇ ਜ਼ੁਬੈਦਾ, ਸ਼ਮੀਮਾ, ਖੁਰਸ਼ੀਦਾ ਵਰਗੀਆਂ ਔਰਤਾਂ ਦੀ ਤਸਵੀਰ ਸੀ ਜਿਨ੍ਹਾਂ ਨੂੰ ਅਜੇ ਵੀ ਆਪਣੇ 14, 15, 17 ਅਤੇ 19 ਸਾਲ ਦੇ ਪੁੱਤਰਾਂ ਦੀ ਉਡੀਕ ਹੈ। ਹਰ ਇਕ ਦੇ ਦਿਲ ਉਪਰ ਉਨ੍ਹਾਂ ਦੀ ਆਖਰੀ ਝਲਕ ਉਕਰੀ ਹੋਈ ਹੈ। ਉਨ੍ਹਾਂ ਉਮੀਦ ਦਾ ਪੱਲਾ ਨਹੀਂ ਛੱਡਿਆ ਪਰ ਉਹ ਇਹ ਵੀ ਜਾਣਦੀਆਂ ਹਨ ਕਿ ਉਨ੍ਹਾਂ ਨੂੰ ਆਪਣੇ ਪੁੱਤਰਾਂ ਦੇ ਤਸੀਹਿਆਂ ਨਾਲ ਕੋਹੇ ਜਿਸਮਾਂ ਜਾਂ ਉਨ੍ਹਾਂ ਦੀਆਂ ਲਾਸ਼ਾਂ ਦਾ ਦੀਦਾਰ ਕਰਨ ਲਈ ਬਹੁਤ ਲੰਮੀ ਇੰਤਜ਼ਾਰ ਕਰਨੀ ਪਵੇਗੀ। 'ਅਸੀਂ ਕੈਦ ਹਾਂ'... ਹਰ ਥਾਂ ਇਹੀ ਸੁਣਨ ਨੂੰ ਮਿਲਦਾ ਹੈ। ਡਾਕਟਰ, ਅਧਿਆਪਕ, ਵਿਦਿਆਰਥੀ, ਕਾਮੇ ਸਾਨੂੰ ਸਵਾਲ ਕਰਦੇ ਹਨ: "ਦਿੱਲੀ ਵਿਚ ਜੇ ਪੰਜ ਮਿੰਟ ਵੀ ਇੰਟਰਨੈਟ ਬੰਦ ਹੋ ਜਾਵੇ ਤਾਂ ਤੁਸੀਂ ਕੀ ਕਰੋਗੇ?" ਸਾਡੇ ਕੋਲ ਕੋਈ ਜਵਾਬ ਨਹੀਂ ਸੀ।

ਚਾਰੇ ਜ਼ਿਲ੍ਹਿਆਂ ਦੇ ਪਿੰਡ ਵਾਸੀਆਂ ਦਾ ਅਨੁਭਵ ਇਕੋ ਜਿਹਾ ਸੀ। ਉਨ੍ਹਾਂ ਨੇ ਦੱਸਿਆ, ਮਗਰਬ ਦੀ ਦੁਆ ਤੋਂ ਬਾਅਦ 8 ਵਜੇ ਹੀ ਬੱਤੀਆਂ ਬੁਝ ਜਾਂਦੀਆਂ ਹਨ। ਬਾਂਦੀਪੋਰਾ ਵਿਚ ਅਸੀਂ ਇਕ ਕੁੜੀ ਦੇਖੀ। ਉਸ ਨੇ ਇਹ ਸੋਚ ਕੇ ਲੈਂਪ ਜਗਦਾ ਰੱਖਣ ਦੀ ਗੁਸਤਾਖੀ ਕਰ ਲਈ ਕਿ ਸ਼ਾਇਦ ਛੇਤੀ ਹੀ ਸਕੂਲ ਖੁੱਲ੍ਹ ਗਏ ਤਾਂ ਇਮਤਿਹਾਨ ਹੋਣਗੇ। 'ਕਰਫਿਊ' ਦੀ ਇਸ ਉਲੰਘਣਾ ਤੋਂ ਖਫਾ ਹੋਏ ਫੌਜੀ ਕੰਧਾਂ ਟੱਪ ਕੇ ਘਰ ਵਿਚ ਜਾ ਵੜੇ। ਉਸ ਦੇ ਬਾਪ ਅਤੇ ਭਰਾ ਨੂੰ ਫੜ ਕੇ ਲੈ ਗਏ। ਕਿਸੇ ਨੇ ਪੁੱਛਣ ਦੀ ਹਿੰਮਤ ਨਹੀਂ ਕੀਤੀ- 'ਕੀ ਪੁੱਛਗਿੱਛ ਕਰਨੀ ਹੈ?' ਦੋਵੇਂ ਉਦੋਂ ਤੋਂ ਨਜ਼ਰਬੰਦ ਹਨ। 'ਅਸੀਂ ਜ਼ੋਰ ਦਿੰਦੀਆਂ ਹਾਂ ਕਿ 6 ਵਜੇ ਤੋਂ ਬਾਅਦ ਕੋਈ ਵੀ ਮਰਦ ਜਾਂ ਲੜਕਾ ਬੂਹਿਓਂ ਬਾਹਰ ਨਾ ਜਾਵੇ। ਤ੍ਰਿਕਾਲਾਂ ਪੈਣ 'ਤੇ ਉਨ੍ਹਾਂ ਦਾ ਬਾਹਰ ਨਜ਼ਰ ਆ ਜਾਣਾ ਖਤਰਾ ਮੁੱਲ ਲੈਣ ਸਮਾਨ ਹੈ। ਅਣਸਰਦੇ ਨੂੰ ਅਸੀਂ ਔਰਤਾਂ ਹੀ ਬਾਹਰ ਜਾਂਦੀਆਂ ਹਾਂ'। ਇਹ ਬਾਂਦੀਪੋਰਾ ਲਾਗੇ ਦੇ ਇਕ ਪਿੰਡ ਦੀ ਔਰਤ ਜ਼ਰੀਨਾ ਦੇ ਬੋਲ ਹਨ। 'ਮੇਰੀ ਚਾਰ ਸਾਲ ਦੀ ਬੱਚੀ ਵੀ ਜੇ ਹਨੇਰਾ ਹੋਣ 'ਤੇ ਬਾਹਰ ਕੁੱਤਾ ਭੌਂਕਦਾ ਸੁਣ ਲਵੇ ਤਾਂ ਤੁਰੰਤ ਬੁੱਲ੍ਹਾਂ 'ਤੇ ਉਂਗਲ ਰੱਖ ਲੈਂਦੀ ਹੈ। ਕੁੱਤੇ ਭੌਂਕਣ ਦਾ ਭਾਵ ਹੈ ਫੌਜ ਦੀ ਆਮਦ'।

ਮੌਤ ਵੀ ਤਸੀਹਿਆਂ ਤੋਂ ਘੱਟ ਨਹੀਂ। 'ਲੋਕ ਬੇਖਬਰ ਜਾਂ ਬਿਨਾ ਸੋਗ ਮਨਾਏ ਮਰ ਰਹੇ ਹਨ। ਮੈਂ ਆਪਣੀ ਅੰਮੀ ਦੇ ਚਲਾਣੇ ਬਾਰੇ ਆਪਣੀਆਂ ਭੈਣਾਂ ਨੂੰ ਕਿਵੇਂ ਦੱਸਾਂ?' ਗ਼ੁਲਾਮ ਅਹਿਮਦ ਦਾ ਗਲਾ ਭਰ ਆਇਆ। 'ਉਹ ਤਰਾਲ, ਪਟਨ ਵਿਚ ਰਹਿੰਦੀਆਂ ਹਨ। ਮੈਨੂੰ ਉਸ ਦੀ ਅੰਤਮ ਰਸਮ ਉਸ ਦੇ ਢਿੱਡੋਂ ਜਾਇਆਂ ਤੋਂ ਬਗੈਰ ਹੀ ਕਰਨੀ ਪਈ।' ਹਰ ਥਾਂ ਇਹੋ ਦਰਦ ਕਹਾਣੀ ਸੀ। ਲੋਕਾਂ ਕੋਲ ਆਪਣੇ ਪਿਆਰਿਆਂ ਨੂੰ ਖਬਰ ਭੇਜਣ ਦਾ ਕੋਈ ਜ਼ਰੀਆ ਨਹੀਂ ਹੈ। 43 ਦਿਨ ਮੌਤ ਦੀ ਖਾਮੋਸ਼ੀ ਵਾਂਗ ਹਨ।

ਆਵਾਜਾਈ ਦੇ ਕੋਈ ਸਾਧਨ ਨਹੀਂ। ਅਣਸਰਦੇ ਨੂੰ ਲੋਕ ਗੱਡੀਆਂ ਕਿਰਾਏ 'ਤੇ ਲੈਂਦੇ ਹਨ। ਅਸੀਂ ਦੇਖਿਆ ਸੜਕਾਂ 'ਤੇ ਖੜ੍ਹੀਆਂ ਔਰਤਾਂ ਕਾਰਾਂ ਅਤੇ ਮੋਟਰਬਾਈਕਾਂ ਨੂੰ ਲਿਫਟ ਲਈ ਹੱਥ ਦੇ ਰਹੀਆਂ ਸਨ। ਉਹ ਰੁਕ ਜਾਂਦੇ ਹਨ: ਦੋਨੋਂ ਪਾਸੇ ਚਿਹਰਿਆਂ ਉਪਰ ਅਣਕਹੀ ਬੇਵਸੀ ਹੈ। ਇਕ ਆਦਮੀ ਦੱਸਦਾ ਹੈ, 'ਮੈਂ ਆਪਣੇ ਬਾਈਕ 'ਤੇ ਆਵੰਤੀਪੁਰਾ ਜਾ ਰਿਹਾ ਸੀ। ਇਕ ਔਰਤ ਨੇ ਰੁਕਣ ਲਈ ਇਸ਼ਾਰਾ ਕੀਤਾ। ਮੈਂ ਉਸ ਨੂੰ ਬਿਠਾ ਲਿਆ। ਬਾਈਕ ਸਪੀਡ ਬ੍ਰੇਕਰ 'ਤੇ ਪਲਟ ਗਿਆ। ਉਹ ਡਿਗ ਪਈ। ਮੈਂ ਉਸ ਨੂੰ ਹਸਪਤਾਲ ਲੈ ਕੇ ਗਿਆ। ਉਹ ਬੇਸੁਰਤ ਸੀ। ਮੈਂ ਗਰੀਬ ਆਦਮੀ ਹਾਂ, ਉਸ ਦਾ ਇਲਾਜ ਕਿਵੇਂ ਕਰਵਾ ਸਕਦਾ ਸੀ? ਪਰ ਕਿਸ ਨੂੰ ਤੇ ਕਿਵੇਂ ਖਬਰ ਕਰਦਾ?' ਅਸੀਂ ਜਿਥੇ ਵੀ ਗਈਆਂ, ਹਰ ਥਾਂ ਇਹੀ ਕਹਾਣੀ ਸੁਣਨ ਨੂੰ ਮਿਲੀ।

ਸ੍ਰੀਨਗਰ ਦੇ ਲੱਲਾ ਡੇਡ ਔਰਤ ਹਸਪਤਾਲ ਦੀਆਂ ਬਹੁਤ ਸਾਰੀਆਂ ਨੌਜਵਾਨ ਡਾਕਟਰਾਂ ਨੇ 4 ਅਗਸਤ ਤੋਂ ਲੈ ਕੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਰੁਕਾਵਟਾਂ ਦੇ ਤਲਖ ਅਨੁਭਵ ਬਿਆਨ ਕੀਤੇ। 'ਔਰਤਾਂ ਜਣੇਪੇ ਲਈ ਵਕਤ ਸਿਰ ਹਸਪਤਾਲ ਨਹੀਂ ਆ ਸਕਦੀਆਂ। ਐਂਬੂਲੈਂਸਾਂ ਬਹੁਤ ਘੱਟ ਹਨ। ਜਿੰਨੀਆਂ ਕੁ ਹਨ, ਉਨ੍ਹਾਂ ਨੂੰ ਥਾਂ-ਥਾਂ ਨਾਕਿਆਂ ਉਪਰ ਰੋਕਿਆ ਜਾ ਰਿਹਾ ਹੈ। ਨਤੀਜਾ? ਲੇਟ ਜਣੇਪੇ ਵਾਲੇ ਬਹੁਤ ਸਾਰੇ ਬੱਚੇ ਅਪਾਹਜ ਪੈਦਾ ਹੋ ਰਹੇ ਹਨ। ਮਾਪਿਆਂ ਲਈ ਇਹ ਤਾਉਮਰ ਦੀ ਮੁਸੀਬਤ ਹੈ।' ਇਸ ਤੋਂ ਉਲਟ, ਇਹ ਵੀ ਦੱਸਿਆ ਗਿਆ ਕਿ ਮੌਜੂਦਾ ਤਣਾਓ ਅਤੇ ਖੌਫ ਦੇ ਆਲਮ ਕਾਰਨ ਬੱਚੇ ਵਕਤ ਤੋਂ ਪਹਿਲਾਂ ਪੈਦਾ ਹੋ ਰਹੇ ਹਨ। ਇਕ ਔਰਤ ਡਾਕਟਰ ਨੇ ਆਪਣਾ ਗਲਾ ਫੜ ਕੇ ਆਪਣਾ ਅਨੁਭਵ ਇਉਂ ਬਿਆਨ ਕੀਤਾ, 'ਇੰਜ ਮਹਿਸੂਸ ਹੁੰਦਾ ਹੈ ਕਿ ਸਰਕਾਰ ਨੇ ਸਾਡੀ ਸੰਘੀ ਨੱਪੀ ਹੋਈ ਹੈ ਅਤੇ ਨਾਲ ਹੀ ਸਾਨੂੰ ਬੋਲਣ ਲਈ ਕਹਿ ਰਹੀ ਹੈ।'

ਬਾਂਦੀਪੋਰਾ ਦੀ ਇਕ ਸੀਨੀਅਰ ਡਾਕਟਰ ਨੇ ਦੱਸਿਆ ਕਿ ਕੁਲਗਾਮ, ਕੁਪਵਾੜਾ ਅਤੇ ਹੋਰ ਜ਼ਿਲ੍ਹਿਆਂ ਤੋਂ ਮਰੀਜ਼ ਆਉਂਦੇ ਹਨ। ਹੁਣ ਪਹਿਲਾਂ ਦੇ ਮੁਕਾਬਲੇ ਮਾਨਸਿਕ ਰੋਗਾਂ, ਦਿਲ ਦੇ ਦੌਰੇ ਦੇ ਜ਼ਿਆਦਾ ਕੇਸ ਆ ਰਹੇ ਹਨ। ਐਮਰਜੈਂਸੀ ਲਈ ਜੂਨੀਅਰ ਡਾਕਟਰ ਸੀਨੀਅਰਾਂ ਦੀ ਮਦਦ ਲੈਣਾ ਚਾਹੁੰਦੇ ਹਨ ਲੇਕਿਨ ਉਨ੍ਹਾਂ ਨਾਲ ਰਾਬਤਾ ਬਣਾਉਣ ਦਾ ਕੋਈ ਸਾਧਨ ਨਹੀਂ। ਉਨ੍ਹਾਂ ਦੇ ਹਸਪਤਾਲ ਤੋਂ ਬਾਹਰ ਹੋਣ ਦੀ ਸੂਰਤ ਵਿਚ ਜੂਨੀਅਰ ਸੜਕਾਂ-ਗਲੀਆਂ ਉਪਰ ਉਚੀ-ਉਚੀ ਆਵਾਜ਼ਾਂ ਮਾਰਦੇ ਉਨ੍ਹਾਂ ਨੂੰ ਲੱਭਦੇ ਫਿਰਦੇ ਨਜ਼ਰ ਆਉਂਦੇ ਹਨ। ਸ਼ੇਰੇ-ਕਸ਼ਮੀਰ ਮੈਡੀਕਲ ਇੰਸਟੀਚਿਊਟ ਦੇ ਹੱਡੀਆਂ ਦੇ ਇਕ ਡਾਕਟਰ ਨੂੰ ਡਿਊਟੀ ਜਾਂਦੇ ਵਕਤ ਫੌਜ ਨੇ ਨਾਕੇ ਉਪਰ ਰੋਕ ਲਿਆ ਅਤੇ ਸੱਤ ਦਿਨ ਹਿਰਾਸਤ ਵਿਚ ਰੱਖਿਆ। ਸ਼ੋਪੀਆਂ ਵਿਚ ਸਾਫੀਆ ਦਾ ਕੈਂਸਰ ਦਾ ਅਪਰੇਸ਼ਨ ਹੋਇਆ ਸੀ। ਉਹ ਕਹਿੰਦੀ ਹੈ, 'ਬਿਮਾਰੀ ਦੁਬਾਰਾ ਹੋਣ 'ਤੇ ਮੇਰਾ ਤੁਰੰਤ ਮੁਆਇਨਾ ਜ਼ਰੂਰੀ ਹੈ। ਮੈਂ ਆਪਣੇ ਡਾਕਟਰ ਕੋਲ ਨਹੀਂ ਜਾ ਸਕਦੀ। ਇਕੋ-ਇਕ ਹੱਲ ਸ਼ਹਿਰ ਜਾਣਾ ਹੈ ਲੇਕਿਨ ਮੈਂ ਉਥੇ ਕਿਵੇਂ ਜਾਵਾਂ? ਜੇ ਮੈਂ ਚਲੇ ਵੀ ਜਾਵਾਂ, ਕੀ ਉਹ ਉਥੇ ਮਿਲੇਗਾ?' ਇੰਟਰਨੈਟ ਆਧਾਰਤ ਸਰਕਾਰੀ ਸਕੀਮ 'ਆਯੁਸ਼ਮਾਨ ਭਾਰਤ' ਡਾਕਟਰਾਂ ਅਤੇ ਮਰੀਜ਼ਾਂ ਦੀ ਪਹੁੰਚ ਤੋਂ ਬਾਹਰ ਹੈ।

ਸਾਡੇ ਅੱਗੇ ਖੜ੍ਹੀਆਂ ਪਿੰਡਾਂ ਦੀਆਂ ਔਰਤਾਂ ਦੀਆਂ ਸੁੰਨ-ਮਸਾਨ ਨਜ਼ਰਾਂ ਸਾਨੂੰ ਘੂਰ ਰਹੀਆਂ ਹਨ। 'ਸਾਨੂੰ ਕਿਵੇਂ ਪਤਾ ਲੱਗੇ, ਉਹ ਕਿਥੇ ਹਨ? ਸਾਡੇ ਪੁੱਤਰਾਂ ਨੂੰ ਘਰੋਂ ਫੜ ਕੇ ਲੈ ਗਏ। ਜਦੋਂ ਸਾਡੇ ਬੰਦੇ ਥਾਣੇ ਜਾਂਦੇ ਹਨ, ਉਹ ਅੱਗੇ ਸਦਰ-ਮੁਕਾਮ ਵੱਲ ਤੋਰ ਦਿੰਦੇ ਹਨ। ਉਹ ਰਾਹ ਜਾਂਦਿਆਂ ਨੂੰ ਰੋਕ ਕੇ ਲਿਫਟ ਦੇਣ ਲਈ ਤਰਲੇ ਕਰਦੇ ਹਨ ਅਤੇ ਕੁਝ ਕਾਮਯਾਬ ਵੀ ਹੋ ਜਾਂਦੇ ਹਨ। ਅੱਗੇ ਪੁਲਿਸ ਦਫਤਰਾਂ ਵਿਚ 'ਪੱਥਰਬਾਜ਼ਾਂ' ਦੇ ਨਾਵਾਂ ਦੀਆਂ ਸੂਚੀਆਂ ਟੰਗੀਆਂ ਮਿਲਦੀਆਂ ਹਨ ਜੋ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ- ਆਗਰਾ, ਜੋਧਪੁਰ, ਅੰਬੇਡਕਰ ਨਗਰ, ਝੱਜਰ ਆਦਿ। ਲਾਗੇ ਖੜ੍ਹਾ ਇਕ ਬੰਦਾ ਕਹਿੰਦਾ ਹੈ, 'ਬਾ ਜੀ ਅਸੀਂ ਕੁਚਲ ਦਿੱਤੇ ਗਏ ਹਾਂ। ਸਾਡੇ ਵਿਚੋਂ ਕੁਝ ਉਧਾਰ ਪੈਸੇ ਫੜ ਕੇ ਸੈਂਕੜੇ ਮੀਲ ਜਾਂਦੇ ਹਨ, ਅੱਗਿਓਂ ਉਕਾ ਹੀ ਅਣਜਾਣ ਸ਼ਹਿਰਾਂ ਦੇ ਵੱਢ ਖਾਣੇ ਜੇਲ੍ਹ ਗਾਰਡ ਸਾਨੂੰ ਟੁੱਟ ਕੇ ਪੈ ਜਾਂਦੇ ਹਨ।'

ਗੁਰਦੁਆਰਿਆਂ ਵਿਚ ਜੋ ਔਰਤਾਂ ਸਾਨੂੰ ਮਿਲੀਆਂ, ਉਨ੍ਹਾਂ ਨੇ ਦੱਸਿਆ ਕਿ ਉਹ ਕਸ਼ਮੀਰ ਵਿਚ ਸਦਾ ਸੁਰੱਖਿਅਤ ਮਹਿਸੂਸ ਕਰਦੀਆਂ ਹਨ। 'ਬਾਕੀ ਹਿੰਦੁਸਤਾਨ ਵਿਚ ਔਰਤਾਂ ਨਾਲ ਛੇੜਖਾਨੀ ਦੀਆਂ ਜੋ ਖਬਰਾਂ ਸੁਣਨ ਨੂੰ ਮਿਲਦੀਆਂ ਹਨ, ਉਹ ਕਸ਼ਮੀਰ ਵਿਚ ਨਹੀਂ।' ਮੁਟਿਆਰਾਂ ਨੇ ਸ਼ਿਕਾਇਤ ਕੀਤੀ ਕਿ ਇਥੇ ਤਾਂ ਉਨ੍ਹਾਂ ਨੂੰ ਫੌਜ ਤੰਗ ਕਰ ਰਹੀ ਹੈ, ਉਨ੍ਹਾਂ ਦੇ ਬੁਰਕੇ ਵੀ ਲੁਹਾਏ ਜਾਂਦੇ ਹਨ।

'ਫੌਜ ਨੌਜਵਾਨ ਮੁੰਡਿਆਂ ਨੂੰ ਚੁੱਕ ਲਿਜਾਂਦੀ ਹੈ; ਇਉਂ ਲੱਗਦਾ ਹੈ ਕਿ ਫੌਜ ਨੂੰ ਉਨ੍ਹਾਂ ਦੀ ਝਲਕ ਤੋਂ ਹੀ ਨਫਰਤ ਹੈ। ਜਦੋਂ ਬਾਪ ਆਪਣੇ ਬੱਚਿਆਂ ਨੂੰ ਛੁਡਾਉਣ ਲਈ ਜਾਂਦੇ ਹਨ, ਉਨ੍ਹਾਂ ਤੋਂ ਵੀਹ ਹਜ਼ਾਰ ਤੋਂ ਲੈ ਕੇ ਸੱਠ ਹਜ਼ਾਰ ਤਕ ਵਸੂਲੇ ਜਾਂਦੇ ਹਨ'। ਕਸ਼ਮੀਰੀ ਲੜਕਿਆਂ ਲਈ ਉਨ੍ਹਾਂ ਦੀ ਨਫਰਤ ਇੰਨੀ ਜ਼ਾਹਰਾ ਹੈ ਕਿ ਬੂਹਾ ਖੜਕਾਏ ਜਾਣ 'ਤੇ ਬਜ਼ੁਰਗ ਨੂੰ ਹੀ ਕੁੰਡਾ ਖੋਲ੍ਹਣ ਲਈ ਭੇਜਿਆ ਜਾਂਦਾ ਹੈ। 'ਅਸੀਂ ਉਮੀਦ ਅਤੇ ਦੁਆ ਕਰਦੇ ਹਾਂ ਕਿ ਉਹ ਬਜ਼ੁਰਗ ਨੂੰ ਬਖਸ਼ ਦੇਣਗੇ ਲੇਕਿਨ ਚਾਹੇ ਬਜ਼ੁਰਗ ਹੋਵੇ ਜਾਂ ਨੌਜਵਾਨ ਜਾਂ ਅੱਲ੍ਹੜ ਮੁੰਡਾ, ਉਨ੍ਹਾਂ ਦੇ ਥੱਪੜ ਕਿਸੇ ਦਾ ਲਿਹਾਜ਼ ਨਹੀਂ ਕਰਦੇ। ਬਾ ਜੀ, ਅਸੀਂ ਤਾਂ ਆਪਣੇ ਬੂਹੇ ਇਸ ਤਰ੍ਹਾਂ ਬੰਦ ਰੱਖਦੇ ਹਾਂ ਤਾਂ ਜੁ ਇਕੋ ਠੁੱਡਾ ਮਾਰਨ 'ਤੇ ਖੁੱਲ੍ਹ ਜਾਣ'। ਇਹ ਸਾਧਾਰਨ ਬੋਲ ਕਿੰਨੇ ਵਿਡੰਬਨਾ ਵਾਲੇ ਹਨ!

14-15 ਸਾਲ ਦੇ ਲੜਕਿਆਂ ਨੂੰ ਫੜ ਕੇ ਲੈ ਗਏ ਅਤੇ ਤਸੀਹੇ ਦਿੱਤੇ ਗਏ, ਕੁਝ ਨੂੰ ਤਾਂ ਡੇਢ-ਡੇਢ ਮਹੀਨਾ। ਉਨ੍ਹਾਂ ਦੇ ਪੇਪਰ ਕਬਜ਼ੇ ਵਿਚ ਲੈ ਲਏ ਜਾਂਦੇ ਹਨ, ਪਰਿਵਾਰਾਂ ਨੂੰ ਵੀ ਨਹੀਂ ਦੱਸਿਆ ਜਾਂਦਾ। ਪੁਰਾਣੀ ਐਫ.ਆਈ.ਆਰ. ਬੰਦ ਨਹੀਂ ਕੀਤੀਆਂ ਜਾਂਦੀਆਂ। ਫੋਨ ਖੋਹ ਲਏ ਜਾਂਦੇ ਹਨ; ਤੇ ਹੁਕਮ ਸੁਣਾ ਦਿੱਤਾ ਜਾਂਦਾ ਹੈ ਕਿ ਫੌਜੀ ਕੈਂਪ ਤੋਂ ਆ ਕੇ ਲੈ ਲਓ। ਸਮਝ ਤੋਂ ਕੰਮ ਲੈਂਦਿਆਂ ਕੋਈ ਵੀ ਫੋਨ ਲੈਣ ਨਹੀਂ ਗਿਆ, ਚਾਹੇ ਇਹ ਮਹਿੰਗਾ ਫੋਨ ਹੀ ਸੀ। ਇਕ ਔਰਤ ਨੇ ਦੱਸਿਆ, ਕਿਵੇਂ ਉਹ ਉਸ ਦੇ 22 ਸਾਲ ਦੇ ਲੜਕੇ ਨੂੰ ਫੜਨ ਆਏ। ਉਸ ਦੇ ਹੱਥ ਉਪਰ ਪਲਸਤਰ ਲੱਗਿਆ ਹੋਣ ਕਾਰਨ ਉਹ ਉਸ ਦੀ ਥਾਂ ਉਸ ਦੇ 14 ਸਾਲ ਦੇ ਛੋਟੇ ਭਰਾ ਨੂੰ ਫੜ ਕੇ ਲੈ ਗਏ। ਇਕ ਹੋਰ ਪਿੰਡ ਵਿਚ ਸਾਨੂੰ ਜਾਣਕਾਰੀ ਮਿਲੀ ਕਿ ਦੋ ਹੋਰ ਬੰਦਿਆਂ ਦੀ ਵਹਿਸ਼ੀ ਕੁੱਟਮਾਰ ਕੀਤੀ ਗਈ ਸੀ। ਬਿਨਾ ਵਜ੍ਹਾ। 20 ਦਿਨ ਬਾਅਦ ਉਨ੍ਹਾਂ ਵਿਚੋਂ ਇਕ ਟੁੱਟਿਆ ਸਰੀਰ ਅਤੇ ਜ਼ਖਮੀ ਮਨ ਲੈ ਕੇ ਪਰਤਿਆ। ਇਕ ਅਜੇ ਵੀ ਹਿਰਾਸਤ ਵਿਚ ਹੈ। ਸਾਨੂੰ ਜੋ ਅੰਦਾਜ਼ਾ ਦੱਸਿਆ, ਉਸ ਮੁਤਾਬਿਕ, ਫੜੋ-ਫੜਾਈ 'ਚ 13000 ਲੜਕਿਆਂ ਨੂੰ ਚੁੱਕਿਆ ਗਿਆ ਹੈ। 'ਉਹ ਤਾਂ ਸਾਡਾ ਰਾਸ਼ਨ ਵੀ ਨਹੀਂ ਛੱਡਦੇ। ਅਕਸਰ ਰਾਤਾਂ ਨੂੰ ਘਰਾਂ ਦੀ ਚੈਕਿੰਗ ਦੌਰਾਨ ਫੌਜੀ ਦਸਤੇ ਆ ਕੇ ਪਰਿਵਾਰ ਨੂੰ ਘਰ ਤੋਂ ਬਾਹਰ ਕੱਢ ਦਿੰਦੇ ਹਨ'। ਐਸ.ਪੀ.ਓ. ਦੀ ਨੌਕਰੀ ਕਰ ਰਹੇ ਇਕ ਨੌਜਵਾਨ ਨੇ ਦੱਸਿਆ, 'ਅਸੀਂ ਆਪਣੇ ਘਰਾਂ ਵਿਚ ਚੋਖੀ ਮਾਤਰਾ ਵਿਚ ਚੌਲ, ਦਾਲਾਂ, ਖੁਰਾਕੀ ਤੇਲ ਆਦਿ ਜਮ੍ਹਾਂ ਰੱਖਦੇ ਹਾਂ। ਕਦੇ ਰਾਸ਼ਨ ਦੇ ਡੱਬਿਆਂ ਵਿਚ ਮਿੱਟੀ ਦਾ ਤੇਲ ਪਾ ਦਿੱਤਾ ਜਾਂਦਾ ਹੈ, ਕਦੇ ਕੋਲਾ ਰਲਾ ਦਿੱਤਾ ਜਾਂਦਾ ਹੈ'।

ਅਨੰਤਨਾਗ ਤੋਂ ਤਹਿਮੀਨਾ ਨੇ ਪਿੱਛੇ ਜਿਹੇ ਆਪਣੇ ਸ਼ੌਹਰ ਨੂੰ ਕਿਹਾ, 'ਆਪਾਂ ਇਕ ਹੋਰ ਬੱਚਾ ਜੰਮ ਲਈਏ। ਜੇ ਸਾਡਾ ਫੈਜ਼ ਮਾਰਿਆ ਗਿਆ, ਘੱਟੋ-ਘੱਟ ਸਾਨੂੰ ਕੋਈ ਆਪਣਾ ਕਹਿਣ ਵਾਲਾ ਤਾਂ ਹੋਵੇਗਾ'। ਅਬਦੁਲ ਹਲੀਮ ਖਾਮੋਸ਼ ਸੀ। ਜਦੋਂ ਤਹਿਮੀਨਾ ਨੇ ਇਹ ਗੱਲ ਕਹੀ ਤਾਂ ਉਸ ਨੂੰ ਆਪਣੇ ਹੱਥਾਂ ਉਪਰ ਆਪਣੇ ਨਿੱਕੇ ਬੱਚੇ ਦੀ ਲਾਸ਼ ਦਾ ਝਓਲਾ ਪਿਆ। ਉਹ ਦੱਸਦਾ ਹੈ: 'ਯਹ ਸੁਨ ਕਰ ਮੇਰੀ ਰੂਹ ਕਾਂਪ ਗਈ।'

ਕਾਰਨਾ ਤੋਂ ਤੀਹ ਸਾਲ ਦਾ ਵਕੀਲ ਆਪਣੇ ਕਿਰਾਏ ਦੇ ਮਕਾਨ ਵਿਚ ਮ੍ਰਿਤਕ ਮਿਲਿਆ। ਉਹ ਬਹੁਤ ਉਦਾਸ ਰਹਿੰਦਾ ਸੀ। ਬਾਰ ਐਸੋਸੀਏਸ਼ਨ ਦੇ ਸਕੱਤਰ ਨੇ ਉਸ ਬਾਰੇ ਸੋਗ ਬਿਆਨ ਜਾਰੀ ਕੀਤਾ। ਇਸ ਤੋਂ ਤੁਰੰਤ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕਿਉਂ? ਅਸੀਂ ਜੰਮੂ ਕਸ਼ਮੀਰ ਦੇ ਇਕ ਪੁਲਿਸ ਵਾਲੇ ਨਾਲ ਵੀ ਗੱਲ ਕੀਤੀ। ਉਨ੍ਹਾਂ ਸਾਰਿਆਂ ਤੋਂ ਬੰਦੂਕਾਂ ਵਾਪਸ ਲੈ ਲਈਆਂ ਗਈਆਂ ਅਤੇ ਡੰਡੇ ਫੜਾ ਦਿੱਤੇ ਗਏ। ਅਸੀਂ ਪੁੱਛਿਆ- 'ਬੰਦੂਕਾਂ ਖੁੱਸ ਜਾਣ 'ਤੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?' ਜਵਾਬ ਸੀ, 'ਚੰਗਾ ਤੇ ਮਾੜਾ ਦੋਨੋਂ'। 'ਕਿਉਂ?' 'ਚੰਗਾ ਇਸ ਲਈ, ਸਾਨੂੰ ਸਦਾ ਇਹੀ ਡਰ ਰਹਿੰਦਾ ਸੀ ਕਿ ਕਿਤੇ ਖੋਹ ਨਾ ਲਈਆਂ ਜਾਣ। ਬੁਰਾ ਇਸ ਲਈ, ਕਿਉਂਕਿ ਗੋਲੀਬਾਰੀ ਵਿਚ ਹੁਣ ਸਾਡੇ ਕੋਲ ਆਪਣੀ ਰਾਖੀ ਕਰਨ ਲਈ ਕੁਝ ਨਹੀਂ ਹੈ'। ਇਕ ਔਰਤ ਸੁਰੱਖਿਆ ਗਾਰਡ ਨੇ ਕਿਹਾ, 'ਹਿੰਦੁਸਤਾਨ ਸਰਕਾਰ ਇਸ ਨੂੰ ਫਲਸਤੀਨ ਬਣਾਉਣਾ ਚਾਹੁੰਦੀ ਹੈ। ਅਸੀਂ ਕਸ਼ਮੀਰੀ ਇਸ ਦਾ ਟਾਕਰਾ ਕਰਾਂਗੇ'।

'ਅਸੀਂ ਜਿਥੇ ਵੀ ਗਏ, ਉਥੇ ਇਹ ਦੋ ਬੇਕਿਰਕ ਜਜ਼ਬਾਤ ਦੇਖਣ ਨੂੰ ਮਿਲੇ। ਪਹਿਲਾ, ਆਜ਼ਾਦੀ ਦੀ ਖਾਹਸ਼; ਉਹ ਹਿੰਦੁਸਤਾਨ ਜਾਂ ਪਾਕਿਸਤਾਨ ਵਿਚੋਂ ਕਿਸੇ ਨੂੰ ਨਹੀਂ ਚਾਹੁੰਦੇ। 70 ਸਾਲਾਂ ਵਿਚ ਜ਼ਲਾਲਤ ਅਤੇ ਤਸੀਹਿਆਂ ਨੇ ਉਨ੍ਹਾਂ ਨੂੰ ਉਸ ਮੁਕਾਮ 'ਤੇ ਪਹੁੰਚਾ ਦਿੱਤਾ ਹੈ ਜਿਥੋਂ ਵਾਪਸੀ ਸੰਭਵ ਨਹੀਂ। ਕੁਝ ਕਹਿੰਦੇ ਹਨ ਕਿ ਧਾਰਾ 370 ਦਾ ਭੋਗ ਪਾਏ ਜਾਣ ਨੇ ਉਨ੍ਹਾਂ ਦਾ ਭਾਰਤ ਨਾਲ ਆਖਰੀ ਨਾਤਾ ਵੀ ਤੋੜ ਦਿੱਤਾ ਹੈ। ਸਰਕਾਰ ਨੇ ਤਾਂ ਸਦਾ ਭਾਰਤੀ ਸਟੇਟ ਦਾ ਸਾਥ ਦੇਣ ਵਾਲਿਆਂ ਨੂੰ ਵੀ ਰੱਦ ਕਰ ਦਿੱਤਾ ਹੈ। 'ਲਿਹਾਜ਼ਾ, ਉਨ੍ਹਾਂ ਦੀਆਂ ਨਜ਼ਰਾਂ ਵਿਚ ਸਾਡੀ ਆਮ ਕਸ਼ਮੀਰੀਆਂ ਦੀ ਕੀ ਵੁੱਕਤ ਹੈ?' ਉਨ੍ਹਾਂ ਦੇ ਤਮਾਮ ਆਗੂ ਪਬਲਿਕ ਸਕਿਓਰਿਟੀ ਐਕਟ ਤਹਿਤ ਕੈਦ ਹਨ ਜਾਂ ਘਰਾਂ ਵਿਚ ਨਜ਼ਰਬੰਦ ਹਨ, ਇਨ੍ਹਾਂ ਹਾਲਾਤ ਵਿਚ ਆਮ ਲੋਕ ਆਪਣੇ ਆਗੂ ਖੁਦ ਹੀ ਬਣ ਗਏ ਹਨ। ਉਨ੍ਹਾਂ ਦਾ ਸੰਤਾਪ ਅਕਹਿ ਹੈ, ਨਾਲ ਹੀ ਉਨ੍ਹਾਂ ਦਾ ਤਹੱਮਲ ਵੀ। ਦੂਜਾ ਸੀ, ਬੇਕਸੂਰਾਂ 'ਤੇ ਵਹਿਸ਼ਤ ਢਾਹੁਣ ਦਾ ਅਮਲ ਬੰਦ ਕਰਨ ਦੀ ਮੰਗ ਕਰਦੇ ਮਾਵਾਂ ਦੇ ਵੈਣ (ਜਿਨ੍ਹਾਂ ਨੇ ਤਸੀਹਿਆਂ ਨਾਲ ਕੋਹੀਆਂ ਐਨੇ ਬੱਚਿਆਂ ਦੀਆਂ ਲਾਸ਼ਾਂ ਦੇਖੀਆਂ ਹਨ)। ਬੰਦੂਕ ਤੇ ਫੌਜੀ ਬੂਟਾਂ ਵਲੋਂ ਉਨ੍ਹਾਂ ਦੇ ਬੱਚਿਆਂ ਦੀਆਂ ਜ਼ਿੰਦਾਂ ਨੂੰ ਕੋਹਣ ਦਾ ਸਿਲਸਿਲਾ ਬੰਦ ਹੋਣਾ ਚਾਹੀਦਾ ਹੈ।

ਕਸ਼ਮੀਰ ਵਿਚ ਆਪਣੇ ਕਿਆਮ ਦੌਰਾਨ ਜੋ ਕੁਝ ਦੇਖਿਆ-ਸੁਣਿਆ, ਉਸ ਬਾਰੇ ਰਿਪੋਰਟ ਦੀ ਸਮਾਪਤੀ ਅਸੀਂ ਦੋ ਸਿੱਟਿਆਂ ਨਾਲ ਕਰ ਰਹੀਆਂ ਹਾਂ। ਕਸ਼ਮੀਰੀਆਂ ਨੇ ਭਾਰਤ ਸਰਕਾਰ ਅਤੇ ਫੌਜ ਦੀ ਵਹਿਸ਼ਤ ਅਤੇ ਬਲੈਕਆਊਟ ਦਾ ਮੁਕਾਬਲਾ ਕਰਦਿਆਂ ਪਿਛਲੇ 50 ਸਾਲਾਂ ਵਿਚ ਕਮਾਲ ਦੀ ਲਚਕ ਦਿਖਾਈ ਹੈ। ਅਸੀਂ ਜੋ ਦਰਦ ਕਹਾਣੀਆਂ ਉਨ੍ਹਾਂ ਦੇ ਮੂੰਹੋਂ ਸੁਣੀਆਂ, ਉਹ ਕੰਬਣੀ ਛੇੜਨ ਵਾਲੀਆਂ ਹਨ। ਕਸ਼ਮੀਰੀਆਂ ਦੇ ਹੌਸਲੇ ਅਤੇ ਸਿਰੜ ਨੂੰ ਸਲਾਮ। ਦੂਜਾ, ਅਸੀਂ ਦੁਹਰਾ ਦੇਈਏ ਕਿ ਉਥੇ ਸਹਿਜ ਹਾਲਤ ਵਾਲੀ ਕੋਈ ਗੱਲ ਨਹੀਂ। ਹਾਲਾਤ ਹੌਲੀ-ਹੌਲੀ ਸਹਿਜ ਹੋ ਰਹੇ ਹਨ, ਇਹ ਦਾਅਵੇ ਕਰਨ ਵਾਲੇ ਤੱਥਾਂ ਨੂੰ ਤੋੜ-ਮਰੋੜ ਕੇ ਝੂਠੇ ਦਾਅਵੇ ਕਰ ਰਹੇ ਹਨ।

ਰਿਪੋਰਟ ਦਾ ਆਗਾਜ਼ ਅਸੀਂ ਕਸ਼ਮੀਰ ਸ਼ਾਇਰ ਰੰਜੂਰ ਦੀਆਂ ਸਤਰਾਂ ਨਾਲ ਕੀਤਾ ਸੀ, ਸਮਾਪਤੀ ਅਸੀਂ ਹਿੰਦੀ ਕਵੀ ਦੁਸ਼ਿਯੰਤ ਦੀਆਂ ਸਤਰਾਂ ਨਾਲ ਕਰ ਰਹੇ ਹਾਂ:

ਹੋ ਗਈ ਹੈ ਪੀੜ ਪਰਬਤ ਸੀ
ਪਿਘਲਨੀ ਚਾਹੀਏ,
ਇਸ ਹਿਮਾਲਾ ਸੇ ਕੋਈ
ਗੰਗਾ ਨਿਕਲਨੀ ਚਾਹੀਏ।

***(ਅਨੁਵਾਦ : ਬੂਟਾ ਸਿੰਘ)***

## ਅਸੀਂ ਮੰਗ ਕਰਦੇ ਹਾਂ...

ਹਾਲਾਤ ਸਹਿਜ ਕਰਨ ਲਈ ਫੌਜ ਅਤੇ ਨੀਮ-ਫੌਜੀ ਲਸ਼ਕਰ ਵਾਪਸ ਬੁਲਾਏ ਜਾਣ। ਵਿਸ਼ਵਾਸ ਜਿੱਤਣ ਲਈ ਸਾਰੇ ਕੇਸ ਰੱਦ ਕੀਤੇ ਜਾਣ ਅਤੇ ਸਾਰਿਆਂ ਨੂੰ ਰਿਹਾ ਕੀਤਾ ਜਾਵੇ, ਖਾਸ ਕਰਕੇ ਜਿਨ੍ਹਾਂ ਨੌਜਵਾਨਾਂ ਨੂੰ ਧਾਰਾ 370 ਦਾ ਭੋਗ ਪਾਏ ਜਾਣ ਦੇ ਸਮੇਂ ਤੋਂ ਹਿਰਾਸਤ ਵਿਚ ਜਾਂ ਜੇਲ੍ਹਾਂ ਵਿਚ ਰੱਖਿਆ ਗਿਆ ਹੈ। ਨਿਆਂ ਯਕੀਨੀ ਬਣਾਉਣ ਲਈ ਫੌਜ ਤੇ ਹੋਰ ਸੁਰੱਖਿਆ ਦਸਤਿਆਂ ਵਲੋਂ ਮਚਾਈ ਹਿੰਸਾ ਅਤੇ ਤਸੀਹਿਆਂ ਦੀ ਜਾਂਚ ਕਰਾਈ ਜਾਵੇ।





ਆਵਾਜਾਈ ਅਤੇ ਸੰਚਾਰ ਸਾਧਨਾਂ ਦੀ ਅਣਹੋਂਦ 'ਚ ਜਿਨ੍ਹਾਂ ਦੇ ਪਿਆਰੇ ਫੌਤ ਹੋ ਗਏ, ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਇਨ੍ਹਾਂ ਤੋਂ ਇਲਾਵਾ, ਇੰਟਰਨੈਟ ਅਤੇ ਮੋਬਾਈਲ ਨੈਟਵਰਕ ਸਮੇਤ ਤਮਾਮ ਸੰਚਾਰ ਸੇਵਾਵਾਂ ਤੁਰੰਤ ਬਹਾਲ ਕੀਤੀਆਂ ਜਾਣ। ਧਾਰਾ 370 ਤੇ 35ਏ ਬਹਾਲ ਕੀਤੀ ਜਾਵੇ।

ਜੰਮੂ ਕਸ਼ਮੀਰ ਦੇ ਰਾਜਸੀ ਭਵਿਖ ਬਾਰੇ ਤਮਾਮ ਫੈਸਲੇ ਉਥੋਂ ਦੇ ਲੋਕਾਂ ਨਾਲ ਗੱਲਬਾਤ ਦੇ ਜਮਹੂਰੀ ਅਮਲ ਜ਼ਰੀਏ ਲਏ ਜਾਣ। ਜੰਮੂ ਕਸ਼ਮੀਰ ਦੇ ਸਿਵਲੀਅਨ ਇਲਾਕਿਆਂ ਵਿਚੋਂ ਤਮਾਮ ਫੌਜੀ ਦਸਤੇ ਵਾਪਸ ਬੁਲਾਏ ਜਾਣ। ਫੌਜ ਵਲੋਂ ਕੀਤੀਆਂ ਧੱਕੇਸ਼ਾਹੀਆਂ ਦੀ ਸਮਾਂਬੱਧ ਜਾਂਚ ਲਈ ਜਾਂਚ ਕਮੇਟੀ ਬਣਾਈ ਜਾਵੇ।

# ਸੰਸਾਰ ਦੀ ਸੱਥ ਮੂਹਰੇ ਇਮਰਾਨ ਖਾਨ ਦੀ ਥਿੜਕਣ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਜਿਹੇ ਵੱਡੇ ਦੇਸ਼ ਨੂੰ ਦੋ ਥਾਂਈਂ ਵੰਡ ਕੇ ਅੰਗਰੇਜ਼ਾਂ ਨੇ ਇੱਕ ਵੱਖਰਾ ਦੇਸ਼ ਪਾਕਿਸਤਾਨ ਸਿਰਜਿਆ ਸੀ। ਉਸ ਨੂੰ ਵੀ ਇੱਕੋ ਥਾਂ ਨਹੀਂ ਸੀ ਰੱਖਿਆ ਅਤੇ ਦੋ ਥਾਂਈਂ ਵੰਡ ਕੇ ਪੂਰਬੀ ਅਤੇ ਪੱਛਮੀ ਪਾਕਿਸਤਾਨ ਬਣਾ ਕੇ ਦੋਹਾਂ ਦੀ ਸਰਕਾਰ ਇੱਕੋ ਥਾਂ ਕਰਾਚੀ ਤੋਂ ਚਲਾਉਣ ਲਈ ਕਿਹਾ ਸੀ। ਏਧਰ ਪੰਜਾਬ ਵੰਡ ਕੇ ਦੋ ਥਾਂਈਂ ਕੀਤਾ ਗਿਆ ਅਤੇ ਦੂਜੇ ਪਾਸੇ ਬੰਗਾਲ ਦੋ ਥਾਂਈਂ ਵੰਡ ਕੇ ਇਸ ਵਿਚੋਂ ਪੂਰਬੀ ਪਾਕਿਸਤਾਨ ਬਣਾਇਆ ਗਿਆ, ਜੋ ਫਿਰ ਪਾਕਿਸਤਾਨ ਤੋਂ ਟੁੱਟ ਕੇ ਵੱਖਰਾ ਬੰਗਲਾ ਦੇਸ਼ ਬਣਨ ਦੀ ਘਟਨਾ ਵਾਪਰੀ ਸੀ। ਕਾਰਨ ਇਹ ਸੀ ਕਿ ਪੂਰਬੀ ਪਾਕਿਸਤਾਨ ਦੀ ਜਨਤਾ ਦੇ ਹਰਮਨ ਪਿਆਰੇ ਆਗੂ ਸ਼ੇਖ ਮੁਜੀਬ-ਉਰ-ਰਹਿਮਾਨ ਨੂੰ ਜਦੋਂ ਪੂਰਬੀ ਅਤੇ ਪੱਛਮੀ-ਸਾਂਝੇ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੀਆਂ ਚੋਣਾਂ ਦੌਰਾਨ ਕੁੱਲ ਤਿੰਨ ਸੌ ਸੀਟਾਂ ਵਿਚੋਂ ਇੱਕ ਸੌ ਸੱਠ ਦੀ ਬਹੁ-ਸੰਮਤੀ ਮਿਲ ਗਈ ਤਾਂ ਉਸ ਨੂੰ ਸਹੁੰ ਚੁੱਕਣ ਤੋਂ ਰੋਕ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ, ਜਿਸ ਤੋਂ ਹਾਲਾਤ ਵਿਗੜੇ ਅਤੇ ਬੰਗਲਾ ਦੇਸ਼ ਵੱਖਰਾ ਹੋਣ ਦੀ ਨੌਬਤ ਆ ਗਈ ਸੀ।

ਜਦੋਂ ਹਾਲੇ ਇੱਕ ਦੇਸ਼ ਤੋੜ ਕੇ ਦੋ ਬਣਾਏ ਗਏ ਅਤੇ ਦੋਹ ਥਾਂਈਂ ਵੰਡਿਆ ਪਾਕਿਸਤਾਨ ਬਣਿਆ ਹੀ ਸੀ, ਦੋਹਾਂ ਦੀ ਪਹਿਲੀ ਜੰਗ ਛਿਮਾਹੀ ਦੇ ਅੰਦਰ ਹੀ ਹੋ ਗਈ ਸੀ। ਉਹ ਜੰਗ ਕਸ਼ਮੀਰ ਦੀ ਰਿਆਸਤ ਬਾਰੇ ਸੀ। ਉਸ ਪਿੱਛੋਂ ਭਾਰਤ ਅਤੇ ਪਾਕਿਸਤਾਨ ਦੀਆਂ ਅੱਜ ਤੱਕ ਚਾਰ ਜੰਗਾਂ ਹੋ ਚੁਕੀਆਂ ਹਨ, ਜੋ ਭਾਵੇਂ ਧਰਤੀ 'ਤੇ ਲੜੀਆਂ ਗਈਆਂ ਤੇ ਭਾਵੇਂ ਆਕਾਸ਼ ਵਿਚ, ਪਰ ਆਪਣੇ ਇਲਾਕੇ ਵਿਚ ਲੜੀਆਂ ਗਈਆਂ ਸਨ। ਇਸ ਵੇਲੇ ਇੱਕ ਜੰਗ ਦੁਨੀਆਂ ਦੇ ਦੂਜੇ ਸਿਰੇ ਅਮਰੀਕਾ ਵਿਚ ਜਾ ਕੇ ਫੌਜਾਂ ਦੀ ਥਾਂ ਡਿਪਲੋਮੈਟਿਕ ਪੱਧਰ 'ਤੇ ਲੜੀ ਜਾ ਰਹੀ ਹੈ ਅਤੇ ਇਸ ਜੰਗ ਵਿਚ ਹਰ ਰੋਜ਼ ਨਵੀਂ ਖਬਰ ਸੁਣਨ ਨੂੰ ਮਿਲਦੀ ਹੈ। ਦੋਹਾਂ ਦੇਸ਼ਾਂ ਦੇ ਮੁਖੀਆਂ ਦਾ ਸਾਰਾ ਜ਼ੋਰ ਇਸ ਜੰਗ 'ਤੇ ਲੱਗਾ ਪਿਆ ਹੈ।

ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਧੜੱਲੇਦਾਰ ਬੁਲਾਰਾ ਅਤੇ ਲਾਮਬੰਦੀ ਕਰਨ ਦੀਆਂ ਮੁਹਿੰਮਾਂ ਦਾ ਮਾਹਰ ਸਮਝਿਆ ਜਾਂਦਾ ਹੈ ਤੇ ਉਸ ਦੀ ਅਜਿਹੀ ਮੁਹਾਰਤ ਦੇਸ਼ ਤੋਂ ਨਿਕਲ ਕੇ ਸੰਸਾਰ ਪਿੜ ਵਿਚ ਪਹੁੰਚ ਗਈ ਹੈ। ਹਿਊਸਟਨ (ਟੈਕਸਸ) ਵਿਚ ਉਸ ਲਈ ਕੀਤੇ ਗਏ ਵੱਡੇ ਸ਼ੋਅ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੀ ਆਇਆ ਅਤੇ ਇਸ ਬਹਾਨੇ ਜਿਸ ਅਮਰੀਕੀ ਮੀਡੀਏ ਨੇ ਨਰਿੰਦਰ ਮੋਦੀ ਦੇ ਸ਼ੋਅ ਨੂੰ ਸਿਰਫ ਭਾਰਤੀਆਂ ਦਾ ਇਕੱਠ ਮੰਨਣਾ ਸੀ ਤੇ ਖਾਸ ਥਾਂ ਨਹੀਂ ਸੀ ਦੇਣੀ, ਉਸ ਨੇ ਵੀ ਆਪਣੇ ਰਾਸ਼ਟਰਪਤੀ ਕਾਰਨ ਇਸ ਨੂੰ ਪੂਰੀ ਕਵਰੇਜ ਦਿੱਤੀ।

ਪ੍ਰਧਾਨ ਮੰਤਰੀ ਮੋਦੀ ਇਸ ਦੌਰਾਨ ਦਿੱਤੇ ਭਾਸ਼ਣ ਵਿਚ ਅਮਰੀਕੀ ਰਾਸ਼ਟਰਪਤੀ ਦੀ ਅਗਲੇ ਸਾਲ ਹੋਣ ਵਾਲੀ ਚੋਣ ਦਾ ਚੱਕਾ ਬੰਨ੍ਹਣ ਲਈ ਭਾਰਤੀ ਚੋਣ ਮੁਹਿੰਮ ਦੇ 'ਅਬ ਕੀ ਬਾਰ, ਮੋਦੀ



*ਇਮਰਾਨ ਖਾਨ*

ਸਰਕਾਰ' ਦੇ ਨਾਅਰੇ ਵਾਂਗ ਅਮਰੀਕਾ ਲਈ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਦੇਣ ਤੱਕ ਵੀ ਪਹੁੰਚ ਗਿਆ। ਇਹ ਗੱਲ ਚੰਗੀ ਨਹੀਂ ਹੋਈ। ਭਾਰਤ ਦੀ ਨੀਤੀ ਕਿਸੇ ਦੇਸ਼ ਵਿਚ ਚੋਣ ਦੌਰਾਨ ਦਖਲ ਦੇਣ ਦੀ ਕਦੇ ਨਹੀਂ ਸੀ ਰਹੀ। ਪ੍ਰਧਾਨ ਮੰਤਰੀ ਮੋਦੀ ਦਾ ਇਹ ਕਦਮ ਅਮਰੀਕੀ ਚੋਣਾਂ ਵਿਚ ਦਖਲ ਸੀ। ਰਾਸ਼ਟਰਪਤੀ ਦੀ ਪਿਛਲੀ ਚੋਣ ਦੌਰਾਨ ਉਥੇ ਰੂਸ ਵੱਲੋਂ ਦਿੱਤੇ ਕਿਸੇ ਦਖਲ ਦੀ ਚਰਚਾ ਅਜੇ ਤੱਕ ਕਿਸੇ ਸਿਰੇ ਨਹੀਂ ਲੱਗੀ ਤੇ ਨਰਿੰਦਰ ਮੋਦੀ ਦੇ ਇਸ ਭਾਸ਼ਣ ਨਾਲ ਅਗਲੀ ਚੋਣ ਵਿਚ ਭਾਰਤ ਦੇ ਦਖਲ ਦਾ ਅਗੇਤਾ ਦੋਸ਼ ਲੱਗਣ ਦਾ ਪਿੜ ਬੰਨ੍ਹ ਦਿੱਤਾ ਗਿਆ ਹੈ।

ਅਸੀਂ ਇਹ ਗੱਲ ਨਹੀਂ ਕਹਿਣਾ ਚਾਹੁੰਦੇ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਭਾਸ਼ਣ ਦੇ ਅਸਰ ਹੇਠ ਪਾਕਿਸਤਾਨ ਦੇ ਖਿਲਾਫ ਭਾਰਤ ਦੇ ਡਿਪਲੋਮੈਟਿਕ ਪੈਂਤੜੇ ਦਾ ਸਾਥ ਦਿੱਤਾ ਜਾਂ ਭਾਰਤ ਦੀ ਜਾਇਜ਼ ਸਮਝ ਨਾਲ ਖੜੋਣ ਦਾ ਫਰਜ਼ ਨਿਭਾਇਆ ਹੈ, ਪਰ ਏਨੀ ਗੱਲ ਸਾਫ ਹੈ ਕਿ ਉਹ ਭਾਰਤ ਨਾਲ ਖੜ੍ਹਾ ਹੈ। ਪਾਕਿਸਤਾਨ ਤੋਂ ਆਏ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪੈਰ-ਪੈਰ 'ਤੇ ਏਨੀ ਬੇਇੱਜ਼ਤੀ ਹੁੰਦੀ ਦਿਖਾਈ ਦਿੱਤੀ, ਜਿੰਨੀ ਅੱਜ ਤੱਕ ਕਿਸੇ ਹੋਰ ਪ੍ਰਧਾਨ ਮੰਤਰੀ ਦੀ ਨਹੀਂ ਸੀ ਹੋਈ। ਹਵਾਈ ਅੱਡੇ 'ਤੇ ਕੋਈ ਲੈਣ ਨਹੀਂ ਗਿਆ ਤਾਂ ਖਾਸ ਫਰਕ ਨਹੀਂ, ਪਰ ਰਾਸ਼ਟਰਪਤੀ ਟਰੰਪ ਵੱਲੋਂ ਉਸ ਨਾਲ ਲਾਈ ਸਾਂਝੀ ਪ੍ਰੈਸ ਕਾਨਫਰੰਸ ਵਿਚ ਜੋ ਵਿਹਾਰ ਕੀਤਾ ਗਿਆ ਤੇ ਇਸ ਦੌਰਾਨ ਇੱਕ ਸਵਾਲ ਕਰਨ ਵਾਲੇ ਪੱਤਰਕਾਰ ਬਾਰੇ ਟਰੰਪ ਨੇ ਇਮਰਾਨ ਖਾਨ ਨੂੰ ਜਿਵੇਂ ਕਿਹਾ ਕਿ ਏਦਾਂ ਦੇ ਪੱਤਰਕਾਰ ਕਿੱਥੋਂ ਲੈ ਆਉਂਦੇ ਹੋ, ਉਹ ਸਭ ਲਈ ਹੈਰਾਨ ਕਰਨ ਵਾਲੀ ਗੱਲ ਸੀ।

ਫਿਰ ਅਗਲਾ ਮੌਕਾ ਯੂ. ਐਨ. ਸੈਸ਼ਨ ਵਿਚ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੇ ਭਾਸ਼ਣਾਂ ਦਾ ਸੀ, ਜਿਸ ਵਿਚ ਕਿਹੜਾ ਕੀ ਕਹਿੰਦਾ ਹੈ, ਇਸ ਵੱਲ ਦੁਨੀਆਂ ਭਰ ਦੇ ਲੋਕਾਂ ਦੇ ਕੰਨ ਲੱਗੇ ਹੋਏ ਸਨ। ਭਾਰਤ ਦੇ ਪ੍ਰਧਾਨ ਮੰਤਰੀ ਨੇ ਆਪਣੇ ਪੱਕੇ ਰੌਂਅ ਮੁਤਾਬਕ ਅਤਿਵਾਦ ਦਾ ਮੁੱਦਾ ਚੁੱਕਿਆ ਅਤੇ ਨਾਲ ਭਾਰਤ ਦੇ ਵਿਕਾਸ ਦੀਆਂ ਗੱਲਾਂ ਦਾ ਗੁਤਾਵਾ ਕਰ ਕੇ ਇੱਕ ਏਦਾਂ ਦਾ ਮਾਹੌਲ ਸਿਰਜ ਲਿਆ ਕਿ ਅਗਲੀ ਗੱਲ ਵੀ ਕਹਿੰਦਾ ਹੋਇਆ ਪਾਕਿਸਤਾਨ ਦਾ ਨਾਂ ਲਏ ਬਿਨਾ ਉਸ 'ਤੇ ਚੋਟ ਕਰਦਾ ਗਿਆ।

ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਸ ਕਲਾ ਦਾ ਏਨਾ ਮਾਹਰ ਵੀ ਨਹੀਂ ਅਤੇ ਇਸ ਪੱਖੋਂ ਉਸ ਕੋਲ ਬਹੁਤਾ ਕੁਝ ਕਹਿਣ ਨੂੰ ਵੀ ਨਹੀਂ, ਇਸ ਕਾਰਨ ਬੜੇ ਥੋੜ੍ਹੇ ਹੋਰ ਮੁੱਦੇ ਛੇੜ ਕੇ ਬਾਅਦ ਵਿਚ ਸਿੱਧੇ ਭਾਰਤ ਵਿਰੋਧੀ ਨੁਕਤਿਆਂ 'ਤੇ ਬੋਲਣ ਲੱਗ ਪਿਆ। ਕਸ਼ਮੀਰ ਦਾ ਮੁੱਦਾ ਤਾਂ ਉਸ ਨੇ ਚੁੱਕਣਾ ਹੀ ਸੀ, ਉਹ ਇਹ ਵੀ ਸਮਝਾਉਣ ਲੱਗਾ ਰਿਹਾ ਕਿ ਇਸਲਾਮ ਅਤੇ ਅਤਿਵਾਦ ਨੂੰ ਆਪੋ ਵਿਚ ਰਲਗੱਡ ਕਰਨ ਨਾਲ ਨੁਕਸਾਨ ਹੁੰਦਾ ਹੈ, ਪਰ ਅੰਤ ਵਿਚ ਇਸ ਗੱਲ 'ਤੇ ਆ ਗਿਆ ਕਿ ਜੇ ਭਾਰਤ ਨਾਲ ਜੰਗ ਹੋਣ ਦੀ ਸਥਿਤੀ ਬਣੀ ਤਾਂ ਸਾਰੀ ਦੁਨੀਆਂ ਭੁਗਤੇਗੀ। ਉਸ ਨੇ ਸਾਫ ਸ਼ਬਦਾਂ ਵਿਚ ਕਿਹਾ ਕਿ ਉਸ ਦਾ ਦੇਸ਼ ਭਾਰਤ ਵਾਂਗ ਐਟਮੀ ਤਾਕਤ ਹੈ ਅਤੇ ਲੜਾਈ ਵਿਚ ਉਹ ਜਾਂ ਹਾਰ ਮੰਨਣਗੇ ਜਾਂ ਆਖਰੀ ਸਾਹ ਤੱਕ ਲੜਨਗੇ ਤੇ ਇਸ ਸਥਿਤੀ ਵਿਚ ਜੋ ਨੌਬਤ ਆ ਸਕਦੀ ਹੈ, ਬਾਕੀ ਦੁਨੀਆਂ ਉਸ ਦੇ ਅਸਰ ਤੋਂ ਬਚੀ ਰਹਿਣ ਦੀ ਆਸ ਬਿਲਕੁਲ ਨਹੀਂ ਕਰ ਸਕਦੀ। ਦਹਿਸ਼ਤਗਰਦੀ ਦੇ ਮੁੱਦੇ 'ਤੇ ਆਪਣੇ ਦੇਸ਼ ਦੀ ਸਫਾਈ ਦੇਣ ਦੀ ਕੋਸ਼ਿਸ਼ ਵੀ ਉਸ ਨੇ ਬੜੀ ਕੀਤੀ, ਪਰ ਕੰਮ ਪਹਿਲਾਂ ਹੀ ਵਿਗੜ ਚੁਕਾ ਸੀ।

ਪਹਿਲਾਂ ਵਿਗੜ ਚੁਕੇ ਕੰਮ ਦੀ ਗੱਲ ਅਸੀਂ ਇਸ ਲਈ ਕਹਿੰਦੇ ਹਾਂ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਯੂ. ਐਨ. ਓ. ਦੇ ਮੰਚ ਤੋਂ ਬੋਲਣ ਦੇ ਇੱਕ ਦਿਨ ਪਹਿਲਾਂ ਇਹ ਗੱਲ ਕਹਿ ਚੁਕਾ ਸੀ ਕਿ ਅਮਰੀਕਾ ਦੇ ਕਹਿਣ 'ਤੇ ਤਾਲਿਬਾਨ ਤੇ ਅਲ ਕਾਇਦਾ ਨੂੰ ਟਰੇਨਿੰਗ ਦੇ ਕੇ ਉਸ ਦੇ ਦੇਸ਼ ਦੀ ਫੌਜ ਨੇ ਖੜ੍ਹੇ ਕੀਤਾ ਸੀ। ਨਾਂ ਭਾਵੇਂ ਅਮਰੀਕਾ ਦਾ ਲਿਆ ਕਿ ਉਸ ਦੇ ਕਹੇ 'ਤੇ ਇਹ ਕੰਮ ਕੀਤਾ ਸੀ, ਪਰ ਅਸਲ ਵਿਚ ਉਸ ਨੇ ਇਹ ਗੱਲ ਮੰਨ ਲਈ ਕਿ ਦਹਿਸ਼ਤਗਰਦਾਂ ਨੂੰ ਟਰੇਨਿੰਗ ਦੇਣ ਅਤੇ ਦੂਜੇ ਦੇਸ਼ਾਂ ਵਿਚ ਭੇਜਣ ਦਾ ਗੁਨਾਹ ਉਸ ਦੇ ਦੇਸ਼ ਦੀ ਫੌਜ ਕਰਦੀ ਰਹੀ ਸੀ। ਜੇ ਅਮਰੀਕਾ ਦੇ ਕਹਿਣ 'ਤੇ ਵੀ ਕੀਤਾ ਸੀ ਤਾਂ ਇਸ ਬਹਾਨੇ ਇਮਰਾਨ ਖਾਨ ਨੇ ਇਹ ਗੱਲ ਮੰਨ ਲਈ ਕਿ ਜਦੋਂ ਭਾਰਤ ਪੁਲਾੜ ਵੱਲ ਉਡਾਰੀ ਲਾਉਣ ਸਮੇਤ ਕਈ ਕਦਮ ਵਿਕਾਸ ਵੱਲ ਵਧਾਉਣ ਲੱਗਾ ਪਿਆ ਸੀ, ਉਦੋਂ ਇਮਰਾਨ ਖਾਨ ਦਾ ਦੇਸ਼ ਕਦੇ ਅਮਰੀਕਾ ਅਤੇ ਕਦੇ ਕਿਸੇ ਹੋਰ ਦੇਸ਼ ਵਾਲਿਆਂ ਲਈ ਭਾੜੇ ਦੇ ਕਾਰਿੰਦੇ ਵਾਂਗ ਗੰਦੇ ਤੋਂ ਗੰਦਾ ਕੰਮ ਕਰਦਾ ਰਿਹਾ ਸੀ।

ਦੋਸ਼ ਭਾਵੇਂ ਪਿਛਲੀਆਂ ਸਰਕਾਰਾਂ ਸਿਰ ਥੱਪ ਦਿੱਤਾ ਜਾਵੇ, ਪਰ ਇਸ ਨਾਲ ਭੰਡੀ ਤਾਂ ਪਾਕਿਸਤਾਨ ਦੇਸ਼, ਉਸ ਦੀ ਫੌਜ ਅਤੇ ਉਸ ਕੌਮ ਦੀ ਹੀ ਹੁੰਦੀ ਸੀ। ਇਸ ਕਾਰਨ ਜਦੋਂ ਉਹ ਅਮਰੀਕਾ ਵਿਚ ਏਦਾਂ ਦੇ ਥਿੜਕਣਾਂ ਭਰਪੂਰ ਪੈਂਤੜੇ ਵਰਤ ਰਿਹਾ ਸੀ ਤੇ ਇਥੋਂ ਤੱਕ ਕਹੀ ਜਾਂਦਾ ਸੀ ਕਿ ਜਿਸ ਦਬਾਅ ਹੇਠ ਮੈਂ ਕੰਮ ਕਰਦਾ ਪਿਆ ਹਾਂ, ਕੋਈ ਹੋਰ ਆਗੂ ਹੁੰਦਾ ਤਾਂ ਉਸ ਨੂੰ ਹਾਰਟ ਅਟੈਕ ਹੋ ਜਾਂਦਾ ਤਾਂ ਉਸ ਦੀ ਬੇਵੱਸੀ ਵੀ ਜਾਹਰ ਹੁੰਦੀ ਅਤੇ ਕੂਟਨੀਤੀ ਦਾ ਅਨਾੜੀਪੁਣਾ ਵੀ। ਉਸ ਦੇ ਲੋਕ ਵੀ ਇਸ ਤੋਂ ਖੁਸ਼ ਨਹੀਂ ਹੋ ਸਕਦੇ।

ਅਸੀਂ ਭਾਰਤੀ ਲੋਕ ਜਦੋਂ ਕਹਿੰਦੇ ਹਾਂ ਕਿ ਅਸੀਂ ਤਰੱਕੀ ਬਹੁਤ ਕੀਤੀ ਹੈ ਤਾਂ ਅਗਲੀ ਗੱਲ ਕਹਿਣ ਲਈ ਯੋਗ ਆਧਾਰ ਨਹੀਂ ਦੱਸ ਸਕਦੇ ਕਿ ਤਰੱਕੀ ਦਾ ਲਾਭ ਹਰ ਭਾਰਤੀ ਨੂੰ ਸਾਵਾਂ ਮਿਲਿਆ ਹੈ, ਪਰ ਪਾਕਿਸਤਾਨ ਦਾ ਆਜ਼ਾਦੀ ਤੋਂ ਬਾਅਦ ਸਾਰਾ ਧਿਆਨ ਹੀ ਭਾਰਤ ਦੇ ਵਿਰੋਧ ਵਾਸਤੇ ਲੱਗਾ ਰਿਹਾ ਹੈ। ਉਨ੍ਹਾਂ ਨੇ ਇੱਕੋ ਗੱਲ ਅਜਿਹੀ ਕੀਤੀ, ਜਿਸ ਨਾਲ ਸੰਸਾਰ ਦਾ ਧਿਆਨ ਖਿੱਚਣ ਦਾ ਯਤਨ ਕਰਦੇ ਹਨ ਤੇ ਉਹ ਗੱਲ ਐਟਮੀ ਸ਼ਕਤੀ ਹਾਸਲ ਕਰਨਾ ਹੈ, ਪਰ ਇਸ ਕੰਮ ਵਿਚ ਵੀ ਉਨ੍ਹਾਂ ਦਾ ਓਨਾ ਯੋਗਦਾਨ ਆਪਣਾ ਨਹੀਂ, ਜਿੰਨਾ ਇਸਲਾਮੀ ਦੇਸ਼ਾਂ ਦਾ ਹੈ, ਜਿਨ੍ਹਾਂ ਤੋਂ ਇਹ ਕਹਿ ਕੇ ਪੈਸਾ ਲਿਆ ਸੀ ਕਿ ਇਹ ਬੰਬ ਪਾਕਿਸਤਾਨ ਵਾਸਤੇ ਨਹੀਂ, ਅਸੀਂ ਇਸਲਾਮੀ ਬੰਬ ਬਣਾਉਣਾ ਹੈ।

ਅੱਜ ਜਦੋਂ ਪਾਕਿਸਤਾਨ ਸਰਕਾਰ ਦਾ ਮੁਖੀ ਮੰਨ ਰਿਹਾ ਹੈ ਕਿ ਉਸ ਦੇ ਦੇਸ਼ ਦੀਆਂ ਸਰਕਾਰਾਂ ਤੇ ਫੌਜਾਂ ਨੇ ਅਲ ਕਾਇਦਾ ਤੇ ਤਾਲਿਬਾਨ ਜਿਹੇ ਗਰੁੱਪਾਂ ਨੂੰ ਤਿਆਰ ਕਰਨ ਦਾ ਗੁਨਾਹ ਕੀਤਾ ਹੋਇਆ ਹੈ ਤਾਂ ਇਹ ਦੂਜਾ ਮੁੱਦਾ ਹੈ, ਜਿਸ ਨਾਲ ਉਹ ਸਾਰੀ ਦੁਨੀਆਂ ਦਾ ਧਿਆਨ ਖਿੱਚ ਰਿਹਾ ਹੈ, ਪਰ ਇਹ ਮੁੱਦਾ ਕੋਈ ਇੱਜ਼ਤ ਬਣਾਉਣ ਵਾਲਾ ਤਾਂ ਨਹੀਂ, ਹੋਰ ਵੀ ਬੱਦੂ ਕਰਨ ਵਾਲਾ ਹੈ।

ਆਪੋ ਵਿਚ ਚਾਰ ਜੰਗਾਂ ਦੋਹਾਂ ਦੇਸ਼ਾਂ ਦੀ ਆਪਣੀ ਧਰਤੀ ਅਤੇ ਆਪਣੇ ਆਕਾਸ਼ ਵਿਚ ਲੜ ਚੁਕੇ ਦੋਵੇਂ ਦੇਸ਼ ਇਸ ਵੇਲੇ ਜਦੋਂ ਸੰਸਾਰ ਦੀ ਸੱਥ ਮੂਹਰੇ ਇੱਕ ਡਿਪਲੋਮੈਟਿਕ ਜੰਗ ਲੜਦੇ ਪਏ ਹਨ, ਇਸ ਵਿਚ ਵੀ ਭਾਰਤੀ ਪੱਖ ਦੀ ਗੱਲ ਹੋਵੇ ਜਾਂ ਨਾ, ਪਾਕਿਸਤਾਨ ਦੇ ਹੱਕ ਵਿਚ ਹੁੰਗਾਰਾ ਦੇਣ ਵਾਲਾ ਕੋਈ ਨਹੀਂ ਲੱਭਾ। ਇਥੋਂ ਤੱਕ ਕਿ ਚੀਨ ਜਿਹਾ ਉਸ ਦੀ ਚਿਰਾਂ ਤੋਂ ਸਰਪ੍ਰਸਤੀ ਕਰਦਾ ਆਇਆ ਦੇਸ਼, ਜਿਸ ਦੀ ਬਹੁਤ ਸਾਰੀ ਪੂੰਜੀ ਪਾਕਿਸਤਾਨ ਵਿਚਲੇ ਪ੍ਰਾਜੈਕਟਾਂ 'ਤੇ ਲੱਗੀ ਹੋਣ ਕਰ ਕੇ ਉਸ ਲਈ ਪਾਕਿਸਤਾਨ ਦੀ ਮਦਦ ਕਰਨਾ ਇੱਕ ਮਜਬੂਰੀ ਵੀ ਹੈ, ਉਹ ਵੀ ਇਸ ਵੇਲੇ ਪਾਕਿਸਤਾਨ ਲਈ ਇੱਕ ਖਾਸ ਹੱਦ ਤੋਂ ਅੱਗੇ ਜਾਣ ਵਾਸਤੇ ਤਿਆਰ ਨਹੀਂ।

ਪਾਕਿਸਤਾਨ ਬੁਰੀ ਤਰ੍ਹਾਂ ਨਿੱਖੜ ਚੁਕਾ ਹੈ। ਸਾਨੂੰ ਅਜਿਹੀ ਕੋਈ ਚਿੰਤਾ ਨਹੀਂ ਕਿ ਇਸ ਜੰਗ ਵਿਚ ਦੋਹਾਂ ਵਿਚੋਂ ਕੌਣ ਜਿੱਤੇਗਾ, ਸਗੋਂ ਇਸ ਗੱਲ ਬਾਰੇ ਚਿੰਤਾ ਹੈ ਕਿ ਜੋ ਕੁਝ ਇਮਰਾਨ ਖਾਨ ਸੰਸਾਰ ਦੀ ਸੱਥ ਮੂਹਰੇ ਕਹਿ ਆਇਆ ਹੈ, ਇਸ ਨਾਲ ਉਹ ਹੀਰੋ ਤਾਂ ਬਣਿਆ ਨਹੀਂ, ਪਰ ਆਪਣੀ ਬੇਇੱਜ਼ਤੀ ਮੰਨ ਕੇ ਪਾਕਿਸਤਾਨੀ ਫੌਜ ਕੋਈ ਇਹੋ ਜਿਹਾ ਚੰਦ ਚਾੜ੍ਹ ਸਕਦੀ ਹੈ, ਜੋ ਉਸ ਨੇ ਕਈ ਵਾਰ ਚਾੜ੍ਹਿਆ ਹੈ। ਇਮਰਾਨ ਖਾਨ ਇਸ ਵਕਤ ਭਾਰਤ ਦੇ ਲੋਕਾਂ ਦੇ ਗੁੱਸੇ ਦਾ ਪਾਤਰ ਹੋਣਾ ਚਾਹੀਦਾ ਹੈ ਕਿ ਤਰਸ ਦਾ, ਇਹ ਫੈਸਲਾ ਕਰਨਾ ਬੜਾ ਔਖਾ ਹੈ।

# 1984 ਦਾ ਸਿੱਖ ਕਤਲੇਆਮ ਨਿੱਜੀ ਪ੍ਰਸੰਗ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤ ਵਿਚ 1984 ਦੇ ਸਿੱਖ ਕਤਲੇਆਮ ਨੇ ਮੈਨੂੰ 35 ਸਾਲ ਪਹਿਲਾਂ ਦੀ ਦਿੱਲੀ ਹੀ ਨਹੀਂ, ਸੱਤ ਦਹਾਕੇ ਪਹਿਲਾਂ ਵਾਲਾ ਆਪਣਾ ਨਾਨਕਾ ਪਿੰਡ ਕੋਟਲਾ ਬਡਲਾ ਵੀ ਚੇਤੇ ਕਰਵਾ ਦਿੱਤਾ ਹੈ। ਇਨ੍ਹਾਂ ਦੋਹਾਂ ਥਾਂਵਾਂ ਨਾਲ ਮੇਰੀ ਭਾਵੁਕ ਸਾਂਝ ਹੈ, ਦਾਦਕੇ ਪਿੰਡ ਨਾਲੋਂ ਵੱਧ। ਮੈਂ 1934 ਦੇ ਮਾਰਚ ਮਹੀਨੇ ਆਪਣੇ ਨਾਨਕੇ ਪਿੰਡ ਜੰਮਿਆ ਸਾਂ। ਮੇਰੇ ਬਚਪਨ ਦੇ ਹਾਣੀਆਂ ਵਿਚ ਮੇਰੀ ਮਾਂ ਦਾ ਸਭ ਤੋਂ ਛੋਟਾ ਭਰਾ ਸਵਰਨ ਸਿੰਘ ਹੀ ਨਹੀਂ, ਉਸ ਦੇ ਚਾਚੇ ਦਾ ਪੁੱਤ ਸਮਸ਼ੇਰ ਤੇ ਭੂਆ ਦਾ ਪੁੱਤ ਸਰਬ ਦਿਆਲ ਵੀ ਸਨ। ਕੋਟਲਾ ਬਡਲਾ ਸਵਰਨ ਤੇ ਸ਼ਮਸ਼ੇਰ ਦਾ ਆਪਣਾ ਪਿੰਡ ਸੀ ਅਤੇ ਮੇਰਾ ਤੇ ਸਰਬ ਦਿਆਲ ਦਾ ਨਾਨਕਾ ਪਿੰਡ। ਅਸੀਂ ਚਾਰੇ ਇੱਕ ਹੀ ਵਿਹੜੇ ਵਿਚ ਵੱਡੇ ਹੋਏ ਤੇ ਸਭ ਨੇ ਮੇਰੀ ਨਾਮਧਾਰੀ ਨਾਨੀ ਕੋਲੋਂ ਗੁਰਮੁਖੀ ਦੇ ਪਹਿਲੇ ਅੱਖਰ ਲਿਖਣੇ ਸਿੱਖੇ।

ਕਿਸੇ ਸਬੱਬ ਮੈਂ ਤੇ ਸਵਰਨ ਇੱਕੋ ਸਮੇਂ ਪਿੰਡ ਭੜੀ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨੇ ਪਾਏ ਗਏ, ਜਿੱਥੇ ਸਾਡਾ ਦੋਹਾਂ ਦਾ ਜਨਮ ਦਿਨ ਵੀ ਇੱਕ ਹੀ ਲਿਖਿਆ ਗਿਆ, 27 ਫਰਵਰੀ 1935, ਜੋ ਸਾਡੀ ਉਮਰ ਨਾਲੋਂ ਸਾਲ ਭਰ ਘੱਟ ਹੈ। ਸ਼ਮਸ਼ੇਰ ਤੇ ਸਰਬ ਦਿਆਲ 15-20 ਦਿਨ ਅੱਗੇ ਪਿੱਛੇ ਦਾਖਲ ਹੋਏ ਹੋਣਗੇ, ਨਹੀਂ ਤਾਂ ਉਨ੍ਹਾਂ ਦਾ ਜਨਮ ਦਿਨ ਵੀ ਇਹੀਓ ਲਿਖਿਆ ਜਾਣਾ ਸੀ। ਅਸੀਂ ਸਭ ਨੇ ਫੱਟੀਆਂ-ਸਲੇਟਾਂ ਉਤੇ ਲਿਖਾਈ-ਪੜ੍ਹਾਈ ਕੀਤੀ। ਫੇਰ ਇੱਕ ਪੜਾਅ ਉਤੇ ਅਸੀਂ ਚਾਰੇ ਦਿੱਲੀ ਇਕੱਠੇ ਹੋ ਗਏ, ਜਿੱਥੇ ਮੇਰੀ ਮਾਂ ਦੀ ਭੂਆ ਦੇ ਤਿੰਨ ਪੁੱਤ ਅਤੇ ਚਾਰ ਮਾਮੇ ਦੇ ਪੁੱਤ ਟੈਕਸੀਆਂ ਚਲਾਉਂਦੇ ਸਨ। ਮੇਰੇ ਮਾਸੜ ਦੇ ਕਹਿਣ ਵਾਂਗ, ਉਸ ਦੇ ਸਾਲੇ ਆਪਣੀਆਂ ਟੈਕਸੀਆਂ ਇੱਕ ਦੂਜੇ ਦੇ ਪਿੱਛੇ ਲਾ ਦਿੰਦੇ ਤਾਂ ਰੇਲ ਗੱਡੀ ਬਣ ਜਾਂਦੀ ਸੀ। ਸਵਰਨ ਅੱਜ ਕਲ ਜਰਮਨੀ ਰਹਿੰਦਾ ਹੈ, ਸਰਬ ਦਿਆਲ ਦਿੱਲੀ ਤੇ ਮੈਨੂੰ ਦਿੱਲੀ ਛੱਡ ਕੇ ਚੰਡੀਗੜ੍ਹ ਆਇਆਂ 35 ਸਾਲ ਹੋ ਗਏ ਹਨ। ਸ਼ਮਸ਼ੇਰ 84 ਦੇ ਕਤਲੇਆਮ ਸਦਕਾ ਉਪਰ ਵਾਲੇ ਕੋਲ ਜਾ ਵੱਸਿਆ ਹੈ, ਜੋ ਅਜੋਕੇ ਪ੍ਰਸੰਗ ਦਾ ਮੁੱਖ ਪਾਤਰ ਹੈ।

ਸਿੱਟ ਵੱਲੋਂ ਮੁੜ ਖੋਲ੍ਹੇ ਗਏ ਸੱਤ ਕੇਸਾਂ ਦਾ ਕੀ ਨਿਪਟਾਰਾ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਸ਼ਮਸ਼ੇਰ ਤੇ ਉਸ ਦੇ ਪਰਿਵਾਰ ਨਾਲ ਜੋ ਬੀਤੀ, ਉਹ ਮੈਂ ਤੇ ਮੇਰਾ ਨਾਨਕਾ ਪਰਿਵਾਰ ਹੀ ਜਾਣਦੇ ਹਾਂ। 84 ਦੇ ਦੰਗਿਆਂ ਵਿਚ ਉਹ ਹੀ ਨਹੀਂ, ਤਿੰਨਾਂ ਵਿਚੋਂ ਦੋ ਬੱਚੇ ਵੀ ਕਤਲ ਹੋ ਗਏ ਸਨ। ਕੇਵਲ ਸਭ ਤੋਂ ਛੋਟਾ ਬੇਟਾ ਛੱਤਾਂ ਟਪਦਾ ਕਿਸੇ ਦੇ ਘਰ ਜਾ ਉਤਰਿਆ ਸੀ, ਜਿਨ੍ਹਾਂ ਨੇ ਉਸ ਮਾਸੂਮ ਨੂੰ ਬਚਾ ਲਿਆ। ਉਹ ਹਾਲੀ ਵੀ ਜ਼ਿੰਦਾ ਹੈ ਤੇ ਨਿੱਕਾ ਮੋਟਾ ਕੰਮ ਕਰਕੇ ਜੀਵਨ ਬਸਰ ਕਰ ਰਿਹਾ ਹੈ। ਇਸ ਦੇ ਉਲਟ ਦੰਗੇ ਭੜਕਾਉਣ ਵਾਲੇ ਵਿਅਕਤੀ ਵੱਡੇ ਨੇਤਾ ਬਣ ਕੇ ਮੁੱਖ ਮੰਤਰੀ ਤੱਕ ਦੀਆਂ ਪਦਵੀਆਂ ਪਾ ਚੁਕੇ ਹਨ।

ਮੈਂ ਉਸ ਸਮੇਂ ਨਵੀਂ ਦਿੱਲੀ ਦੀ ਅਤਿ ਸੁਰੱਖਿਅਤ ਕਾਲੋਨੀ ਭਾਰਤ ਨਗਰ ਵਿਚ ਰਹਿੰਦਾ ਸਾਂ। ਮੈਂ ਅਚਾਨਕ ਹੀ ਘਰੋਂ ਬਾਹਰ ਆਪਣੇ ਨਾਲ ਵਾਲੇ ਘਰ ਵਲ ਵਧਿਆ ਤਾਂ ਮੇਰੇ ਗੜ੍ਹਵਾਲੀ ਨੌਕਰ ਨੇ ਮੈਨੂੰ ਧੱਕਾ ਦੇ ਕੇ ਅੰਦਰ ਵਾੜ ਦਿੱਤਾ। 'ਆਪ ਕੋ ਪਤਾ ਨਹੀਂ ਬਾਹਰ ਕਿਆ ਹੋ ਰਹਾ ਹੈ,' ਉਸ ਦੇ ਸ਼ਬਦ ਸਨ। ਮੈਨੂੰ ਦੋ ਘੰਟੇ ਪਿੱਛੋਂ ਪਤਾ ਲੱਗਾ ਕਿ ਮੇਰੇ ਹਾਣੀ ਸ਼ਮਸ਼ੇਰ ਨਾਲ ਕੀ ਬੀਤੀ ਸੀ। ਦੁੱਖ ਦੀ ਗੱਲ ਇਹ ਕਿ ਮੈਂ ਉਸ ਦੀ ਸਾਰ




ਲੈਣ ਵੀ ਨਹੀਂ ਸਾਂ ਜਾ ਸਕਦਾ, ਹਾਣੀ ਮਾਮੇ ਦੀ।

ਦੁੱਖ ਦੀ ਗੱਲ ਇਹ ਵੀ ਕਿ ਦਿੱਲੀ ਦਾ ਤਤਕਾਲੀ ਪੁਲਿਸ ਕਮਿਸ਼ਨਰ ਗੁਰਦਿਆਲ ਮੰਡੇਰ ਮੇਰਾ ਮਿੱਤਰ ਸੀ ਅਤੇ ਉਸ ਦੀ ਰਿਹਾਇਸ਼ ਮੇਰੇ ਘਰ ਤੋਂ ਮਸਾਂ 50-60 ਗਜ਼ ਦੀ ਦੂਰੀ ਉਤੇ ਲੋਧੀ ਅਸਟੇਟ ਵਿਚ ਸੀ, ਜਿੱਥੇ ਮੇਰਾ ਗੜ੍ਹਵਾਲੀ ਨੌਕਰ ਆਰਾਮ ਨਾਲ ਜਾ ਸਕਦਾ ਸੀ। ਮੈਂ ਉਸ ਨੂੰ ਸ਼ਮਸ਼ੇਰ ਦੇ ਪਰਿਵਾਰ ਬਾਰੇ ਦੱਸਿਆ ਤਾਂ ਉਸ ਨੇ ਕੇਵਲ ਏਨਾ ਹੀ ਕਿਹਾ ਕਿ ਉਹਦੀ ਕੋਠੀ ਉਤੇ ਕੇਵਲ ਏਨੇ ਕੁ ਹੀ ਸਿਪਾਹੀ ਤਾਇਨਾਤ ਹਨ, ਜੋ ਮੈਨੂੰ ਤਾਂ ਬਚਾ ਸਕਦੇ ਹਨ, ਮੇਰੇ ਪਰਿਵਾਰ ਦੇ ਦੂਰ ਰਹਿ ਰਹੇ ਮੈਂਬਰਾਂ ਨੂੰ ਨਹੀਂ ਸੀ ਬਚਾ ਸਕਦੇ, ਜਿਨ੍ਹਾਂ ਵਿਚ ਸ਼ਮਸ਼ੇਰ ਵੀ ਸ਼ਾਮਲ ਸੀ। ਉਸ ਨੇ ਇਸ ਤਰ੍ਹਾਂ ਦਾ ਹੌਸਲਾ ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਨੂੰ ਵੀ ਦੇ ਰੱਖਿਆ ਸੀ, ਜੋ ਸਾਡੇ ਗਵਾਂਢ ਵਿਚ ਸੁਜਾਨ ਸਿੰਘ ਪਾਰਕ ਵਿਚ ਰਹਿੰਦਾ ਸੀ।

ਏਨਾ ਜ਼ਰੂਰ ਹੈ ਕਿ ਜਦੋਂ ਦਿੱਲੀ ਦੀ ਰੋਹਤਕ ਰੋਡ ਵਾਲੇ ਪਾਸੇ ਸਰਕਾਰ ਨੇ ਦੰਗਾ ਪੀੜਤਾਂ ਲਈ ਕੈਂਪ ਲਾਇਆ ਤਾਂ ਮੈਂ ਸ਼ਮਸ਼ੇਰ ਦੀ ਵਿਧਵਾ ਪਾਲ ਕੌਰ ਤੇ ਉਸ ਦੇ ਬੱਚੇ ਨੂੰ ਸਰਕਾਰ ਕੋਲੋਂ ਕੁਝ ਮਦਦ ਦਿਵਾਉਣ ਵਿਚ ਸਫਲ ਹੋ ਗਿਆ।

ਉਹ ਕਿਹੋ ਜਿਹੇ ਦਿਨ ਸਨ, ਕੁਲਦੀਪ ਨਈਅਰ ਵਰਗੇ ਦਬੰਗ ਪੱਤਰਕਾਰਾਂ ਦੀਆਂ ਲਿਖਤਾਂ ਵਿਚ ਦਰਜ ਹਨ। ਮੇਰੇ ਮਿੱਤਰ ਦੇਸ਼ ਰਾਜ ਗੋਇਲ ਦੀਆਂ ਲਿਖਤਾਂ ਵਿਚ ਵੀ, ਜੋ ਅੰਗਰੇਜ਼ੀ ਰਸਾਲੇ 'ਮੇਨ ਸਟ੍ਰੀਮ' ਦੀ ਸੰਪਾਦਨਾ ਕਰਦਾ ਰਿਹਾ ਹੈ।

ਮੈਨੂੰ ਦਿੱਲੀ ਛੱਡ ਕੇ ਚੰਡੀਗੜ੍ਹ ਆਇਆਂ 35 ਸਾਲ ਹੋ ਗਏ ਹਨ। ਉਨ੍ਹੀਂ ਦਿਨੀਂ ਮੇਰੀ ਸਲਾਮਤੀ ਵਿਚ ਦਿੱਲੀ ਦੇ ਤਤਕਾਲੀ ਪੁਲਿਸ ਕਮਿਸ਼ਨਰ ਗੁਰਦਿਆਲ ਸਿੰਘ ਮੰਡੇਰ ਤੋਂ ਬਿਨਾ ਮੇਰੇ ਟੈਕਸੀਆਂ ਵਾਲੇ ਮਾਮਾ ਜੀ ਸੁਖਦੇਵ ਸਿੰਘ ਕੰਗ ਦਾ ਵੀ ਹੱਥ ਹੈ, ਜੋ ਮੀਰ ਮੁਸ਼ਤਾਕ ਦੀ ਪ੍ਰਧਾਨਗੀ ਹੇਠ ਦਿੱਲੀ ਦੀ ਟੈਕਸੀ ਯੂਨੀਅਨ ਦਾ ਸੈਕਟਰੀ ਸੀ। ਮਾਮਾ ਜੀ ਨੇ ਇੰਦਰਾ ਗਾਂਧੀ ਦੇ ਕਤਲ ਦੀ ਖਬਰ ਸੁਣਦੇ ਸਾਰ ਮੈਨੂੰ ਟੈਲੀਫੋਨ ਉਤੇ ਖਬਰਦਾਰ ਕਰ ਦਿੱਤਾ ਸੀ ਕਿ ਮੈਨੂੰ ਕਿੰਨੀ ਇਹਤਿਆਤ ਵਰਤਣੀ ਚਾਹੀਦੀ ਹੈ। ਉਹ ਮਹਾਤਮਾ ਗਾਂਧੀ ਦੇ ਕਤਲ ਪਿੱਛੋਂ ਵਾਲੇ ਭਾਰਤ, ਖਾਸ ਕਰਕੇ ਪੱਛਮੀ ਭਾਰਤ ਵਿਚ ਹੋਏ ਕਤਲਾਂ ਤੋਂ ਜਾਣੂ ਸਨ। ਉਨ੍ਹਾਂ ਨੇ ਇਹ ਗੱਲ ਫੋਨ ਉਤੇ ਵੀ ਦੁਹਰਾਈ ਸੀ।

1984 ਦੇ ਕਤਲੇਆਮ ਵਿਚ ਹੋਏ ਸ਼ਮਸ਼ੇਰ ਦੇ ਕਤਲ ਨੇ ਮੈਨੂੰ ਆਪਣੇ ਬਚਪਨ ਸਮੇਂ ਦਾ ਕੋਟਲਾ ਬਡਲਾ ਵੀ ਚੇਤੇ ਕਰਵਾ ਦਿੱਤਾ ਹੈ ਤੇ ਭੜੀ ਵੀ, ਜਿਸ ਪਿੰਡ ਦਾ ਗੁਰਮੀਤ ਸਿੰਘ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦਾ ਸਲਾਹਕਾਰ ਸੀ।

**ਅੰਤਿਕਾ:** ਹਰਮਿੰਦਰ ਸਿੰਘ ਕੋਹਾਰਵਾਲਾ

ਘਰੇ ਨਾ ਤੰਦ, ਨਾ ਤਾਣੀ,
ਅਸੀਂ ਕੀ ਬਦਲੀਏ ਬਾਣੇ।
ਘਰਾਂ 'ਚੋਂ ਬਾਹਰ ਹੁਣ ਨਿਕਲੋ,
ਘੜੇ ਦੀ ਮੁੱਕ ਗਏ ਦਾਣੇ।
ਵੰਡਾਉਣਾ ਦੁੱਖ ਬਣਦਾ ਹੈ,
ਜਿਨ੍ਹਾਂ 'ਤੇ ਵਰਤ ਗਏ ਭਾਣੇ।
ਦਿਲਾ! ਤੂੰ ਭੇੜ ਨਾ ਬੂਹੇ,
ਅਜੇ ਗਮ ਹੋਰ ਵੀ ਆਣੇ।




**BTS Truck Shop Major & Minor Work**
@ 39115 Maple Ave., Wayne, MI 48184

## Hiring Owner operator & Drivers

**Long and local route**

**Driver rate 45 to 55 cents per mile**

Owner operator (Own truck/trailer & insurance) will be paid 92% after 8% dispatch. If company trailer used then will 80% gross.

**Fuel discount:** Pilot, Fly J, TA and Petro will pay 25 to 40 cents per gallon.

Direct deposit also available.

*For more information please contacts:*

Rusty Singh 734-233-8464
Dave Aujla 734-419-1408

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

## ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

**ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ**

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਮਨੁੱਖੀ ਹੱਕਾਂ ਬਾਰੇ ਚਰਚਾ ਅਤੇ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ

**ਸ਼ਿਕਾਗੋ (ਬਿਊਰੋ):** ਮਨੁੱਖ ਹੱਕਾਂ ਬਾਰੇ ਬੀਤੇ ਐਤਵਾਰ ਇਕ ਗੋਸ਼ਟੀ ਕਰਾਈ ਗਈ ਜਿਸ ਵਿਚ ਵਿਚਾਰ-ਵਟਾਂਦਰਾ ਕੀਤਾ ਗਿਆ ਕਿ ਮਨੁੱਖੀ ਹੱਕ ਕੀ ਹਨ? ਕਿਥੇ ਕਿਥੇ ਇਨ੍ਹਾਂ ਦੀ ਰਾਖੀ ਲਈ ਪਹੁੰਚ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਪੰਜਾਬ ਵਿਚ ਮਨੁੱਖੀ ਹੱਕਾਂ ਲਈ ਜੂਝਣ ਵਾਲੇ ਕਾਰਕੁਨ ਸ. ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਜ਼ਿਕਰਯੋਗ ਹੈ ਕਿ ਸ. ਖਾਲੜਾ ਨੂੰ ਪੁਲਿਸ ਚੁੱਕ ਕੇ ਲੈ ਗਈ ਸੀ ਅਤੇ ਉਨ੍ਹਾਂ ਦਾ ਫਿਰ ਕੋਈ ਥਹੁ-ਪਤਾ ਨਹੀਂ ਸੀ ਲੱਗਾ।

ਪ੍ਰੋਗਰਾਮ ਦਾ ਇੰਤਜ਼ਾਮ ਠਾਕਰ ਸਿੰਘ ਬਸਾਤੀ ਨੇ ਕੀਤਾ ਅਤੇ ਮੰਚ ਸੰਚਾਲਨ ਬੀਬੀ ਜਸਵੀਰ ਕੌਰ ਸਿੰਘ ਨੇ ਬਾਖੂਬੀ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਠਾਕਰ ਸਿੰਘ ਬਸਾਤੀ ਨੇ ਦੱਸਿਆ ਕਿ ਬਹੁਤੇ ਸਿੱਖ ਮਨੁੱਖੀ ਹੱਕਾਂ ਤੋਂ ਜਾਣੂ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਇਹ ਪਤਾ ਹੈ ਕਿ ਉਲੰਘਣਾ ਹੋਣ 'ਤੇ ਸ਼ਿਕਾਇਤ ਕਿਥੇ ਤੇ ਕਿਵੇਂ ਕਰਨੀ ਹੈ? ਸ. ਜਸਵੰਤ ਸਿਘ ਖਾਲੜਾ ਦੀ ਸ਼ਹਾਦਤ ਦਾ ਤਕਾਜ਼ਾ ਹੈ ਕਿ ਸਿੱਖ ਮਨੁੱਖੀ ਹੱਕਾਂ ਲਈ ਡਟ ਕੇ ਖੜ੍ਹੇ ਹੋਣ। ਇਸ ਤੋਂ ਬਾਅਦ ਉਨ੍ਹਾਂ ਡਾ. ਹਾਲ ਸਨਾਈਡਰ, ਪ੍ਰੋ. ਕੁਲਵੰਤ ਸਿੰਘ ਹੁੰਦਲ ਅਤੇ ਡਾ. ਜਾਵੇਦ ਭੱਟੀ ਨੂੰ ਮੰਚ ਤੇ ਸੁਸ਼ੋਭਿਤ ਹੋਣ ਲਈ ਸੱਦਾ ਦਿੱਤਾ। ਸ. ਖਾਲੜਾ ਲਈ ਕੁਰਸੀ ਖਾਲੀ ਛੱਡੀ ਗਈ।

ਮੰਚ ਸੰਚਾਲਕ ਜਸਵੀਰ ਕੌਰ ਨੇ ਪਹਿਲੇ ਬੁਲਾਰੇ ਦੀ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਹਾਲ ਸਨਾਈਡਰ ਭਾਵੇਂ ਡਾਕਟਰ ਹਨ, ਪਰ ਹੁਣ ਉਹ ਵਧੇਰੇ ਕਰਕੇ ਵਾਲੰਟੀਅਰ ਕੰਮ ਕਰਦੇ ਹਨ ਅਤੇ ਪੈਲਾਟਾਈਨ ਪਬਲਿਕ ਲਾਈਬ੍ਰੇਰੀ ਦੇ ਬੋਰਡ ਮੈਂਬਰ ਹਨ। ਡਾ. ਸਨਾਈਡਰ ਨੇ ਕਿਹਾ ਕਿ ਆਦਿ ਕਾਲ ਤੋਂ ਹੀ ਮਨੁੱਖੀ ਸਮਾਜ ਵਿਚ ਬਰਾਬਰੀ ਦੀ ਤਾਂਘ ਰਹੀ ਹੈ। ਸਭ ਦੀ ਮਾਣ ਸਤਿਕਾਰ ਤੇ ਅਮਨ-ਸ਼ਾਂਤੀ ਨਾਲ ਜੀਣ ਦੀ ਇੱਛਾ ਹੁੰਦੀ ਹੈ। ਹੌਲੀ-ਹੌਲੀ ਇਹ ਗੱਲ ਉਭਰ ਕੇ ਆਈ ਕਿ ਸਭ ਨੂੰ ਕਾਨੂੰਨੀ ਬਰਾਬਰੀ ਮਿਲਣੀ ਚਾਹਦੀ ਹੈ। ਸ਼ੁਰੂ ਵਿਚ ਭਾਵੇਂ ਗੁਲਾਮੀ ਦਾ ਜ਼ੋਰ ਰਿਹਾ ਅਤੇ ਦੂਜਿਆਂ 'ਤੇ ਕਾਬਜ਼ ਹੋਣ ਦੀ ਇੱਛਾ ਭਾਰੂ ਸੀ, ਤਾਂ ਵੀ ਬਰਾਬਰੀ ਅਤੇ ਇਨਸਾਫ ਦੀ ਗੱਲ ਨਾਲ-ਨਾਲ ਚਲਦੀ ਰਹੀ। ਜਦੋਂ 1776 ਵਿਚ ਅਮਰੀਕਾ ਆਜ਼ਾਦ ਹੋਇਆ, ਉਸ ਵਿਚ ਮੈਗਨਾਕਾਰਟਾ ਤਹਿਤ ਇਹ ਹੱਕ ਪੱਕੇ ਪੈਰੀਂ ਕਰ ਦਿੱਤੇ ਗਏ, ਜਿਸ ਵਿਚ ਬੋਲਣ ਦੀ ਆਜ਼ਾਦੀ ਵੀ ਸ਼ਾਮਲ ਕਰ ਦਿੱਤੀ ਗਈ। 19 ਦਸੰਬਰ 1948 ਨੂੰ ਯੂ. ਐਨ. ਓ. ਵਿਚ ਇਹ ਹੱਕ ਕਾਇਮ ਕੀਤੇ ਗਏ। ਫਿਰ ਇਨ੍ਹਾਂ 'ਤੇ ਨਿਗਰਾਨੀ ਰੱਖਣ ਲਈ ਕਈ ਸੰਸਥਾਵਾਂ ਹੋਂਦ ਵਿਚ ਆਈਆਂ; ਜਿਵੇਂ ਏ. ਸੀ. ਐਲ. ਯੂ. (ACLU), ਅਮਨੈਸਟੀ ਇੰਟਰਨੈਸ਼ਨਲ, ਸੇਵ ਦਿ ਚਿਲਡਰਨ, ਡਾਕਟਰਜ਼ ਵਿਦਾਊਟ ਬਾਰਡਰਜ਼ ਆਦਿ। ਉਂਜ, ਇਹ ਸੰਸਥਾਵਾਂ ਵੀ ਤਾਂ ਹੀ ਸਹੀ ਕੰਮ ਕਰ ਸਕਦੀਆਂ ਹਨ, ਜੇ ਲੋਕ ਸਾਥ ਦੇਣ।

ਵਿਸਕਾਨਸਿਨ ਤੋਂ ਆਈ ਬੀਬੀ ਕਰਮਜੀਤ ਕੌਰ, ਜੋ ਪੀ. ਐਨ. ਸੀ. ਕੰਪਨੀ 'ਚ ਮੈਨੇਜਰ ਵਜੋਂ ਤਇਨਾਤ ਹੈ ਤੇ ਇਕ ਵਕਤ 'ਮਾਰਚ ਆਫ ਡਾਈਮਜ਼' ਵਿਚ ਡਾਇਰੈਕਟਰ ਸੀ, ਨੇ ਪੰਜਾਬ ਦੇ ਕਾਲੇ ਵਕਤ ਦੌਰਾਨ ਕਈ ਸਾਲ ਪੰਜਾਬ 'ਚ ਬਿਤਾਏ ਅਤੇ 'ਫਤਿਹ' ਸੰਸਥਾ ਅਧੀਨ ਕਈ ਕੈਂਪ ਲਾਏ।

ਯਾਦ ਰਹੇ ਕਿ ਪੰਜਾਬ ਪੁਲਿਸ ਨੇ ਸਤੰਬਰ 1995 ਵਿਚ ਸ. ਖਾਲੜਾ ਨੂੰ ਘਰੋਂ ਚੁਕਿਆ ਸੀ। ਸ. ਖਾਲੜਾ ਨੇ ਆਪਣੇ ਜੀਵਨ ਵਿਚ ਗੁਰੂ ਦੇ ਦੱਸੇ ਮਾਰਗ 'ਤੇ ਪਹਿਰਾ ਦਿੱਤਾ। ਹਨੇਰੇ 'ਚੋਂ ਨਿਕਲ ਕੇ ਰੋਸ਼ਨੀ ਲੱਭਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਪਿਛੋਕੜ ਗਦਰ ਅੰਦੋਲਨ ਨਾਲ ਜੁੜਦਾ ਹੈ। ਉਨ੍ਹਾਂ ਦੇ ਦਾਦਾ ਜੀ ਸ. ਹਰਨਾਮ ਸਿੰਘ ਗਦਰੀ ਸਨ। ਸ. ਖਾਲੜਾ ਦਾ ਜਨਮ 2 ਨਵੰਬਰ, 1952 ਨੂੰ ਖਾਲੜਾ ਪਿੰਡ ਵਿਚ ਹੋਇਆ ਜੋ ਤਰਨ ਤਾਰਨ ਜ਼ਿਲ੍ਹੇ ਵਿਚ ਹੈ। ਉਨ੍ਹਾਂ ਦੀ ਪਤਨੀ ਬੀਬੀ ਪਰਮਜੀਤ ਕੌਰ ਪੇਸ਼ੇ ਵਜੋਂ ਅਧਿਆਪਕ ਹਨ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਕੁਝ ਕੁ ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਉਨ੍ਹਾਂ ਦੇ ਦੋ ਬੱਚੇ ਹਨ। ਬੀਬੀ ਨਵਕਿਰਨ ਕੌਰ ਅਮਰੀਕਾ ਵਿਚ ਹੈ ਅਤੇ ਬੇਟਾ ਜਗਮੀਤ ਸਿੰਘ ਭਾਰਤ ਰਹਿੰਦਾ ਹੈ। ਸਾਰਾ ਪਰਿਵਾਰ ਖਾਲੜਾ ਮਿਸ਼ਨ ਨਾਲ ਜੁੜਿਆ ਹੋਇਆ ਹੈ। ਸ. ਜਸਵੰਤ ਸਿੰਘ ਖਾਲੜਾ ਦਾ ਸਾਥੀ ਗਾਇਬ ਹੋ ਗਿਆ ਸੀ। ਜਦੋਂ ਪੁੱਛ-ਗਿੱਛ ਕਰਨ 'ਤੇ ਕੋਈ ਥਹੁ-ਪਤਾ ਨਾ ਲੱਗਾ ਤਾਂ ਉਹ ਦੁਰਗਿਆਨਾ ਸ਼ਮਸ਼ਾਨਘਾਟ ਪਤਾ ਕਰਨ ਚਲੇ ਗਏ। ਉਥੇ ਕਰਮਚਾਰੀ ਨੇ ਦੱਸਿਆ ਕਿ ਇਕ ਕੀ, ਉਨ੍ਹਾਂ ਤਾਂ ਹਜ਼ਾਰਾਂ ਲਾਪਤਾ ਲਾਸ਼ਾਂ ਸਾੜੀਆਂ ਹਨ। ਰਜਿਸਟਰਾਂ ਵਿਚ ਮ੍ਰਿਤਕਾਂ ਦੇ ਨਾਂ, ਪਤਾ, ਸਭ ਲਿਖਿਆ ਹੋਇਆ ਸੀ ਪਰ ਕਿਸੇ ਦੇ ਘਰਦਿਆਂ ਨੂੰ ਕੋਈ ਇਤਲਾਹ ਨਾ ਕੀਤੀ। ਕਾਨੂੰਨ ਮੁਤਾਬਕ ਲਾਵਾਰਸ ਦੀ ਫੋਟੋ ਖਿੱਚ ਕੇ ਰੱਖੀ ਜਾਂਦੀ ਹੈ, ਵਸਤਰ ਸੰਭਾਲ ਕੇ ਰੱਖੇ ਜਾਂਦੇ ਹਨ, ਪਰ ਇਨ੍ਹਾਂ ਲਾਵਾਰਿਸ ਲਾਸ਼ਾਂ ਲਈ ਕਾਨੂੰਨ ਦੀ ਉਲੰਘਣਾ ਕਰਕੇ ਨਾ ਕੋਈ ਤਸਵੀਰ, ਨਾ ਵਸਤਰ ਸੰਭਾਲ ਕੇ ਰੱਖੇ ਗਏ। ਜਦੋਂ ਕੋਈ ਲਵਾਰਸ ਲਾਸ਼ ਨੂੰ ਪਛਾਣ ਲੈਂਦਾ ਹੈ, ਫਿਰ ਲਾਸ਼ ਦਾ ਸਸਕਾਰ ਕੀਤਾ ਜਾਂਦਾ ਹੈ ਪਰ 3025 ਅਜਿਹੀਆਂ ਲਾਵਾਰਿਸ ਲਾਸ਼ਾਂ ਦੀ ਕੋਈ ਸ਼ਨਾਖਤ ਨਹੀਂ ਕਰਾਈ ਗਈ। ਇਹ ਸਮਗਰੀ ਲੈ ਕੇ ਉਹ ਕੈਨੇਡਾ ਗਏ ਅਤੇ ਕੈਨੇਡਾ ਵਿਚ ਉਨ੍ਹਾਂ ਨੂੰ ਪਨਾਹ ਲੈਣ ਲਈ ਕਿਹਾ ਗਿਆ, ਪਰ ਉਨ੍ਹਾਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ 'ਮੇਰਾ ਪਰਿਵਾਰ ਤਾਂ ਸੁਰੱਖਿਅਤ ਹੋ ਜਾਵੇਗਾ, ਮੈਂ ਉਨ੍ਹਾਂ ਮਾਪਿਆਂ ਨੂੰ ਕੀ ਜਵਾਬ ਦੇਵਾਂਗਾ ਜੋ ਆਪਣੀ ਔਲਾਦ ਦਾ ਥਹੁ-ਪਤਾ ਉਡੀਕ ਰਹੇ ਹਨ। ਉਨ੍ਹਾਂ ਭੈਣਾਂ ਨੂੰ ਕੀ ਜਵਾਬ ਦੇਵਾਂਗਾ, ਜੋ ਵੀਰਾਂ ਦੀ ਰਾਹ ਉਡੀਕ ਰਹੀਆਂ ਹਨ।' ਉਨ੍ਹਾਂ ਨੂੰ ਅਮਰੀਕਾ ਵਿਚ ਵੀ ਪਨਾਹ ਮਿਲ ਸਕਦੀ ਸੀ, ਪਰ ਉਨ੍ਹਾਂ ਠੁਕਰਾ ਕੇ ਆਪਣਾ ਮਿਸ਼ਨ ਚਾਲੂ ਰੱਖਿਆ। ਸ. ਖਾਲੜਾ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਇਕ ਦਿਨ ਉਨ੍ਹਾਂ ਨੂੰ ਵੀ ਲਾਵਾਰਿਸ ਲਾਸ਼ ਬਣਾ ਦਿੱਤਾ ਜਾਵੇਗਾ ਕਿਉਂਕਿ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ। ਆਖਿਰ 6 ਸਤੰਬਰ 1995 ਨੂੰ ਪੁਲਿਸ ਉਨ੍ਹਾਂ ਨੂੰ ਘਰੋਂ ਚੁੱਕ ਕੇ ਲੈ ਗਈ, ਜਦੋਂ ਪਤਨੀ ਘਰੋਂ ਬਾਹਰ ਸੀ ਤੇ ਮੁੜ ਕੇ ਸ. ਖਾਲੜਾ ਦਾ ਕੋਈ ਪਤਾ ਨਾ ਲੱਗਾ। ਜਿਲੇ ਦੇ ਐਸ. ਪੀ. ਨੂੰ ਵੀ ਪਹੁੰਚ ਕੀਤੀ, ਪਰ ਵਿਅਰਥ। ਕੁਝ ਸਾਲਾਂ ਬਾਅਦ ਇਕ ਪੁਲਿਸ ਵਾਲੇ ਨੇ ਕਬੂਲ ਕੀਤਾ ਕਿ ਸ. ਖਾਲੜਾ ਨੂੰ ਗੋਲੀਆਂ ਮਾਰ ਕੇ ਮੁਕਾ ਦਿੱਤਾ ਗਿਆ ਸੀ। ਹੁਣ 'ਇਨਸਾਫ' ਨਾਂ ਦੀ ਸੰਸਥਾ ਪੈਰਵਾਈ ਕਰ ਰਹੀ ਹੈ ਅਤੇ ਉਨ੍ਹਾਂ ਦੀ ਵਿਧਵਾ ਬੀਬੀ ਪਰਮਜੀਤ ਕੌਰ ਖਾਲੜਾ ਮਿਸ਼ਨ ਚਲਾ ਰਹੀ ਹੈ। ਉਹ ਅੱਜ ਵੀ ਇਨਸਾਫ ਲਈ ਜੂਝ ਰਹੀ ਹੈ।





ਬੀਬੀ ਕਰਮਜੀਤ ਕੌਰ ਨੇ ਕਸ਼ਮੀਰ ਦੀ ਮੌਜੂਦਾ ਹਾਲਤ 'ਤੇ ਵੀ ਖਦਸ਼ਾ ਜਾਹਰ ਕੀਤਾ ਕਿ 1980ਵਿਆਂ ਦੇ ਪੰਜਾਬ ਵਾਂਗ ਕਸ਼ਮੀਰ ਦੇ ਵੀ ਹੁਣ ਉਹੀ ਹਾਲ ਹਨ। ਪੰਜਾਬ ਦੇ ਕਾਲੇ ਦਿਨਾਂ ਵਿਚ 25,000 ਲੋਕ ਲਾਪਤਾ ਹੋਏ ਅਤੇ ਸ. ਖਾਲੜਾ ਦੀ ਕੈਨੇਡਾ ਵਿਚ ਆਖਰੀ ਤਕਰੀਰ ਯੂ-ਟਿਊਬ 'ਤੇ ਦੇਖੀ ਜਾ ਸਕਦੀ ਹੈ।

ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਸਾਬਕਾ ਪ੍ਰਧਾਨ ਪ੍ਰੋ. ਕੁਲਵੰਤ ਸਿੰਘ ਹੁੰਦਲ ਨੇ ਕਿਹਾ ਕਿ ਉਨ੍ਹਾਂ ਗੁਰਬਾਣੀ ਵਿਚ ਮਨੁੱਖੀ ਹੱਕਾਂ 'ਤੇ ਬੋਲਣਾ ਸੀ ਅਤੇ ਜਦੋਂ ਸ. ਠਾਕਰ ਸਿੰਘ ਬਸਾਤੀ ਨੇ ਉਨ੍ਹਾਂ ਨੂੰ ਇਸ ਵਿਸ਼ੇ 'ਤੇ ਬੋਲਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੂੰ ਅਹਿਸਾਸ ਨਹੀਂ ਸੀ ਕਿ ਸ. ਖਾਲੜਾ ਦੀ ਸ਼ਹੀਦੀ ਇੰਨੀ ਦਿਲ ਝੰਜੋੜਨ ਵਾਲੀ ਹੈ ਅਤੇ ਇਹ ਵੀ ਸੱਚ ਹੈ ਕਿ ਸਿੱਖਾਂ ਨੇ ਉਸ ਦੀ ਕਦਰ ਨਹੀਂ ਕੀਤੀ। ਨਹੀਂ ਤਾਂ ਗੁਰੂ ਦਾ ਸੱਚਾ ਸੁੱਚਾ ਸਿੱਖ 25,000 ਬੇਜ਼ੁਬਾਨਾਂ ਦੀ ਜ਼ੁਬਾਨ ਬਣ ਕੇ ਇਨਸਾਫ ਲੱਭ ਰਿਹਾ ਹੋਵੇ, ਤੇ ਸਿੱਖ ਬੇਖਬਰ ਸੁੱਤੇ ਰਹਿਣ।

ਪ੍ਰੋ. ਹੁੰਦਲ ਮੁਤਾਬਕ ਉਹ ਜਿਉਂ-ਜਿਉਂ ਇਸ ਵਾਕਿਆ ਦੀਆਂ ਤਹਿਆਂ ਫਰੋਲਦੇ ਗਏ, ਉਨ੍ਹਾਂ ਦੀ ਨੀਂਦ ਹਰਾਮ ਹੁੰਦੀ ਗਈ। ਉਨ੍ਹਾਂ ਕਿਹਾ ਕਿ ਸ. ਖਾਲੜਾ ਉਸ ਦੀਵੇ ਵਾਂਗ ਸਨ, ਜੋ ਸੂਰਜ ਨੂੰ ਚੁਣੌਤੀ ਦੇ ਕੇ ਕਹਿੰਦਾ ਹੈ: ਮੇਰਾ ਜੋ ਫਰਜ਼ ਸੀ, ਮੈਂ ਨਿਭਾ ਚੱਲਿਆ ਹਾਂ। ਸਿੱਖਾਂ ਦੀਆਂ ਸਰਕਾਰਾਂ ਆਈਆਂ ਪਰ ਕਿਸੇ ਨੇ ਇਨ੍ਹਾਂ ਲਾਵਾਰਿਸ ਲਾਸ਼ਾਂ ਦੀ ਆਵਾਜ਼ ਨਹੀਂ ਸੁਣੀ। ਲੋਕ ਭੁੱਲ ਜਾਂਦੇ ਹਨ ਕਿ 'ਪਰਮੇਸਰ ਦੇ ਭੁੱਲਿਆਂ...'; ਦੂਜੇ ਨੂੰ ਦੁੱਖ ਦੇਣ ਵੇਲੇ ਭੁੱਲ ਜਾਂਦੇ ਹਨ ਕਿ ਦੂਜਿਆਂ ਵਿਚ ਵੀ 'ਸਭ ਮੈਂ ਕੋਤ... ਸਾਹਿਬ ਮੇਰਾ ਏਕੋ ਹੈ।' ਮਰਨ ਵਾਲੇ ਅਤੇ ਮਾਰਨ ਵਾਲੇ ਕੇਸਾਧਾਰੀ ਪੱਗਾਂ ਬੰਨ੍ਹਣ ਵਾਲੇ ਸਨ, ਪਰ ਪਰਮੇਸਰ ਪ੍ਰਤੀ ਆਪਣਾ ਫਰਜ਼ ਭੁੱਲ ਗਏ। ਭੁੱਲ ਗਏ ਕਿ 'ਬਾਰ ਪਰਾਏ ਬੈਸਣਾ', ਗੁਰੂ ਦੇ ਸਿੱਖ ਨੂੰ ਆਦੇਸ਼ ਸੀ, ਸੱਚ ਦਾ ਪੱਖ ਪੂਰਨਾ, ਨੀਵਾਂ ਹੋ ਕੇ ਸੇਵਾ ਕਰਨੀ- 'ਨੀਚੀ ਹੂੰ ਅਤਿ ਨੀਚ', 'ਮਾਈ ਏਕ ਸਮਲ ਸੰਸਾਰ' ਪਰ ਕਈ ਕੇਸਾਧਾਰੀ ਸੱਜਣ ਅਹੁਦਿਆਂ ਮਗਰ ਲੱਗ ਤੁਰੇ।

ਅਗਲੇ ਬੁਲਾਰੇ ਡਾ. ਜਾਵੇਦ ਭੱਟੀ ਸਨ, ਜੋ ਮੋਰਟਨ ਗਰੂਵ ਦੇ ਇਸਲਾਮਿਕ ਸੈਂਟਰ ਵਿਚ ਇਸਲਾਮ ਦੀ ਤਾਲੀਮ ਦਿੰਦੇ ਹਨ ਅਤੇ ਗਲੋਬਲ ਪੰਜਾਬੀ ਮਿਲਾਪ ਵਿਚ ਵੀ ਸਰਗਰਮ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜੱਦੀ ਪਿੰਡ ਕਰਤਾਰਪੁਰ ਸਾਹਿਬ ਤੋਂ ਤਿੰਨ ਕਿਲੋਮੀਟਰ ਹੈ। ਉਹ ਆਪਣੇ ਪਿੰਡੋਂ ਘੋੜੀਆਂ 'ਤੇ ਚੜ੍ਹ ਕੇ ਜਾਂ ਘੋੜੀ ਫੜ ਕੇ ਕਰਤਾਰਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਤੱਕ ਆਉਂਦੇ ਸਨ, ਜਿਸ ਦਾ ਨਾਂ ਦਰਬਾਰ ਸਾਹਿਬ ਸੀ ਅਤੇ ਉਨ੍ਹਾਂ ਦੀ ਦਿਲੀ ਤਮੰਨਾ ਹੈ ਕਿ ਇਸ ਸਟੇਸ਼ਨ ਦਾ ਨਾਂ ਹੁਣ ਵੀ ਦਰਬਾਰ ਸਾਹਿਬ ਰੱਖਿਆ ਜਾਵੇ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਨਜ਼ਦੀਕ ਹੀ ਪਿੰਡ ਦੋਦਾ ਹੈ। ਉਨ੍ਹਾਂ ਦਾ ਭੱਟੀ ਖਾਨਦਾਨ ਰਾਏ ਬੁਲਾਰ ਭੱਟੀ ਦੇ ਖਾਨਦਾਨ ਵਿਚੋਂ ਹੈ, ਜਿਨ੍ਹਾਂ ਨੇ ਬਾਬੇ ਨਾਨਕ ਨੂੰ ਪਛਾਣ ਕੇ 750 ਮੁਰੱਬੇ ਆਪਣੀ ਮਲਕੀਅਤ ਦਾ ਅੱਧਾ ਹਿੱਸਾ ਬਾਬੇ ਨਾਨਕ ਦੇ ਨਾਂ ਕਰਾ ਦਿੱਤੀ ਸੀ। ਰਾਇ ਭੋਇੰ ਦੀ ਤਲਵੰਡੀ ਦਾ ਨਾਂ ਬਦਲ ਕੇ ਨਨਕਾਣਾ ਸਾਹਿਬ ਰੱਖ ਦਿੱਤਾ। ਡਾ. ਜਾਵੇਦ ਭੱਟੀ ਦੇ ਦਾਦੇ ਦਾ ਨਾਂ ਵੀ ਸ਼ੇਰ ਮੁਹੰਮਦ ਸੀ ਅਤੇ ਉਨ੍ਹਾਂ ਦੇ ਪਿਤਾ ਜੀ ਨਨਕਾਣਾ ਸਾਹਿਬ ਸਕੂਲ ਦੇ ਹੈੱਡ ਮਾਸਟਰ ਸਨ। ਭੱਟੀ ਲੋਕ ਰਾਜਪੂਤ ਸਨ, ਜੋ ਬਾਬਾ ਫਰੀਦ ਦੇ ਅਸਰ ਹੇਠ ਆ ਕੇ ਮੁਸਲਮਾਨ ਬਣੇ।

ਉਨ੍ਹਾਂ ਕਿਹਾ ਕਿ ਜਿੰਨੇ ਵੀ ਪੈਗੰਬਰ ਧਰਤੀ 'ਤੇ ਆਏ, ਸਭ ਨੇ ਪਿਆਰ ਦਾ ਸੁਨੇਹਾ ਦਿੱਤਾ, ਬੁਨਿਆਦੀ ਮਨੁੱਖੀ ਹੱਕਾਂ ਦੀ ਹਮਾਇਤ ਕੀਤੀ। ਵਖਰੇਵਿਆਂ ਨੂੰ ਨਕਾਰਿਆ ਨਹੀਂ, ਸਲਾਹਿਆ। ਕਿਸੇ ਨਸਲੀ ਵਿਤਕਰੇ ਦੀ ਗੱਲ ਨਹੀਂ ਕੀਤੀ। ਸਮਾਜ ਜ਼ੁਲਮ ਤਾਂ ਸਹਿ ਸਕਦਾ ਹੈ, ਨਾ-ਇਨਸਾਫੀ ਨਹੀਂ। ਸਿਸਟਮ ਭਾਵੇਂ ਵੱਖਰੇ ਹੋਣ ਪਰ ਲੋਕਾਈ ਸਭ ਬਰਾਬਰ ਹੈ। ਇਸਲਾਮ ਕਹਿੰਦਾ ਹੈ ਕਿ ਜਿਹਾ ਇਕ ਇਨਸਾਨ ਮਾਰ ਦਿੱਤਾ, ਤਿਹਾ ਸਾਰੀ ਲੋਕਾਈ। ਅੱਜ ਕਸ਼ਮੀਰ ਵਿਚ ਜੋ ਵਾਪਰ ਰਿਹਾ ਹੈ, ਉਹ ਦੁਨੀਆਂ ਦੇ ਇਨਸਾਫ-ਪਸੰਦ ਲੋਕਾਂ ਲਈ ਵੰਗਾਰ ਹੈ। ਉਹ ਲੋਕ ਵੀ ਆਪਣੇ ਹੱਕਾਂ ਦੇ ਹੱਕਦਾਰ ਹਨ। ਉਨ੍ਹਾਂ ਨੂੰ ਵੀ ਇਨਸਾਫ ਮਿਲਣਾ ਚਾਹੀਦਾ ਹੈ।

ਸ. ਸੁਰਿੰਦਰਪਾਲ ਸਿੰਘ ਕਾਲੜਾ, ਜੋ ਅੱਜਕੱਲ੍ਹ ਸਿੱਖ ਸੀਨੀਅਰ ਸਿਟੀਜ਼ਨਾਂ 'ਚ ਅਹਿਮ ਰੋਲ ਨਿਭਾ ਰਹੇ ਹਨ, ਨੇ ਕਿਹਾ ਕਿ ਪਰਿਵਾਰ ਸਮਾਜ ਦੀ ਸਭ ਤੋਂ ਛੋਟੀ ਇਕਾਈ ਹੈ। ਜੇ ਪਰਿਵਾਰ ਵਿਕਸਿਤ ਹੈ ਤਾਂ ਸਮਾਜ ਵਿਕਸਿਤ ਹੈ। ਸਮਾਜ ਵਿਚ ਇਨਸਾਫ ਸਭ ਨੂੰ ਮਿਲਣਾ ਚਾਹੀਦਾ ਹੈ। ਅਮਰੀਕਾ 4 ਜੁਲਾਈ 1776 ਨੂੰ ਆਜ਼ਾਦ ਹੋਇਆ ਅਤੇ ਜੋ ਸਹੂਲਤਾਂ ਮਨੁੱਖੀ ਅਧਿਕਾਰਾਂ ਤਹਿਤ ਦਿੱਤੀਆਂ ਗਈਆਂ, ਉਨ੍ਹਾਂ ਵਿਚ ਦੇਖਣਾ ਇਹ ਹੁੰਦਾ ਹੈ ਕਿ ਉਨ੍ਹਾਂ ਦੀ ਤਾਮੀਲ ਕੀਤੀ ਜਾ ਰਹੀ ਹੈ ਜਾਂ ਉਲੰਘਣਾ। ਰੱਫੜ ਪਾਉਣ ਲਈ ਗੁਰਬਾਣੀ ਵਾਲੇ ਸੰਕੇਤ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਬਾਰੇ ਖਿਆਲ ਰੱਖਣਾ ਚਾਹੀਦਾ ਹੈ ਤੇ ਗੁਰੂ ਸਿਧਾਂਤਾਂ 'ਤੇ ਚੱਲਦਿਆਂ ਸਿੱਖ ਮਨੁੱਖੀ ਹੱਕਾਂ 'ਤੇ ਪਹਿਰਾ ਦੇਣ ਲਈ ਅਹਿਮ ਰੋਲ ਅਦਾ ਕਰ ਸਕਦੇ ਹਨ। ਬਾਬੇ ਨਾਨਕ ਦਾ 10 ਸਾਲ ਦੀ ਉਮਰ ਵਿਚ ਜਨੇਊ ਪਾਉਣ ਤੋਂ ਇਨਕਾਰ ਕਰਨਾ ਬਰਾਬਰੀ ਦਾ ਪ੍ਰਤੀਕ ਸੀ, ਕਿਉਂ ਜੋ ਔਰਤ ਜਨੇਊ ਨਹੀਂ ਪਾ ਸਕਦੀ ਸੀ, ਸ਼ੂਦਰ ਵੀ ਨਹੀਂ ਸੀ ਪਾ ਸਕਦਾ। ਇਸੇ ਤਰ੍ਹਾਂ ਬਾਬਾ ਮਰਦਾਨੇ ਨੂੰ 54 ਸਾਲ ਨਾਲ ਰੱਖਿਆ, ਜੋ ਮਰਾਸੀ ਜਾਤ ਦੇ ਸਨ। ਔਰਤ ਨੂੰ 'ਜਿਤੁ ਜੰਮਹਿ ਰਾਜਾਨ' ਕਹਿ ਕੇ ਬਰਾਬਰੀ ਦਵਾਈ। ਗੁਰੂ ਅੰਗਦ ਦੇਵ ਜੀ ਨੂੰ ਜਦੋਂ ਹਮਾਯੂੰ ਨੇ ਤਲਵਾਰ ਦਿਖਾਈ ਤਾਂ ਉਸ ਦੇ ਗੁੱਸੇ ਨੂੰ ਸ਼ਾਂਤ ਕੀਤਾ। ਗੁਰੂ ਤੇਗ ਬਹਾਦਰ ਜੀ ਦਾ ਜਨੇਊ ਦੀ ਰਾਖੀ ਲਈ ਸ਼ਹੀਦ ਹੋਣਾ ਮਨੁੱਖੀ ਹੱਕਾਂ ਦੀ ਹਮਾਇਤ ਸੀ। ਸਿੱਖਾਂ ਦੇ 10ਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਇਨਸਾਨੀ ਹੱਕਾਂ ਖਾਤਰ ਸਾਰਾ ਪਰਿਵਾਰ ਵਾਰ ਦਿੱਤਾ, ਰਾਜ ਲਈ ਨਹੀਂ। ਭੰਗਾਣੀ ਦੇ ਯੁੱਧ ਵਿਚ ਪੀਰ ਬੁਧੂ ਸ਼ਾਹ ਨੇ ਜ਼ੁਲਮ ਖਿਲਾਫ 500 ਮੁਰੀਦ ਕਟਵਾ ਦਿੱਤੇ।

ਗੁਰੂ ਗੋਬਿਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਦੋਂ ਸਰਹਿੰਦ ਵਿਚ ਨਵਾਬ ਦੀ ਕਚਹਿਰੀ ਵਿਚ ਸਜ਼ਾ ਸੁਣਾਈ ਗਈ ਤਾਂ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ 'ਹਾਅ ਦਾ ਨਾਅਰਾ' ਮਾਰਿਆ ਸੀ ਜੋ ਇਨਸਾਨੀ ਹੱਕਾਂ ਦਾ ਨਾਅਰਾ ਸੀ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸਿੱਖਾਂ ਨਾਲ ਵਿਤਕਰਾ ਬੰਦ ਕਰਾਉਣ ਲਈ ਆਪਣੀ ਜਿੰਦ ਦਾਅ 'ਤੇ ਲਾ ਦਿੱਤੀ। ਇਸੇ ਤਰ੍ਹਾਂ ਸੁਖਦੇਵ ਸਿੰਘ ਸੁੱਖਾ ਤੇ ਹਰਜਿੰਦਰ ਸਿੰਘ ਜਿੰਦਾ ਨੇ ਫੌਜ ਦੇ ਤਤਕਾਲੀ ਮੁਖੀ ਜਨਰਲ ਏ.ਐਸ. ਵੈਦਿਆ ਦਾ ਕਤਲ ਕੀਤਾ।

ਇੰਡੀਆਨਾ ਤੋਂ ਉਚੇਚਾ ਪਹੁੰਚੀ ਬੀਬੀ ਰਾਖਿੰਦ ਕੌਰ ਨੇ ਦੋ ਨਜ਼ਮਾਂ ਪੜ੍ਹੀਆਂ, ਜਦੋਂ ਪੰਜਾਬ ਤਬਾਹ ਹੋ ਰਿਹਾ ਸੀ, 'ਹਅਟ ਦਦਿੱ ਦੋ।' ਉਸ ਦਾ ਪਿਛੋਕੜ ਲੈਦਿਆਲ ਤੋਂ ਹੈ ਅਤੇ ਉਹ ਅੰਗਰੇਜ਼ੀ ਤੇ ਪੰਜਾਬੀ ਵਿਚ ਨਜ਼ਮਾਂ ਲਿਖਦੀ ਹੈ।

ਪ੍ਰੋਗਰਾਮ ਮਿਥਣ ਵੇਲੇ ਬੀਬੀ ਪਰਮਜੀਤ ਕੌਰ ਖਾਲੜਾ ਦੇ ਅਮਰੀਕਾ ਆਉਣ ਦੀ ਸੰਭਾਵਨਾ ਸੀ, ਪਰ ਉਨ੍ਹਾਂ ਦਾ ਪ੍ਰੋਗਰਾਮ ਕੁਝ ਪਿੱਛੇ ਪੈ ਗਿਆ। ਸ. ਖਾਲੜਾ ਦੀ ਬੇਟੀ ਨਵਕਿਰਨ ਕੌਰ ਵੀ ਕਿਸੇ ਜ਼ਰੂਰੀ ਮੀਟਿੰਗ ਕਰਕੇ ਨਹੀਂ ਪਹੁੰਚ ਸਕੇ, ਉਂਜ ਉਨ੍ਹਾਂ ਆਪਣਾ ਸੁਨੇਹਾ ਲਿਖ ਭੇਜਿਆ, ਜਿਸ ਵਿਚ ਉਨ੍ਹਾਂ ਇੰਤਜ਼ਾਮੀਆ ਮੈਂਬਰ, ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਉਨ੍ਹਾਂ 'ਇਨਸਾਫ' ਅਤੇ 'ਖਾਲੜਾ ਮਿਸ਼ਨ' ਦੇ ਮਕਸਦ ਉਤੇ ਥੋੜ੍ਹੀ ਝਾਤ ਪਾਈ। ਉਮੀਦ ਹੈ, ਉਹ ਜਲਦੀ ਸ਼ਿਕਾਗੋ ਫੇਰੀ ਪਾਉਣਗੇ। ਇਹ ਸੁਨੇਹਾ ਸ. ਠਾਕਰ ਸਿੰਘ ਬਸਾਤੀ ਨੇ ਪੜ੍ਹ ਕੇ ਸੁਣਾਇਆ। ਨਾਲ ਹੀ ਉਨ੍ਹਾਂ ਪਾਲ ਢਿੱਲੋਂ ਦੀਆਂ ਇਹ ਸਤਰਾਂ ਸਾਂਝੀਆਂ ਕੀਤੀਆਂ, "ਉਹ ਕਦੋਂ ਬਣਾਉਂਦੇ ਨੇ ਬੰਦੂਕਾਂ, ਜੋ ਘੜਦੇ ਚੂੜੀਆਂ ਤੇ ਝਾਂਜਰਾਂ।' ਫਿਰ ਉਨ੍ਹਾਂ ਪਾਸ਼ ਦੀ ਸਤਰ ਦੁਹਰਾਈ ਕਿ ਪੰਜਾਬ ਦੀ ਹਾਲਤ ਤਾਂ ਇਹ ਹੈ ਕਿ 'ਵੈਣ ਸੁਣਦੇ ਰਹੇ, ਦਾਦ ਦਿੰਦੇ ਰਹੇ।"

ਇਸ ਮੌਕੇ ਸ. ਖਾਲੜਾ ਦੇ ਜੀਵਨ 'ਤੇ ਬਣੀ ਅੱਧੇ ਘੰਟੇ ਦੀ ਡਾਕੂਮੈਂਟਰੀ ਫਿਲਮ ਦਿਖਾਈ ਗਈ, ਜੋ ਯੂਟਿਊਬ 'ਤੇ ਵੀ ਉਪਲਬਧ ਹੈ।

# ਡਾ. ਭੰਡਾਲ ਦੀ ਕਾਵਿ ਪੁਸਤਕ 'ਰੂਹ ਰੇਜ਼ਾ' ਰਿਲੀਜ਼

**ਜਲੰਧਰ (ਬਿਊਰੋ):** ਆਪਣੀ ਨਿਵੇਕਲੀ ਵਾਰਤਕ ਸ਼ੈਲੀ ਵਿਚ ਲਿਖਣ ਵਾਲੇ ਵਾਰਤਕਕਾਰ ਅਤੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਡਾ. ਗੁਰਬਖਸ਼ ਸਿੰਘ ਭੰਡਾਲ ਦੀ ਨਵੀਂ ਕਾਵਿ-




ਪੁਸਤਕ 'ਰੂਹ ਰੇਜ਼ਾ' ਸਾਹਿਤ ਕਲਾ ਕੇਂਦਰ, ਜਲੰਧਰ ਵਲੋਂ ਲੰਘੇ ਐਤਵਾਰ ਨੂੰ ਇਕ ਸਾਹਿਤਕ ਸਮਾਗਮ ਵਿਚ ਰਿਲੀਜ਼ ਕੀਤੀ ਗਈ।

ਇਹ ਜਾਣਕਾਰੀ ਦਿੰਦਿਆਂ ਸਾਹਿਤ ਕਲਾ ਕੇਂਦਰ ਦੇ ਪ੍ਰਧਾਨ ਅਤੇ ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਮੁਖੀ ਡਾ. ਗੋਪਾਲ ਸਿੰਘ ਬੁੱਟਰ ਨੇ ਦੱਸਿਆ ਕਿ ਇਸ ਮੌਕੇ ਉਘੇ ਪੱਤਰਕਾਰ ਜਤਿੰਦਰ ਪੰਨੂ ਨੇ ਡਾ. ਭੰਡਾਲ ਨਾਲ ਨਿੱਜੀ ਸਬੰਧਾਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਦੇ ਸਾਹਿਤਕ ਸਫਰ, ਲਿਖਤਾਂ ਦੇ ਮੁਹਾਂਦਰੇ, ਵਿਸ਼ਿਆਂ, ਨਿਵੇਕਲੀ ਸ਼ੈਲੀ ਅਤੇ ਵਿਲੱਖਣਤਾ ਬਾਰੇ ਨਿੱਠ ਕੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਡਾ. ਭੰਡਾਲ ਦੀ ਵਾਰਤਕ ਵੀ ਕਾਵਿ-ਮਈ ਹੈ, ਜਿਸ 'ਚ ਉਹ ਅਣਛੋਹੇ ਵਿਸ਼ੇ ਤਰਕਸੰਗਤ ਤਰੀਕੇ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਬਹੁਤ ਹੀ ਕੋਮਲ ਅਤੇ ਮਨੁੱਖਵਾਦੀ ਹਨ, ਜਿਨ੍ਹਾਂ ਵਿਚ ਸੂਖਮਭਾਵੀ ਸੰਦੇਸ਼ ਹੁੰਦਾ ਹੈ।

ਪ੍ਰੋ. ਨਵਰੂਪ ਨੇ ਡਾ. ਭੰਡਾਲ ਦੇ ਕਾਵਿ-ਸੰਸਾਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਨ੍ਹਾਂ ਨੂੰ ਨਵੀਂ ਕਾਵਿ-ਕਿਰਤ ਲਈ ਵਧਾਈ ਦਿਤੀ। ਸਮਾਗਮ ਵਿਚ ਕੁਲਦੀਪ ਸਿੰਘ ਬੇਦੀ, ਪ੍ਰੋ. ਸੁਰਜੀਤ ਜੱਜ, ਦੇਸ ਰਾਜ ਕਾਲੀ, ਸਤਨਾਮ ਚਾਨਾ, ਇੰਜ. ਸੀਤਲ ਸਿੰਘ ਸੰਘਾ ਸਮੇਤ ਹੋਰ ਅਦਬੀ ਸ਼ਖਸੀਅਤਾਂ ਹਾਜਰ ਸਨ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਪਰਵਾਸੀ ਸਾਹਿਤਕਾਰ ਡਾ. ਭੰਡਾਲ ਅੱਜ ਕੱਲ ਅਮਰੀਕਾ ਦੀ ਸਟੇਟ ਓਹਾਇਓ 'ਚ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਫਿਜ਼ਿਕਸ ਪੜ੍ਹਾਉਂਦੇ ਹਨ, ਜਿਨ੍ਹਾਂ ਦੀਆਂ 18 ਪੁਸਤਕਾਂ ਛਪ ਚੁਕੀਆਂ ਹਨ।

# ਕੈਂਟ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ

**ਕਲੀਵਲੈਂਡ, ਓਹਾਈਓ (ਬਿਊਰੋ):** ਪਿਛਲੇ ਦਿਨੀਂ ਕੈਂਟ ਸਟੇਟ ਯੂਨੀਵਰਸਿਟੀ, ਕੈਂਟ ਦੇ ਵਿਦਿਆਰਥੀਆਂ ਦੇ ਇਕ ਗਰੁੱਪ ਨੇ ਗੁਰਦੁਆਰਾ ਰਿਚਮੰਡ ਵਿਚ ਆ ਕੇ ਸਿੱਖ ਧਰਮ ਦੇ ਮੂਲ ਸਿਧਾਂਤਾਂ, ਮਰਿਆਦਾ ਅਤੇ ਲੰਗਰ ਪ੍ਰਥਾ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਰਤਨਜੀਤ ਸਿੰਘ ਸੋਢੀ ਨੇ ਆਪਣੇ ਭਾਵਪੂਰਤ ਲੈਕਚਰ ਰਾਹੀਂ ਦੱਸਿਆ ਕਿ ਕਿਵੇਂ ਸਿੱਖ ਧਰਮ ਦੀਆਂ ਸਿਖਿਆਵਾਂ 'ਤੇ ਚੱਲਦਿਆਂ ਉਨ੍ਹਾਂ ਨੇ ਜੀਵਨ ਵਿਚ ਉਚੀਆਂ ਬੁਲੰਦੀਆਂ ਹਾਸਲ ਕੀਤੀਆਂ ਹਨ, ਕਿਉਂਕਿ ਸਿੱਖ ਫਿਲਾਸਫੀ ਅਜੋਕੇ ਸਮਿਆਂ ਦੇ ਵੀ ਉਨੀ ਹੀ ਸਾਰਥਕ ਹੈ, ਜਿੰਨੀ ਅੱਜ ਤੋਂ 550 ਸਾਲ ਪਹਿਲਾਂ ਸੀ।



ਨਾਮੀ ਲੇਖਕ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਸਲਾਈਡ ਸ਼ੋਅ ਰਾਹੀਂ ਸਿੱਖ ਧਰਮ ਬਾਰੇ ਮੁਢਲੀ ਜਾਣਕਾਰੀ ਅਤੇ ਗੁਰੂ ਨਾਨਕ ਦੇਵ ਜੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਨਵੰਬਰ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੀਆਂ ਸਿਖਿਆਵਾਂ ਵਿਚ ਜੀਵਨ ਨੂੰ ਸੁਚਾਰੂ ਢੰਗ ਨਾਲ ਜਿਉਣ, ਔਰਤ ਪ੍ਰਤੀ ਉਸਾਰੂ ਨਜ਼ਰੀਆ, ਵਾਤਾਵਰਣ ਪ੍ਰਤੀ ਫਿਕਰਮੰਦੀ ਸਮੇਤ ਰਾਜਸੀ, ਸਮਾਜਕ, ਆਰਥਕ ਅਤੇ ਮਨੋਵਿਗਿਆਨਕ ਪੱਖਾਂ ਨੂੰ ਸਮਝਣ ਤੇ ਇਸ ਦੇ ਹੱਲ ਨੂੰ ਬਾਖੂਬੀ ਸਮਝਾਇਆ ਗਿਆ ਹੈ। ਸਿੱਖ ਧਰਮ ਹੀ ਅਜਿਹਾ ਧਰਮ ਹੈ, ਜੋ ਵਿਗਿਆਨਕ ਖੋਜਾਂ ਦੇ ਵੀ ਅਨੁਸਾਰ ਹੈ। ਇਹ ਦੁਨੀਆਂ ਦਾ ਇਕੋ ਇਕ ਅਜਿਹਾ ਧਰਮ ਹੈ, ਜਿਸ ਦਾ ਧਾਰਮਿਕ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਨਿਰੋਲ ਸ਼ਬਦ-ਰੂਪੀ ਸਿਖਿਆਵਾਂ ਦਾ ਸੰਗ੍ਰਿਹ ਹੈ। ਇਸ ਦਾ ਸੰਪਾਦਨ ਪੰਜਵੇਂ ਗੁਰੂ ਅਰਜਨ ਦੇਵ ਜੀ ਵਲੋਂ ਕੀਤਾ ਗਿਆ ਸੀ।

ਵਿਦਿਅਰਥੀਆਂ ਨੇ ਸਿੱਖ ਧਰਮ ਬਾਰੇ ਪ੍ਰਸ਼ਨ ਵੀ ਪੁਛੇ। ਇਸ ਮੌਕੇ ਵਿਦਿਆਰਥੀਆਂ ਦੇ ਇੰਚਾਰਜ ਡਾ. ਨੈਥਨ ਰੈਡਕਲਿਫ ਨੇ ਗੁਰਦੁਆਰਾ ਪ੍ਰਬੰਧਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਮਿਲ ਸਕੀ।

ਵਿਦਿਆਰਥੀਆਂ ਨੇ ਪੰਗਤ ਵਿਚ ਬਹਿ ਕੇ ਲੰਗਰ ਵੀ ਛਕਿਆ।

# ਵਿਵਾਦਾਂ ਵਿਚ ਘਿਰੀ ਨਵੀਂ ਬਣ ਰਹੀ ਫਿਲਮ 'ਕੌਰ ਸਿੰਘ'

**ਚੰਡੀਗੜ੍ਹ (ਸੁਰਜੀਤ ਜੱਸਲ):** ਪ੍ਰਸਿੱਧ ਮੁੱਕੇਬਾਜ਼ ਕੌਰ ਸਿੰਘ ਦੇ ਜੀਵਨ 'ਤੇ ਆਧਾਰਤ ਨਿਰਮਾਤਾ ਕਰਮ ਬਾਠ ਵਲੋਂ ਬਣਾਈ ਜਾ ਰਹੀ ਪੰਜਾਬੀ ਫਿਲਮ 'ਕੌਰ ਸਿੰਘ' ਪਿਛਲੇ ਦਿਨੀਂ ਵਿਵਾਦਾਂ ਵਿਚ ਘਿਰੀ ਹੋਣ ਕਰਕੇ ਕਾਫੀ ਚਰਚਾ ਵਿਚ ਰਹੀ। ਇਸ ਬਾਇਓਪਿਕ ਫਿਲਮ ਬਾਰੇ ਇੱਕ ਹੋਰ ਧਿਰ ਦਾ ਕਹਿਣਾ ਹੈ ਕਿ ਨਿਰਮਾਤਾ ਕਰਮ ਬਾਠ ਤੋਂ ਪਹਿਲਾਂ ਇਸ ਫਿਲਮ ਨੂੰ ਬਣਾਉਣ ਦੇ ਹੱਕ ਉਨ੍ਹਾਂ ਕੋਲ ਹਨ, ਜਦਕਿ ਕਰਮ ਬਾਠ ਆਪਣੇ ਕੋਲ ਹੋਣ ਦਾ ਦਾਅਵਾ ਕਰਦਿਆਂ ਉਸ ਵਿਅਕਤੀ ਨੂੰ ਸਬੂਤ ਲਿਆਉਣ ਦੀ ਗੱਲ ਕਹਿ ਰਿਹਾ ਸੀ। ਕਈ ਦਿਨਾਂ ਤੋਂ ਚੱਲਦੀ ਇਸ ਕਸਮਕਸ਼ ਵਿਚ ਜਦ ਗੱਲ ਕਿਸੇ ਸਿਰੇ ਲੱਗਦੀ ਨਾ ਦਿਸੀ ਤਾਂ ਖੁਦ ਕੌਰ ਸਿੰਘ ਨੇ ਪੱਤਰਕਾਰਾਂ ਤੇ ਮੀਡੀਆ ਦੇ ਰੂਬਰੂ ਹੁੰਦਿਆਂ ਸਾਰੇ ਮਾਮਲੇ ਨੂੰ ਦੁੱਧੋਂ ਪਾਣੀ ਕਰਦਿਆਂ ਕਿਹਾ ਕਿ ਮੇਰਾ ਇਸ ਤੋਂ ਪਹਿਲਾਂ ਕਿਸੇ ਵੀ ਹੋਰ ਫਿਲਮਕਾਰ ਨਾਲ ਫਿਲਮ ਬਣਾਉਣ ਸਬੰਧੀ ਕੋਈ ਕਾਨੂੰਨੀ ਤੇ ਲਿਖਤੀ ਇਕਰਾਰਨਾਮਾ ਨਹੀਂ ਹੋਇਆ। ਦੂਜੀ ਧਿਰ ਵਲੋਂ ਜੋ ਦੋਸ਼ ਲਾਏ ਜਾ ਰਹੇ ਹਨ, ਉਹ ਬਿਲਕੁੱਲ ਬੇਬੁਨਿਆਦ ਹਨ, ਜਿਸ ਦੀ ਮੈਂ ਪੂਰੀ ਤਰ੍ਹਾਂ ਨਿਖੇਧੀ ਕਰਦਾ ਹਾਂ।



*(ਖੱਬੇ) ਮੁੱਕੇਬਾਜ਼ ਕੌਰ ਸਿੰਘ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ*

ਕੌਰ ਸਿੰਘ ਨੇ ਕਿਹਾ ਕਿ ਮੈਂ ਆਪਣੀ ਜ਼ਿੰਦਗੀ 'ਤੇ ਆਧਾਰਤ ਫਿਲਮ ਬਣਾਉਣ ਦੇ ਸਾਰੇ ਹੱਕ ਵਿਕਰਮ ਪ੍ਰਧਾਨ ਤੇ ਕਰਮ ਬਾਠ ਨੂੰ ਹੀ ਦਿੱਤੇ ਹਨ, ਜੋ ਫਿਲਮ ਬਣਾ ਰਹੇ ਹਨ। ਇਸ ਕੰਮ ਵਿਚ ਜੋ ਇਹ ਬੇਲੋੜੀ ਰੁਕਾਵਟ ਪਾਈ ਜਾ ਰਹੀ ਹੈ, ਉਸ ਬਾਰੇ ਮੈਂ ਖੁਦ ਚਿੰਤਤ ਹਾਂ।

ਕਰਮ ਬਾਠ ਫਿਲਮਜ਼ ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਦੇ ਨਿਰਮਾਤਾ ਤੇ ਮੁੱਖ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਕਰਮ ਬਾਠ ਨੇ ਕਿਹਾ ਕਿ ਬਾਕਸਰ ਦੀ ਜ਼ਿੰਦਗੀ 'ਚ ਆਪਣੇ ਆਪ ਨੂੰ ਢਾਲਣ ਲਈ ਉਸ ਨੇ ਕਈ ਮਹੀਨੇ ਸਖਤ ਮਿਹਨਤ ਕੀਤੀ ਤਾਂ ਕਿ ਉਹ ਆਪਣੇ ਕਿਰਦਾਰ ਨਾਲ ਪੂਰੀ ਤਰ੍ਹਾਂ ਇਨਸਾਫ ਕਰ ਸਕੇ। ਇਸ ਤੋਂ ਇਲਾਵਾ ਪ੍ਰਭ ਗਰੇਵਾਲ, ਰਾਜ ਕਾਕੜਾ, ਸੀਮਾ ਕੌਸ਼ਲ, ਮਲਕੀਤ ਰੌਣੀ, ਗੁਰਪ੍ਰੀਤ ਕੌਰ ਭੰਗੂ, ਬਨਿੰਦਰ ਬਨੀ, ਸੁੱਖੀ ਚਾਹਲ, ਸੁਖਬੀਰ ਗਿੱਲ ਆਦਿ ਕਲਾਕਾਰ ਅਹਿਮ ਕਿਰਦਾਰ ਨਿਭਾ ਰਹੇ ਹਨ। ਫਿਲਮ ਦਾ ਲੇਖਕ ਅਤੇ ਨਿਰਦੇਸ਼ਕ ਵਿਕਰਮ ਪ੍ਰਧਾਨ ਹੈ।

# ਕਸ਼ਮੀਰ ਮਸਲੇ 'ਤੇ ਸਿੱਖ ਜਥੇਬੰਦੀਆਂ ਵੱਲੋਂ ਦਿੱਲੀ 'ਚ ਰੋਸ ਮੁਜਾਹਰਾ

**ਨਵੀਂ ਦਿੱਲੀ:** ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਪੰਜਾਬ ਦੀਆਂ ਸਿੱਖ ਜਥੇਬੰਦੀਆਂ, ਵਿਦਿਆਰਥੀ ਜਥੇਬੰਦੀ, ਤਾਮਿਲ ਪਾਰਟੀਆਂ ਤੇ ਹੋਰਨਾਂ ਵੱਲੋਂ ਦਿੱਲੀ 'ਚ ਰੋਸ ਮੁਜਾਹਰਾ ਕੀਤਾ ਗਿਆ। ਦੇਸ਼-ਦੁਨੀਆ ਦਾ ਧਿਆਨ ਕਸ਼ਮੀਰ ਦੀ ਨਿਘਰਦੀ ਸਥਿਤੀ ਵੱਲ ਖਿੱਚਣ ਦੇ ਮਕਸਦ ਨਾਲ ਕੀਤੇ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਵੱਲੋਂ ਕਸ਼ਮੀਰੀਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਧਾਰਾ 370 ਨੂੰ ਮੁੜ ਬਹਾਲ ਕਰਨ ਦੀ ਮੰਗ ਕੀਤੀ ਗਈ।

ਪ੍ਰਦਰਸ਼ਨ ਦੌਰਾਨ ਪੰਜਾਬੀ ਭਾਸ਼ਾ ਦਾ ਸਨਮਾਨ ਤੇ ਖਾਲਿਸਤਾਨ ਪੱਖੀ ਨਾਅਰੇ ਵੀ ਲਗਾਏ ਗਏ ਤੇ ਪ੍ਰਦਰਸ਼ਨ ਉਪਰੰਤ ਇਕ ਵਫਦ ਵੱਲੋਂ ਸੰਯੁਕਤ ਰਾਸ਼ਟਰ ਦੇ ਦਫਤਰ 'ਚ ਇਕ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਪ੍ਰਦਰਸ਼ਨ 'ਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਲ ਖਾਲਸਾ, ਐਸ.ਐਫ.ਐਸ. ਚੰਡੀਗੜ੍ਹ, ਨਾਮ ਤਾਮਿਲਰ ਕਾਚੀ, ਤਾਮਿਲ ਨੈਸ਼ਨਲ ਮੂਵਮੈਂਟ ਫਾਰ ਮੂਵਮੈਂਟ ਸਮੇਤ ਹੋਰਨਾਂ ਜਥੇਬੰਦੀਆਂ ਤੇ ਇਨਸਾਫ ਪਸੰਦ ਲੋਕਾਂ ਨੇ ਸ਼ਮੂਲੀਅਤ ਕੀਤੀ। ਪ੍ਰਦਰਸ਼ਨ ਦੇ ਤੈਅ ਪ੍ਰੋਗਰਾਮ ਮੁਤਾਬਿਕ ਪ੍ਰਦਰਸ਼ਨਕਾਰੀ ਗੁਰਦੁਆਰਾ ਰਕਾਬਗੰਜ ਸਾਹਿਬ 'ਚ ਇਕੱਠੇ ਹੋਏ ਤੇ ਅਰਦਾਸ ਉਪਰੰਤ ਜੰਤਰ ਮੰਤਰ ਵੱਲ ਵਧਣਾ ਸ਼ੁਰੂ ਕਰ ਦਿੱਤਾ ਹਾਲਾਂਕਿ ਪੁਲਿਸ ਨੇ ਰਸਤੇ 'ਚ ਹੀ ਅੜਿੱਕੇ ਖੜ੍ਹੇ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ।

ਇਸ ਮੌਕੇ ਸਿਮਰਨਜੀਤ ਸਿੰਘ ਮਾਨ, ਕੰਵਰਪਾਲ ਸਿੰਘ, ਪ੍ਰੋ. ਐਸ. ਆਰ. ਗਿਲਾਨੀ, ਪ੍ਰੋ. ਜਗਮੋਹਨ ਸਿੰਘ, ਕੰਨੂਪ੍ਰਿਆ (ਐਸ. ਐਫ. ਐਸ.), ਆਰ. ਵੈਂਕਟਰਮਨ ਤੇ ਸੀਮਨ (ਤਾਮਿਲਨਾਡੂ) ਅਤੇ ਹੋਰ ਆਗੂਆਂ ਨੇ ਮੁਜਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ 52 ਦਿਨਾਂ ਤੋਂ ਸਮੁੱਚੀ ਕਸ਼ਮੀਰੀ ਆਬਾਦੀ ਨੂੰ ਕੈਦ ਕਰਕੇ ਰੱਖਿਆ ਹੋਇਆ ਹੈ ਤੇ ਸਰਕਾਰ ਕਸ਼ਮੀਰ 'ਚ ਜੋ ਸ਼ਾਂਤੀ ਤੇ ਜਨਜੀਵਨ ਆਮ ਵਾਂਗ ਹੋਣ ਦੀ ਗੱਲ ਆਖ ਰਹੀ ਹੈ, ਉਹ ਕੋਰਾ ਝੂਠ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰੀਆਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਤੇ ਜੇ ਕਸ਼ਮੀਰ 'ਚ ਸਭ ਕੁਝ ਠੀਕ ਹੈ ਤਾਂ ਫਿਰ ਮੀਡੀਆ ਤੇ ਹੋਰਨਾਂ ਨੂੰ ਉੱਥੇ ਕਿਉਂ ਨਹੀਂ ਜਾਣ ਦਿੱਤਾ ਜਾ ਰਿਹਾ।

ਕਸ਼ਮੀਰ ਨੂੰ ਨਵੀਂ ਜੰਨਤ ਬਣਾਉਣ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ ਦੀ ਤਿੱਖੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਮੌਜੂਦਾ ਹਕੂਮਤਾਂ ਦੀਆਂ ਫਾਸੀਵਾਦੀ ਨੀਤੀਆਂ ਨੇ ਕਸ਼ਮੀਰ ਨੂੰ ਬਰਬਾਦ ਕਰਕੇ ਪਹਿਲਾਂ ਹੀ ਧਰਤੀ 'ਤੇ ਵਸਦੀ ਜੰਨਤ ਨੂੰ ਨਰਕ ਬਣਾ ਦਿੱਤਾ ਹੈ।

# ਸਾਬਕਾ ਹਾਕੀ ਕਪਤਾਨ ਸੰਦੀਪ ਸਿੰਘ ਅਤੇ ਪਹਿਲਵਾਨ ਯੋਗੇਸ਼ਵਰ ਦੱਤ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਭਾਰਤੀ ਹਾਕੀ ਟੀਮ ਦੇ ਸਾਬਕਾ ਹਾਕੀ ਕਪਤਾਨ ਸੰਦੀਪ ਸਿੰਘ ਤੇ ਉਲੰਪਿਕ ਤਗਮਾ ਜੇਤੂ ਪਹਿਲਵਾਨ ਯੋਗੇਸ਼ਵਰ ਦੱਤ, ਅਕਾਲੀ ਦਲ ਦੇ ਵਿਧਾਇਕ ਬਲਕੌਰ ਸਿੰਘ ਦੇ ਨਾਲ ਭਾਜਪਾ 'ਚ ਸ਼ਾਮਲ ਹੋ ਗਏ। ਹਰਿਆਣਾ ਨਾਲ ਸਬੰਧਿਤ ਪਹਿਲਵਾਨ ਯੋਗੇਸ਼ਵਰ ਦੱਤ ਨੇ ਕਿਹਾ ਕਿ ਉਹ



ਲੰਮੇ ਸਮੇਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹਨ ਅਤੇ ਉਨ੍ਹਾਂ ਨੇ ਸਿਆਸਤ ਵਿਚ ਬਹੁਤ ਚੰਗੇ ਫੈਸਲੇ ਕੀਤੇ ਹਨ। ਯੋਗੇਸ਼ਵਰ ਦੱਤ ਨੂੰ 2013 ਵਿਚ ਪਦਮਸ਼੍ਰੀ ਨਾਲ ਨਿਵਾਜਿਆ ਗਿਆ ਸੀ ਅਤੇ 2014 ਦੀਆਂ ਰਾਸ਼ਟਰਮੰਡਲ ਖੇਡਾਂ ਵਿਚ ਉਨ੍ਹਾਂ ਨੇ ਸੋਨੇ ਦਾ ਤਗਮਾ ਜਿੱਤਿਆ ਸੀ।




***ਗੁਰਦੁਆਰਾ ਸਾਹਿਬ ਡਿਕੇਟਰ, ਇਲੀਨਾਏ ਦੀ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ) ਦੀ ਬਣ ਰਹੀ ਨਵੀਂ ਇਮਾਰਤ ਲਈ 16,000 ਡਾਲਰ ਭੇਟ ਕੀਤੇ ਹਨ। ਪ੍ਰਬੰਧਕਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ ਕਿ ਉਨ੍ਹਾਂ ਉਤੇ ਮਿਹਰ ਦਾ ਹੱਥ ਰੱਖੇ।***

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
●Residential Loans (Purchase, Refinance & Cash Out Refinance). ●Self Employed and H1 Visa ●Jumbo loans ●Commercial Property With Business or Business Only. ●Business Equity Line of Credit. ●Multi Unit Investment Property.

# ਮੌਸਮੀ ਤਬਦੀਲੀਆਂ ਬਾਰੇ ਨੇਤਾਵਾਂ ਨੂੰ ਜਗਾਉਣ ਲਈ ਬੱਚਿਆਂ ਨੇ ਵਾਗਡੋਰ ਸੰਭਾਲੀ

20 ਸਤੰਬਰ 2019 ਦਾ ਸ਼ੁੱਕਰਵਾਰ ਦਾ ਦਿਨ ਬੱਚਿਆਂ ਵਲੋਂ ਸੰਜੀਦਗੀ ਨਾਲ ਕੀਤੀ ਗਈ ਯੋਜਨਾਬੰਦੀ ਨਾਲ ਮੌਸਮੀ ਤਬਦੀਲੀਆਂ ਵੱਲ ਦੁਨੀਆਂ ਦੇ ਵੱਡੇ ਨੇਤਾਵਾਂ ਅਤੇ ਆਮ ਲੋਕਾਂ ਦਾ ਧਿਆਨ ਦਿਵਾਉਣ ਲਈ ਸਚਮੁੱਚ ਹੀ ਇਕ ਇਤਿਹਾਸਕ ਦਿਨ ਬਣ ਗਿਆ। ਦੁਨੀਆਂ ਦੇ ਦੱਖਣੀ-ਪੂਰਬੀ ਹਿੱਸੇ ਭਾਵ ਆਸਟਰੇਲੀਆ ਤੋਂ ਲੈ ਕੇ ਉਤਰੀ-ਪੱਛਮੀ ਹਿੱਸੇ (ਅਲਾਸਕਾ) ਤੱਕ ਲਗਭਗ 150 ਦੇਸ਼ਾਂ ਵਿਚ ਸਕੂਲੀ ਬੱਚਿਆਂ ਦੇ ਨਾਲ ਨਾਲ ਕਰੀਬ ਹਰ ਉਮਰ ਦੇ ਲੋਕਾਂ ਨੇ ਮੌਸਮੀ ਤਬਦੀਲੀਆਂ ਬਾਰੇ ਰੋਸ ਮਾਰਚ ਵਿਚ ਸਾਂਤੀਪੂਰਵਕ ਹਿੱਸਾ ਲਿਆ।



ਡਾ. ਗੁਰਿੰਦਰ ਕੌਰ*
ਫੋਨ: 408-493-9776

ਮੌਸਮੀ ਤਬਦੀਲੀਆਂ ਦੀ ਮਾਰ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਦੇ ਰਿਕਾਰਡ ਅਨੁਸਾਰ ਦੁਨੀਆਂ ਦੇ ਨੇਤਾਵਾਂ ਨੂੰ ਇਸ ਬਾਰੇ ਆਮ ਲੋਕਾਂ ਵਲੋਂ ਸਾਂਝੇ ਤੌਰ 'ਤੇ ਦੱਸੇ ਜਾਣ ਦਾ ਇਹ ਪਹਿਲਾ ਅਤੇ ਵੱਡਾ ਉਪਰਾਲਾ ਹੈ। ਇਸ ਰੋਸ ਮਾਰਚ ਵਿਚ ਕਿੰਨੇ ਲੋਕ ਸ਼ਾਮਲ ਹੋਏ, ਗਿਣਤੀ ਕਰਨੀ ਔਖੀ ਹੀ ਨਹੀਂ, ਨਾਮੁਮਕਿਨ ਵੀ ਹੈ। ਇਸ ਰੋਸ ਮਾਰਚ ਵਿਚ ਆਸਟਰੇਲੀਆ ਦੇ ਸ਼ਹਿਰ ਮੈਲਬੌਰਨ ਤੋਂ ਹੀ ਇਕ ਲੱਖ ਤੋਂ ਵੱਧ ਬੱਚੇ ਸ਼ਾਮਲ ਹੋਏ ਅਤੇ ਇਕੱਲੇ ਨਿਊ ਯਾਰਕ ਸ਼ਹਿਰ ਦੇ ਸਕੂਲਾਂ ਦੇ 11 ਲੱਖ ਬੱਚਿਆਂ ਨੇ ਦੀ ਸਹਿਮਤੀ ਨਾਲ ਸਕੂਲ ਤੋਂ ਛੁੱਟੀ ਲੈ ਕੇ ਰੋਸ ਮਾਰਚ ਵਿਚ ਹਿੱਸਾ ਲਿਆ। ਅੰਦਾਜ਼ਾ ਲਾਓ ਕਿ ਇਸ ਰੋਸ ਮਾਰਚ ਵਿਚ ਕਿੰਨੀ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਹੋਏ ਹੋਣਗੇ।

ਸਕੂਲ ਦੇ ਬੱਚਿਆਂ ਵਿਚ ਮੌਸਮੀ ਤਬਦੀਲੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਵਾਲਾ ਦੁਨੀਆਂ ਦਾ ਕੋਈ ਵੱਡਾ ਨੇਤਾ ਨਹੀਂ, ਸਗੋਂ ਯੂਰਪੀ ਦੇਸ਼ ਸਵੀਡਨ ਦੀ ਸਕੂਲ ਵਿਚ ਪੜ੍ਹਦੀ 16 ਸਾਲਾਂ ਦੀ ਗਰੇਟਾ ਥੁਨਬਰਗ ਨਾਂ ਦੀ ਲੜਕੀ ਹੈ, ਜਿਸ ਨੇ ਸਾਲ 2018 ਵਿਚ ਧਰਤੀ ਉਤਲੇ ਵਾਤਾਵਰਣ ਨੂੰ ਬਚਾਉਣ ਲਈ ਲਗਾਤਾਰ ਤਿੰਨ ਹਫਤੇ ਸਕੂਲ ਨਾ ਜਾ ਕੇ ਦੇਸ਼ ਦੀ ਪਾਰਲੀਮੈਂਟ ਦੀ ਇਮਾਰਤ ਅੱਗੇ ਬੈਠ ਕੇ ਸ਼ਾਂਤੀਪੂਰਨ ਧਰਨਾ ਦਿੱਤਾ। ਜਦ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸਕੂਲ ਨਾ ਜਾ ਕੇ ਤੇਰੀ ਪੜ੍ਹਾਈ ਅਤੇ ਤੇਰਾ ਭਵਿੱਖ ਖਰਾਬ ਹੋ ਜਾਏਗਾ ਤਾਂ ਉਸ ਦਾ ਜਵਾਬ ਸੀ, ਪੜ੍ਹਾਈ-ਲਿਖਾਈ ਭਵਿੱਖ ਸੰਵਾਰਨ ਲਈ ਹੁੰਦੀ ਹੈ, ਪਰ ਸਾਡਾ ਭਵਿੱਖ ਤਾਂ ਪਹਿਲਾਂ ਹੀ ਧੁੰਦਲਾ ਹੈ, ਕਿਉਂਕਿ ਧਰਤੀ ਉਤਲਾ ਵਾਤਾਵਰਣ ਇੰਨਾ ਖਰਾਬ ਹੋ ਚੁਕਾ ਹੈ ਕਿ ਨਾ ਤਾਂ ਇੱਥੇ ਸਾਹ ਲੈਣ ਲਈ ਸਾਫ ਹਵਾ ਹੈ ਅਤੇ ਨਾ ਪੀਣ ਲਈ ਸਾਫ ਪਾਣੀ। ਮਿੱਟੀ ਅਤੇ ਸਮੁੰਦਰੀ ਪਾਣੀ ਤਰ੍ਹਾਂ ਤਰ੍ਹਾਂ ਦੇ ਪ੍ਰਦੂਸ਼ਣਾਂ ਕਾਰਨ ਇੰਨਾ ਪਲੀਤ ਹੋ ਚੁਕੇ ਹਨ ਕਿ ਉਨ੍ਹਾਂ ਤੋਂ ਮਿਲਣ ਵਾਲੇ ਹਰ ਤਰ੍ਹਾਂ ਦੇ ਖਾਧ ਪਦਾਰਥਾਂ ਭਾਵ ਅਨਾਜ, ਸਬਜ਼ੀਆਂ, ਫਲਾਂ ਅਤੇ ਸਮੁੰਦਰੀ ਜੀਵਾਂ ਵਿਚ ਵੀ ਤਰ੍ਹਾਂ ਤਰ੍ਹਾਂ ਦੇ ਰਸਾਇਣਾਂ ਦੀ ਭਰਮਾਰ ਹੋ ਗਈ ਹੈ, ਜਿਨ੍ਹਾਂ ਨੂੰ ਵਰਤਣ ਨਾਲ ਲੱਖਾਂ ਲੋਕ ਅਣਆਈ ਮੌਤ ਮਰ ਰਹੇ ਹਨ ਅਤੇ ਅਸੀਂ ਵੀ ਉਨ੍ਹਾਂ ਵਿਚੋਂ ਇਕ ਹੋ ਸਕਦੇ ਹਾਂ।

ਇਸ ਪਿਛੋਂ ਉਸ ਨੇ ਆਪਣੀ ਸਕੂਲ ਵਿਚ ਪੜ੍ਹਾਈ ਤਾਂ ਜਾਰੀ ਰੱਖੀ, ਪਰ ਹਰ ਸ਼ੁੱਕਰਵਾਰ ਸ਼ਹਿਰ ਦੀ ਕਿਸੇ ਵੀ ਖਾਸ ਥਾਂ 'ਤੇ ਬੈਠ ਕੇ ਰੋਸ ਮੁਜਾਹਰਾ ਕਰਨਾ ਸ਼ੁਰੂ ਕਰ ਦਿੱਤਾ। ਇਹ ਮੁਹਿੰਮ ਉਸ ਨੇ ਇਕੱਲੀ ਨੇ ਸ਼ੁਰੂ ਕੀਤੀ ਸੀ ਅਤੇ ਬਾਅਦ ਵਿਚ ਹੌਲੀ ਹੌਲੀ ਹੋਰ ਬੱਚੇ ਵੀ ਇਸ ਵਿਚ ਹਿੱਸਾ ਲੈਣ ਲੱਗ ਪਏ ਤੇ ਉਨ੍ਹਾਂ ਨੇ ਇਸ ਮੁਹਿੰਮ ਨੂੰ 'ਫਰਾਈਡੇਅਜ਼-ਫਾਰ ਫਿਊਚਰ' ਅਤੇ 'ਕਲਾਈਮੇਟ ਸਟਰਾਈਕ' ਦਾ ਨਾਂ ਦੇ ਦਿੱਤਾ। ਬੱਚਿਆਂ ਦੀ ਇਸ ਮੁਹਿੰਮ ਨੂੰ ਦੁਨੀਆਂ ਭਰ ਦੇ ਦੇਸ਼ਾਂ ਵਿਚ ਪੂਰਾ ਹੁੰਗਾਰਾ ਮਿਲ ਰਿਹਾ ਹੈ।

ਗਰੇਟਾ ਨੇ ਟਵੀਟ ਅਤੇ ਇੰਟਰਨੈਟ ਦੀ ਮਦਦ ਨਾਲ ਲੋਕਾਂ ਨੂੰ ਇਸ ਮੁਹਿੰਮ ਵਿਚ ਸ਼ਾਮਲ ਕਰਦਿਆਂ ਬੜੀ ਗੰਭੀਰਤਾ ਨਾਲ ਹਰ ਸ਼ੁਕਰਵਾਰ ਯੋਜਨਾਬੰਦ ਤਰੀਕੇ ਨਾਲ ਵੱਖ ਵੱਖ ਦੇਸ਼ਾਂ ਵਿਚ ਧਰਤੀ ਉਤਲੇ ਜੀਵਨ ਨੂੰ ਬਚਾਉਣ ਲਈ ਸ਼ਾਂਤਮਈ ਸਹਿਯੋਗ ਮਾਰਚ ਅਰੰਭ ਕੀਤੇ ਹੋਏ ਹਨ। ਪਿਛਲੇ ਸਾਲ ਗਰੇਟਾ ਨੇ ਪੋਲੈਂਡ ਦੇ ਕਾਟੋਵਿਸ ਸ਼ਹਿਰ ਵਿਚ ਮੌਸਮੀ ਤਬਦੀਲੀਆਂ ਸਬੰਧੀ ਕਾਨਫਰੰਸ ਵਿਚ ਦੁਨੀਆਂ ਦੇ ਲੀਡਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ, ਸਾਡਾ ਘਰ ਜਲ ਰਿਹਾ ਹੈ, ਤੁਸੀਂ ਇਸ ਨੂੰ ਬਚਾਉਣ ਲਈ ਠੋਸ ਉਪਰਾਲੇ ਕਰੋ, ਐਵੇਂ ਗੱਲਾਂਬਾਤਾਂ ਨਾਲ ਨਾ ਸਾਰੋ ਕਿਉਂਕਿ ਧਰਤੀ ਉਤੇ ਤਾਪਮਾਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਆਈ. ਪੀ. ਸੀ. ਸੀ. ਦੀ ਅਕਤੂਬਰ 2018 ਨੂੰ ਰਿਲੀਜ਼ ਹੋਈ ਇਕ ਰਿਪੋਰਟ ਦਾ ਵੇਰਵਾ ਦਿੰਦਿਆਂ ਕਿਹਾ ਕਿ ਜੇ ਤਾਪਮਾਨ ਸੁਰੱਖਿਅਤ ਸੀਮਾ (1.5 ਡਿਗਰੀ ਸੈਲਸੀਅਸ) ਤੋਂ ਅੱਧਾ ਡਿਗਰੀ ਵੀ ਵਧ ਗਿਆ ਤਾਂ ਦੁਨੀਆਂ ਦੇ ਸਾਰੇ ਦੇਸ਼ ਅਣਕਿਆਸੀਆਂ ਕੁਦਰਤੀ ਆਫਤਾਂ ਦਾ ਸ਼ਿਕਾਰ ਹੋ ਜਾਣਗੇ। ਇਹ ਵੀ ਕਿਹਾ ਕਿ ਤੁਸੀਂ ਕਹਿੰਦੇ ਹੋ ਕਿ ਅਸੀਂ ਤੁਹਾਡੇ ਵੱਡੇ ਹਾਂ ਅਤੇ ਤੁਹਾਡੇ ਹਿੱਤਾਂ ਦਾ ਖਿਆਲ ਰੱਖਦੇ ਹਾਂ, ਪਰ ਤੁਸੀਂ ਸਾਡਾ ਭਵਿੱਖ ਬਰਬਾਦ ਕਰਨ ਲੱਗੇ ਹੋਏ ਹੋ ਅਤੇ ਹੁਣ ਵੀ ਉਹ ਵਾਰ-ਵਾਰ ਪੁੱਛ ਰਹੀ ਹੈ ਕਿ ਤੁਸੀਂ ਆਪਣੇ ਬੱਚਿਆਂ ਲਈ ਦੁਨੀਆਂ ਵਿਚ ਕੁਝ ਛੱਡੋਗੇ ਜਾਂ ਨਹੀਂ? ਅਸਲ ਵਿਚ ਕਾਟੋਵਿਸ ਸ਼ਹਿਰ ਵਿਚਲੀ ਕਾਨਫਰੰਸ ਪੈਰਿਸ ਵਿਚ 2015 ਵਿਚ ਹੋਈ ਮੌਸਮੀ ਸੰਧੀ ਨੂੰ 2020 ਵਿਚ ਅਮਲ ਵਿਚ ਲਿਆਉਣ ਲਈ ਤਾਪਮਾਨ ਦੇ ਵਾਧੇ ਦੀ ਸੁਰੱਖਿਅਤ ਸੀਮਾ ਨਿਰਧਾਰਤ ਕਰਨ ਲਈ ਹੋਈ ਸੀ, ਪਰ ਵਿਕਸਿਤ ਦੇਸ਼ਾਂ ਨੇ ਪਹਿਲੀਆਂ ਕਾਨਫਰੰਸਾਂ ਵਾਂਗ ਉਸ ਵਿਚ ਵੀ ਮਾਰ ਝੱਲ ਰਹੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਕੋਈ ਢਾਹ ਨਹੀਂ ਸੀ ਦਿੱਤੀ।

ਗਰੇਟਾ ਦੇ ਨਾਲ ਜੁੜੇ ਬੱਚਿਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਨੇ ਸਤੰਬਰ 2019 ਦਾ



ਗਰੇਟਾ ਥੁਨਬਰਗ

ਸਾਂਤਮਈ ਰੋਸ ਮਾਰਚ ਸੰਯੁਕਤ ਰਾਸ਼ਟਰ ਸੰਘ ਦੀ ਨਿਊ ਯਾਰਕ ਵਿਚ, ਪੈਰਿਸ ਮੌਸਮੀ ਤਬਦੀਲੀ ਸੰਧੀ ਵਾਲੀ ਕਾਨਫਰੰਸ ਤੋਂ ਠੀਕ 3 ਦਿਨ ਪਹਿਲਾਂ ਕੀਤਾ ਤਾਂ ਕਿ ਨੇਤਾ ਬੱਚਿਆਂ ਦੇ ਭਵਿੱਖ ਨੂੰ ਅੱਖੋਂ-ਪਰੋਖੇ ਨਾ ਕਰ ਸਕਣ। ਗਰੇਟਾ ਨੇ ਇਸ ਕਾਨਫਰੰਸ ਵਿਚ ਵੀ ਦੁਨੀਆਂ ਦੇ ਵੱਡੇ ਨੇਤਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਵਿਚ ਚੰਗੀ ਅਤੇ ਸਿਹਤਮੰਦ ਜ਼ਿੰਦਗੀ ਜੀਣ ਦੇ ਹੱਕਾਂ ਦੀ ਰਾਖੀ





ਕਰਨ ਲਈ ਆਪਣੇ ਭਾਸ਼ਣ ਰਾਹੀਂ ਗੁਜ਼ਾਰਿਸ਼ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਦੱਸਣਾ ਹੈ ਕਿ ਸਾਡਾ ਹਿੱਸਾ ਕੁਦਰਤੀ ਸਰੋਤਾਂ ਵਿਚੋਂ ਛੱਡ ਦੇਵੋ। ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਉਸ ਨੂੰ ਸੰਯੁਕਤ ਰਾਸ਼ਟਰ ਸੰਘ ਦੇ ਜਨਰਲ ਸਕੱਤਰ ਐਨਟੋਨਿਓ ਗੁਤਰਸ ਨੇ ਗਰੇਟਾ ਥੁਨਬਰਗ ਨੂੰ ਖਾਸ ਬੁਲਾਰੇ ਦੇ ਤੌਰ 'ਤੇ ਸੱਦਿਆ ਹੈ।

ਧਰਤੀ 'ਤੇ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਣ ਲਈ 2015 ਵਿਚ ਹੋਈ ਪੈਰਿਸ ਮੌਸਮੀ ਸੰਧੀ ਸਾਲ 2020 ਤੋਂ ਦੁਨੀਆਂ ਦੇ ਸਾਰੇ ਦੇਸ਼ਾਂ ਨੇ ਕਾਰਬਨ ਨਿਕਾਸੀ ਵਿਚ ਕਟੌਤੀ ਕਰਨ ਲਈ ਲਾਗੂ ਕਰਨੀ ਹੈ। ਇਸ ਲਈ ਇਸ ਨਾਲ ਸਬੰਧਿਤ ਸਭ ਤਰ੍ਹਾਂ ਦੀਆਂ ਵਿਉਂਤਬੰਦੀਆਂ ਨੂੰ ਇਸੇ ਸਾਲ ਹੀ ਅੰਤਿਮ ਰੂਪ ਰੇਖਾ ਦੇਣੀ ਹੈ। ਨਿਊ ਯਾਰਕ ਵਿਚ 23 ਸਤੰਬਰ ਦੀ ਕਾਨਫਰੰਸ ਪਿਛੋਂ ਦਸੰਬਰ ਵਿਚ ਚਿੱਲੀ 'ਚ ਵੀ ਇਸ ਬਾਰੇ ਕਾਨਫਰੰਸ ਹੋਣੀ ਹੈ, ਜਿਸ ਵਿਚ ਬਾਕੀ ਰਹਿੰਦੇ ਵਿਸ਼ਿਆਂ 'ਤੇ ਦੁਨੀਆਂ ਦੇ ਵੱਡੇ ਨੇਤਾ ਗੱਲਬਾਤ ਕਰਨਗੇ।

ਇਨ੍ਹਾਂ ਕਾਨਫਰੰਸਾਂ ਵਿਚ ਸੰਜੀਦਗੀ ਨਾਲ ਸ਼ਿਰਕਤ ਕਰਨ ਲਈ ਗਰੇਟਾ ਨੇ ਵੀ ਆਪਣੀ ਪੜ੍ਹਾਈ ਅੱਗੇ ਪਾ ਕੇ ਸਕੂਲ ਤੋਂ ਇਕ ਸਾਲ ਦੀ ਛੁੱਟੀ ਲੈ ਲਈ ਹੈ। ਇਸ ਤੋਂ ਬਾਅਦ ਉਹ ਚਿੱਲੀ ਵਿਚ ਦਸੰਬਰ ਮਹੀਨੇ ਹੋਣ ਵਾਲੀ ਕਾਨਫਰੰਸ ਵਿਚ ਹਿੱਸਾ ਲੈਣ ਦੇ ਨਾਲ ਨਾਲ ਦੁਨੀਆਂ ਦੇ ਹੋਰ ਵੱਖ ਵੱਖ ਦੇਸ਼ਾਂ ਵਿਚ ਜਾ ਕੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰੇਗੀ। ਅਮਰੀਕਾ ਵਿਚ ਉਹ 28 ਅਗਸਤ ਨੂੰ ਪਹੁੰਚੀ ਸੀ ਅਤੇ ਉਦੋਂ ਤੋਂ ਹੀ ਵੱਖ ਵੱਖ ਸਕੂਲੀ ਬੱਚਿਆਂ, ਨੇਤਾਵਾਂ, ਵਾਤਾਵਰਣ ਮੁੱਦਿਆਂ ਨਾਲ ਜੁੜੀਆਂ ਸੰਸਥਾਵਾਂ ਆਦਿ ਨਾਲ ਵਿਚਾਰ-ਵਟਾਂਦਰਾ ਕਰ ਰਹੀ ਹੈ।

27 ਸਤੰਬਰ ਨੂੰ ਫਿਰ ਇਸ ਸਬੰਧੀ ਇਕ ਹੋਰ ਵੱਡੇ ਰੋਸ ਮਾਰਚ ਦੀ ਵਿਉਂਤਬੰਦੀ ਹੈ ਕਿਉਂਕਿ ਉਸ ਦਿਨ ਰੈਸ਼ਲ ਕਾਰਸਨ ਦੀ 'ਸਾਈਲੈਂਟ ਸਪਰਿੰਗ' ਦੀ ਕਿਤਾਬ ਦੀ 57ਵੀਂ ਵਰ੍ਹੇਗੰਢ ਹੈ। ਇਸ ਕਿਤਾਬ ਵਿਚ ਲੇਖਿਕਾ ਨੇ ਡੀ.ਡੀ.ਟੀ. ਦੇ ਹਰ ਤਰ੍ਹਾਂ ਦੇ ਜੀਵ-ਜੰਤੂਆਂ ਅਤੇ ਮਨੁੱਖਾਂ ਉਤੇ ਪੈਂਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਪੂਰਵਕ ਵਿਸ਼ਲੇਸ਼ਣ ਕੀਤਾ ਸੀ। ਇਹ ਲੇਖਿਕਾ ਭਾਵੇਂ ਅਮਰੀਕੀ ਨਾਗਰਿਕ ਸੀ, ਪਰ ਉਸ ਦੀ ਇਸ ਖੋਜ ਦਾ ਉਦੋਂ ਕਾਫੀ ਵਿਰੋਧ ਕੀਤਾ ਗਿਆ ਸੀ ਅਤੇ ਪਿਛੋਂ ਉਸ ਦੇ ਖੋਜ ਨਤੀਜਿਆਂ ਦੇ ਪ੍ਰਤੱਖ ਸਬੂਤ ਦੇਖਦਿਆਂ ਅਮਰੀਕਾ ਵਿਚ ਡੀ. ਡੀ. ਟੀ. ਦੀ ਵਰਤੋਂ 'ਤੇ ਪਾਬੰਦੀ ਲਾ ਦਿੱਤੀ ਗਈ ਸੀ।

ਵਿਚਾਰਨਯੋਗ ਗੱਲ ਇਹ ਹੈ ਕਿ ਧਰਤੀ ਉਤੇ ਮੌਸਮ ਵਿਚ ਆ ਰਹੀਆਂ ਅਣਕਿਆਸੀਆਂ ਤਬਦੀਲੀਆਂ ਨਾਲ ਕੁਦਰਤੀ ਆਫਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਿਸ ਦਾ ਅਸਰ ਦੁਨੀਆਂ ਦੇ ਸਾਰੇ ਦੇਸ਼ਾਂ ਉਤੇ ਪੈ ਰਿਹਾ ਹੈ। 2019 ਦੇ ਸ਼ੁਰੂ ਵਿਚ ਆਰਕਟਿਕ ਧਰੁਵ ਉਤਲੀ ਬਰਫ ਪਿਘਲਣ ਕਾਰਨ ਬਹੁਤ ਠੰਡ ਪਈ ਅਤੇ ਬਾਅਦ ਵਿਚ ਅਮਰੀਕਾ ਸਮੇਤ ਯੂਰਪ ਤੋਂ ਲੈ ਕੇ ਜਾਪਾਨ ਤੱਕ ਦੇਸ਼ਾਂ ਨੇ ਭਿਆਨਕ ਗਰਮੀ ਦੀ ਮਾਰ ਸਹੀ ਹੈ। ਅਮਰੀਕਾ ਅਤੇ ਜਾਪਾਨ ਵਰਗੇ ਵਿਕਸਿਤ ਦੇਸ਼, ਜੋ ਸਮਝਦੇ ਸਨ ਕਿ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫਤਾਂ ਦੀ ਮਾਰ ਵਿਕਾਸਸ਼ੀਲ ਅਤੇ ਘੱਟ ਵਿਕਸਿਤ ਦੇਸ਼ਾਂ ਉਤੇ ਹੀ ਪਵੇਗੀ ਅਤੇ ਵਿਕਸਿਤ ਦੇਸ਼ ਉਨ੍ਹਾਂ ਦੀ ਮਾਰ ਤੋਂ ਬਚ ਜਾਣਗੇ ਕਿਉਂਕਿ ਉਹ ਕੁਦਰਤੀ ਆਫਤਾਂ ਨਾਲ ਸਿਝਣ ਦੇ ਸਮਰੱਥ ਹਨ, ਪਰ ਅਮਰੀਕਾ ਪਿਛਲੇ ਸਾਲਾਂ ਵਿਚ ਮਾਰੀਆ, ਹਾਰਵੇ, ਇਰਮਾ, ਫਲੋਰੈਂਸ ਅਤੇ ਮਾਈਕਲ ਵਰਗੇ ਭਿਆਨਕ ਚੱਕਰਵਾਤੀ ਤੂਫਾਨਾਂ ਅਤੇ ਉਨ੍ਹਾਂ ਨਾਲ ਹੋਈ ਬਰਬਾਦੀ ਅਤੇ ਜਾਪਾਨ ਵਿਚ 2011 ਵਿਚ ਆਈ ਸੁਨਾਮੀ ਅਤੇ ਹਰ ਸਾਲ ਪੈਂਦੀ ਭਾਰੀ ਗਰਮੀ ਨੇ ਵਿਕਸਿਤ ਦੇਸ਼ਾਂ ਦਾ ਇਹ ਭੁਲੇਖਾ ਵੀ ਦੂਰ ਕਰ ਦਿੱਤਾ ਹੈ। ਇਸ ਤੋਂ ਇਲਾਵਾ ਆਈ. ਪੀ. ਸੀ. ਸੀ. ਅਤੇ ਹੋਰ ਸੰਸਥਾਵਾਂ ਦੀਆਂ ਉਪਰੋਥਲੀ ਰਿਪੋਰਟਾਂ ਵਿਗਿਆਨਕ ਤੱਥਾਂ ਦੇ ਆਧਾਰ 'ਤੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਸਭ ਸਿਆਸੀ ਨੇਤਾਵਾਂ ਨੂੰ ਵਾਰ ਵਾਰ ਸੁਨੇਹਾ ਦੇ ਰਹੀਆਂ ਹਨ ਕਿ ਧਰਤੀ ਉਤੇ ਵਧ ਰਹੇ ਤਾਪਮਾਨ ਨੂੰ ਕਾਬੂ ਕਰਨ ਲਈ ਤੇਜ਼ੀ ਨਾਲ ਉਪਰਾਲੇ ਕੀਤੇ ਜਾਣ।

ਹੁਣ ਤਾਂ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਵੀ ਜਾਣ ਲੈਣਾ ਚਾਹੀਦਾ ਹੈ ਕਿ ਮੌਸਮੀ ਤਬਦੀਲੀਆਂ ਕੋਈ ਚੀਨ ਦਾ ਛੱਡਿਆ ਹੋਇਆ ਸ਼ੋਸ਼ਾ ਨਹੀਂ। ਇਹ ਅਸਲ ਵਿਚ ਸਾਨੂੰ ਆਪਣੀ ਗ੍ਰਿਫਤ ਵਿਚ ਤੇਜ਼ੀ ਨਾਲ ਲੈ ਰਹੀ ਅਤੇ ਹੁਣ ਸਾਡੇ ਕੋਲ ਇੰਨਾ ਵਕਤ ਨਹੀਂ ਬਚਿਆ ਕਿ ਤਾਪਮਾਨ ਦੇ ਵਾਧੇ ਨੂੰ ਕਾਬੂ ਵਿਚ ਲਿਆਉਣ ਲਈ ਕਿਸੇ ਵੀ ਸੰਧੀ ਨੂੰ ਲਾਗੂ ਕਰਨ ਲਈ ਸਾਲਾਂਬੱਧੀ ਇੰਤਜ਼ਾਰ ਕੀਤਾ ਜਾਵੇ। ਜੇ ਅਸੀਂ ਆਪਣੇ ਬੱਚਿਆਂ ਦੀ ਨਜ਼ਰ ਵਿਚ ਜ਼ਿੰਮੇਵਾਰ ਮਾਪੇ ਅਤੇ ਨੇਤਾ ਬਣੇ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਬਿਨਾ ਦੇਰੀ ਧਰਤੀ ਦੇ ਵਾਤਾਵਰਣ ਨੂੰ ਠੀਕ ਰੱਖਣ ਲਈ ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਤੇਜ਼ੀ ਨਾਲ ਉਪਰਾਲੇ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਆਪਣੀਆਂ ਅਜਿਹੀਆਂ ਸਭ ਗਤੀਵਿਧੀਆਂ 'ਤੇ ਰੋਕ ਲਾ ਲੈਣੀ ਚਾਹੀਦੀ ਹੈ, ਜਿਨ੍ਹਾਂ ਨਾਲ ਹਵਾ, ਪਾਣੀ, ਜ਼ਮੀਨ, ਜੰਗਲਾਂ ਆਦਿ ਵਰਗੇ ਬਹੁਮੁੱਲੇ ਕੁਦਰਤੀ ਸਰੋਤ ਪਲੀਤ ਹੋ ਰਹੇ ਅਤੇ ਸਭ ਤਰ੍ਹਾਂ ਦੇ ਜੈਵਿਕਾਂ ਦੀ ਜ਼ਿੰਦਗੀ ਨੂੰ ਨੁਕਸਾਨ ਪਹੁੰਚਾ ਰਹੇ ਹਨ। ਜੇ ਅਸੀਂ ਹੁਣ ਵਾਲੇ ਰਾਹ ਉਤੇ ਚੱਲਦੇ ਰਹੇ ਤਾਂ ਸਾਡਾ, ਖਾਸ ਕਰਕੇ ਸਾਡੇ ਬੱਚਿਆਂ ਦਾ ਭਵਿੱਖ ਬਹੁਤ ਹੀ ਧੁੰਦਲਾ ਹੋ ਸਕਦਾ ਹੈ। ਨਤੀਜੇ ਵਜੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮੁਆਫ ਨਹੀਂ ਕਰਨਗੀਆਂ।

---

*ਪ੍ਰੋਫੈਸਰ ਜਿਓਗਰਾਫੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਦੁਨੀਆਂ ਦੀਆਂ ਸਰਬੋਤਮ ਤਾਕਤਵਰ ਸੈਨਾਵਾਂ 'ਚ ਭਾਰਤ ਦਾ ਡੰਕਾ

**ਕਰਾਚੀ:** ਦੁਨੀਆਂ ਦੀਆਂ ਸਰਬੋਤਮ ਤਾਕਤਵਰ ਸੈਨਾਵਾਂ 'ਚ ਭਾਰਤੀ ਸੈਨਾ ਚੌਥੇ ਨੰਬਰ ਉਤੇ ਹੈ, ਜਦੋਂ ਕਿ ਪਾਕਿਸਤਾਨੀ ਸੈਨਾ ਇਸ ਸੂਚੀ ਵਿਚ 15ਵੇਂ ਸਥਾਨ 'ਤੇ ਹੈ। ਪਾਕਿਸਤਾਨੀ ਮੀਡੀਆ 'ਚ ਛਪੀ ਰਿਪੋਰਟ ਅਨੁਸਾਰ ਇਹ ਖੁਲਾਸਾ 'ਗਲੋਬਲ ਫਾਇਰਪਾਵਰਸ 2019' ਦੀ ਸੈਨਾ ਸ਼ਕਤੀ ਨਾਲ ਸਬੰਧਤ ਰਿਪੋਰਟ 'ਚ ਹੋਇਆ ਹੈ।

ਇਸ 'ਚ ਦੱਸਿਆ ਗਿਆ ਹੈ ਕਿ ਵਿਸ਼ਵ ਦੀਆਂ ਸਭ ਤੋਂ ਤਾਕਤਵਰ ਸੈਨਾਵਾਂ 'ਚ ਪਹਿਲੇ ਸਥਾਨ ਉਤੇ ਅਮਰੀਕਾ ਦੀ ਸੈਨਾ ਹੈ, ਦੂਜੇ ਨੰਬਰ 'ਤੇ ਰੂਸ, ਤੀਜੇ 'ਤੇ ਚੀਨ ਅਤੇ ਚੌਥੇ ਸਥਾਨ ਉਤੇ ਭਾਰਤੀ ਸੈਨਾ ਹੈ।

ਇਸ ਸੂਚੀ 'ਚ 137 ਦੇਸ਼ਾਂ ਦੀਆਂ ਸੈਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਦਰਜਾਬੰਦੀ ਹਥਿਆਰਾਂ ਤੇ ਸੈਨਿਕਾਂ ਦੀ ਗਿਣਤੀ ਤੋਂ ਹੀ ਨਹੀਂ ਕੀਤੀ ਗਈ, ਬਲਕਿ ਇਸ ਗੱਲ ਨੂੰ ਵੀ ਜਾਂਚਿਆ ਗਿਆ ਹੈ ਕਿ ਹਥਿਆਰ ਕਿੰਨੇ ਤਰ੍ਹਾਂ ਦੇ ਹਨ ਤੇ ਸੈਨਾ ਦੀ ਕੁੱਲ ਸ਼ਕਤੀ ਕਿੰਨੀ ਹੈ, ਉਸ ਦੇਸ਼ ਦੀ ਵਸੋਂ, ਭੂਗੋਲ ਤੇ ਵਿਕਾਸ ਦੇ ਸੰਦਰਭ 'ਚ ਸੈਨਾ ਸ਼ਕਤੀ ਦਾ ਕੀ ਸਰੂਪ ਹੈ। ਦਰਜਾਬੰਦੀ 'ਚ ਪਰਮਾਣੂ ਹਥਿਆਰ ਸੰਪੰਨ ਦੇਸ਼ਾਂ ਨੂੰ ਬੋਨਸ ਅੰਕ ਦਿੱਤੇ ਗਏ ਹਨ, ਪਰ ਅੰਤਿਮ ਦਰਜਾਬੰਦੀ 'ਚ ਇਨ੍ਹਾਂ ਅੰਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ।

ਵੱਖ-ਵੱਖ ਪੈਮਾਨਿਆਂ ਦੇ ਆਧਾਰ 'ਤੇ ਸਰਬੋਤਮ 25 ਸ਼ਕਤੀਸ਼ਾਲੀ ਸੈਨਾਵਾਂ ਨੂੰ ਸੂਚੀ 'ਚ ਥਾਂ ਦਿੱਤੀ ਗਈ ਹੈ। ਦਰਜਾਬੰਦੀ ਅਨੁਸਾਰ ਭਾਰਤ ਕੋਲ ਕੁੱਲ 3462500 ਸੈਨਿਕ, 2082 ਜਹਾਜ਼, 4184 ਲੜਾਕੂ ਟੈਂਕ, ਇਕ ਜਹਾਜ਼ਵਾਹਕ ਬੇੜਾ ਤੇ ਕੁੱਲ 295 ਜਲ ਸੈਨਾ ਦੀਆਂ ਸੰਪੱਤੀਆਂ ਹਨ। ਭਾਰਤ ਦਾ ਕੁੱਲ ਰੱਖਿਆ ਬਜਟ 55.2 ਅਰਬ ਡਾਲਰ ਦਾ ਹੈ। ਪਾਕਿਸਤਾਨ ਕੋਲ 1204000 ਸੈਨਿਕ, 1342 ਜਹਾਜ਼ ਜਿਨ੍ਹਾਂ 'ਚ 348 ਲੜਾਕੂ ਜਹਾਜ਼ ਸ਼ਾਮਲ ਹਨ, ਤੇ ਰੱਖਿਆ ਬਜਟ 7 ਅਰਬ ਡਾਲਰ ਦਾ ਹੈ।

## ਮੁਨੀਰ ਅਕਰਮ ਹੋਣਗੇ ਯੂ. ਐਨ. 'ਚ ਪਾਕਿ ਦੇ ਸਥਾਈ ਤਰਜਮਾਨ

**ਇਸਲਾਮਾਬਾਦ:** ਪਾਕਿਸਤਾਨ ਨੇ ਵੱਡਾ ਸਫਾਰਤੀ ਫੇਰਬਦਲ ਕਰਦਿਆਂ ਸੰਯੁਕਤ ਰਾਸ਼ਟਰ ਵਿਚ ਆਪਣੀ ਸਥਾਈ ਨੁਮਾਇੰਦਾ ਮਲੀਹਾ ਲੋਧੀ ਨੂੰ ਅਹੁਦੇ ਨੂੰ ਹਟਾਉਂਦਿਆਂ ਉਨ੍ਹਾਂ ਦੀ ਥਾਂ ਮੁਨੀਰ ਅਕਰਮ ਨੂੰ ਨਵਾਂ ਸਫੀਰ ਥਾਪ ਦਿੱਤਾ ਹੈ।

## ਸਾਊਦੀ ਅਰਬ ਭਾਰਤ 'ਚ ਕਰੇਗਾ ਇਕ ਖਰਬ ਡਾਲਰ ਦਾ ਨਿਵੇਸ਼

**ਨਵੀਂ ਦਿੱਲੀ:** ਵਿਸ਼ਵ ਦਾ ਸਭ ਤੋਂ ਵੱਡਾ ਤੇਲ ਬਰਾਮਦਕਾਰ ਸਾਊਦੀ ਅਰਬ, ਭਾਰਤ ਵਿਚ ਪੈਟਰੋਕੈਮੀਕਲਜ਼, ਬੁਨਿਆਦੀ ਢਾਂਚੇ ਤੇ ਖਣਨ ਸਣੇ ਵਿਕਾਸ ਦੀ ਸਮਰੱਥਾ ਵਾਲੇ ਹੋਰ ਖੇਤਰਾਂ 'ਚ ਇਕ ਖਰਬ ਅਮਰੀਕੀ ਡਾਲਰ ਦਾ ਨਿਵੇਸ਼ ਕਰੇਗਾ।

ਸਾਊਦੀ ਅਰਬ ਦੇ ਸਫੀਰ ਡਾ. ਸੌਦ ਬਿਨ ਮੁਹੰਮਦ ਅਲ ਸਤੀ ਨੇ ਕਿਹਾ ਕਿ ਭਾਰਤ ਵਿਚ ਆਕਰਸ਼ਕ ਨਿਵੇਸ਼ ਲਈ ਕਈ ਮੌਕੇ ਹਨ ਤੇ ਉਨ੍ਹਾਂ ਦਾ ਮੁਲਕ ਨਵੀਂ ਦਿੱਲੀ ਨਾਲ ਤੇਲ, ਗੈਸ ਤੇ ਖਣਨ ਸਮੇਤ ਹੋਰ ਅਹਿਮ ਖੇਤਰਾਂ ਵਿਚ ਲੰਮੀ ਭਾਈਵਾਲੀ ਕਰਨ ਦਾ ਚਾਹਵਾਨ ਹੈ। ਅਲ ਸਤੀ ਨੇ ਕਿਹਾ ਕਿ ਸਾਊਦੀ ਅਰਬ ਭਾਰਤ 'ਚ ਊਰਜਾ, ਰਿਫਾਇਨਿੰਗ, ਪੈਟਰੋਕੈਮੀਕਲਜ਼, ਬੁਨਿਆਦੀ ਢਾਂਚੇ, ਖੇਤੀ, ਖਣਿਜ ਤੇ ਖਣਨ ਦੇ ਖੇਤਰ 'ਚ ਸੌ ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਕਰਨ ਦਾ ਚਾਹਵਾਨ ਹੈ। ਸਾਊਦੀ ਅਰਬ ਦੀ ਸਭ ਤੋਂ ਵੱਡੀ ਤੇਲ ਫਰਮ ਅਰਾਮਕੋ ਦੀ ਰਿਲਾਇੰਸ ਇੰਡਸਟਰੀਜ਼ ਲਿਮਟਿਡ ਨਾਲ ਤਜਵੀਜ਼ੀ ਭਾਈਵਾਲੀ ਦੋਹਾਂ ਦੇਸ਼ਾਂ ਦਰਮਿਆਨ ਊਰਜਾ ਦੇ ਖੇਤਰ 'ਚ ਵਧਦੀ ਭਾਈਵਾਲੀ ਨੂੰ ਦਰਸਾਉਂਦੀ ਹੈ। ਭਾਰਤ ਵਿਚ ਤੇਲ ਸਪਲਾਈ, ਮਾਰਕੀਟਿੰਗ, ਪੈਟਰੋਕੈਮੀਕਲਜ਼ ਦੀ ਰਿਫਾਇਨਿੰਗ ਤੇ ਲੁਬਰੀਕੈਂਟ ਜਿਹੇ ਖੇਤਰਾਂ ਵਿਚ ਨਿਵੇਸ਼ ਅਰਾਮਕੋ ਦੀ ਆਲਮੀ ਰਣਨੀਤੀ ਦਾ ਹਿੱਸਾ ਹੈ।

## 'ਵਿਕਰਮ' ਦੀ ਹੋਈ ਸੀ ਹਾਰਡ ਲੈਂਡਿੰਗ

**ਵਾਸ਼ਿੰਗਟਨ:** ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਨੇ ਕਿਹਾ ਹੈ ਕਿ ਵਿਕਰਮ ਲੈਂਡਰ ਦੀ 'ਹਾਰਡ ਲੈਂਡਿੰਗ' ਹੋਈ ਸੀ। ਉਨ੍ਹਾਂ ਆਪਣੇ ਆਰਬਿਟਰ ਤੋਂ ਲਈਆਂ ਜ਼ਿਆਦਾ ਸਪੱਸ਼ਟ ਅਤੇ ਸਾਫ ਤਸਵੀਰਾਂ ਜਾਰੀ ਕੀਤੀਆਂ ਹਨ ਜਿਥੇ ਭਾਰਤ ਨੇ ਤਿੰਨ ਹਫਤੇ ਪਹਿਲਾਂ ਆਪਣੇ 'ਚੰਦਰਯਾਨ-2' ਮਿਸ਼ਨ ਤਹਿਤ ਲੈਂਡਰ ਵਿਕਰਮ ਦੀ 'ਸਾਫਟ ਲੈਂਡਿੰਗ' ਕਰਾਉਣ ਦੀ ਕੋਸ਼ਿਸ਼ ਕੀਤੀ ਸੀ।



ਇਹ ਥਾਂ ਦੱਖਣੀ ਪੋਲ ਤੋਂ ਕਰੀਬ 600 ਕਿਲੋਮੀਟਰ ਦੂਰ ਹੈ। ਨਾਸਾ ਨੇ ਇਨ੍ਹਾਂ ਤਸਵੀਰਾਂ ਦੇ ਆਧਾਰ 'ਤੇ ਦੱਸਿਆ ਕਿ ਵਿਕਰਮ ਦੀ 'ਹਾਰਡ ਲੈਂਡਿੰਗ' ਹੋਈ ਸੀ। ਨਾਸਾ ਦੇ ਲੂਨਰ ਰਿਕੋਨਾਇਸੈਂਸ ਆਰਬਿਟਰ ਕੈਮਰਾ (ਐਲ.ਆਰ.ਓ.ਸੀ.) ਪੁਲਾੜ ਵਾਹਨ ਨੇ 17 ਸਤੰਬਰ ਨੂੰ ਚੰਦ ਦੇ ਦੱਖਣੀ ਧਰੁਵ ਨੇੜਿਓਂ ਨਿਕਲਣ ਸਮੇਂ ਉਸ ਥਾਂ ਦੀਆਂ ਕਈ ਤਸਵੀਰਾਂ ਲਈਆਂ ਜਿੱਥੇ ਵਿਕਰਮ ਨੇ ਸਾਫਟ ਲੈਂਡਿੰਗ ਰਾਹੀਂ ਉਤਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਪਰ ਐਲ.ਆਰ.ਓ.ਸੀ. ਦੀ ਟੀਮ ਲੈਂਡਰ ਦੇ ਸਥਾਨ ਜਾਂ ਉਸ ਦੀਆਂ ਤਸਵੀਰਾਂ ਦਾ ਪਤਾ ਨਹੀਂ ਲਗਾ ਸਕੀਆਂ। ਗੋਡਾਰਡ ਸਪੇਸ ਫਲਾਈਟ ਸੈਂਟਰ ਦੇ ਐਲ.ਆਰ.ਓ. ਮਿਸ਼ਨ ਦੇ ਡਿਪਟੀ ਪ੍ਰਾਜੈਕਟ ਵਿਗਿਆਨੀ ਜੌਹਨ ਕੈਲਰ ਨੇ ਦੱਸਿਆ ਕਿ ਐਲ.ਆਰ.ਓ. 14 ਅਕਤੂਬਰ ਨੂੰ ਮੁੜ ਉਸ ਥਾਂ ਦੇ ਉਪਰੋਂ ਉਡਾਣ ਭਰੇਗਾ ਅਤੇ ਉਸ ਸਮੇਂ ਉਥੇ ਰੌਸ਼ਨੀ ਬਿਹਤਰ ਹੋਵੇਗੀ। ਜ਼ਮੀਨੀ ਕੇਂਦਰ ਨਾਲ ਵਿਕਰਮ ਲੈਂਡਰ ਦਾ ਸੰਪਰਕ ਟੁੱਟਣ ਮਗਰੋਂ ਹੁਣ ਦੁਬਾਰਾ ਉਸ ਨਾਲ ਸੰਪਰਕ ਕਰਨ ਦੀਆਂ ਸੰਭਾਵਨਾਵਾਂ ਖਤਮ ਹੋ ਚੁੱਕੀਆਂ ਹਨ ਕਿਉਂਕਿ ਚੰਦ 'ਤੇ ਰਾਤ ਹੋ ਚੁੱਕੀ ਹੈ।

# ਸੁਹਿਰਦ, ਸਹਿਰਦ ਤੇ ਸਿਆਸੀ ਛੁਣਛੁਣਾ

ਮੈਂ ਰਾਜਨੀਤੀ ਸ਼ਾਸਤਰ ਦਾ ਵਿਦਿਆਰਥੀ ਨਹੀਂ ਹਾਂ ਤੇ ਨਾ ਹੀ ਇਤਿਹਾਸ ਦਾ। ਸਾਹਿਤ ਦਾ ਵਿਦਿਆਰਥੀ ਹੋਣ ਸਦਕਾ ਮਾੜਾ ਮੋਟਾ ਸਾਹਿਤ ਪੜ੍ਹ ਲੈਂਦਾ ਹਾਂ ਤੇ ਉਸ ਤੋਂ ਵੀ ਘੱਟ ਸਮਝ ਲੈਂਦਾ ਹਾਂ। ਮੈਂ ਮੰਨਦਾਂ, ਸਾਹਿਤ ਸਾਨੂੰ ਸੁਹਿਰਦ ਅਤੇ ਸਹਿਰਦ ਹੋਣ ਲਈ ਪ੍ਰੇਰਿਤ ਕਰਦਾ ਹੈ; ਪਰ ਸਿਆਸਤ ਸਾਨੂੰ ਸੁਹਿਰਦਤਾ ਅਤੇ ਸਹਿਰਦਤਾ ਤੋਂ ਕੋਹ ਕੋਹ ਕੇ ਕੋਹਾਂ ਦੂਰ ਲੈ ਜਾਂਦੀ ਹੈ।

ਜਿਹੜਾ ਵੀ ਕੋਈ ਦੂਸਰੇ ਦੇ ਦੁੱਖ ਅਤੇ ਸੁੱਖ ਨੂੰ ਇਮਾਨਦਾਰੀ ਨਾਲ ਆਪਣਾ ਨਹੀਂ ਸਮਝਦਾ, ਉਹ ਸਾਹਿਤ ਦਾ ਵਿਦਿਆਰਥੀ ਨਹੀਂ ਹੋ ਸਕਦਾ। ਅਜਿਹੇ ਲੋਕ ਸਿਆਸਤ ਦੇ ਖੇਤਰ ਵਿਚ ਘਾਗ ਸਮਝੇ ਜਾਂਦੇ ਹਨ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਸਾਹਿਤ ਦਾ ਵਿਦਿਆਰਥੀ ਤਾਂ ਕਦੇ ਸੁੱਖ ਦੀ ਨੀਂਦ ਸੌਂ ਹੀ ਨਹੀਂ ਸਕਦਾ। ਉਸ ਨੂੰ ਤਾਂ ਨਾ ਦਿਨੇ ਚੈਨ ਤੇ ਨਾ ਰਾਤ ਅਰਾਮ ਮਿਲਦਾ ਹੈ, 'ਨੇਹੁ ਵਾਲੇ ਨੈਣਾਂ ਕੀ ਨੀਂਦਰ, ਦਿਨੇ ਰਾਤ ਪਏ ਵਹਿੰਦੇ।'

ਸਾਹਿਤ ਦੀ ਮੱਸ ਰੱਖਣ ਵਾਲੇ ਲਈ ਕੋਈ ਵੀ ਓਪਰਾ ਨਹੀਂ ਹੁੰਦਾ, ਉਹ ਸਭ ਦਾ ਆਪਣਾ ਹੁੰਦਾ ਹੈ। ਉਸ ਨੂੰ ਹਰ ਕਿਸੇ ਤੋਂ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ ਵਾਂਗ ਇਹੀ ਉਮੀਦ ਹੁੰਦੀ ਹੈ ਕਿ 'ਆਪਣੇ ਦੁੱਖ ਮੈਨੂੰ ਦੇ ਦਿਉ।'

ਉਸ ਦਾ ਮਕਸਦ ਇਹੀ ਹੁੰਦਾ ਹੈ, "ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ।"

ਬਚਪਨ ਤੋਂ ਆਪਾਂ ਦੇਖਦੇ ਆ ਰਹੇ ਹਾਂ ਕਿ ਸਿਆਲ ਚੜ੍ਹਦੇ ਹੀ ਕਸ਼ਮੀਰੀ ਲੋਕ ਮਣ ਮਣ ਭਾਰੀਆਂ ਗਠੜੀਆਂ ਮੌਰਾਂ 'ਤੇ ਚੁੱਕੀ ਆਉਂਦੇ ਹਨ। ਨਾਲ ਨੌਂਵੀਂ ਦਸਵੀਂ 'ਚ ਪੜ੍ਹਦੇ ਆਪਣੇ ਮੁੰਡੇ ਵੀ ਲੈ ਆਉਂਦੇ ਹਨ ਕਿ ਉਹ ਵੀ ਚਾਰ ਪੈਸੇ ਕਮਾ ਲੈਣ।

ਉਹ ਲੋਕ ਮੋਢਿਆਂ 'ਤੇ ਕੁਹਾੜੀਆਂ ਚੁੱਕੀ, ਰੁੱਖ ਵੱਢਣ ਜਾਂ ਲੱਕੜਾਂ ਪਾੜਨ ਲਈ ਵੀ ਦਰ ਦਰ ਜਾ ਕੇ ਮਿੰਨਤਾਂ ਤਰਲੇ ਕਰਦੇ ਹਨ। ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਨੇ ਆਨੇ ਬਹਾਨੇ ਖਾਣ-ਪੀਣ ਜਾਂ ਪੈਸੇ-ਧੇਲੇ ਲਈ ਵੀ ਹੱਥ ਅੱਡਣੇ ਸ਼ੁਰੂ ਕਰ ਦਿੱਤੇ ਹਨ। ਅਸੀਂ ਉਨ੍ਹਾਂ ਨੂੰ ਰਾਸ਼ੇ ਸੱਦਦੇ ਹਾਂ। ਸੇਖੋਂ ਨੇ ਵੀ ਆਪਣੀ 'ਪੇਮੀ ਦੇ ਨਿਆਣੇ' ਕਹਾਣੀ ਵਿਚ ਰਾਸ਼ਿਆਂ ਦਾ ਜ਼ਿਕਰ ਕੀਤਾ ਹੈ।

ਕਸ਼ਮੀਰੀਆਂ ਕੋਲ ਧਾਰਾ 370 ਅਨੁਸਾਰ ਸਵੈਨਿਰਣੇ ਦਾ ਹੱਕ ਸੀ ਤੇ ਉਨ੍ਹਾਂ ਦੀ ਸਵੈਰੱਖਿਆ ਵੀ ਇਸੇ ਧਾਰਾ 'ਚ ਸੁਰੱਖਿਅਤ ਸੀ। ਲੰਮੇ ਅਰਸੇ ਤੋਂ ਚਲੇ ਆਉਂਦੇ ਇਹ ਸਾਰੇ ਹੱਕ ਹਕੂਕ ਕਸ਼ਮੀਰੀ ਲੋਕਾਂ ਲਈ ਰਤੀ ਭਰ ਮਾਤਰ ਵੀ ਮਦਦਗਾਰ ਸਾਬਤ ਨਹੀਂ ਹੋਏ। ਮੈਨੂੰ ਸਿਆਸਤ ਦੀ ਉਕਾ ਸਮਝ ਨਹੀਂ ਹੈ। ਰਾਸ਼ਿਆਂ ਨੂੰ ਮੰਗਦਿਆਂ ਦੇਖ ਕੇ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਹੱਥ 370 ਰੁਪਏ ਦਾ ਛੁਣਛੁਣਾ ਦੇ ਕੇ, ਬਾਕੀ ਸਭ ਕੁਝ ਖੋਹ ਲਿਆ ਗਿਆ ਸੀ, ਜੋ ਹੁਣ ਤੱਕ ਕਈਆਂ ਦੀ ਅੱਖ 'ਚ ਰੜਕਦਾ ਆ ਰਿਹਾ ਸੀ। ਹੁਣ ਉਹ ਛੁਣਛੁਣਾ ਵੀ ਖੋਹ ਲਿਆ ਗਿਆ ਹੈ ਤੇ ਉਨ੍ਹਾਂ ਨੂੰ ਘਰਾਂ ਵਿਚ ਬੁਰੀ ਤਰ੍ਹਾਂ ਤਾੜ ਦਿੱਤਾ ਗਿਆ ਹੈ। ਕੁਝ ਲੋਕ ਦੁਖੀ ਹਨ ਕਿ ਪਤਾ ਨਹੀਂ ਰਾਸ਼ਿਆਂ ਤੋਂ ਕੀ ਖੋਹ ਲਿਆ ਗਿਆ ਹੈ ਤੇ ਬਹੁਤ ਸਾਰੇ ਲੋਕ ਖੁਸ਼ ਹਨ ਕਿ ਰਾਸ਼ਿਆਂ ਕੋਲੋਂ ਛੁਣਛੁਣਾ ਵੀ ਖੋਹ ਲਿਆ ਗਿਆ ਹੈ। ਖੁਸ਼ ਅਤੇ ਦੁਖੀ ਹੋਣ ਦੇ ਹਰ ਕਿਸੇ ਦੇ ਆਪੋ ਆਪਣੇ ਸਬੱਬ ਅਤੇ ਸੰਦਰਭ ਹਨ।

ਮੈਨੂੰ ਨਹੀਂ ਲੱਗਦਾ ਕਿ ਇਸ ਛੁਣਛੁਣੇ ਦਾ ਰਾਸ਼ਿਆਂ ਨੂੰ ਕੋਈ ਲਾਭ ਵੀ ਸੀ। ਦੋ ਚਾਰ ਟੱਬਰ ਕਸ਼ਮੀਰੀ ਸੁਰਗ ਦਾ ਅਨੰਦ ਲੈਂਦੇ ਸਨ ਤੇ ਬਾਕੀ ਵਿਚਾਰੇ ਲੱਕੜਾਂ ਪਾੜਨ ਜੋਗੇ ਜਾਂ ਮੌਰਾਂ 'ਤੇ ਮਣ ਮਣ ਦੀਆਂ ਗਠੜੀਆਂ ਢੋਣ ਜੋਗੇ ਰਹਿ ਜਾਂਦੇ ਸਨ।

ਪੰਜਾਬ ਵਿਚ ਸਾਨੂੰ ਲੱਗਦਾ ਹੈ ਜਿਵੇਂ ਅਸੀਂ ਆਪਣਾ ਮੁੱਖ ਮੰਤਰੀ ਆਪ ਚੁਣਦੇ ਹੋਈਏ ਤੇ ਹਮੇਸ਼ਾ ਮਾਣ ਮਹਿਸੂਸ ਕਰਦੇ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਸਿਰ 'ਤੇ ਪੱਗ ਹੁੰਦੀ ਹੈ ਤੇ ਦਾਹੜਾ ਬੰਨ੍ਹਿਆਂ ਜਾਂ ਪ੍ਰਕਾਸ਼ ਹੁੰਦਾ ਹੈ।

ਮੈਂ ਅਕਸਰ ਸੋਚਦਾਂ, ਸਾਨੂੰ ਸਿਰਫ ਇਸੇ ਗੱਲ 'ਤੇ ਫੁੱਲੇ ਰਹਿਣਾ ਚਾਹੀਦਾ ਹੈ ਕਿ ਸਾਡਾ ਮੁੱਖ ਮੰਤਰੀ ਪੱਗ ਬੰਨ੍ਹਦਾ ਹੈ ਤੇ ਦਾਹੜੀ ਰੱਖਦਾ ਹੈ! ਅਹਿਮ ਸਵਾਲ ਹੈ, ਕੀ ਸਾਡੇ ਕਲਿਆਣ ਅਤੇ ਮੁਕਤੀ ਲਈ ਏਨਾ ਹੀ ਕਾਫੀ ਹੈ ਕਿ ਸਾਡੇ ਮੁੱਖ ਮੰਤਰੀ ਦੇ ਨਾਂ ਪਿੱਛੇ ਸਿੰਘ ਲੱਗਦਾ ਹੈ! ਕੀ ਸਾਨੂੰ ਇਸੇ ਗੱਲੋਂ ਖੁਸ਼ ਰਹਿਣਾ ਚਾਹੀਦਾ ਹੈ ਕਿ ਕੋਈ ਕੇਸ-ਕਤਰਾ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ 'ਤੇ ਅੱਖ ਵੀ ਨਹੀਂ ਰੱਖ ਸਕਦਾ!

ਸਾਡੇ ਵੀ ਕੁਝ ਲੋਕ ਕਸ਼ਮੀਰੀ ਛੁਣਛੁਣੇ ਦੀ ਲਾਲਸਾ ਰੱਖੀ ਬੈਠੇ ਹਨ ਤਾਂ ਜੋ ਦੋ-ਚਾਰ ਟੱਬਰ ਪੰਜਾਬ ਦੇ ਸੁਰਗ ਨੂੰ ਆਪਣੇ ਪੈਰਾਂ ਹੇਠ ਦਰੜ ਸਕਣ ਤੇ ਅਸੀਂ ਛੁਣਛੁਣਾ ਖੜਕਾਉਣ ਜੋਗੇ ਰਹਿ ਜਾਈਏ। ਵੈਸੇ ਪੰਜਾਬ ਕੋਲ ਹੁਣ ਬਾਬਿਆਂ ਦੀਆਂ ਢੋਲਕੀਆਂ ਤੇ ਚਿਮਟੇ ਛੈਣਿਆਂ ਤੋਂ ਬਿਨਾ ਬਚਿਆ ਹੀ ਕੀ ਹੈ?

ਕਿਸੇ ਵੇਲੇ ਜਲਸਿਆਂ ਤੋਂ ਸਰਕਾਰਾਂ ਘਬਰਾ ਜਾਂਦੀਆਂ ਸਨ। ਇਸੇ ਲਈ ਸਿਆਸੀ ਲੋਕਾਂ ਨੇ ਜਲਸਿਆਂ ਦਾ ਜਲੂਸ ਕੱਢ ਦਿੱਤਾ ਤੇ ਉਨ੍ਹਾਂ ਦਾ ਨਾਂ ਨਗਰ-ਕੀਰਤਨ ਤੇ ਸ਼ੋਭਾ ਯਾਤਰਾ ਰੱਖ ਦਿੱਤਾ। ਹੁਣ ਇਨ੍ਹਾਂ ਤੋਂ ਸਰਕਾਰਾਂ ਨਹੀਂ ਘਬਰਾਉਂਦੀਆਂ ਸਗੋਂ ਉਹ ਹੁਣ ਖੁਦ ਇਨ੍ਹਾਂ ਦਾ ਪ੍ਰਬੰਧ ਕਰਦੀਆਂ ਹਨ ਤੇ ਹੁੰਮ-ਹੁਮਾ ਕੇ 'ਚ ਸ਼ਾਮਲ ਹੁੰਦੀਆਂ ਹਨ।

ਸਰਕਾਰੀ ਲੁੱਟ ਤੋਂ ਲੋਕਾਂ ਦਾ ਧਿਆਨ ਪਰੇ ਹਟਾਉਣ ਲਈ ਚੱਤੇ ਪਹਿਰ ਚਿੱਟੇ ਲੱਠੇ 'ਚ ਲਿਪਟੇ ਰਹਿਣ ਵਾਲੇ ਬਾਬੇ ਕਾਫੀ ਅਹਿਮ ਰੋਲ ਅਦਾ ਕਰਦੇ ਹਨ। ਬਾਬਿਆਂ ਦਾ ਚਿੱਟਾ ਲੱਠਾ ਜਨਤਾ ਲਈ ਕੋਰਾ ਕਫਨ ਸਾਬਤ ਹੁੰਦਾ ਹੈ।

ਜਿਵੇਂ ਜੰਗਲ ਵਿਚ ਸ਼ਿਕਾਰ ਦਾ ਵੱਡਾ ਹਿੱਸਾ ਸ਼ੇਰ ਖਾ ਜਾਂਦਾ ਹੈ ਤੇ ਲੱਕੜ ਬੱਗੇ ਹੱਡੀਆਂ ਚਰੂੰਢ ਜਾਂਦੇ ਹਨ ਤੇ ਬਾਕੀ ਸਭ ਕੰਗਾਲ ਰਹਿ ਜਾਂਦਾ ਹੈ। ਤਿਵੇਂ ਜਨਤਾ ਦੇ ਸੁੱਖ ਅਰਾਮ ਦਾ ਚੋਖਾ ਹਿੱਸਾ ਸਰਕਾਰ ਛਕ ਜਾਂਦੀ ਹੈ ਤੇ ਕੁਝ ਬਾਬੇ ਚਰੂੰਢ ਲੈਂਦੇ ਹਨ; ਬਾਕੀ ਬਚੇ ਪਿੰਜਰ ਨੂੰ ਕੋਈ ਕੀ ਕਰੇ!

ਚੰਡੀਗੜ੍ਹ ਪੰਜਾਬੀਆਂ ਲਈ ਸੁਪਨਪੁਰੀ ਦੇ ਸਮਾਨ ਹੈ। ਹਰ ਕਿਸੇ ਦਾ ਉਥੇ ਰਹਿਣ ਨੂੰ ਜੀ ਕਰਦਾ ਹੈ। ਚੰਡੀਗੜ੍ਹ ਯੂਨੀਅਨ ਟੈਰੇਟਰੀ (ਯੂ. ਟੀ.) ਹੈ, ਇਸ ਦਾ ਕਿਸੇ ਨੂੰ ਵੀ ਇਤਰਾਜ਼ ਨਹੀਂ ਹੈ। ਲੋਕਾਂ ਦੇ ਮਨਾਂ ਵਿਚ ਡਰ ਹੈ ਕਿ ਜੇ ਇਹ ਪੰਜਾਬ ਨੂੰ ਦੇ ਦਿੱਤਾ ਤਾਂ ਸ਼ਾਇਦ ਇਹ ਪੰਜਾਬ ਦਾ ਦੂਜਾ ਲੁਧਿਆਣਾ ਬਣ ਜਾਵੇਗਾ।

ਪੰਜਾਬ ਦੇ ਆਮ ਲੋਕ ਚੰਡੀਗੜ੍ਹੋਂ ਆਉਂਦੇ ਹੋਏ ਸ਼ਰਾਬ ਦੀ ਬੋਤਲ ਖਰੀਦ ਲਿਆਉਂਦੇ ਹਨ ਤੇ ਗੱਡੀਆਂ ਵਾਲੇ ਤੇਲ ਦੀ ਟੈਂਕੀ ਫੁੱਲ ਕਰਵਾ ਲਿਆਉਂਦੇ ਹਨ। ਉਥੇ ਪੰਜਾਬ ਨਾਲੋਂ ਸ਼ਰਾਬ ਵੀ ਸਸਤੀ ਹੈ ਤੇ ਡੀਜ਼ਲ ਪੈਟਰੌਲ ਵੀ ਸਸਤਾ ਹੈ। ਚੰਡੀਗੜ੍ਹ ਦਾ ਰਹਿਣਾ ਸੁਰਗ ਦਾ ਵਾਸਾ ਹੈ, ਕਿਉਂਕਿ ਉਹ ਯੂ. ਟੀ. ਹੈ। ਚੰਡੀਗੜ੍ਹੀਆਂ ਨੂੰ ਕਦੇ ਨਹੀਂ ਲੱਗਦਾ ਕਿ ਉਨ੍ਹਾਂ ਕੋਲ ਸਵੈਨਿਰਣੇ ਦਾ ਹੱਕ ਨਹੀਂ ਹੈ; ਸਗੋਂ ਚੰਡੀਗੜ੍ਹੀਏ ਵਿਸ਼ੇਸ਼ ਕਿਸਮ ਦੇ ਗੌਰਵ ਦੇ ਅਹਿਸਾਸ 'ਚ ਰਹਿੰਦੇ ਹਨ। ਉਨ੍ਹਾਂ ਦੇ ਨਜ਼ਦੀਕ ਹੋਇਆਂ ਹੀ ਪਤਾ ਲੱਗਦਾ ਹੈ ਕਿ ਉਹ ਵੀ ਬਾਕੀਆਂ ਵਾਂਗ ਈਰਖਾ ਅਤੇ ਸਾੜੇ ਦੇ ਦਗਦੇ ਕੋਲਿਆਂ ਵਿਚ ਉਸੇ ਤਰ੍ਹਾਂ ਭੁੱਜਦੇ ਰਹਿੰਦੇ ਹਨ, ਜਿਸ ਤਰ੍ਹਾਂ ਸਵੈਨਿਰਣੇ ਵਾਲੇ ਅਸੀਂ ਸਾਰੇ।

ਉਂਜ ਦੇਖਿਆ ਜਾਵੇ ਤਾਂ ਪੂਰੇ ਹਿੰਦੁਸਤਾਨ ਵਿਚ ਹੀ ਕਿਸੇ ਨੂੰ ਸਵੈਨਿਰਣੇ ਦਾ ਹੱਕ ਹਾਸਲ ਨਹੀਂ ਹੈ। ਤਕੜੇ ਦਾ ਸੱਤੀਂ ਵੀਹੀ ਸੌ ਹੁੰਦਾ ਹੈ। ਇਸ ਲਈ ਧਨਾਢ ਲੋਕ ਗਰੀਬ ਲੋਕਾਂ ਦਾ ਹੱਕ ਮਾਰ ਕੇ ਅੱਗੇ ਆਉਂਦੇ ਹਨ ਤੇ ਉਨ੍ਹਾਂ ਨੂੰ ਪਿੱਛੇ ਧੱਕ ਦਿੰਦੇ ਹਨ। ਸਿਆਸਤ ਬਾਰੇ ਬਹੁਤੇ ਫਿਕਰਮੰਦ ਹੋਣ ਨਾਲੋਂ ਸਾਡੇ ਲਈ ਸਾਹਿਤਕ ਸੋਚ ਅਤੇ ਸੱਚ ਦਾ ਖਿਆਲ ਰੱਖਣਾ ਵੱਧ ਸੁਖਾਵਾਂ ਹੋ ਸਕਦਾ ਹੈ।

ਆਉ! ਸਾਹਿਤ ਪੜ੍ਹੀਏ, ਸੁਹਿਰਦ ਅਤੇ ਸਹਿਰਦ ਹੋਈਏ ਤੇ ਸਿਆਸੀ ਦਲਦਲ 'ਚੋਂ ਬਾਹਰ ਆ ਕੇ ਕੁਝ ਨਿਵੇਕਲਾ ਸੋਚੀਏ ਕਿ ਸਾਡੀ ਅਸਲ ਵਿਚ ਕੀ ਸਮੱਸਿਆ ਹੈ ਤੇ ਉਸ ਦਾ ਹੱਲ ਕੀ ਹੈ!

## ਖੱਟੀਆਂ-ਮਿੱਠੀਆਂ

**Singh Tax & Accounting Services LLC.**

**Individual & Business Taxes, Accounting, Payroll & Financial Consulting Services.**

Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

**Ph: 248-982-2036**



Mohan Singh
M.COM, MBA (Finance), ACA
Master in Taxation.
IRS Enrolled agent,
Notary Public

Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com

**ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੈਂਟਨ (ਮਿਸ਼ੀਗਨ)**

48055 Michigan Avenue, Canton, MI 48188

**ਸਾਲਾਨਾ ਗੁਰਬਾਣੀ ਵਿਚਾਰ ਸਮਾਗਮ**

**3 ਅਕਤੂਬਰ ਤੋਂ 13 ਅਕਤੂਬਰ 2019 ਤੱਕ**

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰੇਮ ਸੰਦੇਸ਼ ਸੰਗਤਾਂ ਨੂੰ ਦ੍ਰਿੜ ਕਰਵਾਉਣ ਲਈ ਸੰਤ ਬਾਬਾ ਬਲਦੇਵ ਸਿੰਘ ਜੀ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ (ਮਿਸ਼ੀਗਨ) ਵਿਖੇ ਪਹੁੰਚ ਰਹੇ ਹਨ। ਨਾਮ ਲੇਵਾ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਆਓ, ਹੇਠ ਲਿਖੇ ਅਨੁਸਾਰ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਇਸ ਅਨਮੋਲ ਸਮੇਂ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰੀਏ ਜੀ:

**ਰੋਜ਼ਾਨਾ ਪ੍ਰੋਗਰਾਮ**

ਅੰਮ੍ਰਿਤ ਵੇਲੇ
ਆਸਾ ਦੀ ਵਾਰ: ਸਵੇਰੇ 4 ਵਜੇ ਤੋਂ 5 ਵਜੇ ਤੱਕ
ਸਿਮਰਨ: ਸਵੇਰੇ 5 ਵਜੇ ਤੋਂ 6 ਵਜੇ ਤੱਕ
ਨਿਤਨੇਮ: ਸਵੇਰੇ 6 ਵਜੇ ਤੋਂ 7 ਵਜੇ ਤੱਕ

ਦੁਪਹਿਰ ਵੇਲੇ
ਪਾਠ ਸੁਖਮਨੀ ਸਾਹਿਬ: ਸਵੇਰੇ 11 ਵਜੇ ਤੋਂ ਦੁਪਹਿਰ 12:30 ਵਜੇ ਤੱਕ
ਸ਼ਾਮ ਵੇਲੇ
ਪਾਠ ਰਹਿਰਾਸ ਸਾਹਿਬ ਤੇ ਕੀਰਤਨ: ਸ਼ਾਮ 5:30 ਤੋਂ 7 ਵਜੇ ਤੱਕ
ਸੰਤ ਬਾਬਾ ਬਲਦੇਵ ਸਿੰਘ ਜੀ ਵਲੋਂ ਗੁਰਬਾਣੀ ਵਿਚਾਰ: ਸ਼ਾਮ 7 ਵਜੇ ਤੋਂ 8:15 ਵਜੇ

*13 ਅਕਤੂਬਰ 2019 ਨੂੰ ਸਵੇਰੇ ਅੰਮ੍ਰਿਤ ਸੰਚਾਰ ਹੋਵੇਗਾ*

ਦੇਸ਼ ਵਿਦੇਸ਼ ਤੋਂ ਸੰਗਤਾਂ ਇਸ ਸਮਾਗਮ ਵਿਚ ਸ਼ਮੂਲੀਅਤ ਕਰਨਗੀਆਂ। ਡਿਟਰਾਇਟ ਏਅਰਪੋਰਟ ਤੋਂ ਸੰਗਤਾਂ ਨੂੰ ਲਿਆਉਣ ਤੇ ਰਿਹਾਇਸ਼ ਦਾ ਪ੍ਰਬੰਧ ਹੋਵੇਗਾ। ਰਿਹਾਇਸ਼ ਵਾਸਤੇ ਫੋਨ: 248-924-8275 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਫੋਨ 734-231-1871, 305-318-4411, 734-637-4217, 734-635-7307 ਜਾਂ 586-709-1781

# ਗੁਰਦਾਸ ਮਾਨ ਅਤੇ ਪੰਮੀ ਬਾਈ ਬਨਾਮ ਪੰਜਾਬੀ ਬੋਲੀ

## ਭਖਦੇ ਮਾਮਲੇ

ਹਰਜਿੰਦਰ ਦੋਸਾਂਝ

ਅਮਿਤ ਸ਼ਾਹ ਦੇ ਬਿਆਨ ਤੋਂ ਖਿਲਰਦਾ ਪੰਜਾਬੀ ਬੋਲੀ ਦਾ ਮਾਮਲਾ ਪੰਜਾਬ ਦੇ ਵਿਹੜੇ ਆ ਵੜਿਆ। ਮਾਮਲਾ ਖਿੱਤੇ ਦੀ ਬੋਲੀ ਤੋਂ ਵੱਧ ਨਿੱਜੀ ਹਿੱਤਾਂ ਦੀ ਪੂਰਤੀ ਦਾ ਸਾਧਨ ਬਣ ਗਿਆ ਜਾਂ ਬਣ ਰਿਹਾ ਹੈ। ਪੰਜਾਬੀ ਕਲਾਕਾਰ ਨਿੱਜੀ ਹਿੱਤਾਂ ਦੀ ਪੂਰਤੀ ਲਈ ਜੁਬਾਨ ਨੂੰ ਆਧਾਰ ਬਣਾ ਭੁਗਤ ਰਹੇ ਨੇ। ਜਿਸ ਕਲਾਕਾਰ ਦੀ ਕਲਾਕਾਰੀ ਦਾ ਆਧਾਰ ਜਿੰਨਾ ਮੋਕਲਾ, ਉਨਾ ਹੀ ਉਹ ਪੰਜਾਬੀ ਤੇ ਪੰਜਾਬੀਅਤ ਦੇ ਹੱਕ 'ਚ ਠੰਡੇ ਰੁਖ ਭੁਗਤਦਾ।


ਧਰਮਿੰਦਰ ਵਰਗੇ ਕਲਾਕਾਰ ਨੂੰ ਵੀ ਪੰਜਾਬ ਆ ਕੇ ਕਹਿਣਾ ਪੈਂਦਾ ਕਿ ਪੰਜਾਬ ਮੇਰੀ ਮਾਂ ਦੀ ਬੁੱਕਲ ਹੈ, ਪਰ ਮਹਾਂਰਾਸ਼ਟਰ ਵੀ ਕਰਮ ਭੂਮੀ ਮਾਂ ਹੈ। ਉਹੀ ਕੁਝ ਗੁਰਦਾਸ ਕਹਿ ਰਿਹਾ। ਖੈਰ! ਪੰਮੀ ਬਾਈ ਦੱਬਵੇਂ ਪੈਰੀਂ ਗੁਰਦਾਸ ਦਾ ਵਿਰੋਧ ਕਰ ਰਿਹਾ। ਮਾਨ ਨੂੰ ਮਾਣ ਵੀ ਦੇ ਰਿਹਾ ਤੇ ਰੋਸ ਵੀ ਕਰ ਰਿਹਾ। ਗੱਲ ਕਲਾਕਾਰਾਂ ਦਾ ਰਾਜਸੀ ਪਿਛੋਕੜ ਤੇ ਨਿੱਜੀ ਹਿੱਤ ਪਛਾਣਨ ਦੀ ਹੈ। ਪੰਮੀ ਬਾਈ ਦਾ ਪਿਛੋਕੜ ਖੱਬੇ ਪੱਖੀ ਵਿਚਾਰਧਾਰਾ ਵਾਲਾ ਹੈ। ਉਸ ਦਾ ਪਿਉ ਭਾਰਤੀ ਕਮਿਉਨਿਸਟ ਪਾਰਟੀ ਦਾ ਕੁੱਲ ਵਰਤੀ ਕਾਰਕੁਨ ਸੀ ਤੇ ਉਹ ਕਾਲੇ ਦੌਰ 'ਚ ਕਾਲੀਆਂ ਤਾਕਤਾਂ ਹੱਥੋਂ ਕਤਲ ਹੋ ਗਿਆ। ਗੁਰਦਾਸ ਮਾਨ ਦਾ ਪਿਉ ਕਾਂਗਰਸੀ ਨੇਤਾ ਸੀ ਤੇ ਗੁਰਦਾਸ ਖੁਦ ਕਾਂਗਰਸ ਦੇ ਹੱਕ 'ਚ ਚੋਣ ਪ੍ਰਚਾਰ ਕਰਦਾ ਰਿਹਾ। ਦੋਹਾਂ ਦੇ ਰਾਜਸੀ ਹਿੱਤ ਨੇ।

ਜਦੋਂ ਪੰਜਾਬ 'ਚ ਅਤਿਵਾਦ ਦੀ ਹਨੇਰੀ ਠੱਲੀ ਜਾਂ ਠੱਲੀ ਗਈ ਤਾਂ ਪੰਜਾਬ 'ਚ ਲੋਕਾਂ ਦੇ ਮਨਾਂ 'ਚੋਂ ਦਹਿਸ਼ਤ ਕੱਢਣ ਲਈ ਵਿਰਸੇ ਦੇ ਨਾਂ ਹੇਠ ਮੇਲੇ ਲਾਉਣੇ ਚਾਲੂ ਕੀਤੇ ਤਾਂ ਦੋਹਾਂ ਨੇ ਸਟੇਟ ਦਾ ਸਾਥ ਦਿੱਤਾ। ਕਾਰਨ ਵਿਚਾਰਧਾਰਕ ਵੀ ਸਨ ਤੇ ਨਿੱਜੀ ਅਤਿਵਾਦੀ ਪੀੜ ਸਹਿਣਾ ਵੀ। ਗੁਰਦਾਸ ਦੇ ਸਟੇਜ ਤੋਂ ਬੋਲੇ ਅਪਸ਼ਬਦਾਂ ਦੀ ਨਿੰਦਾ ਕਰਨੀ ਬਣਦੀ ਹੈ, ਪਰ ਨਾਲ ਇਹ ਵੀ ਹੈ ਕਿ ਵਿਰੋਧ ਕਰਨ ਦਾ ਹੋਰ ਤਰੀਕਾ ਜਾਂ ਵੱਖਰਾ ਸਮਾਂ ਮਿੱਥਿਆ ਜਾ ਸਕਦਾ ਸੀ। ਅਸੀਂ ਜਾਣਦੇ ਹਾਂ ਕਿ ਗੁਰਦਾਸ ਦਾ ਵਿਰੋਧ ਕਰਨ ਵਾਲੇ ਲੰਬੇ ਸਮੇਂ ਤੋਂ ਉਸ ਦੇ ਵਿਰੋਧੀ ਹਨ। ਉਹ ਉਸ ਨੂੰ ਤੇ ਪੰਮੀ ਬਾਈ ਨੂੰ ਵਿਵਾਦਤ ਪੁਲਿਸ ਅਫਸਰ ਕੇ. ਪੀ. ਐਸ. ਗਿੱਲ (ਕੁਝ ਲਈ ਹੀਰੋ, ਕੁਝ ਲਈ ਬੁੱਚੜ) ਨਾਲ ਜੋੜ ਕੇ ਦੇਖਦੇ ਹਨ। ਉਨ੍ਹਾਂ ਨੂੰ ਕਿਸੇ ਢੁਕਵੇਂ ਸਮੇਂ ਦੀ ਲੋੜ ਸੀ, ਜੋ ਗੁਰਦਾਸ ਨੇ ਸਟੇਜ ਤੋਂ ਅਪਸ਼ਬਦ ਬੋਲ ਕੇ ਖੁਦ ਮੁਹੱਈਆ ਕਰ ਦਿੱਤਾ। ਸ਼ਾਇਦ ਗੁਰਦਾਸ ਨੇ ਸਟੇਜ ਤੋਂ ਪਹਿਲੀ ਵਾਰ ਵਿਰੋਧ ਦੇਖਿਆ ਤੇ ਉਹ ਤਵਾਜ਼ਨ ਗੁਆ ਬੈਠਾ ਜਾਂ ਭਟਕ ਗਿਆ, ਜੋ ਨਹੀਂ ਸੀ ਹੋਣਾ ਚਾਹੀਦਾ।

ਖੈਰ! ਉਹ ਇਨਸਾਨ ਹੈ, ਕਿਸੇ ਨਾਮਵਰ ਤੋਂ ਲੋੜੋਂ ਵੱਧ ਆਸਾਂ ਤੇ ਖਾਹਿਸ਼ਾਂ ਰੱਖਣਾ ਮਨੁੱਖੀ ਸੁਭਾ ਦੀ ਕਮਜ਼ੋਰੀ ਏ। ਲੋਕਾਂ ਦੀਆਂ ਖਾਹਿਸ਼ਾਂ ਗੁਰਦਾਸ ਲਈ ਬਹੁਤ ਉਚੀਆਂ ਸਨ। ਜਦੋਂ ਤਿੜਕੀਆਂ, ਲੋਕ ਖਫਾ ਹੋ ਗਏ। ਕਸੂਰ ਗੁਰਦਾਸ ਦਾ ਨਹੀਂ, ਲੋਕਾਂ ਦਾ ਹੈ, ਜਿਨ੍ਹਾਂ ਕਿਸੇ ਗਵੰਤਰੀ, ਮਨੋਰੰਜਨ ਕਰਨ ਵਾਲੇ ਦੂਜੇ-ਤੀਜੇ ਦਰਜੇ ਦੇ ਗਾਇਕ ਨੂੰ ਦੇਵਤਾ ਸਿਰਜ ਰੱਖਿਆ ਸੀ।

ਅੱਸੀਵਿਆਂ 'ਚ ਜਦੋਂ ਖੇਡਾਂ ਦੇ ਖੇਤਰ 'ਚੋਂ ਫੇਲ੍ਹ ਹੋ ਕੇ ਗੁਰਦਾਸ ਮਾਨ ਗਾਇਕੀ ਦੇ ਖੇਤਰ 'ਚ ਚੜ੍ਹਾਈ ਕਰ ਰਿਹਾ ਸੀ ਤਾਂ ਇੱਕ ਅਖਬਾਰ ਦੇ ਐਡੀਟਰ ਨੇ ਗੀਤਕਾਰ ਬਾਬੂ ਸਿੰਘ ਮਾਨ (ਮਾਨ ਮਰਾੜਾਂ ਵਾਲਾ) ਨੂੰ ਸਵਾਲ ਕੀਤਾ ਕਿ ਆਹ ਨਵੇਂ ਮੁੰਡੇ ਗੁਰਦਾਸ ਬਾਰੇ ਕੀ ਖਿਆਲ ਏ? ਬਾਬੂ ਸਿੰਘ ਮਾਨ ਕਹਿੰਦਾ, "ਗੁਰਦਾਸ ਲਿਖਣ ਵਾਲਿਆਂ ਤੋਂ ਚੰਗਾ ਗਾ ਲੈਂਦਾ ਅਤੇ ਗਾਉਣ ਵਾਲਿਆਂ ਤੋਂ ਚੰਗਾ ਲਿਖ ਲੈਂਦਾ, ਤੇ ਹਲਕੀ-ਫੁਲਕੀ ਐਕਟਿੰਗ ਵੀ ਕਰ ਲੈਂਦਾ।"

ਗੁਰਦਾਸ ਸਾਡੇ ਲਈ ਅੱਜ ਵੀ ਇਹੋ ਹੈ।



ਪੰਮੀ ਬਾਈ ਅਤੇ ਗੁਰਦਾਸ ਮਾਨ ਦੀ ਇਕ ਪੁਰਾਣੀ ਤਸਵੀਰ

ਭਾਸ਼ਾ ਵਰਗੇ ਸੰਜੀਦਾ ਮਾਮਲਿਆਂ 'ਚ ਉਸ ਦੇ ਕੁਮੈਂਟ ਨੂੰ ਬਹੁਤ ਤੂਲ ਦੇ ਕੇ ਦੇਖਣ ਦੀ ਲੋੜ ਨਹੀਂ। ਰਹੀ ਗੱਲ ਪੰਮੀ ਦੀ, ਕਹਿੰਦਾ, 'ਇੱਕ ਕਲਾਕਾਰ ਵਜੋਂ ਪੰਮੀ ਦਾ ਗੁਰਦਾਸ ਲਈ ਲੋਹੜੇ ਦਾ ਪਿਆਰ ਤੇ ਸਤਿਕਾਰ ਹੈ, ਪਰ ਭਾਸ਼ਾ ਦੇ ਮਾਮਲੇ 'ਚ ਗੁਰਦਾਸ ਬਾਈ ਨਾਲ ਸਹਿਮਤ ਨਹੀਂ।'

ਮੈਨੂੰ ਯਾਦ ਹੈ, ਪੰਮੀ ਕਿਸੇ ਪਾਰਟੀ ਲਈ ਭਗਵੰਤ ਮਾਨ ਦੇ ਖਿਲਾਫ ਚੋਣ ਪ੍ਰਚਾਰ ਕਰ ਰਿਹਾ ਸੀ ਤੇ ਭਗਵੰਤ ਮਾਨ ਦੇ ਸਮਰਥਕ ਪੰਮੀ ਦੇ ਸ਼ੋਆਂ 'ਚ ਜਾ ਕੇ ਵਿਰੋਧ ਪ੍ਰਦਰਸ਼ਨ ਕਰਨ ਲੱਗੇ। ਇੱਕ ਕੈਨੇਡੀਅਨ ਪ੍ਰੋਗਰਾਮ ਦੌਰਾਨ ਮੈਂ ਪੰਮੀ ਦੇ ਨਾਲ ਸੀ। ਉਹ ਵਿਖਾਵਾਕਾਰੀਆਂ ਕੋਲ ਗਿਆ, "ਹਾਂ ਬਈ ਦੱਸੋ ਮਾਮਲਾ ਕੀ ਏ?" ਕਹਿੰਦੇ, "ਤੂੰ ਭਗਵੰਤ ਦਾ ਵਿਰੋਧ ਕੀਤਾ।" ਪੰਮੀ ਕਹਿੰਦਾ, "ਹਾਂ ਮੈਂ ਕੀਤਾ, ਪਰ ਉਸ ਦੇ ਰਾਜਸੀ ਵਿਚਾਰਾਂ ਦਾ, ਕਲਾਕਾਰ ਵਜੋਂ ਮੈਂ ਉਸ ਦਾ ਸਤਿਕਾਰ ਕਰਦਾਂ। ਅਸੀਂ-ਤੁਸੀਂ ਸਭ ਪੰਜਾਬ ਦਾ ਭਲਾ ਚਾਹੁੰਦੇ ਹਾਂ ਤੇ ਮੈਂ ਸਮਝਦਾਂ ਭਗਵੰਤ ਦੀ ਸੋਚ ਜਾਂ ਪਾਰਟੀ ਪੰਜਾਬ ਨੂੰ ਲੀਹਾਂ 'ਤੇ ਨਹੀਂ ਲਿਆ ਸਕਦੀ। ਪੰਜਾਬ ਦਾ ਭਲਾ ਮੰਗਦੇ ਓ, ਚਲੋ ਤੁਰੋ ਪੰਜਾਬ ਨੂੰ, ਮੈਂ ਤੁਹਾਡੇ ਨਾਲ ਹਾਂ।" ਮੁਜਾਹਰਾਕਾਰੀ ਖਾਮੋਸ਼ ਸਨ, ਜਿਵੇਂ ਉਹ ਹਾਰ ਗਏ ਹੋਣ।

ਕਲਾਕਾਰਾਂ ਦੇ ਵਿਹੜਿਓਂ ਨਿਕਲ ਕੇ ਸਾਰਥਕ ਬਾਤ ਪਾਉਣ ਦੀ ਲੋੜ ਹੈ। ਭਾਰਤ ਨੂੰ ਅਮਰੀਕਾ-ਕੈਨੇਡਾ ਵਰਗੀ ਅਣਐਲਾਨੀ ਭਾਸ਼ਾ ਨੀਤੀ ਅਖਤਿਆਰ ਕਰਨ ਦੀ ਲੋੜ ਹੈ। ਸਰਕਾਰੀ ਤੌਰ 'ਤੇ ਸਪੈਨਿਸ਼ ਅਮਰੀਕਾ ਦੀ ਦੂਜੀ ਭਾਸ਼ਾ ਹੈ ਤੇ ਕੈਨੇਡਾ 'ਚ ਫਰੈਂਚ, ਪਰ ਜਿਨ੍ਹਾਂ ਇਲਾਕਿਆਂ 'ਚ ਸਪੈਨਿਸ਼ ਤੇ ਫਰੈਂਚ ਬਿਨਾ ਹੋਰ ਭਾਸ਼ਾ ਬੋਲਣ ਵਾਲਿਆਂ ਦੀ ਬਹੁਤਾਤ ਹੈ, ਉਥੇ ਉਨ੍ਹਾਂ ਦੀ ਭਾਸ਼ਾ ਨੂੰ ਹੀ ਦੂਜੀ ਭਾਸ਼ਾ ਮੰਨਿਆ ਜਾਂਦਾ ਹੈ। ਮਸਲਨ ਕੈਲੀਫੋਰਨੀਆ ਸਟੇਟ ਦੇ ਮੱਧ ਵਰਤੀ ਖੇਤਰਾਂ 'ਚ ਗੁਰਮੁਖੀ ਪੰਜਾਬੀ ਸਰਕਾਰੀ ਸਕੂਲਾਂ 'ਚ ਪੜ੍ਹਾਈ ਜਾਂਦੀ ਏ ਤੇ ਬੱਚੇ ਕੌਮੀ ਪੱਧਰ ਦੀ ਦੂਜੀ ਭਾਸ਼ਾ ਸਪੈਨਿਸ਼ ਦੀ ਥਾਂ ਪੰਜਾਬੀ ਦੂਜੀ ਜੁਬਾਨ ਵਜੋਂ ਪੜ੍ਹ ਸਕਦੇ ਹਨ। ਸਰਕਾਰੀ ਹੁਕਮ ਜਾਂ ਹੋਰ ਸੂਚਨਾ ਪੱਤਰ ਅਕਸਰ ਅੰਗਰੇਜ਼ੀ, ਸਪੈਨਿਸ਼ ਤੇ ਪੰਜਾਬੀ 'ਚ ਆਉਂਦੇ ਹਨ। ਤੁਸੀਂ ਹੈਰਾਨ ਹੋਵੋਗੇ ਕਿ ਇੱਕਲੇ ਕੈਲੀਫੋਰਨੀਆ 'ਚ ਡਰਾਈਵਿੰਗ ਟੈਸਟ ਦੇਣ ਲਈ ਭਾਰਤ ਦੀਆਂ 8-9 ਭਾਸ਼ਾਵਾਂ ਦੀ ਵਿਵਸਥਾ ਹੈ।

ਓਹਾਇਓ ਸਟੇਟ ਦੇ ਸ਼ਹਿਰ ਕਲੀਵਲੈਂਡ ਦੇ ਏਅਰਪੋਰਟ 'ਤੇ ਮੈਂ ਦੇਖਿਆ ਕਿ ਦੇਸ਼ ਦੀ ਦੂਜੀ ਕੌਮੀ ਭਾਸ਼ਾ ਸਪੈਨਿਸ਼ ਦੀ ਥਾਂ ਸਾਈਨ ਅੰਗਰੇਜ਼ੀ ਨਾਲ ਅਰਬੀ ਵਿਚ ਲਿਖੇ ਹੋਏ ਨੇ। ਜੁਬਾਨ ਸਭ ਤੋਂ ਪਹਿਲਾਂ ਸੰਪਰਕ ਤੇ ਹਰ ਤਰ੍ਹਾਂ ਦਾ ਅਦਾਨ ਪ੍ਰਦਾਨ ਵਗੈਰਾ ਦਾ ਸਾਧਨ ਹੈ। ਬਹੁਤੇ ਨਵੇਂ ਕਲਾਕਾਰਾਂ ਦਾ ਬੋਲੀ ਤੇ ਵਿਰਸੇ ਨਾਲ ਹੇਜ ਪਦਮ ਸ਼੍ਰੀ ਪ੍ਰਾਪਤ ਕਰਨਾ ਜਾਂ ਟੈਕਸ ਘਪਲਿਆਂ ਤੋਂ ਬਚਣ ਦਾ ਢੰਗ ਹੀ ਹੈ।

# ਕਲਾਕਾਰ, ਸੋਸ਼ਲ ਮੀਡੀਆ ਤੇ ਲੋਕ

ਦਲਜੀਤ ਸਿੰਘ, ਇੰਡੀਆਨਾ
shawntrans@yahoo.com

ਜਦੋਂ ਦਾ ਸੋਸ਼ਲ ਮੀਡੀਆ ਆਇਆ ਹੈ, ਸਭ ਤੋਂ ਪਹਿਲਾਂ ਇਸ ਦਾ ਸ਼ਿਕਾਰ ਸਾਧ ਤੇ ਪਖੰਡੀ ਲਾਣਾ ਹੋਇਆ ਹੈ; ਜਾਗਰੂਕ ਲੋਕਾਂ ਨੇ ਪਖੰਡੀਆਂ ਦੀ ਬੋਲਤੀ ਬੰਦ ਕਰ ਦਿੱਤੀ। ਭਾਵੇਂ ਡੇਰਾਵਾਦ ਬੰਦ ਨਹੀਂ ਹੋਇਆ, ਪਰ ਵਧਿਆ ਵੀ ਨਹੀਂ। ਕਈ ਸਾਧਾਂ ਤੋਂ 'ਭਾਈ ਸਾਹਿਬ' ਬਣਾਏ ਸੋਸ਼ਲ ਮੀਡੀਏ ਨੇ। ਸਾਧਾਂ ਪਿਛੋਂ ਕਲਾਕਾਰਾਂ ਦੀ ਵਾਰੀ ਆਈ ਹੈ। ਨਿੱਤ ਰੋਜ ਉਠ ਰਹੇ ਕੱਚ ਘਰੜ ਕਲਾਕਾਰਾਂ ਨੇ ਸਮਾਜ ਨੂੰ ਐਸਾ ਗੰਧਲਾ ਕਰਨਾ ਸ਼ੁਰੂ ਕੀਤਾ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਹੋ ਰਹੀ ਦੁਰਦਸ਼ਾ ਤੋਂ ਆਮ ਲੋਕ ਚਿੰਤਾ ਵਿਚ ਹਨ ਕਿ ਬਣ ਕੀ ਰਿਹਾ ਐ?

ਜਦੋਂ ਕਿਸੇ ਚੀਜ਼ ਦੀ ਗਿਣਤੀ ਵਧ ਰਹੀ ਹੋਵੇ, ਫਿਰ ਉਸ ਨੂੰ ਠੱਲ੍ਹ ਪੈਣੀ ਵੀ ਕੁਦਰਤੀ ਵਰਤਾਰਾ ਹੈ। ਪੰਜਾਬ ਦੇ ਵਿਆਹਾਂ ਵਿਚ ਇਨ੍ਹਾਂ ਦੇ ਅਖਾੜੇ ਲੱਗਣੇ ਕਰੀਬ ਬੰਦ ਹਨ, ਸਿਰਫ ਖੇਡ ਮੇਲਿਆਂ ਅਤੇ ਆਹ ਅਖੌਤੀ ਸਾਂਈਆਂ ਦੀਆਂ ਕਬਰਾਂ 'ਤੇ ਗਾਉਂਦੇ ਨੇ। ਗੀਤ 'ਤੇ ਖਰਚਾ ਇੰਨਾ ਕਰ ਲੈਂਦੇ ਹਨ, ਫੇਰ ਕੋਈ ਨਾ ਕੋਈ ਵਿਵਾਦਤ ਗੱਲ ਕਰਕੇ ਰਾਤੋ ਰਾਤ ਮਸ਼ਹੂਰ ਹੋਣ ਦੀ ਤਾਕ ਵਿਚ ਰਹਿੰਦੇ ਨੇ।

ਕਈਆਂ ਦਾ ਮਸ਼ਹੂਰ ਹੋਣ ਪਿੱਛੋਂ ਦਿਮਾਗ ਇੰਨਾ ਚੁੱਕਿਆ ਜਾਂਦਾ ਹੈ ਕਿ ਬੰਦੇ ਨੂੰ ਬੰਦਾ ਈ ਨਹੀਂ ਸਮਝਦੇ। ਜਦੋਂ ਇਨ੍ਹਾਂ ਦਾ ਗ੍ਰਾਫ ਡਿੱਗਣ ਲਗਦਾ ਹੈ, ਫਿਰ ਨਸ਼ੇ ਕਰਨ ਲੱਗ ਜਾਂਦੇ ਹਨ। ਹੰਕਾਰ ਸਿਰ ਚੜ੍ਹ-ਚੜ੍ਹ ਬੋਲਦਾ ਹੈ, ਲੋਕ ਇੰਨੀ ਫੂਕ ਛਕਾਉਂਦੇ ਨੇ ਕਿ ਧਰਤੀ ਤੋਂ ਪੈਰ ਚੁੱਕੇ ਜਾਂਦੇ ਹਨ।

ਹੁਣ ਪਿਛਲੇ ਕੁਝ ਸਮੇਂ ਤੋ ਅੱਕੇ ਹੋਏ ਲੋਕ



ਕਰਨ ਔਜਲਾ

ਇਨ੍ਹਾਂ ਦੇ ਗਲ ਪੈਣ ਲੱਗੇ ਨੇ; ਤਾਂ ਹੀ ਪੰਜਾਬ ਵਿਚ ਤਾਂ ਉਹ ਡਰਦੇ ਬਾਊਂਸਰ ਰੱਖਦੇ ਨੇ, ਪਰ ਵਿਦੇਸ਼ਾਂ ਵਿਚ ਇਨ੍ਹਾਂ ਦੀ ਛਿੱਤਰ ਪਰੇਡ ਹੋਣ ਲੱਗੀ ਹੈ।

ਕਰਨ ਔਜਲੇ ਤੋਂ ਸ਼ੁਰੂ ਹੋਈ ਗੱਲ ਪੋਸਟ ਲਿਖਣ ਤੱਕ ਗੁਰਦਾਸ ਮਾਨ ਤੱਕ ਆ ਗਈ ਹੈ। ਗਾਇਕਾ ਕੌਰ ਬੀ ਦੀ ਸ਼ੁਰੂਆਤ ਚੰਗੀ ਸੀ, ਪਰ ਉਸ ਨੇ ਜਲਦੀ ਹੀ ਪੈਰ ਛੱਡ ਦਿੱਤੇ, ਆਪਣੇ ਆਪ ਦੇ ਲਤਾ ਮੰਗੇਸ਼ਕਰ ਹੋਣ ਦਾ ਭੁਲੇਖਾ ਪਾਲ ਲਿਆ; ਆਵਾਜ਼ ਭਾਵੇਂ ਹੁਣ ਮਹੰਤਾਂ ਵਰਗੀ ਹੋ ਗਈ ਹੈ।

ਕੌਰ ਬੀ ਦਾ ਟੂਰ ਸੀ, ਆਸਟਰੇਲੀਆ ਦਾ। ਸ਼ੋਅ ਤੋਂ ਬਾਅਦ ਪ੍ਰੋਮੋਟਰ ਨੇ ਡਿਨਰ ਰੱਖ ਲਿਆ,



ਕੌਰ ਬੀ

ਆਪਣੇ ਚਹੇਤੇ ਬੁਲਾ ਲਏ। ਬੀਬੀ ਨੇ ਕਲੇਸ਼ ਪਾ ਲਿਆ ਕਿ ਇੰਨੇ ਬੰਦੇ ਕਿਉਂ ਸੱਦੇ ਨੇ? ਕਿਸੇ ਸ਼ਰਾਬੀ ਨੇ ਉਠ ਕੇ ਕੌਰ ਬੀ ਦੇ ਭਰਾ ਦੇ ਛਿੱਤਰ ਮਾਰ ਦਿੱਤੇ ਅਤੇ ਕੌਰ ਬੀ ਨੂੰ ਧੱਕੇ ਮਾਰੇ, ਕਾਫੀ ਬੇਇਜਤੀ ਹੋਈ।

ਫਿਰ ਬਾਲੀਵੁੱਡ ਕਲਾਕਾਰ ਗੁਰੂ ਰੰਧਾਵਾ ਜਦੋਂ ਵੈਨਕੂਵਰ 'ਚ ਸ਼ੋਅ ਦੌਰਾਨ ਸਟੇਜ 'ਤੇ ਫੁਕਰੀ ਦਿਖਾਉਣ ਲੱਗਾ ਤਾਂ ਸਟੇਜ ਤੋਂ ਉਤਰਦੇ ਦੇ ਕਿਸੇ ਨੇ ਨਾਸਾਂ 'ਤੇ ਮੁੱਕਾ ਮਾਰ ਦਿੱਤਾ। ਚਾਰ ਟਾਂਕੇ ਲੱਗੇ। ਦੂਜੇ ਦਿਨ ਗੁਰੂ ਰੰਧਾਵਾ ਨੇ ਧਮਕੀ ਦਿੱਤੀ, "ਹੁਣ ਨਹੀਂ ਮੈਂ ਆਉਂਦਾ ਕੈਨੇਡਾ।" ਅਹਿਸਾਨ ਤਾਂ ਇਸ ਤਰ੍ਹਾਂ ਕਰ ਗਿਆ ਜਿਵੇਂ ਇਸ ਤੋਂ ਬਿਨਾ ਕਿਤੇ ਕੈਨੇਡਾ ਦਾ ਕੰਮ ਖੜ੍ਹ ਜਾਣਾ!

ਵਾਰੀ ਆਈ ਸਭਿਆਚਾਰਕ ਦੇ ਨਾਂ 'ਤੇ ਚੀਕ ਚੀਕ ਗਾਉਣ ਵਾਲੇ ਰੰਧਾਵਾ ਭਰਾਵਾਂ ਦੀ, ਜਿਨ੍ਹਾਂ ਕਿਹਾ, "ਐਲੀ ਮਾਂਗਟ ਨੇ ਬਹੁਤ ਗੰਦ



ਗੁਰੂ ਰੰਧਾਵਾ

ਪਾਇਆ।" ਇੰਨਾ ਕਹਿਣ ਦੀ ਦੇਰ ਸੀ, ਜਿਨ੍ਹੇ ਐਲੀ ਮਾਂਗਟ ਸੁਣਿਆ ਨਹੀਂ, ਉਨ੍ਹੇ ਵੀ ਯੂ ਟਿਊਬ 'ਤੇ ਸਰਚ ਮਾਰੀ ਤੇ ਐਲੀ ਨੂੰ ਸੁਣਿਆ। ਰਮੀ ਅਤੇ ਐਲੀ ਦੀ ਸ਼ਬਦੀ ਜੰਗ ਸੋਸ਼ਲ ਮੀਡੀਏ 'ਤੇ ਲਾਈਵ ਹੋ ਕੇ ਇਸ ਤਰ੍ਹਾਂ ਹੋਣ ਲੱਗੀ, ਜਿਵੇਂ ਕੌਮ ਦਾ ਬਹੁਤ ਵੱਡਾ ਕੰਮ ਕਰ ਰਹੇ ਹੋਣ।

ਐਲੀ ਮਾਂਗਟ ਨੇ ਚੈਲੰਜ ਕਬੂਲ ਕੀਤਾ ਅਤੇ ਰਮੀ ਦੇ ਘਰ ਅੱਗੇ ਲਲਕਾਰੇ ਕਾਹਦੇ ਮਾਰੇ,



ਐਲੀ ਮਾਂਗਟ


ਪੁਲਿਸ ਨੇ ਚੁੱਕ ਕੇ ਐਸੀ ਗਿੱਦੜ ਕੁੱਟ ਕੀਤੀ ਕਿ ਸਾਰੀ ਬਦਮਾਸ਼ੀ ਨਿਕਲ ਗਈ। ਲੋਕ ਕੈਨੇਡਾ ਵਰਗੇ ਦੇਸ਼ ਵਿਚ ਆਉਣ ਨੂੰ ਤਰਸਦੇ ਨੇ, ਇਹ ਵਿਹਲੜਾਂ ਦੀ ਚੁੱਕ ਵਿਚ ਆ ਕੇ ਉਥੇ ਚਲਿਆ ਗਿਆ। ਨਾਲੇ ਅਗਲਿਆਂ ਕੁੱਟਿਆ, ਨਾਲੇ ਹੁਣ ਜਿੰਨੀ ਦੇਰ ਕੇਸ ਨਹੀਂ ਮੁੱਕਦਾ, ਉਨੀ ਦੇਰ ਕੈਨੇਡਾ ਨਹੀਂ ਜਾ ਸਕੇਗਾ।

ਫਿਰ ਵਾਰੀ ਆਈ ਦਿਲਜੀਤ ਦੋਸਾਂਝ ਦੀ, ਉਸ ਦੇ ਅਮਰੀਕਾ ਵਿਚ ਤਿੰਨ ਸ਼ੋਅ-ਕੈਲੀਫੋਰਨੀਆ, ਹਿਊਸਟਨ ਅਤੇ ਨਿਊ ਯਾਰਕ ਸਨ, ਪਰ ਹਿਊਸਟਨ ਵਾਲਾ ਸ਼ੋਅ ਇਸ ਕਰਕੇ ਕਰਨ ਤੋਂ ਨਾਂਹ ਕਰ ਦਿੱਤੀ ਕਿ ਪ੍ਰੋਮੋਟਰ ਇਕ ਪਾਕਿਸਤਾਨੀ ਮੁਸਲਿਮ ਹੈ, ਜਦੋਂ ਕਿ ਇਹ ਮੁਸਲਿਮ ਬੰਦਾ ਅਮਰੀਕਾ ਦਾ ਜੰਮਪਲ ਤੇ ਅਮਰੀਕੀ ਸਿਟੀਜ਼ਨ ਹੈ। ਦਿਲਜੀਤ ਦੀ ਮੁੱਖ ਪ੍ਰੋਮੋਟਰ ਕੰਪਨੀ 'ਬਾਲਾ ਜੀ' ਨੇ ਜਦੋਂ ਇਸ ਪ੍ਰੋਮੋਟਰ ਨਾਲ ਸ਼ੋਅ ਸਾਈਨ ਕੀਤਾ, ਕੀ ਉਦੋਂ ਨਹੀਂ ਸੀ ਪਤਾ ਕਿ ਉਹ ਮੁਸਲਿਮ ਹੈ? ਇਕ ਕਾਰਨ ਤਾਂ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਸ਼ੋਅ ਤੋਂ ਅਗਲੇ ਦਿਨ ਹਿਊਸਟਨ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਮਾਗਮ ਵੀ ਸੀ। ਗੱਲ ਕੀ, ਦਿਲਜੀਤ ਨੇ ਇਹ ਸ਼ੋਅ ਰੱਦ ਇਸ ਕਰਕੇ ਕੀਤਾ ਕਿ ਮੈਂ ਦੇਸ਼ ਭਗਤੀ ਦਾ ਸਰਟੀਫਿਕੇਟ ਲੈ ਸਕਾਂ, ਪਰ ਪ੍ਰੋਮੋਟਰ ਦਾ ਕਾਫੀ ਨੁਕਸਾਨ ਹੋ ਗਿਆ। ਲੋਕਾਂ ਵਿਚ ਦਿਲਜੀਤ ਵਿਰੁਧ ਇਸ ਗੱਲ ਦਾ ਗੁੱਸਾ ਹੈ ਕਿ ਉਸ ਨੂੰ ਇਕ ਕਲਾਕਾਰ ਵਜੋਂ ਧਰਮ, ਨਸਲ ਦਾ ਭੇਦਭਾਵ ਨਹੀਂ ਸੀ ਕਰਨਾ ਚਾਹੀਦਾ।

ਕੁਝ ਗੀਤਾਂ ਅਤੇ ਦੋ ਫਿਲਮਾਂ ਕਰਨ ਵਾਲਾ ਗੁਰਨਾਮ ਭੁੱਲਰ ਸਟੇਜ 'ਤੇ ਪ੍ਰੋਗਰਾਮ ਕਰ ਰਿਹਾ ਸੀ ਤਾਂ ਇਕ ਪ੍ਰਸ਼ੰਸਕ ਸਟੇਜ 'ਤੇ ਉਸ ਨੂੰ ਉਸ ਦੀ ਫੋਟੋ ਭੇਟ ਕਰਨ ਗਿਆ। ਗੁਰਨਾਮ ਕਹਿੰਦਾ, 'ਆ ਜਾਂਦੇ ਨੇ ਫੋਟੋ ਡਾਊਨਲੋਡ ਕਰਕੇ ਦੇਣ...।' ਫੋਟੋ ਫੜ ਕੇ ਸਰੋਤੇ ਨੂੰ ਪਿਛੇ ਧੱਕ ਦਿਤਾ। ਇਹ ਸਭ ਦੇਖ ਕੇ ਲੋਕਾਂ ਨੂੰ ਗੁੱਸਾ ਆ ਗਿਆ ਤੇ ਗੁਰਨਾਮ ਭੁੱਲਰ ਦੀ ਜਦੋਂ ਕੁੱਤੇਖਾਨੀ ਸ਼ੁਰੂ ਕੀਤੀ ਤਾਂ ਦੂਜੇ ਦਿਨ ਮੁਆਫੀ ਮੰਗ ਗਿਆ।

ਹਾਲੇ ਗੁਰਨਾਮ ਭੁੱਲਰ ਦੀ ਮੁਆਫੀ ਦੀ ਸਿਆਹੀ ਸੁੱਕੀ ਨਹੀਂ ਸੀ ਕਿ ਵਾਰੀ ਆ ਗਈ ਸਿੱਧੂ ਮੂਸੇਵਾਲੇ ਦੀ। ਉਸ ਨੇ ਇਕ ਗੀਤ ਵਿਚ ਮਾਈ ਭਾਗੋ ਦੀ ਗੱਲ ਕੀਤੀ ਤਾਂ ਸਿੱਖ ਹਲਕਿਆਂ ਵਿਚ ਰੋਸ ਇਕ ਦਮ ਫੈਲ ਗਿਆ ਅਤੇ ਇਸ ਤੋਂ ਪਹਿਲਾਂ ਕਿ ਲੋਕ ਇਸ ਨੂੰ ਘੇਰ ਕੇ ਜੂਤ ਫੇਰਦੇ, ਰਾਤੋ ਰਾਤ ਟਿਕਟ ਕਟਾਈ ਤੇ ਕੈਨੇਡਾ ਜਾ ਵੜਿਆ। ਭਾਵੇਂ ਇਹ ਕਹਿੰਦਾ ਸੀ, 'ਜੱਟ ਉਸ ਪਿੰਡ ਨੂੰ ਬਿਲੌਂਗ ਕਰਦਾ, ਜਿਥੇ ਬੰਦਾ ਮਾਰ ਕੇ ਬਾਅਦ 'ਚ ਕਸੂਰ ਪੁੱਛਦੇ।' ਸਿੱਧੂ ਮੂਸੇਵਾਲੇ ਨੂੰ ਪਤਾ ਸੀ, ਜੇ ਇਥੇ ਪੰਜਾਬ ਪੁਲਿਸ ਦੇ ਅੜਿੱਕੇ ਆ ਗਿਆ ਤਾਂ ਐਲੀ ਵਾਲੀ ਨਾ ਹੋਵੇ। ਮੂਸੇਵਾਲੇ ਦੀ ਮੁਆਫੀ ਅਤੇ ਕੁੱਤੇਖਾਣੀ ਨਾਲੋ ਨਾਲ ਚੱਲਦੀ ਰਹੀ।

ਚੱਲ ਸੋ ਚੱਲ ਵਿਚ ਗੁਰਦਾਸ ਮਾਨ ਵੀ ਪਿਛੇ ਨਾ ਰਿਹਾ। ਕੈਨੇਡਾ ਵਿਚ ਚੱਲ ਰਹੇ ਸ਼ੋਆਂ ਦੌਰਾਨ ਸਨਿਚਰਵਾਰ ਸ਼ਾਮ ਨੂੰ ਸ਼ੋਅ ਸੀ, ਜਿਸ ਦੀ ਪ੍ਰੋਮੋਸ਼ਨ ਲਈ ਗੁਰਦਾਸ ਮਾਨ ਇਕ ਰੇਡੀਓ 'ਤੇ ਹਰਜਿੰਦਰ ਥਿੰਦ ਨਾਲ ਇੰਟਰਵਿਊ ਕਰ ਰਿਹਾ ਸੀ। ਥਿੰਦ ਨੇ ਐਸਾ ਸਵਾਲ ਪੁਛਿਆ ਕਿ ਗੁਰਦਾਸ ਮਾਨ ਦੇ ਮੂੰਹੋਂ ਐਸੇ ਸਮੇਂ ਅਜਿਹੇ ਸ਼ਬਦ ਨਿਕਲੇ, ਜਿਸ ਨਾਲ ਬਲਦੀ ਅੱਗ 'ਤੇ ਤੇਲ ਪੈ ਗਿਆ। ਜਦੋਂ ਗੁਰਦਾਸ ਮਾਨ ਨੇ ਕਿਹਾ, ਹਿੰਦੀ ਸਾਡੀ ਮਾਸੀ ਹੈ, 'ਇਕ ਨੇਸ਼ਨ, ਇਕ ਬੋਲੀ' ਹੋਣੀ ਚਾਹੀਦੀ ਹੈ, ਤਾਂ ਪੰਜਾਬੀਆਂ ਦੇ ਦਿਲਾਂ ਨੂੰ ਵੱਡੀ ਠੇਸ ਪਹੁੰਚੀ।



ਗੁਰਨਾਮ ਭੁੱਲਰ

ਗੁਰਦਾਸ ਮਾਨ ਬੇਸ਼ਕ ਸਾਫ ਸੁਥਰੇ ਗੀਤ ਗਾਉਣ ਸਦਕਾ ਹੁਣ ਤੱਕ ਟਿਕਿਆ ਹੋਇਆ ਹੈ, ਪਰ ਇਸ ਗੱਲ ਨੇ ਉਸ ਦੀ ਹੁਣ ਤੱਕ ਦੀ ਗਾਇਕੀ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ।

ਜਾਪਦਾ ਹੈ, ਫਿਲਮੀ ਕਲਾਕਾਰ ਅਤੇ ਗਾਇਕ ਭਗਵਿਆਂ ਤੋਂ ਇਸ ਕਦਰ ਡਰੇ ਹੋਏ ਨੇ ਕਿ ਥਾਂ ਥਾਂ ਪੰਜਾਬੀ ਨੂੰ ਛੱਡ ਦੇਸ਼ ਭਗਤੀ ਦੇ ਸਰਟੀਫਿਕੇਟ ਪੱਕੇ ਕਰਦੇ ਫਿਰਦੇ ਨੇ। ਮੁੱਕਦੀ ਗੱਲ, ਲੋਕ ਫਿਲਮਾਂ ਦੇਖਣ, ਗੀਤ ਸੁਣਨ ਪਰ ਅਦਾਕਾਰਾਂ-ਗਾਇਕਾਂ ਨੂੰ ਮਾਰਗ ਦਰਸ਼ਕ ਨਾ ਮੰਨਣ, ਇਨ੍ਹਾਂ ਨੂੰ ਸਿਰਫ ਮਨੋਰੰਜਨ ਤੱਕ ਹੀ ਸੀਮਤ ਰੱਖਿਆ ਜਾਵੇ ਤਾਂ ਚੰਗਾ। ਜੇ ਕੋਈ ਸਭਿਅਕ ਤੇ ਵਧੀਆ ਗਾਉਂਦਾ ਹੈ ਤਾਂ ਉਸ ਦੀ ਸਿਫਤ ਕਰੋ, ਜੇ ਗੰਦ ਪਾਉਂਦਾ ਹੈ ਤਾਂ ਉਸ ਦਾ ਬਾਈਕਾਟ ਕਰੋ।



SHUDH FOODS
Happy Diwali
Pipa Biscuit
Pipa Jaggery Biscuit
Pipa Biscuit
NO ADDED SUGAR
No Sugar
ATTA COOKIES
GUR ATTA COOKIES
ATTA COOKIES
ਪੀਪੇ ਵਾਲੇ ਬਿਸਕੁਟ, ਗੁੜ ਵਾਲੇ ਬਿਸਕੁਟ ਅਤੇ ਆਟੇ ਦੇ ਬਿਸਕੁਟ (ਬਿਨਾ ਸੂਗਰ ਤੋਂ) ਲੈਣ ਲਈ ਸੰਪਰਕ ਕਰੋ
PRAG INTERNATIONAL
1125 Howard Street. Elk Grove Village. IL 60007
Ph: 847-979-5970/90 847-228-0150 847-979-8949
Fax:- 847-228-0152 raviunited@aol.com. pragint@aol.com

# ਭਾਈ ਕਾਨ੍ਹ ਸਿੰਘ ਨਾਭਾ

*ਉਘੇ ਪੰਜਾਬੀ ਕਲਮਕਾਰ ਮਰਹੂਮ ਕਰਤਾਰ ਸਿੰਘ ਦੁੱਗਲ ਨੇ ਭਾਈ ਕਾਨ੍ਹ ਸਿੰਘ ਨਾਭਾ ਬਾਰੇ ਇਹ ਲਿਖਤ ਉਨ੍ਹਾਂ ਦੀ 50ਵੀਂ ਬਰਸੀ ਮੌਕੇ 1988 ਵਿਚ ਲਿਖੀ ਸੀ। ਹੁਣ ਤਿੰਨ ਦਹਾਕਿਆਂ ਬਾਅਦ ਭਾਈ ਕਾਨ੍ਹ ਸਿੰਘ ਨਾਭਾ ਬਾਰੇ ਚਰਚਾ ਪਹਿਲਾਂ ਨਾਲੋਂ ਵੀ ਵੱਧ ਪ੍ਰਚੰਡ ਰੂਪ ਵਿਚ ਹੋ ਰਹੀ ਹੈ। ਉਨ੍ਹਾਂ ਦੀਆਂ ਕਰੀਬ ਸਾਰੀਆਂ ਲਿਖਤਾਂ ਦਾ ਆਪਣਾ ਉਚ-ਦਮਾਲੜਾ ਰੰਗ ਹੈ ਪਰ 'ਮਹਾਨ ਕੋਸ਼' ਵਰਗੇ ਗ੍ਰੰਥ ਦੀ ਕੋਈ ਰੀਸ ਹੀ ਨਹੀਂ। ਇਸ ਪੱਖੋਂ ਉਨ੍ਹਾਂ ਦਾ ਯੋਗਦਾਨ ਅਮੁੱਲ ਹੈ। -ਸੰਪਾਦਕ*

ਕਲਾ ਪਰਿਕਰਮਾ

23 ਨਵੰਬਰ 1988 ਵਾਲੇ ਰੋਜ਼ ਜਦੋਂ ਸਿੱਖ ਜਗਤ ਗੁਰੂ ਨਾਨਕ ਦੇਵ ਦੀ ਜਨਮ ਦਿਨ ਮਨਾ ਰਿਹਾ ਸੀ, 50 ਵਰ੍ਹੇ ਹੋ ਗਏ ਸਨ, ਸਿੱਖ ਭਾਈਚਾਰੇ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ (30 ਅਗਸਤ 1861-24 ਨਵੰਬਰ 1938) ਨੂੰ ਪੂਰੇ ਹੋਇਆਂ। ਮੈਂ ਭਾਈ ਸਾਹਿਬ ਦੀ ਬਰਸੀ ਨੂੰ ਬਾਬਾ ਨਾਨਕ ਦੇਵ ਜੀ ਦੀ ਵਰ੍ਹੇਗੰਢ



ਨਾਲ ਇਸ ਲਈ ਜੋੜਿਆ ਹੈ ਕਿਉਂਕਿ ਭਾਈ ਕਾਨ੍ਹ ਸਿੰਘ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਰਹਿਤਲ, ਸਿੱਖ ਪਰੰਪਰਾ, ਸਿੱਖ

**ਕਰਤਾਰ ਸਿੰਘ ਦੁੱਗਲ**

ਵਿਚਾਰਧਾਰਾ ਦੇ ਸਾਡੇ ਸਮੇਂ ਵਿਚ ਸਭ ਤੋਂ ਪ੍ਰਮੁੱਖ ਮੁਦੱਈ ਸਨ; ਉਹ ਤੇ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ, ਸੰਤ ਅਤਰ ਸਿੰਘ, ਭਾਈ ਤਖਤ ਸਿੰਘ ਆਦਿ।


ਭਾਈ ਕਾਨ੍ਹ ਸਿੰਘ ਜੀ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। ਰਿਆਸਤ ਦੀ ਹਾਈ ਕੋਰਟ ਦੇ ਜੱਜ ਤੇ ਜੁਡੀਸ਼ੀਅਲ ਕੌਂਸਲ ਦੇ ਮੈਂਬਰ। ਇਤਿਹਾਸਕਾਰ ਤੇ ਖੋਜੀ। ਰਾਇਲ ਏਸ਼ੀਆਟਿਕ ਸੁਸਾਇਟੀ ਦੇ ਮੈਂਬਰ। ਤਿੰਨ ਵਾਰ ਬਰਤਾਨੀਆ ਤੇ ਇਕ ਵਾਰ ਅਫਗਾਨਿਸਤਾਨ ਦੇ ਯਾਤਰੂ। ਪੰਜਾਬੀ, ਸੰਸਕ੍ਰਿਤ, ਫਾਰਸੀ ਤੇ ਅੰਗਰੇਜ਼ੀ ਦੇ ਵਿਦਵਾਨ। ਹਿੰਦੁਸਤਾਨੀ ਸੰਗੀਤ ਵਿਚ ਨਿਪੁੰਨ।

ਸਾਹਿਤਕਾਰ ਦੇ ਨਾਤੇ ਸਾਡੀ ਪੀੜ੍ਹੀ ਭਾਈ ਸਾਹਿਬ ਦੀ ਹਮੇਸ਼ਾ ਰਿਣੀ ਰਹੀ ਹੈ, ਰਿਣੀ ਰਹੇਗੀ। 'ਗੁਰਸ਼ਬਦ ਰਤਨਾਕਰ ਮਹਾਨਕੋਸ਼' ਦੀ ਰਚਨਾ ਨਾਲ ਭਾਈ ਕਾਨ੍ਹ ਸਿੰਘ ਜੀ ਨੇ ਮਾਂ ਬੋਲੀ ਪੰਜਾਬੀ ਨੂੰ ਭਾਰਤੀ ਸਾਹਿਤ ਵਿਚ ਮੁੱਖ ਸਥਾਨ ਦਿਵਾਇਆ ਹੈ। 1930 ਵਿਚ ਜਦੋਂ ਇਹ ਕੋਸ਼ ਪਹਿਲੀ ਵਾਰ ਪ੍ਰਕਾਸ਼ਤ ਹੋਇਆ, ਬਹੁਤ ਘੱਟ ਭਾਰਤੀ ਭਾਸ਼ਾਵਾਂ ਵਿਚ ਇਸ ਤਰ੍ਹਾਂ ਦਾ ਉੱਦਮ ਹੋਇਆ ਸੀ। ਇਨਸਾਈਕਲੋਪੀਡੀਆ ਦੀ ਰਚਨਾ ਕੋਈ ਸਾਧਾਰਨ ਕ੍ਰਿਤ ਨਹੀਂ ਹੁੰਦੀ। ਇਸ ਲਈ ਵਸੀਲੇ ਦੀ ਲੋੜ ਹੁੰਦੀ ਹੈ, ਸਹਾਇਕ ਅਮਲੇ ਦੀ ਲੋੜ ਹੁੰਦੀ ਹੈ, ਯੋਜਨਾਬੱਧ ਕੰਮ ਕਰਨਾ ਹੁੰਦਾ ਹੈ ਪਰ ਇਹ ਸਭ ਕੁਝ ਭਾਈ ਸਾਹਿਬ ਨੇ ਇਕ ਰਿਆਸਤ ਵਿਚ ਬੈਠ ਕੇ ਕਲ-ਮੁਕੱਲੇ ਨਿਬੇੜ ਲਿਆ, ਤਾਅਜੁੱਬ ਹੁੰਦਾ ਹੈ ਸੋਚ ਕੇ।


ਮੈਂ ਇਸ ਗੱਲ ਦੀ ਤਸਦੀਕ ਕਰਦਾਂ ਕਿ ਸਾਹਿਤਕਾਰ ਦੇ ਤੌਰ 'ਤੇ ਜਦੋਂ ਵੀ ਮੈਨੂੰ ਕਿਸੇ ਸ਼ਬਦ ਦੇ ਅਰਥ ਜਾਂ ਸਿੱਖ ਧਰਮ ਬਾਰੇ ਕਿਸੇ ਵਾਕਫੀ ਦੀ ਲੋੜ ਪਈ ਹੈ, ਭਾਈ ਕਾਨ੍ਹ ਸਿੰਘ ਰਚਿਤ 'ਮਹਾਨ ਕੋਸ਼' ਨੇ ਮੈਨੂੰ ਕਦੀ ਨਿਰਾਸ਼ ਨਹੀਂ ਕੀਤਾ। ਇਸ ਤਰ੍ਹਾਂ ਦੀਆਂ ਬਾਕੀ ਰਚਨਾਵਾਂ ਵਾਂਗਰਾਂ ਇਸ ਵਿਚ ਤਸਵੀਰਾਂ ਵੀ ਹਨ, ਚਿੱਤਰ ਵੀ ਹਨ, ਨਕਸ਼ੇ ਵੀ ਹਨ। ਲੋੜ ਪੈਣ 'ਤੇ ਫਾਰਸੀ, ਸੰਸਕ੍ਰਿਤ, ਅੰਗਰੇਜ਼ੀ ਦੀ ਮਦਦ ਨਾਲ ਸ਼ਬਦ ਆਦਿ ਦੇ ਅਰਥ ਸਮਝਾਏ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਸਾਹਿਬ ਦੇ ਸਾਹਮਣੇ ਇਨਸਾਈਕਲੋਪੀਡੀਆ ਬਰਤਾਨਿਕਾ ਦਾ ਨਮੂਨਾ ਸੀ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ: "ਇਨਸਾਈਕਲੋਪੀਡੀਆ ਬਰਤਾਨਿਕਾ ਦੇਖ ਕੇ ਚਿੱਤ ਵਿਚ ਆਈ ਕਿ ਸਿੱਖ ਸਾਹਿਤਯ ਦਾ ਵੀ ਅਜਿਹਾ ਕੋਸ਼ ਹੋਣਾ ਚਾਹੀਏ, ਜਿਸ ਵਿਚ ਸਾਰੇ ਸਿੱਖ ਮਤ ਸਬੰਧੀ ਗ੍ਰੰਥਾਂ ਦੇ ਸਰਵ ਪ੍ਰਕਾਰ ਦੇ ਸ਼ਬਦਾਂ ਦਾ ਯੋਗਯ ਰੀਤਿ ਨਾਲ ਨਿਰਣਾ ਕੀਤਾ ਹੋਵੇ।" ਇਸ ਗ੍ਰੰਥ ਨੂੰ ਤਿਆਰ ਕਰਨ ਵਿਚ 14 ਵਰ੍ਹਿਆਂ ਦੀ ਅਣਥੱਕ ਘਾਲਣਾ ਜ਼ਿੰਮੇਵਾਰ ਹੈ ਤੇ ਇਸ ਦੀ ਛਪਾਈ ਵਿਚ ਤਿੰਨ ਵਰ੍ਹੇ ਲੱਗੇ। ਕੋਸ਼ਾਕਾਰੀ ਵਿਚ ਉਨ੍ਹਾਂ ਦੀਆਂ ਦੋ ਹੋਰ ਰਚਨਾਵਾਂ ਹਨ - ਅਨੇਕਾਰਥ ਕੋਸ਼ (1925) ਅਤੇ ਨਾਮ ਮਾਲਾ ਕੋਸ਼ (1938)।

ਭਾਈ ਕਾਨ੍ਹ ਸਿੰਘ ਬੇਜੋੜ ਟੀਕਾਕਾਰ ਵੀ ਸਨ। ਉਨ੍ਹਾਂ ਨੇ ਸੰਸਕ੍ਰਿਤ ਆਦਿ ਭਾਸ਼ਾਵਾਂ ਵਿਚੋਂ



ਭਾਈ ਕਾਨ੍ਹ ਸਿੰਘ ਨਾਭਾ




ਸਮੇਂ-ਸਮੇਂ ਪੰਜਾਬੀ ਵਿਚ ਅਨੁਵਾਦ ਕੀਤੇ ਜਿਨ੍ਹਾਂ ਵਿਚ ਤਿੰਨ ਪ੍ਰਕਾਸ਼ਤ ਟੀਕੇ ਇਹ ਹਨ - ਨਾਟਕ ਭਾਵਆਰਥ ਦੀਪਿਕਾ (1888), ਟੀਕਾ ਅਸ਼੍ਵਮੇਧ (1896) ਅਤੇ ਟੀਕਾ ਵਿਸ਼ਨੂੰ ਪੌਰਾਣ (1898)।

ਜਿਸ ਖੇਤਰ ਵਿਚ ਭਾਈ ਕਾਨ੍ਹ ਸਿੰਘ ਦੀ ਦੇਣ ਨਿਵੇਕਲੀ ਨਾ ਹੋਣ ਕਰਕੇ ਮਹੱਤਵਪੂਰਨ ਜ਼ਰੂਰ ਹੈ, ਉਹ ਹਨ ਧਾਰਮਿਕ ਰਚਨਾਵਾਂ। ਇਨ੍ਹਾਂ ਵਿਚ ਗੁਰਮਤ ਪ੍ਰਭਾਕਰ (1898), ਗੁਰਮਤ ਸੁਧਾਕਰ (1899) ਤੇ ਗੁਰਮਤ ਮਾਰਤੰਡ ਵਧੇਰੇ ਚਰਚਿਤ ਹਨ।

ਭਾਈ ਸਾਹਿਬ ਕਿਉਂਕਿ ਅਜਿਹੇ ਸਮੇਂ ਸਿੱਖ ਬੁੱਧੀਜੀਵੀਆਂ ਦੀ ਅਗਵਾਈ ਕਰ ਰਹੇ ਸਨ, ਜਦੋਂ ਪੰਜਾਬ ਵਿਚ ਧਾਰਮਿਕ ਜਥੇਬੰਦੀਆਂ ਨੂੰ ਆਪੋ-ਧਾਪੀ ਪਈ ਹੋਈ ਸੀ, ਇਸ ਲਈ ਕਈ ਵਾਰ ਇੰਜ ਵੀ ਹੁੰਦਾ ਕਿ ਉਹ ਵਾਦ-ਵਿਵਾਦ ਵਿਚ ਫਸ ਜਾਂਦੇ। 'ਗੁਰਸ਼ਬਦ ਰਤਨਾਕਰ' ਵਿਚ ਕੁਝ ਕੁ ਐਂਟਰੀਆਂ ਬਾਰੇ ਬਹਿਸ ਛਿੜੀ। ਸਿੱਖ ਧਰਮ ਦੀ ਵਿਆਖਿਆ ਕਰਦੇ ਹੋਏ ਇਕ ਤੋਂ ਵਧੀਕ ਵਾਰ ਉਨ੍ਹਾਂ ਨੂੰ ਇਸਾਈ ਮਿਸ਼ਨਰੀਆਂ ਤੇ ਹੋਰ ਧਰਮਾਂ ਦੇ ਆਗੂਆਂ ਨਾਲ ਆਢਾ ਲੈਣਾ ਪਿਆ ਪਰ ਇਹ ਨੋਕ-ਝੋਕ ਹਮੇਸ਼ਾ ਅਸੂਲਾਂ 'ਤੇ ਹੁੰਦੀ ਸੀ; ਸਾਹਿਤਕ, ਧਾਰਮਿਕ ਤੇ ਇਤਿਹਾਸਕ ਦਾਇਰੇ ਵਿਚ ਹੁੰਦੀ ਸੀ। ਭਾਈ ਸਾਹਿਬ ਦੀ ਧਾਰਮਿਕ ਵਿਦਵਤਾ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ ਐਮ.ਏ. ਮੁਕਾਲਿਫ ਜਿਸ ਨੇ 6 ਜਿਲਦਾਂ ਵਿਚ ਸਿੱਖ ਇਤਿਹਾਸ ਦੀ ਰਚਨਾ ਕੀਤੀ, ਭਾਈ ਕਾਨ੍ਹ ਸਿੰਘ ਨੂੰ ਆਪਣਾ ਉਸਤਾਦ ਮੰਨਦਾ ਹੈ। ਉਸ ਨੇ ਆਪਣੀ ਰਚਨਾ ਦੀ ਭਾਈ ਸਾਹਿਬ ਤੋਂ ਸੁਧਾਈ ਕਰਵਾਈ। ਫੇਰ ਉਨ੍ਹਾਂ ਦੀ ਮਦਦ ਨਾਲ ਲੰਡਨ ਵਿਚ ਉਸ ਨੂੰ ਪ੍ਰਕਾਸ਼ਿਤ ਕਰਵਾਇਆ। ਇਹੀ ਨਹੀਂ, ਆਪਣੀ ਸਾਰੀ ਉਮਰ ਦੀ ਮਿਹਨਤ ਨਾਲ ਤਿਆਰ ਕੀਤੀ ਮਹਾਨ ਰਚਨਾ ਦੇ ਸਾਰੇ ਹੱਕ ਭਾਈ ਕਾਨ੍ਹ ਸਿੰਘ ਜੀ ਨੂੰ ਸਮਰਪਿਤ ਕਰ ਦਿੱਤੇ।

ਸਾਹਿਤ ਦਾ ਤੀਜਾ ਖੇਤਰ, ਜਿਸ ਵਿਚ ਭਾਈ ਕਾਨ੍ਹ ਸਿੰਘ ਜੀ ਨੇ ਅਗਵਾਈ ਕੀਤੀ ਹੈ, ਉਹ ਹੈ ਸਫਰਨਾਮੇ। ਭਾਈ ਸਾਹਿਬ ਸੈਰ-ਸਪਾਟੇ ਦੇ ਸ਼ੌਕੀਨ ਸਨ। ਵਿਦੇਸ਼ ਯਾਤਰਾ ਤੋਂ ਛੁੱਟ ਉਹ ਦੇਸ਼ ਵਿਚ, ਖਾਸ ਤੌਰ 'ਤੇ ਪਹਾੜੀ ਇਲਾਕੇ ਦੀ ਅਕਸਰ ਯਾਤਰਾ ਕਰਦੇ ਸਨ। ਡਾਇਰੀਆਂ ਤੇ ਚਿੱਠੀਆਂ ਰਾਹੀਂ ਉਹ ਜੋ ਕੁਝ ਦੇਖਦੇ-ਸੁਣਦੇ, ਅੰਕਿਤ ਕਰਦੇ ਰਹਿੰਦੇ। ਬੀਬੀ ਰਛਪਾਲ ਕੌਰ ਦੇ ਉੱਦਮ ਨਾਲ ਉਨ੍ਹਾਂ ਦੇ ਕੁਝ ਕੁ ਸਫਰਨਾਮੇ ਕਿਤਾਬੀ ਰੂਪ 'ਚ ਮਿਲਦੇ ਹਨ। 1901 ਤੋਂ ਲੈ ਕੇ 1938 ਤਕ ਦੀਆਂ ਉਨ੍ਹਾਂ ਦੀਆਂ ਡਾਇਰੀਆਂ ਅਪ੍ਰਕਾਸ਼ਿਤ ਪਈਆਂ ਹਨ।

ਅਪ੍ਰਕਾਸ਼ਿਤ ਖਰੜਿਆਂ ਦਾ ਜ਼ਿਕਰ ਆਇਆ ਹੈ ਤਾਂ ਇਹ ਗੱਲ ਅਫਸੋਸ ਨਾਲ ਕਹੀ ਜਾਂਦੀ ਹੈ ਕਿ ਪੰਜਾਬ ਵਿਚ ਤਿੰਨ ਯੂਨੀਵਰਸਿਟੀਆਂ, ਸਾਹਿਤ ਅਕਾਦਮੀ ਅਤੇ ਭਾਸ਼ਾ ਵਿਭਾਗ ਦੇ ਹੁੰਦਿਆਂ ਵੀ ਭਾਈ ਕਾਨ੍ਹ ਸਿੰਘ ਦੀਆਂ ਅਨੇਕ ਲਿਖਤਾਂ ਅਣਛਪੀਆਂ ਪਈਆਂ ਹਨ। ਇਨ੍ਹਾਂ ਵਿਚ 'ਗੁਰਮਹਿਮਾ ਰਤਨਾਵਲੀ', 'ਖਟ ਰਿਤੁ', 'ਇਤਿਹਾਸ ਬਾਗੜੀਆਂ', 'ਗੁਰਬਾਣੀ ਅਖਾਣ ਮੁਹਾਵਰੇ' ਆਦਿ ਹਨ।

ਭਾਈ ਸਾਹਿਬ ਦੀਆਂ ਪ੍ਰਕਾਸ਼ਤ ਪੁਸਤਕਾਂ ਦੀ ਗਿਣਤੀ 26 ਹੈ। ਭਾਈ ਕਾਨ੍ਹ ਸਿੰਘ ਦੀ ਸ਼ੈਲੀ ਬਾਰੇ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਉਹ ਭਾਸ਼ਾ ਵਿਚ ਕੱਟੜਤਾ ਦੇ ਅਨੁਆਈ ਨਹੀਂ ਸਨ। ਉਨ੍ਹਾਂ ਦੀ ਬੋਲੀ ਵਿਚ ਲੋਚ ਹੈ, ਸੰਜੀਦਗੀ ਹੈ, ਅਕੀਦੇ ਦੀ ਪਰਪੱਕਤਾ ਹੈ। ਇਹੀ ਕਾਰਨ ਹੈ ਕਿ ਉਹ ਆਪਣਾ ਪ੍ਰਭਾਵ ਛੱਡ ਕੇ ਰਹਿੰਦੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਅਕਤੂਬਰ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-398



*ਪਸ਼ੂਆਂ ਜਿਹੀ ਜੂਨ ਹੰਢਾਈਏ, ਕਹਿਣ ਨੂੰ ਮਾਣਸ ਜਾਤ।*
*ਆਉਣ-ਜਾਣ ਸਰਕਾਰਾਂ, ਸਾਡੀ ਕਿਸੇ ਨਾ ਪੁੱਛੀ ਬਾਤ।*

### ਕੈਪਸ਼ਨ ਮੁਕਾਬਲਾ-396



ਵਿਤਕਰਿਆਂ ਤੋਂ ਉਪਰ ਉਠ ਕੇ
ਖਾਲਸੇ ਦੀ ਸੋਚ ਨਿਰਾਲੀ।
ਹੱਕ ਸੱਚ ਲਈ ਜੂਝ ਰਹੇ
ਮਜ਼ਲੂਮਾਂ ਦੀ ਕਰੇ ਰਖਵਾਲੀ।
ਗੁਰੂਆਂ ਦੀ ਸੋਚ ਨੂੰ ਪ੍ਰਣਾਇਆ
ਹਿੰਮਤ ਤੋਂ ਕਦੇ ਨਾ ਖਾਲੀ।

***-ਅਮਰਜੀਤ ਸਿੰਘ ਤੂਰ***

---

ਜਦ ਜਾਬਰ ਜ਼ੁਲਮ ਕਮਾਉਂਦਾ ਹੈ
ਜੁਬਾਨਾਂ ਨੂੰ ਜਿੰਦਰੇ ਲਾਉਂਦਾ ਹੈ
ਬੱਸ ਆਪਣੀ ਗੱਲ ਮਨਾਉਂਦਾ ਹੈ
ਤੇ ਫਿਰਕੂ ਧੌਂਸ ਜਮਾਉਂਦਾ ਹੈ
ਤਾਂ ਮਜ਼ਲੂਮਾਂ ਦੀ ਰੱਖਿਆ ਲਈ,
ਫਿਰ ਸਿੰਘ ਗੁਰੂ ਦਾ ਆਉਂਦਾ ਹੈ।

***-ਜਗਮੀਤ ਸਿੰਘ ਪੰਧੇਰ***

---

ਸ਼ਸ਼ਤਰਧਾਰੀ ਹੋ ਖੜ੍ਹਾ ਖਾਲਸਾ
ਬਣ ਕੇ ਪਹਿਰੇਦਾਰ
ਗਊ-ਗਰੀਬ ਦੀ ਰੱਖਿਆ ਕਰਨੀ
ਦਿੱਤਾ ਹੁਕਮ ਸੱਚੀ-ਸਰਕਾਰ।
ਨਮਾਜ਼ ਪੜ੍ਹਨ ਦਾ ਵੇਲਾ ਆ ਗਿਆ
ਦਿੱਤੀ ਅਜ਼ਾਨ ਹੈ ਕਾਜ਼ੀ,
ਵਿਚ ਚੁਰਸਤੇ ਹੋਏ ਇਕੱਠੇ
ਲਈ ਪੜ੍ਹਨ ਨਮਾਜ਼ ਨਮਾਜ਼ੀ।
ਧਰਮਾਂ ਨੂੰ ਅੱਜ ਖਤਰਾ ਹਰ ਥਾਂ
ਸੁਣ ਕੇ ਮਨ ਘਬਰਾਵੇ,
ਸਿਰ-ਫਿਰਿਆ ਨਾ ਕੋਈ
ਆਣ ਕਹਿਰ ਕਮਾਵੇ।

***-ਮਾਸਟਰ ਪ੍ਰੀਤਮ ਸਿੰਘ ਲੰਮੇ***

---

ਕਰੋ ਮਜ਼ਲੂਮ ਦੀ ਰਾਖੀ ਗੁਰਾਂ ਨੇ ਸਿਖਾਇਆ।
ਸੀਸ ਦੇ ਦਿੱਲੀ 'ਚ ਵੱਖਰਾ ਰਾਹ ਦਿਖਾਇਆ।
ਧਰਮ 'ਤੇ ਆਂਚ ਨਾ ਆਵੇ
ਰਹੋ ਆਪਣੇ ਦੀਨ 'ਚ ਪੱਕੇ।
ਜਦੋਂ ਹਮਲਾਵਰ ਆ ਚੜ੍ਹੇ
ਤਾਂ ਵੈਰੀ ਦੇ ਛਡਾ ਦਿਉ ਛੱਕੇ।

***-ਸੇਵਾ ਸਿੰਘ ਨੂਰਪੁਰੀ***

---

ਇਨਸਾਨ ਉਹੀ ਜੋ ਦੂਜਿਆਂ ਦੇ ਕੰਮ ਆਵੇ
ਘੱਟਗਿਣਤੀਆਂ ਨਾਲ ਧੱਕਾ ਹੁੰਦਾ ਜਿੱਥੇ
ਹੋਵੇ ਕੋਈ ਵੀ ਫਿਰਕਾ ਭਾਵੇਂ
ਖੜ ਆਪਣਾ ਸਿਦਕ ਨਿਭਾਵੇ।
ਲੋਹਾ ਗਰਮ ਜਦੋਂ ਹੋ ਜਾਂਦਾ
ਸੱਟ ਘਣ 'ਤੇ ਇਕੋ ਜਿਹੀ ਵੱਜਦੀ।
ਸਾਂਝੇ ਦੁਸ਼ਮਣ ਨਾਲ ਲੜਨ ਲਈ
ਕਰ ਸਮਝੌਤਾ ਇਕੱਠੇ ਹੋ ਲੜਨਾ ਪੈਂਦਾ।
ਅੱਜ ਕਿਸੇ ਨੂੰ ਦਬਾਇਆ ਤੇ
ਧਮਕਾਇਆ, ਜਰਕਾਇਆ ਜਾਂਦਾ
ਕੱਲ੍ਹ ਨੂੰ ਤੁਹਾਡੇ ਨਾਲ ਵੀ
ਉਹੀ ਕੁਝ ਹੋ ਸਕਦਾ।
ਹੈ ਨਫਰਤ ਦਾ ਤਾਣਾ-ਬਾਣਾ।
ਬਿਜੜੇ ਦੇ ਆਲ੍ਹਣੇ ਵਾਂਗ ਬੁਣਿਆ ਹੋਇਆ।
ਲੋੜ ਹੈ, ਚੋਰ ਨੂੰ ਮਾਰਨ ਨਾਲੋਂ
ਚੋਰ ਦੀ ਮਾਂ ਨੂੰ ਮਾਰਨ ਦੀ।

***-ਦਰਸ਼ਨਪਾਲ ਦੋਸਾਂਝ***

---

ਤਿਲਕ ਤੇ ਜੰਞੂ ਖਾਤਰ
ਪਿਤਾ ਦੀ ਕੁਰਬਾਨੀ ਗੋਬਿੰਦ ਦੀ,
ਸਦਾ ਰਹੇ ਖਾਲਸੇ ਦੀ ਸੋਚ ਜਿੰਜਦੀ।
ਨਮਾਜ਼ ਪੜ੍ਹਦਿਆਂ ਕੋਈ ਆਣ ਨਾ ਵੜੇ,
ਰਾਖੀ ਲਈ ਖਾਲਸਾ ਜੀ ਬਣ ਵਾੜ ਖੜ੍ਹੇ।
ਹਿੰਦੂ, ਸਿੱਖ, ਮੁਸਲਿਮ ਸਭ ਲਈ ਡੱਟਦੇ।
ਸਰਬੱਤ ਦੇ ਭਲੇ ਦੀ ਰਟ ਸਦਾ ਰੱਟਦੇ।

***-ਦਵਿੰਦਰ ਕੌਰ***

ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਛੋਟੇ-ਵੱਡੇ ਦਾ ਵਖਰੇਵਾਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਆਪਣਿਆਂ ਤੇ ਪਰਾਇਆਂ ਦੇ ਫਰਕ ਦੀ ਗੱਲ ਕਰਦਿਆਂ ਕਿਹਾ ਸੀ ਕਿ ਆਪਣੇ ਸਿਰਫ ਉਹ ਹੀ ਨਹੀਂ ਹੁੰਦੇ ਜਿਨ੍ਹਾਂ ਨਾਲ ਖੂਨ ਦੀ ਸਾਂਝ ਹੋਵੇ, ਸਗੋਂ ਆਪਣੇ ਤਾਂ ਉਹ ਹੁੰਦੇ ਹਨ, ਜਿਨ੍ਹਾਂ ਨਾਲ ਰੂਹ ਦੀ ਸਾਂਝ ਹੋਵੇ। ਉਹ ਕਹਿੰਦੇ ਹਨ, "ਆਪਣਿਆਂ ਨੂੰ ਪਰਾਏ ਹੋਣ ਵਿਚ ਪਲ ਨਹੀਂ ਲੱਗਦਾ ਜਦ ਕਿ ਪਰਾਇਆਂ ਨੂੰ ਆਪਣਾ ਬਣਾਉਣ ਵਿਚ ਮੁੱਦਤਾਂ ਲੱਗ ਜਾਂਦੀਆਂ। ਆਪਣੇ ਕਦੇ ਵੀ ਪਰਾਏ ਹੋ ਸਕਦੇ ਨੇ, ਪਰ ਜੇ ਪਰਾਏ ਆਪਣੇ ਬਣ ਜਾਣ ਤਾਂ ਉਨ੍ਹਾਂ ਦਾ ਪਰਾਏ ਹੋਣਾ ਬਹੁਤ ਹੀ ਅਸੰਭਵ ਹੁੰਦਾ।" ਸਮਾਜ ਅੱਜ ਅਮੀਰ-ਗਰੀਬ, ਊਚ-ਨੀਚ ਅਤੇ ਹੋਰ ਅਨੇਕਾਂ ਤਰ੍ਹਾਂ ਦੀਆਂ ਵੰਡੀਆਂ ਵਿਚ ਵੰਡਿਆ ਹੋਇਆ ਹੈ, ਪਰ ਇਹ ਵੰਡੀਆਂ ਰੱਬ ਨੇ ਨਹੀਂ ਪਾਈਆਂ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਊਚ-ਨੀਚ ਦੀਆਂ ਪਰਤਾਂ ਫਰੋਲਦਿਆਂ ਕਿਹਾ ਹੈ, "ਛੋਟਾ ਜਾਂ ਵੱਡਾ ਸਿਰਫ ਮਨੁੱਖ ਨੇ ਹੀ ਬਣਾਇਆ। ਬਿਰਖਾਂ, ਪਰਿੰਦਿਆਂ ਜਾਂ ਕਾਇਨਾਤ ਵਿਚ ਕੁਝ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸਭ ਬਰਾਬਰ। ਸਭ ਦਾ ਇਕਸਾਰ ਤੇ ਆਪਣੀ ਵਿੱਤ ਅਨੁਸਾਰ ਬਣਦਾ-ਸਰਦਾ ਯੋਗਦਾਨ।" ਉਹ ਦੱਸਦੇ ਹਨ, ਅੱਜ ਵੱਡੇ ਤੇ ਛੋਟੇ ਘਰਾਂ ਦਾ ਫਰਕ ਪਾਇਆ ਜਾ ਰਿਹਾ ਹੈ, ਪਰ ਉਹ ਕਹਿੰਦੇ ਹਨ, "ਸੌਣ ਲੱਗਿਆਂ ਪਾਈਆਂ ਬਾਤਾਂ ਤੇ ਹੁੰਗਾਰੇ, ਬੱਚਿਆਂ ਦੀਆਂ ਕੰਧਾਂ 'ਤੇ ਮਾਰੀਆਂ ਲੀਕਾਂ, ਪਾਇਆ ਹੋਇਆ ਖਿਲਾਰਾ ਜਾਂ ਮਚਾਇਆ ਧਮੱਚੜ ਹੀ ਘਰ ਨੂੰ ਜਿਉਣ ਜੋਗਾ ਕਰਦਾ।" ਉਨ੍ਹਾਂ ਦੀ ਨਸੀਹਤ ਹੈ, "ਲੋੜ ਹੈ, ਨਿੱਕੇ-ਵੱਡੇ ਦੇ ਬਖੇੜੇ ਨੂੰ ਆਪਣੀ ਸੋਚ, ਜੀਵਨ ਅਤੇ ਦਿੱਖ 'ਚੋਂ ਮਨਫੀ ਕਰ ਕੇ ਸਭ ਨੂੰ ਇਕ ਹੀ ਦ੍ਰਿਸ਼ਟੀ ਨਾਲ ਦੇਖਣ ਦੀ।" -ਸੰਪਾਦਕ***

ਕੋਈ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ। ਇਹ ਤਾਂ ਸਾਡੀ ਸੋਚ ਵਿਚਲਾ ਅਸਾਵਾਂਪਣ। ਦੀਦਿਆਂ ਵਿਚ ਛੁਪਿਆ ਭੈਂਗਾਪਣ ਹੀ ਸਾਡੀ ਨਜ਼ਰ ਨੂੰ ਧੁਆਂਖਦਾ।

ਕੁਝ ਲੋਕ ਉਚੇ ਹੋ ਕੇ ਸਦਾ ਨੀਵੇਂ ਹੀ ਰਹਿੰਦੇ, ਤੇ ਕੁਝ ਛੋਟੇ ਲੋਕ ਜਦ ਉਚੇ ਹੋ ਜਾਂਦੇ ਤਾਂ ਉਚਾਪਣ ਉਨ੍ਹਾਂ ਦੇ ਸਿਰ ਨੂੰ ਚੜ੍ਹ ਜਾਂਦਾ, ਜਦੋਂ ਕਿ ਸਦਾ ਨੀਵੇਂ ਰਹਿ ਕੇ ਨਿਮਰਤਾ ਅਤੇ ਨਿਰਮਾਣਤਾ ਦਾ ਸਿਰਨਾਵਾਂ ਬਣਨ ਵਾਲੇ ਸਦਾ ਉਚੇ ਹੀ ਰਹਿੰਦੇ।

ਛੋਟਾ ਜਾਂ ਵੱਡਾ ਮਨੁੱਖੀ ਫਿਤਰਤ ਦੀ ਨਾ-ਬਰਾਬਰੀ ਦਾ ਪ੍ਰਤੀਕ। ਮਨ-ਬਰੂਹਾਂ ਵਿਚ ਛੁਪੀ ਹੀਣ ਭਾਵਨਾ ਦਾ ਪ੍ਰਗਟਾਓ, ਜੋ ਬਣਦਾ ਏ ਮਨੁੱਖੀ ਸ਼ਖਸੀਅਤ ਦਾ ਘਟਾਓ।

ਛੋਟਾ ਜਾਂ ਵੱਡਾ ਸਿਰਫ ਮਨੁੱਖ ਨੇ ਹੀ ਬਣਾਇਆ। ਬਿਰਖਾਂ, ਪਰਿੰਦਿਆਂ ਜਾਂ ਕਾਇਨਾਤ ਵਿਚ ਕੁਝ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸਭ ਬਰਾਬਰ। ਸਭ ਦਾ ਇਕਸਾਰ ਤੇ ਆਪਣੀ ਵਿੱਤ ਅਨੁਸਾਰ ਬਣਦਾ-ਸਰਦਾ ਯੋਗਦਾਨ। ਇਸ ਵਿਚ ਹਰੇਕ ਦੇ ਯੋਗਦਾਨ ਨੂੰ ਕਦੀ ਵੀ ਛੁਟਿਆਇਆ ਨਹੀਂ ਜਾ ਸਕਦਾ।

ਛੋਟੇ ਜਾਂ ਵੱਡੇ ਦੀ ਵਰਗ-ਵੰਡ ਵਿਚ ਇਕੱਲਾ ਮਨੁੱਖ ਹੀ ਨਹੀਂ, ਇਸ ਵਿਚ ਬਹੁਤ ਸਾਰੇ ਆਉਂਦੇ। ਆਲੇ-ਦੁਆਲੇ ਵਿਚ ਪਸਰੇ ਪਸਾਰੇ ਨੂੰ ਮਨੁੱਖ ਨੇ ਛੋਟਾ, ਵੱਡਾ, ਦਰਮਿਆਨਾ ਆਦਿ ਬਹੁਤ ਸਾਰੇ ਵਰਗਾਂ ਵਿਚ ਵੰਡ ਕੇ, ਉਨ੍ਹਾਂ ਵਿਚ ਪਾੜਾ ਪਾਉਣ ਅਤੇ ਨਫਰਤ ਦੀ ਕੰਧ ਉਸਾਰਨ ਦੀ ਵਿਉਂਤਬੰਦੀ ਕੀਤੀ ਏ। ਇਹ ਸਿਰਫ ਕੁਝ ਕੁ ਉਨ੍ਹਾਂ ਲੋਕਾਂ ਨੂੰ ਮੁਫੀਦ ਏ, ਜੋ ਆਪਣੀ ਹਉਮੈ ਤੇ ਹੰਕਾਰ ਨਾਲ ਦੂਜਿਆਂ 'ਤੇ ਹਕੂਮਤ ਚਲਾਉਣ ਅਤੇ ਉਨ੍ਹਾਂ ਨੂੰ ਨੀਵਾਂ ਦਿਖਾਉਣ ਤੀਕ ਹੀ ਸੀਮਤ। ਇਹ ਮਨੁੱਖੀ ਨੀਚਤਾ ਦੀ ਸਭ ਤੋਂ ਡੂੰਘੀ ਰਸਾਤਲ।

ਮਨੁੱਖ ਨੇ ਮਨੁੱਖ ਨੂੰ ਪਹਿਲਾਂ ਜਾਤਾਂ ਵਿਚ ਵੰਡਿਆ। ਫਿਰ ਜਾਤਾਂ ਨੂੰ ਊਚ-ਨੀਚ ਵਿਚ ਵੰਡ ਕੇ, ਖੁਦ ਨੂੰ ਉਚੀ ਜਾਤ ਅਤੇ ਦੂਜੇ ਨੂੰ ਨੀਵੀਂ ਜਾਤ ਦਾ ਦਿਖਾਉਣ ਲਈ ਹਰ ਹਰਬਾ ਵਰਤਿਆ ਏ ਅਤੇ ਵਰਤ ਰਿਹਾ ਏ। ਮਨੁੱਖੀ ਬਰਾਬਰੀ ਦਾ ਪੈਗਾਮ ਦੇਣ ਵਾਲੇ ਧਾਰਮਿਕ ਸੰਦੇਸ਼ਾਂ ਨੂੰ ਦਰ-ਕਿਨਾਰ ਕਰਕੇ, ਆਪੋ-ਆਪਣੇ ਧਾਰਮਿਕ ਅਦਾਰੇ ਬਣਾ ਲਏ। ਕੁਝ ਨੂੰ ਅਛੂਤ ਆਖ ਕੇ ਮੰਦਿਰ ਵਿਚ ਜਾਣ ਦੀ ਮਨਾਹੀ ਕੀਤੀ। ਜਦ ਜੱਟਵਾਦ ਨੇ ਕੁਝ ਕੁ ਨੂੰ ਗੁਰਦੁਆਰੇ ਜਾਣ ਤੋਂ ਰੋਕਿਆ ਤਾਂ ਲੁਬਾਣਿਆਂ, ਰਵਿਦਾਸੀਆਂ, ਰਾਮਗੜੀਆਂ ਕਬੀਰਪੰਥੀਆਂ ਆਦਿ ਦੇ ਗੁਰਦੁਆਰੇ ਹੋਂਦ ਵਿਚ ਆ ਗਏ। ਸ਼ੀਆ ਅਤੇ ਸੁੰਨੀ ਮੁਸਲਮਾਨ ਇਕ ਥਾਂ 'ਤੇ ਇਬਾਦਤ ਨਹੀਂ ਕਰ ਸਕਦੇ।

'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੀ ਭਾਵਨਾ ਨੂੰ ਤਾਂ ਅਸੀਂ ਹਜ਼ਮ ਕਰਕੇ ਡੱਕਾਰ ਵੀ ਨਹੀਂ ਮਾਰਦੇ, ਇਸ 'ਤੇ ਅਮਲ ਕੀ ਕਰਨਾ?

***ਮਨੁੱਖ ਨੇ ਮਨੁੱਖ ਨੂੰ ਪਹਿਲਾਂ ਜਾਤਾਂ ਵਿਚ ਵੰਡਿਆ। ਫਿਰ ਜਾਤਾਂ ਨੂੰ ਊਚ-ਨੀਚ ਵਿਚ ਵੰਡ ਕੇ, ਖੁਦ ਨੂੰ ਉਚੀ ਜਾਤ ਅਤੇ ਦੂਜੇ ਨੂੰ ਨੀਵੀਂ ਜਾਤ ਦਾ ਦਿਖਾਉਣ ਲਈ ਹਰ ਹਰਬਾ ਵਰਤਿਆ ਏ ਅਤੇ ਵਰਤ ਰਿਹਾ ਏ। ਮਨੁੱਖੀ ਬਰਾਬਰੀ ਦਾ ਪੈਗਾਮ ਦੇਣ ਵਾਲੇ ਧਾਰਮਿਕ ਸੰਦੇਸ਼ਾਂ ਨੂੰ ਦਰ-ਕਿਨਾਰ ਕਰਕੇ, ਆਪੋ-ਆਪਣੇ ਧਾਰਮਿਕ ਅਦਾਰੇ ਬਣਾ ਲਏ। ਕੁਝ ਨੂੰ ਅਛੂਤ ਆਖ ਕੇ ਮੰਦਿਰ ਵਿਚ ਜਾਣ ਦੀ ਮਨਾਹੀ ਕੀਤੀ। ਜਦ ਜੱਟਵਾਦ ਨੇ ਕੁਝ ਕੁ ਨੂੰ ਗੁਰਦੁਆਰੇ ਜਾਣ ਤੋਂ ਰੋਕਿਆ ਤਾਂ ਲੁਬਾਣਿਆਂ, ਰਵਿਦਾਸੀਆਂ, ਰਾਮਗੜੀਆਂ ਕਬੀਰਪੰਥੀਆਂ ਆਦਿ ਦੇ ਗੁਰਦੁਆਰੇ ਹੋਂਦ ਵਿਚ ਆ ਗਏ। ਸ਼ੀਆ ਅਤੇ ਸੁੰਨੀ ਮੁਸਲਮਾਨ ਇਕ ਥਾਂ 'ਤੇ ਇਬਾਦਤ ਨਹੀਂ ਕਰ ਸਕਦੇ।
'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੀ ਭਾਵਨਾ ਨੂੰ ਤਾਂ ਅਸੀਂ ਹਜ਼ਮ ਕਰਕੇ ਡੱਕਾਰ ਵੀ ਨਹੀਂ ਮਾਰਦੇ, ਇਸ 'ਤੇ ਅਮਲ ਕੀ ਕਰਨਾ?***

ਵੱਡੇਪਣ ਅਤੇ ਛੋਟੇਪਣ ਦੀ ਇੰਤਹਾ ਹੀ ਹੈ ਕਿ ਔਰਤਾਂ ਮਸਜਿਦ ਵਿਚ ਨਮਾਜ਼ ਨਹੀਂ ਅਦਾ ਕਰ ਸਕਦੀਆਂ। ਕੁਝ ਮੰਦਿਰਾਂ ਵਿਚ ਤਾਂ ਔਰਤਾਂ ਦੇ ਜਾਣ 'ਤੇ ਪਾਬੰਦੀ ਹੈ। ਹਰਿਮੰਦਰ ਸਾਹਿਬ ਵਿਚ ਔਰਤਾਂ ਦੇ ਕੀਰਤਨ ਕਰਨ ਦੀ ਮਨਾਹੀ ਉਸ ਧਾਰਮਿਕ ਸੰਸਥਾ ਨੇ ਲਾਈ ਏ, ਜੋ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਫੈਲਾਉਣ ਅਤੇ ਅਪਨਾਉਣ ਲਈ ਹੀ ਬਣੀ ਸੀ। ਗੁਰ-ਸੋਚ ਨੂੰ ਦਫਨ ਕਰਨ ਵਿਚ ਵੀ ਇਹੀ ਸੰਸਥਾ ਮੋਹਰੀ ਭੂਮਿਕਾ ਨਿਭਾ ਰਹੀ ਏ। ਔਰਤ ਤੇ ਮਰਦ ਦਾ ਇਹ ਵਖਰੇਵਾਂ ਕਿਉਂ? ਔਰਤ ਨੂੰ ਨੀਵਾਂ ਸਮਝਣ ਤੇ ਮਰਦ ਦਾ ਖੁਦ ਨੂੰ ਉਚਾ ਸਮਝਣਾ, ਕਿਹੜੀ ਸੋਚ ਦਾ ਲਖਾਇਕ ਏ?

ਮਨੁੱਖ ਨੇ ਸਿਰਫ ਮਨੁੱਖਾਂ ਵਿਚ ਹੀ ਵੰਡੀਆਂ ਨਹੀਂ ਪਾਈਆਂ, ਸਗੋਂ ਉਸ ਨੇ ਕਿੱਤਿਆਂ ਨੂੰ ਵੀ ਵੰਡ ਕੇ, ਕਿਸੇ ਨੂੰ ਨੀਵਾਂ ਅਤੇ ਕਿਸੇ ਨੂੰ ਉਚਾ ਬਣਾ ਦਿਤਾ ਏ। ਕੰਮ ਕੋਈ ਵੀ ਮਾੜਾ ਨਹੀਂ ਹੁੰਦਾ, ਪਰ ਇਹ ਕੇਹੀ ਮਾਨਸਿਕਤਾ ਕਿ ਚਪੜਾਸੀ/ਸਫਾਈ ਸੇਵਕ ਨੂੰ ਬਹੁਤ ਹੀ ਛੋਟਾ ਸਮਝ ਕੇ ਦੁਰਕਾਰਿਆ ਤੇ ਝਿੜਕਿਆ ਜਾਂਦਾ, ਜਦੋਂ ਕਿ ਅਫਸਰ ਹਰਦਮ ਧੌਂਸ ਜਮਾਉਂਦਾ, ਮਾਤਹਿਤਾਂ ਨੂੰ ਨਿੱਜ ਲਈ ਵਰਤਣ ਦੀ ਤਾਕ ਵਿਚ ਰਹਿੰਦਾ। ਨੌਕਰੀਆਂ ਦੀ ਇਹ ਵੰਡ ਸਿਰਫ ਭਾਰਤ ਵਰਗੇ ਦੇਸ਼ਾਂ ਵਿਚ ਹੀ ਹੈ। ਵਿਕਸਿਤ ਦੇਸ਼ਾਂ ਵਿਚ ਹਰ ਕਾਮਾ ਬਰਾਬਰ। ਵੱਡੇ ਅਦਾਰੇ ਦਾ ਮਾਲਕ ਵੀ ਖੁਦ ਕੁਰਸੀ ਸਾਫ ਕਰੇਗਾ। ਖੁਦ ਪਾਣੀ ਦਾ ਗਿਲਾਸ ਲੈਣ ਸਮੇਤ ਹਰੇਕ ਕੰਮ ਆਪ ਹੀ ਕਰੇਗਾ। ਉਥੇ ਮਾਲਕ ਜਾਂ ਅਫਸਰ ਘੰਟੀ ਨਹੀਂ ਮਾਰਦਾ। ਸਭ ਹੀ ਅਫਸਰ ਅਤੇ ਸਾਰੇ ਹੀ ਕਾਮੇ। ਮਨੁੱਖ ਨੂੰ ਬਰਾਬਰ ਦਾ ਸਮਝ ਕੇ ਆਦਰ ਤੇ ਮਾਣ ਕੀਤਾ ਜਾਂਦਾ। ਕੋਈ ਵੀ ਨੀਵਾਂ ਜਾਂ ਉਚਾ ਨਹੀਂ। ਯਾਦ ਰਹੇ, ਕੰਮ ਸਿਰਫ ਕੰਮ ਹੀ ਹੁੰਦਾ ਅਤੇ ਕੋਈ ਵੀ ਕੰਮ ਮਾੜਾ ਨਹੀਂ। ਮਾੜੀ ਤਾਂ ਭਾਵਨਾ ਹੁੰਦੀ, ਜੋ ਕਿਸੇ ਵੀ ਕੰਮ ਨੂੰ ਚੰਗੇਰਾ ਵੀ ਬਣਾ ਸਕਦੀ ਏ ਤੇ ਮਾੜਾ ਵੀ। ਕੰਮ ਨੂੰ ਕੰਮ ਸਮਝ ਕੇ ਕੀਤਾ ਜਾਵੇ ਤਾਂ ਇਸ ਵਰਗੀ ਕੋਈ ਨੇਕਨੀਅਤੀ ਨਹੀਂ। ਇਹ ਹੀ ਸਭ ਤੋਂ ਵੱਡਾ ਕਰਮ-ਧਰਮ। ਇਹ ਕਰਮਯੋਗਤਾ ਹੀ ਮਨੁੱਖੀ ਕਰਮ-ਜਾਚਨਾ ਬਣ ਕੇ ਉਸ ਦੀ ਸੋਚ ਵਿਚਲੀਆਂ ਤਰਜ਼ੀਹਾਂ ਨੂੰ ਅਮੀਰੀ ਬਖਸ਼ਦੀ। ਮੇਰਾ ਦੋਸਤ ਸੀ, ਆਰਮੀ ਵਿਚ ਕਰਨਲ। 'ਕੇਰਾਂ ਮਿਲਣ 'ਤੇ ਕਹਿਣ ਲੱਗਾ ਕਿ ਮੈਂ ਆਪਣੇ ਬੇਟੇ ਨੂੰ ਕਿਹਾ ਹੈ ਕਿ ਜੋ ਕੁਝ ਵੀ ਕਰਨਾ ਜਾਂ ਬਣਨਾ ਹੈ, ਉਚਤਮ ਦਰਜੇ ਦਾ ਹੋਣਾ ਚਾਹੀਦਾ। ਭਾਵੇਂ ਤੂੰ ਮੋਚੀ ਬਣ, ਦਰਜੀ ਬਣ ਜਾਂ ਝਾੜੂ-ਬਰਦਾਰ। ਮੁੱਲ ਕੰਮ ਦਾ ਪੈਂਦਾ ਏ, ਕੁਰਸੀ ਦਾ ਨਹੀਂ।

ਮਨੁੱਖੀ ਫਿਤਰਤ ਵਿਚ ਵੱਸੇ ਵੱਡੇਪਣ ਦਾ ਫਤੂਰ ਹੀ ਹੈ ਕਿ ਉਹ ਵੱਡੇ ਤੋਂ ਵੱਡੇ ਘਰਾਂ ਦਾ ਚਾਹਵਾਨ ਹੋ ਕੇ ਆਪਣੇ ਘਰ ਨੂੰ ਦੂਜੇ ਨਾਲੋਂ ਵੱਡਾ ਦਿਖਾਉਣ ਲਈ ਯੋਗ-ਅਯੋਗ ਤਰੀਕੇ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਇਸੇ ਕਰਕੇ ਵੱਡੇ ਘਰਾਂ ਵਿਚ ਅਕਸਰ ਬੌਣੇ ਲੋਕ ਰਹਿੰਦੇ ਨੇ। ਘਰ ਕਦੇ ਵੀ ਵੱਡਾ ਜਾਂ ਛੋਟਾ ਨਹੀਂ ਹੁੰਦਾ। ਸਗੋਂ ਘਰ ਉਹ ਹੀ ਘਰ ਹੁੰਦਾ, ਜੋ ਘਰ ਵਾਲੇ ਘਰ ਵਾਲਿਆਂ ਲਈ ਬਣਾਉਂਦੇ। ਘਰ ਵਾਲੇ ਇਸ ਵਿਚ ਰਹਿ ਕੇ ਘਰ ਨੂੰ ਉਸ ਦੇ ਸੱਚੇ-ਸੁੱਚੇ ਅਰਥਾਂ ਨਾਲ ਨਿਵਾਜਦੇ। ਵੱਡੇ ਵੱਡੇ ਘਰਾਂ ਵਿਚ ਅਕਸਰ ਹੀ ਸੁੰਨ ਪਸਰੀ ਰਹਿੰਦੀ। ਇਸ ਦੇ ਕਮਰਿਆਂ ਨੂੰ ਉਹ ਖਲੂਸ ਤੇ ਹੁਲਾਸ ਹਾਸਲ ਨਹੀਂ ਹੁੰਦਾ, ਜੋ ਛੋਟੇ ਜਿਹੇ ਘਰ ਵਿਚ ਕੋਲ-ਕੋਲ ਡਾਹੇ ਮੰਜਿਆਂ 'ਤੇ ਸੌਣ ਵਾਲਿਆਂ ਨੂੰ ਹੁੰਦਾ। ਹੁਣ ਘਰ ਤਾਂ ਵੱਡੇ ਹੋ ਗਏ, ਪਰ ਇਸ ਵਿਚ ਰਹਿਣ ਵਾਲੇ ਬਹੁਤ ਹੀ ਛੋਟੇ। ਕਮਰਿਆਂ ਵਿਚ ਵੰਡਿਆ ਘਰ ਹੁਣ ਟੁਕੜਿਆਂ ਨੂੰ ਸਾਂਭਣ ਵਿਚ ਆਪਣੀ ਹੋਂਦ ਗਵਾ ਲੈਂਦਾ ਕਿਉਂਕਿ ਘਰ ਨੂੰ ਘਰ ਦੇ ਅਰਥ ਦੇਣ ਵਾਲੇ ਖੁਦ ਹੀ ਗੁੰਮਸ਼ੁਦੀ ਦਾ ਸਿਰਲੇਖ ਬਣ ਗਏ ਨੇ। ਸੌਣ ਲੱਗਿਆਂ ਪਾਈਆਂ ਬਾਤਾਂ ਤੇ ਹੁੰਗਾਰੇ, ਬੱਚਿਆਂ ਦੀਆਂ ਕੰਧਾਂ 'ਤੇ ਮਾਰੀਆਂ ਲੀਕਾਂ, ਪਾਇਆ ਹੋਇਆ ਖਿਲਾਰਾ ਜਾਂ ਮਚਾਇਆ ਧਮੱਚੜ ਹੀ ਘਰ ਨੂੰ ਜਿਉਣ ਜੋਗਾ ਕਰਦਾ। ਘਰਾਂ ਨੂੰ ਛੋਟਿਆਂ ਜਾਂ ਵੱਡਿਆਂ ਵਿਚ ਨਾ ਵੰਡੋ, ਸਗੋਂ ਇਸ 'ਚੋਂ ਮਿਲਣ ਵਾਲੀਆਂ ਖੁਸ਼ੀਆਂ, ਉਪਜਣ ਵਾਲੇ ਖੇੜੇ ਅਤੇ ਪਨਪੇ ਨਿੱਘ ਤੇ ਅਪਣੱਤ ਦੀ ਜਰਖੇਜ਼ਤਾ ਨੂੰ ਆਧਾਰ ਬਣਾ ਕੇ ਘਰਾਂ ਦਾ ਵਰਗੀਕਰਣ ਕਰੋਗੇ ਤਾਂ ਹਰ ਘਰ ਹੀ ਘਰ ਬਣਨ ਦੇ ਰਾਹ ਤੁਰ ਪਵੇਗਾ। ਫਿਰ ਘਰ ਨੂੰ ਵੱਡੇ ਜਾਂ ਛੋਟੇ ਦਾ ਖਿਆਲ ਨਹੀਂ ਆਵੇਗਾ, ਸਗੋਂ ਘਰ ਸਿਰਜਣ ਦਾ ਸੁਪਨਾ ਹੀ ਉਸ ਦੀ ਬੰਦਗੀ ਹੋਵੇਗੀ।

ਆਮ ਲੋਕਾਈ ਨੂੰ ਧਰਮ ਅਤੇ ਅਧਰਮ ਵਿਚ ਵੰਡ ਕੇ, ਅਡੰਬਰੀ ਲੋਕਾਂ ਨੇ ਵੱਖਰਾ ਸੰਸਾਰ ਸਿਰਜਣ ਲਈ ਅਜਿਹਾ ਕਦਮ ਪੁੱਟਿਆ, ਜਿਸ ਨੇ ਸੰਸਾਰ ਵਿਚ ਮੁਸ਼ਕਿਲਾਂ ਹੀ ਮੁਸ਼ਕਿਲਾਂ ਪੈਦਾ ਕੀਤੀਆਂ। ਦਰਅਸਲ ਧਰਮੀ ਲੋਕ ਜਦ ਮੁਖੌਟਿਆਂ ਵਿਚ ਜੀਣਾ ਸ਼ੁਰੂ ਕਰਦੇ ਤਾਂ ਉਹ ਅਧਰਮੀ ਹੀ ਹੁੰਦੇ। ਇਸ ਅਧਰਮਪੁਣੇ ਵਿਚੋਂ ਹੀ ਕੁਝ ਲੋਕਾਂ ਨੇ ਜਦ ਆਪਣੇ ਧਰਮ ਨੂੰ ਦੂਜੇ ਧਰਮਾਂ ਨਾਲੋਂ ਵੱਡਾ ਅਤੇ ਦੂਜੇ ਦੇ ਧਰਮ ਨੂੰ ਨੀਵਾਂ ਦਿਖਾਉਣ ਲਈ ਯਤਨ ਅਰੰਭੇ ਤਾਂ ਧਰਮ ਦੀ ਆਸਥਾ ਜ਼ਾਰੋ-ਜ਼ਾਰ ਰੋਈ। ਇਹ ਸਿਲਸਿਲਾ ਹੁਣ ਤੀਕ ਵੀ ਜਾਰੀ। ਕੋਈ ਵੀ ਇਸ ਵੱਡੇ-ਛੋਟੇ ਦਾ ਨਿਪਟਾਰਾ ਕਰਨ ਅਤੇ ਇਸ ਪਾੜ ਨੂੰ ਪੂਰਨ ਲਈ ਤਿਆਰ ਨਹੀਂ। ਹਰੇਕ ਆਪਣੇ ਪੈਂਤੜੇ 'ਤੇ ਅਡੋਲ ਅਤੇ ਦੂਜੇ ਨੂੰ ਨੀਵਾਂ ਸਾਬਤ ਕਰਨ ਲਈ ਬਜ਼ਿੱਦ। ਹੁਣ ਧਾਰਮਿਕ ਅਦਬ ਤੇ ਅਦੀਬ ਤਾਂ ਅੰਤਿਮ ਅਰਦਾਸ ਦੀ ਹੀ ਉਡੀਕ ਕਰ ਰਹੇ ਨੇ। ਲੋੜ ਹੈ, ਸਭ ਧਰਮਾਂ ਨੂੰ ਸਮਾਨ ਸਮਝ ਕੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਜੀਵਨ-ਜਾਚ ਦਾ ਮੂਲ ਮੰਤਰ ਬਣਾਇਆ ਜਾਵੇ। ਇਸ ਨੇ ਹੀ ਜੀਵਨ ਨੂੰ ਸੁਹੰਢਣੀ ਜੀਵਨ-ਜਾਚ ਦੇਣੀ ਹੁੰਦੀ।

ਬੜਾ ਦੁੱਖ ਹੁੰਦਾ ਜਦ ਸੰਵੇਦਨਸ਼ੀਲ ਲੋਕ ਵੀ ਵੱਡੇ ਜਾਂ ਛੋਟੇ ਵਿਚ ਉਲਝ ਕੇ ਆਪਣੇ ਸੁਹਜ, ਸੰਵੇਦਨਾ, ਕਲਾ-ਬਿਰਤੀ ਅਤੇ ਕਿਰਤ-ਕਰਮ ਨੂੰ ਕਲੰਕਤ ਕਰਨ ਵੰਨੀਂ ਰੁਚਿਤ ਹੋ ਜਾਂਦੇ। ਕੇਹੀ ਸੋਚ ਕਿ ਆਪਣੇ ਧੜੇ ਦਾ ਪੱਖ ਪੂਰਨ ਲਈ, ਦੂਜੇ ਦੀ ਕਵਿਤਾ/ਕਲਾ ਨੂੰ ਹੀਣੀ ਅਤੇ ਆਪਣੇ ਦੀ ਕਵਿਤਾ ਨੂੰ ਉਤਮ ਕਹਿਣਾ! ਇਹ ਸੋਚ ਅਜੋਕੇ ਸਾਹਿਤਕਾਰਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਵਿਚ ਆਮ ਹੀ ਭਾਰੂ। ਇਸ ਨੇ ਅਦਬ ਦਾ ਜਿੰਨਾ ਨੁਕਸਾਨ ਕੀਤਾ, ਹੋਰ ਕਿਸੇ ਨੇ ਨਹੀਂ ਕੀਤਾ। ਆਮ ਲੋਕ ਅਦਬੀ ਅਤੇ ਵਿਦਵਾਨਾਂ ਕੋਲੋਂ ਸੇਧ ਲੈਣ ਲਈ ਉਤਸੁਕ ਹੁੰਦੇ। ਜਦ ਅਜੋਕੇ ਬੁੱਧੀਜੀਵੀ ਹੀ ਸੇਧਹੀਣ ਹੋ ਜਾਣ ਅਤੇ ਕਿਸੇ ਨੂੰ ਉਚਾ ਤੇ ਕਿਸੇ ਨੂੰ ਨੀਵਾਂ ਦਿਖਾਉਣ ਲਈ ਆਪਣੀ ਸਮਰੱਥਾ ਅਤੇ ਊਰਜਾ ਲਾਉਣ ਲੱਗ ਪੈਣ ਤਾਂ ਇਸ ਨੂੰ ਕੀ ਕਹੋਗੇ? ਇਹ ਲੋਕ ਸਮਾਜ ਨੂੰ ਕਿਹੜੇ ਸੁਚਾਰੂ ਜਾਂ ਉਚਾਰੂ ਪਾਸੇ ਲਿਜਾਣਗੇ? ਸਹੀ ਸੋਚਣ ਤੇ ਸਮਝਣ ਲਈ ਆਪਣੇ ਅੰਤਰੀਵ ਵਿਚ ਝਾਤੀ ਮਾਰਨ ਅਤੇ ਆਪਣੇ ਆਪ ਨੂੰ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥' ਨੂੰ ਆਪਣੀ ਦਿੱਭ-ਦ੍ਰਿਸ਼ਟੀ ਦਾ ਹਿੱਸਾ ਬਣਾਵਾਂਗੇ ਤਾਂ ਖੁਦ ਵਿਕਾਸ ਦੇ ਨਾਲ ਨਾਲ ਅਸੀਂ ਸਮਾਜਕ ਵਿਕਾਸ ਵਿਚ ਵੀ ਭਰਪੂਰ ਤੇ ਉਸਾਰੂ ਯੋਗਦਾਨ ਪਾਉਣ ਵਿਚ ਸਹਾਈ ਹੋਵਾਂਗੇ।

ਡਾਕਟਰ, ਇੰਜੀਨੀਅਰ ਅਧਿਆਪਕ ਜਾਂ ਕਿਸੇ ਪੇਸ਼ੇਵਰ ਨੂੰ ਛੋਟੇ ਜਾਂ ਵੱਡੇ 'ਚ ਨਹੀਂ ਵੰਡੀਦਾ। ਇਸ ਨਾਲ ਉਨ੍ਹਾਂ ਦੀ ਲਿਆਕਤ, ਯੋਗਤਾ ਅਤੇ ਸਿਆਣਪ ਹੀ ਨਕਾਰਦੇ ਹਾਂ। ਸਗੋਂ ਕਿੱਤੇ ਵਿਚਲੀ ਮੁਹਾਰਤ ਵਿਚੋਂ ਹੀ ਪਰਖਣਾ ਚਾਹੀਦਾ, ਨਾ ਕਿ ਨਿੱਕੇ/ਵੱਡੇ ਦੇ ਅੰਤਰ ਵਿਚ ਉਲਝ ਕੇ ਬੇਲੋੜੀਆਂ ਘੁਣਤਰਾਂ ਨੂੰ ਜਨਮ ਦੇਣਾ ਚਾਹੀਦਾ। ਕਿਸੇ ਨੂੰ ਨੀਚ ਕਹਿ ਕੇ ਉਸ ਵਿਚ ਹੀਣ ਭਾਵਨਾ ਪੈਦਾ ਕਰਨੀ, ਸਭ ਤੋਂ ਵੱਡਾ ਪਾਪ। ਇਸ ਪਾਪ ਤੋਂ ਉਮਰ ਭਰ ਨਿਜਾਤ ਨਹੀਂ ਪਾ ਸਕਦੇ ਕਿਉਂਕਿ ਪਾਪ ਦਾ ਦਾਗ ਕਿਸੇ ਨਾ ਕਿਸੇ ਰੂਪ ਵਿਚ ਅੰਤਰ ਆਤਮਾ ਨੂੰ ਪੀੜਤ ਜਰੂਰ ਕਰੇਗਾ।

ਬਿਰਖ ਕੋਈ ਵੀ ਵੱਡਾ ਜਾਂ ਨਿੱਕਾ ਨਹੀਂ ਹੁੰਦਾ। ਹਰ ਬਿਰਖ ਨੂੰ ਹੀ ਫੁੱਲ ਤੇ ਫਲ ਲਗਦੇ। ਉਹ ਕਾਇਨਾਤ ਨੂੰ ਹੋਰ ਸੁੰਦਰ ਅਤੇ ਸਦੀਵ ਬਣਾਉਣ ਵਿਚ ਆਪਣਾ ਯੋਗਦਾਨ ਪਾਉਂਦਾ।

***ਵੱਡੇਪਣ ਅਤੇ ਛੋਟੇਪਣ ਦੀ ਇੰਤਹਾ ਹੀ ਹੈ ਕਿ ਔਰਤਾਂ ਮਸਜਿਦ ਵਿਚ ਨਮਾਜ਼ ਨਹੀਂ ਅਦਾ ਕਰ ਸਕਦੀਆਂ। ਕੁਝ ਮੰਦਿਰਾਂ ਵਿਚ ਤਾਂ ਔਰਤਾਂ ਦੇ ਜਾਣ 'ਤੇ ਪਾਬੰਦੀ ਹੈ। ਹਰਿਮੰਦਰ ਸਾਹਿਬ ਵਿਚ ਔਰਤਾਂ ਦੇ ਕੀਰਤਨ ਕਰਨ ਦੀ ਮਨਾਹੀ ਉਸ ਧਾਰਮਿਕ ਸੰਸਥਾ ਨੇ ਲਾਈ ਏ, ਜੋ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਫੈਲਾਉਣ ਅਤੇ ਅਪਨਾਉਣ ਲਈ ਹੀ ਬਣੀ ਸੀ। ਗੁਰ-ਸੋਚ ਨੂੰ ਦਫਨ ਕਰਨ ਵਿਚ ਵੀ ਇਹੀ ਸੰਸਥਾ ਮੋਹਰੀ ਭੂਮਿਕਾ ਨਿਭਾ ਰਹੀ ਏ। ਔਰਤ ਤੇ ਮਰਦ ਦਾ ਇਹ ਵਖਰੇਵਾਂ ਕਿਉਂ? ਔਰਤ ਨੂੰ ਨੀਵਾਂ ਸਮਝਣ ਤੇ ਮਰਦ ਦਾ ਖੁਦ ਨੂੰ ਉਚਾ ਸਮਝਣਾ, ਕਿਹੜੀ ਸੋਚ ਦਾ ਲਖਾਇਕ ਏ?***

ਨਿੱਕੇ ਜਾਂ ਵੱਡੇ ਦੀ ਵਰਣ-ਵੰਡ ਨੂੰ ਕਿੰਜ ਕਿਆਸੋਗੇ, ਜਦ ਨਿੱਕੇ ਦੀ ਅਹਿਮੀਅਤ ਕਈ ਵਾਰ ਵੱਡਿਆਂ ਤੋਂ ਵੀ ਵੱਧ ਹੁੰਦੀ। ਸਾਈਕਲ ਦੇ ਟਾਇਰ ਦਾ ਨਿੱਕਾ ਜਿਹਾ ਵਾਲਵ, ਸਾਈਕਲ ਲਈ ਸਭ ਤੋਂ ਅਹਿਮ। ਸਾਈਕਲ ਬੇਕਾਰ ਹੀ ਹੋ ਜਾਂਦਾ, ਜਦ ਟਿਊਬ ਵਿਚਲਾ ਵਾਲਵ ਹੀ ਲੀਕ ਹੋ ਜਾਵੇ ਜਾਂ ਟਿਊਬ ਫੱਟ ਜਾਵੇ। ਸਾਈਕਲ ਦੇ ਕੁੱਤੇ ਨਿੱਕੇ ਜਿਹੇ ਰਬੜ ਦੇ ਟੁਕੜੇ ਹੁੰਦੇ ਅਤੇ ਇਨ੍ਹਾਂ ਦੇ ਫੇਲ੍ਹ ਹੋਣ 'ਤੇ ਸਾਈਕਲ ਨੂੰ ਕਿੰਜ ਚਲਾਵੋਗੇ? ਸਾਈਕਲ ਦਾ ਹਰ ਹਿੱਸਾ ਹੀ ਉਨਾ ਹੀ ਅਹਿਮ, ਜਿੰਨਾ ਇਸ ਦਾ ਵਾਲਵ ਜਾਂ ਕੁੱਤੇ। ਇਕ ਨਿੱਕਾ ਜਿਹਾ ਕਿਣਕਾ ਅੱਖ ਵਿਚ ਪੈ ਜਾਵੇ ਤਾਂ ਦ੍ਰਿਸ਼ਟੀ ਧੁੰਦਲੀ ਹੋ ਜਾਂਦੀ, ਅੱਖ ਵਿਚ ਵਗਦਾ ਪਾਣੀ ਸਾਡੇ ਲਈ ਔਖਿਆਈ ਤੇ ਪੀੜਾ ਬਣਦਾ। ਕਿਣਕੇ ਦੇ ਅੱਖ 'ਚੋਂ ਬਾਹਰ ਨਿਕਲਣ 'ਤੇ ਹੀ ਅਸੀਂ ਰਾਹਤ ਮਹਿਸੂਸ ਕਰਦੇ। ਨਿੱਕੇ ਨਿੱਕੇ ਤੀਲੇ ਰਲ ਕੇ ਆਲ੍ਹਣਾ ਬਣਾਉਂਦੇ। ਇਕ ਇਕ ਇੱਟ ਹੀ ਘਰ ਨੂੰ ਸਿਰਜਣ ਵਿਚ ਸਹਾਈ ਹੁੰਦੀ। ਕੱਖਾਂ ਨੂੰ ਇਕੱਠੇ ਕਰਕੇ ਹੀ ਕੁੱਲੀ, ਝੌਂਪੜੀ, ਛੰਨ ਜਾਂ ਢਾਰਾ ਬਣਦਾ। ਇਕ ਕੱਖ ਦੀ ਅਹਿਮੀਅਤ ਨੂੰ ਕਿੰਜ ਨਕਾਰੋਗੇ? ਜੇ ਇਕ ਕੱਖ ਨੂੰ ਅੱਗ ਲੱਗ ਜਾਵੇ ਤਾਂ ਸਭ ਕੁਝ ਸੜ ਕੇ ਸੁਆਹ। ਸੋ, ਕੋਈ ਨਹੀਂ ਨਿੱਕਾ, ਨਿਤਾਣਾ ਜਾਂ ਨਿਮਾਣਾ। ਹਰੇਕ ਦੀ ਆਪਣੀ ਅਹਿਮੀਅਤ ਤੇ ਸਾਰਥਕਤਾ। ਉਸ ਸਾਰਥਕਤਾ ਵਿਚੋਂ ਹੀ ਉਸ ਦੀ ਹੋਂਦ ਨੂੰ ਕਿਆਸਣ ਤੇ ਸਮਝਣ ਦੀ ਸੋਝੀ ਹੋਣੀ ਚਾਹੀਦੀ।

ਕੋਈ ਵੀ ਕੌਮ, ਸਮਾਜ ਜਾਂ ਦੇਸ਼ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸਗੋਂ ਕੌਮੀਅਤ ਤੇ ਸਮਾਜਕ ਸਰੋਕਾਰਾਂ ਵਿਚਲੀ ਸੰਜੀਦਗੀ, ਦੇਸ਼ਾਂ ਵਿਚਲਾ ਮਿਲਵਰਤਣ, ਸਮੂਹਕ ਭਲਾਈ ਅਤੇ ਸ਼ੁਭ-ਚਿੰਤਨ ਨੂੰ ਸੋਚ ਦਾ ਹਿੱਸਾ ਬਣਾ ਕੇ ਹੀ ਚੰਗੇਰੇ ਭਵਿੱਖ ਵੰਨੀਂ ਕਦਮ ਉਠਾਏ ਜਾ ਸਕਦੇ। ਕੌਮਾਂ ਰਲ ਕੇ ਸਮਾਜ ਦੀ ਸਿਰਜਣਾ ਕਰਦੀਆਂ, ਸਮਾਜ ਦੇ ਵੱਖ ਵੱਖ ਰੂਪ ਹੀ ਕਿਸੇ ਦੇਸ਼ ਦੀ ਮੁਢਲੀ ਇਕਾਈ ਹੁੰਦੇ ਅਤੇ ਵੱਖ-ਵੱਖ ਦੇਸ਼ਾਂ ਦੇ ਸਮੂਹ ਨੂੰ ਹੀ ਸੰਸਾਰ ਦਾ ਨਾਂ ਦਿੱਤਾ ਜਾਂਦਾ। ਇਕਸਾਰ ਅਤੇ ਇਕਸੰਗ ਵਿਚੋਂ ਹੀ ਸਮੂਹਕ ਰੂਪ ਪ੍ਰਗਟਦਾ, ਜਿਸ ਵਿਚ ਛੋਟੇ-ਵੱਡੇ ਦਾ ਫਰਕ ਮਿਟ ਜਾਂਦਾ।

ਨਿੱਕੇ ਨਿੱਕੇ ਤਾਰੇ ਅੰਬਰ ਦਾ ਹੀ ਹਿੱਸਾ। ਇਹ ਰਲ ਕੇ ਚਾਨਣ ਦਾ ਵਣਜ ਕਰਦੇ। ਸਮੁੱਚੇ ਖਲਾਅ ਨੂੰ ਸੁੰਦਰ ਬਣਾਉਂਦੇ ਅਤੇ ਚਾਨਣ ਦਾ ਪਸਾਰ ਕਰਦੇ। ਸੂਰਜ ਤੇ ਚੰਦ ਦੀ ਵੀ ਉਹੀ ਭੂਮਿਕਾ ਹੈ, ਜੋ ਟੁੱਟਦੇ ਤਾਰੇ ਦੀ, ਜੁਗਨੂੰ ਦੀ ਜਾਂ ਉਜੜੀ ਮਜ਼ਾਰ 'ਤੇ ਜਗਦੇ ਚਿਰਾਗ ਦੀ ਹੁੰਦੀ। ਸਾਰੇ ਹੀ ਹਨੇਰਿਆਂ ਨੂੰ ਦੂਰ ਕਰ, ਰਾਤ ਦੀ ਵੱਖੀ ਵਿਚ ਚਾਨਣ ਦੀ ਜੋਤ ਜਗਾਉਂਦੇ ਅਤੇ ਭੁੱਲੇ ਭਟਕੇ ਰਾਹੀਆਂ ਨੂੰ ਮਾਰਗ ਦਿਖਾਉਂਦੇ। ਕਰਮ-ਜਾਚਨਾ ਹੀ ਸੁਘੜਤਾ ਅਤੇ ਸਿਆਣਪ ਨਾਲ ਮਾਨਵਵਾਦੀ ਵਰਤਾਰਾ ਬਣਦੀ।

ਇਕ ਬੂੰਦ ਦੀ ਅਹਿਮੀਅਤ ਕਿਸੇ ਪਿਆਸੇ ਨੂੰ ਪੁੱਛਣਾ। ਇਕ ਤ੍ਰੇਲ-ਤੁਪਕੇ ਨੂੰ ਫੁੱਲ 'ਤੇ ਥਰਥਰਾਉਂਦੇ ਅਤੇ ਰੰਗਾਂ ਨੂੰ ਪੁਣਦਿਆਂ ਦੇਖਣਾ, ਤੁਹਾਨੂੰ ਅੰਬਰ ਵਿਚ ਲਟਕਦੇ ਜਲ ਕਣਾਂ ਰਾਹੀਂ ਸਿਰਜੀ ਸਤਰੰਗੀ ਦੀ ਵੀ ਯਾਦ ਆਵੇਗੀ। ਸਮੁੰਦਰ ਦਾ ਪਾਣੀ ਕਦੇ ਸਤਰੰਗੀ ਨਹੀਂ ਬਣਾ ਸਕਦਾ, ਪਰ ਇਹ ਅਲੋਕਾਰੀ ਤੇ ਇਲਾਹੀ ਕਾਰਜ ਸਿਰਫ ਬੂੰਦਾਂ ਦੇ ਹਿੱਸੇ ਆਇਆ। ਤਿੱਪ ਦੀ ਕੀਮਤ ਵੀ ਉਨੀ ਹੁੰਦੀ, ਜਿੰਨੀ ਬੁੱਕ ਪਾਣੀ ਦੀ। ਦੋਹਾਂ ਦੀ ਆਪੋ ਆਪਣੀ ਸਾਰਥਕਤਾ, ਆਪੋ ਆਪਣੇ ਕਿਰਦਾਰ ਅਤੇ ਇਸ ਵਿਚੋਂ ਹੀ ਇਨ੍ਹਾਂ ਦੀ ਸੋਚ ਅਤੇ ਸਮਰੱਥਾ ਨੂੰ ਮਿਲਦਾ ਨਵੀਨਤਮ ਉਭਾਰ।

ਲੋੜ ਹੈ, ਨਿੱਕੇ-ਵੱਡੇ ਦੇ ਬਖੇੜੇ ਨੂੰ ਆਪਣੀ ਸੋਚ, ਜੀਵਨ ਅਤੇ ਦਿੱਖ ਵਿਚੋਂ ਮਨਫੀ ਕਰ ਕੇ ਸਭ ਨੂੰ ਇਕ ਹੀ ਦ੍ਰਿਸ਼ਟੀ ਨਾਲ ਦੇਖਣ ਤੇ ਇਸ ਦੀ ਉਪਭੋਗਤਾ ਨੂੰ ਇਸ ਦੇ ਸੰਦਰਭ ਵਿਚ ਵਿਚਾਰਨ ਦੀ ਆਦਤ ਪਾਈਏ। ਇਸ ਨਾਲ ਜੀਵਨੀ-ਅੰਤਰਾਂ ਨੂੰ ਸਦਾ ਲਈ ਖਤਮ ਕਰ ਸਕੋਗੇ। ਜੀਵਨ ਦੇ ਇਸ ਮੂਲ-ਮੰਤਰ ਨੂੰ ਜ਼ਿੰਦਗੀ ਦਾ ਸੁਜੱਗ ਤੇ ਸੁਯੋਗ ਸਾਥ ਬਣਾਓ। ਪਗਡੰਡੀ ਹੀ ਰਾਹ ਬਣਦੇ ਅਤੇ ਇਹੀ ਰਾਹ ਹੀ ਵੱਡੇ ਮਾਰਗ ਬਣਨ ਦੀ ਸਮਰੱਥਾ ਰੱਖਦੇ। ਮਨ ਵਿਚ ਪਾਲੇ ਨੀਵਿਆਂ ਦੇ ਭਰਮ ਨੂੰ ਦੂਰ ਕਰੋ। ਉਨ੍ਹਾਂ ਨੂੰ ਉਪਰ ਉਠਾਓ। ਆਪਣੇ ਬਰਾਬਰ ਕਰਨ ਦੀ ਸੋਝੀ, ਮਨ-ਬੀਹੀ ਵਿਚ ਗੁਣਗੁਣਾਓ। ਜ਼ਿੰਦਗੀ ਦਾ ਨਾਦ ਤੁਹਾਡਾ ਹਾਸਲ ਹੋਵੇਗਾ।

'ਮੈਂ ਨੀਵਾਂ ਮੇਰਾ ਮੁਰਸ਼ਦ ਉਚਾ ਅਤੇ ਅਸਾਂ ਉਚਿਆਂ ਦੇ ਸੰਗ ਲਾਈਆਂ, ਸਦਕੇ ਜਾਵਾਂ ਉਨ੍ਹਾਂ ਉਚਿਆਂ ਤਾਈਂ ਜਿਨ੍ਹਾਂ ਨੀਵਿਆਂ ਨਾਲ ਨਿਭਾਈਆਂ' ਦੇ ਬੋਲਾਂ ਦੀ ਰੂਹ-ਬੀਹੀ ਵਿਚ ਹੇਕ ਲਾਉਣ ਵਾਲੇ ਲੋਕ, ਜੀਵਨ ਦਾ ਸੁੱਚਾ ਹਾਸਲ। ਅਜਿਹਾ ਹਾਸਲ ਬਣਨ ਲਈ ਮਨ ਵਿਚ ਲੋਚਾ ਜਰੂਰ ਪੈਦਾ ਕਰਨੀ। ਕਲਮ ਸ਼ੁਕਰ-ਗੁਜ਼ਾਰ ਹੋਵੇਗੀ।

###

# ਗੁਰੂ ਗ੍ਰੰਥ ਸਾਹਿਬ: ਬ੍ਰਹਿਮੰਡੀ ਸਰੋਕਾਰ

"ਗੁਰੂ ਗ੍ਰੰਥ ਸਾਹਿਬ: ਬ੍ਰਹਿਮੰਡੀ ਸਰੋਕਾਰ" ਕਿਤਾਬ ਦੀ ਲੇਖਿਕਾ ਡਾ. ਕੁਲਦੀਪ ਕੌਰ, ਜਿਥੇ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਭਾਸ਼ਾ ਦੇ ਅਧਿਆਪਨ ਤੇ ਖੋਜ ਕਾਰਜਾਂ ਨੂੰ ਸਮਰਪਿਤ ਹੈ, ਉਥੇ ਸਿੱਖ ਧਰਮ ਦੀ ਨਿਸ਼ਠਾਵਾਨ ਚਿੰਤਕ ਵਜੋਂ ਵੀ ਮਕਬੂਲ ਹੈ। ਅੱਜ ਕਲ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ ਵਿਖੇ ਐਸੋਸੀਏਟ ਪ੍ਰੋਫੈਸਰ ਹੈ। ਉਸ ਨੇ ਹੁਣ ਤਕ ਅੱਠ ਕਿਤਾਬਾਂ ਲਿਖੀਆਂ ਹਨ, ਜਿਨ੍ਹਾਂ 'ਚ ਉਸ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ-ਕਵਿਤਾਵਾਂ, ਨਿਬੰਧ ਵਾਰਤਕ, ਸੰਪਾਦਨ ਅਤੇ ਸਮੀਖਿਆ 'ਤੇ ਹੱਥ-ਅਜ਼ਮਾਈ ਕੀਤੀ ਹੈ। ਸਿੱਖ ਦਰਸ਼ਨ ਸਬੰਧੀ ਗੁਰਬਾਣੀ ਵਿਚ "ਸ਼ਬਦ ਰਹੱਸ" ਅਤੇ 'ਬ੍ਰਹਿਮੰਡੀ ਪਰਿਪੇਖ" ਦੀ ਪੜਚੋਲ ਉਸ ਦੀ ਵਿਸ਼ੇਸ਼ ਦਿਲਚਸਪੀ ਦਾ ਖੇਤਰ ਰਹੇ ਹਨ।

ਡਾ. ਕੁਲਦੀਪ ਕੌਰ ਨੇ "ਗੁਰੂ ਗ੍ਰੰਥ ਸਾਹਿਬ: ਬ੍ਰਹਿਮੰਡੀ ਸਰੋਕਾਰ" ਕਿਤਾਬ ਵਿਚ "ਆਰੰਭਕਾ" ਅਤੇ "ਮੇਰਾ ਪੱਖ" ਨਿਬੰਧਾਂ ਤੋਂ ਇਲਾਵਾ ਪੰਜ ਕਾਂਡ ਸ਼ਾਮਿਲ ਕੀਤੇ ਹਨ। ਇਸ ਪਿਛੋਂ ਸਿੱਟਾ ਅਤੇ ਸੰਦਰਭਿਕਾ ਦਾ ਵਰਨਣ ਹੈ। ਕਿਤਾਬ "ਸੰਪੂਰਨ ਗੁਰੂ: ਸ੍ਰੀ



**ਡਾ. ਦੇਵਿੰਦਰ ਪਾਲ ਸਿੰਘ**
**ਈਮੇਲ: drdpsn@gmail.com**

ਗੁਰੂ ਗ੍ਰੰਥ ਸਾਹਿਬ ਜੀ" ਨੂੰ ਸਮਰਪਿਤ ਹੈ। ਸ਼ੁਰੂ ਵਿਚ "ਬ੍ਰਹਿਮੰਡੀ ਗੀਤ" ਦੇ ਸਿਰਲੇਖ ਹੇਠ ਗੁਰੂ ਨਾਨਕ ਸਾਹਿਬ ਦੀ ਰਚੀ ਆਰਤੀ ਹੈ, ਜੋ ਲੇਖਿਕਾ ਦੀ ਸਿੱਖ ਧਰਮ ਪ੍ਰਤੀ ਸ਼ਰਧਾ ਤੇ ਲਗਾਉ ਦੇ ਨਾਲ ਨਾਲ ਕਿਤਾਬ ਦੇ ਮੂਲ ਵਿਸ਼ੇ ਦਾ ਪ੍ਰਤੀਕ ਹੈ।

ਪੁਸਤਕ ਦੇ ਅਰੰਭਕ ਲੇਖ ਵਿਚ ਡਾ. ਕੁਲਦੀਪ ਕੌਰ ਦਾ ਕਥਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਾਰਮਿਕ ਗ੍ਰੰਥ ਹੈ, ਜੋ ਬ੍ਰਹਮ-ਆਧਾਰਿਤ ਵਿਸ਼ਵ-ਦ੍ਰਿਸ਼ਟੀ ਨੂੰ ਪੂਰੇ ਬ੍ਰਹਿਮੰਡ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। 12ਵੀਂ ਤੋਂ 16ਵੀਂ ਸਦੀ ਦੌਰਾਨ ਰਚੀ ਗਈ ਇਸ ਬਾਣੀ ਵਿਚ ਮੌਜੂਦ ਸਰੋਕਾਰ ਸਮਕਾਲੀ ਪ੍ਰਸੰਗ ਨਾਲ ਮੇਲ ਖਾਂਦੇ ਹਨ। ਉਨ੍ਹਾਂ ਅਨੁਸਾਰ ਮੌਜੂਦਾ ਸਮੇਂ ਧਰਮ ਤੇ ਵਿਗਿਆਨ ਦੇ ਖੇਤਰ ਵਿਚ ਸੁਮੇਲ ਦੋਹਾਂ ਹੀ ਖੇਤਰਾਂ 'ਚ ਨਵੀਆਂ ਪ੍ਰਾਪਤੀਆਂ ਦੀ ਜਨਮਦਾਤਾ ਬਣ ਰਹੀ ਹੈ। ਸਮੇਂ ਨਾਲ ਵਿਗਿਆਨ ਤੇ ਰਹੱਸਵਾਦ ਮਨੁੱਖੀ ਸੂਝ-ਬੂਝ ਦੇ ਪ੍ਰਗਟਾ ਦੇ ਨਾਲ ਨਾਲ ਇਕ ਦੂਜੇ ਦੇ ਪੂਰਕ ਵਜੋਂ ਵੀ ਪ੍ਰਗਟ ਹੋ ਰਹੇ ਹਨ। ਬੇਸ਼ਕ ਵਿਗਿਆਨ ਜਾਂ ਰਹੱਸਵਾਦ ਇਕ ਦੂਜੇ ਉਤੇ ਨਿਰਭਰ ਨਹੀਂ ਕਰਦੇ, ਪਰ ਮਨੁੱਖ ਨੂੰ ਦੋਹਾਂ ਦੀ ਲੋੜ ਹੈ। ਕਿਉਂਕਿ ਭੌਤਿਕ ਜਗਤ ਨੂੰ ਜਾਣਨ ਲਈ ਵਿਗਿਆਨ ਦੀ ਲੋੜ ਪੈਂਦੀ ਹੈ ਅਤੇ ਅੰਤਰ ਜਗਤ ਨੂੰ ਸਮਝਣ ਲਈ ਰਹੱਸ-ਅਨੁਭੂਤੀ ਦੀ। ਭੌਤਿਕਵਾਦੀ ਪਦਾਰਥ ਦੀ ਅਤੇ ਰਹੱਸਵਾਦੀ ਮਨੁੱਖੀ ਚੇਤਨਾ ਦੇ ਪੱਧਰਾਂ ਦੀ ਖੋਜ ਕਰਦੇ ਹਨ। ਦੋਵੇਂ ਹੀ ਖੇਤਰ ਸਾਧਾਰਣ ਇੰਦਰੀ-ਬੋਧ ਦੀ ਹੱਦ ਤੋਂ ਪਾਰ ਮੌਜੂਦਗੀ ਵਾਲੀ ਗੁਣਤਾ ਦੇ ਧਾਰਨੀ ਹਨ।

ਬੇਸ਼ਕ ਅਜੋਕਾ ਵਿਸ਼ਵ ਧਾਰਮਿਕ ਜਨੂੰਨ ਅਤੇ ਆਰਥਕ ਲਾਭ ਪ੍ਰਾਪਤੀ ਦੀ ਅੰਨੀ ਦੌੜ ਵਿਚ ਲੀਨ ਹੈ, ਪਰ ਅਜਿਹੇ ਵਿਸ਼ਵ-ਚਿੰਤਨ ਦੀ ਉਸਾਰੀ ਵੀ ਨਾਲ ਨਾਲ ਚਲ ਰਹੀ ਹੈ, ਜੋ ਬ੍ਰਹਿਮੰਡ ਅਤੇ ਅਧਿਆਤਮ ਦੀ ਇਕਰੂਪਤਾ ਦਾ ਅਨੁਯਾਈ ਹੈ। ਡਾ. ਕੁਲਦੀਪ ਕੌਰ ਦਾ ਮੰਨਣਾ ਹੈ ਕਿ ਬ੍ਰਹਿਮੰਡ ਦੇ ਪ੍ਰਕ੍ਰਿਤਕ ਨਿਯਮਾਂ ਬਾਰੇ ਸਨਮਾਨ ਦੀ ਭਾਵਨਾ ਦਾ ਲੋਕਾਂ ਵਿਚ ਵਿਕਾਸ ਤੇ ਪ੍ਰਸਾਰ ਕਰਨਾ, ਧਰਮ ਤੇ ਵਿਗਿਆਨ ਦੀ ਅਹਿਮ ਜਿੰਮੇਵਾਰੀ ਹੈ। ਲੇਖਿਕਾ ਅਨੁਸਾਰ ਆਸਥਾਮੂਲਕ ਵਿਸ਼ਵਾਸ, ਬੌਧਿਕ ਚਿੰਤਨ ਅਤੇ ਵਿਗਿਆਨਕ ਪਹੁੰਚ ਦਾ ਧਾਰਨੀ ਸਿੱਖ ਧਰਮ ਮਨੁੱਖ ਦੀ ਵਿਅਕਤੀ ਚੇਤਨਾ ਨੂੰ ਬ੍ਰਹਿਮੰਡੀ ਚੇਤਨਾ ਦਾ ਹੀ ਮੂਲ ਦਰਸਾਉਂਦਾ ਹੈ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ. ਪੀ. ਜੇ. ਅਬਦੁਲ ਕਲਾਮ ਦੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਸਬੰਧੀ ਸੰਖੇਪ ਰਚਨਾ ਦੇ ਜ਼ਿਕਰ ਪਿਛੋਂ ਡਾ. ਕੁਲਦੀਪ ਕੌਰ ਆਪਣੇ ਲੇਖ 'ਮੇਰਾ ਪੱਖ' ਵਿਚ ਬਿਆਨ ਕਰਦੀ ਹੈ ਕਿ ਸਾਹਿਤ ਦਾ ਸਬੰਧ ਵਸਤੂ-ਜਗਤ ਅਤੇ ਭਾਵ-ਜਗਤ ਦੇ ਸੁਮੇਲ 'ਚੋਂ ਉਪਜੀ ਸਿਰਜਣਾਤਕ ਸਮਰਥਾ ਨਾਲ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੇ ਵਿਸਮਾਦੀ ਸੰਕਲਪ ਨੂੰ, ਬ੍ਰਹਿਮੰਡੀ ਕੋਡ ਵਿਚ ਬਿਆਨ ਕੀਤਾ ਗਿਆ ਹੈ। ਲੇਖਿਕਾ ਦੀ ਖੋਜ ਦਾ ਵਿਸ਼ਾ ਉਸ ਮਨੁੱਖੀ ਅਸਮਰਥਾ ਤੇ ਸੀਮਾ-ਬੋਧ ਨਾਲ ਸਬੰਧਿਤ ਹੈ, ਜੋ ਬ੍ਰਹਿਮੰਡੀ-ਸੱਚ ਦੇ ਸਿਖਰ 'ਤੇ ਪੁੱਜ ਕੇ ਵੀ ਅੰਤਿਮ-ਸੱਚ ਦੀ ਪਛਾਣ ਕਰ ਸਕਣ ਤੋਂ ਅਸਮਰਥ ਹੈ। ਉਸ ਦਾ ਵਿਚਾਰ ਹੈ ਕਿ ਸਮਕਾਲੀ ਵਿਗਿਆਨੀ ਤੇ ਖੋਜਕਾਰ ਵੀ ਇਸ ਨਿਰਣੇ 'ਤੇ ਸਹਿਮਤ ਹਨ ਕਿ ਬ੍ਰਹਿਮੰਡੀ ਸਿਰਜਕ ਸ਼ਕਤੀ ਦੇ ਅਸਿਸਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਸ ਪਰਮ-ਸ਼ਕਤੀ (ਅੰਤਿਮ ਸੱਚ) ਦਾ ਪਾਰਾਵਾਰ ਪਾਇਆ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਵਿਚਲਾ ਗਿਆਨ ਸਾਨੂੰ ਅਜਿਹੇ ਹੀ ਯਥਾਰਥ ਦੇ ਰੂਬਰੂ ਕਰਾਉਂਦਾ ਹੈ।

ਪੁਸਤਕ ਦਾ ਪਹਿਲਾ ਕਾਂਡ "ਬ੍ਰਹਿਮੰਡ ਅਤੇ ਬ੍ਰਹਿਮੰਡ ਵਿਗਿਆਨ: ਭੌਤਿਕ ਪਰਿਪੇਖ" ਬ੍ਰਹਿਮੰਡ ਦੀ ਪਰਿਭਾਸ਼ਾ, ਬ੍ਰਹਿਮੰਡ ਦੀ ਸੰਰਚਨਾ, ਬ੍ਰਹਿਮੰਡ-ਭੌਤਿਕੀ ਦੇ ਇਤਿਹਾਸ, ਬ੍ਰਹਿਮੰਡ ਵਿਗਿਆਨ ਅਤੇ ਵਿਭਿੰਨ ਬ੍ਰਹਿਮੰਡੀ ਸਿਧਾਂਤਾ ਦੇ ਸੰਕਲਪਾਂ 'ਤੇ ਝਾਤ ਪੁਆਉਂਦਾ ਹੈ। ਲੇਖਿਕਾ ਅਨੁਸਾਰ ਬ੍ਰਹਿਮੰਡ ਕੁਦਰਤ ਦਾ ਇਕ ਨਿਯਮਿਤ ਪ੍ਰਬੰਧ ਹੈ, ਜਿਸ ਵਿਚ ਸਿਰਜਣ ਤੇ ਵਿਘਟਨ ਦੀਆਂ ਕ੍ਰਿਆਵਾਂ ਨਿਰੰਤਰ ਵਾਪਰਦੀਆਂ ਰਹਿੰਦੀਆਂ ਹਨ। ਸਮੇਂ ਅਤੇ ਪੁਲਾੜ ਵੀ ਸ਼ਮੂਲੀਅਤ ਸੰਗ, ਉਹ ਸਭ ਕੁਝ, ਜੋ ਹੋਂਦ ਵਿਚ ਹੈ, ਉਹ ਬ੍ਰਹਿਮੰਡ ਹੈ। "ਬ੍ਰਹਿਮੰਡ ਦੀ ਸੰਰਚਨਾ" ਦਾ ਵਰਣਨ ਕਰਦਿਆਂ ਲੇਖਿਕਾ ਦਾ ਇਹ ਕਥਨ ਕਿ "ਬ੍ਰਹਿਮੰਡ, ਦੋ ਮੂਲ ਤੱਤਾਂ, ਦ੍ਰਵ ਅਤੇ ਊਰਜਾ ਦੇ ਸੰਜੋਗ ਤੋਂ ਬਣਿਆ ਹੈ।" ਪੂਰੀ ਤਰ੍ਹਾਂ ਸਹੀ ਨਹੀਂ ਹੈ। ਇਥੇ "ਦ੍ਰਵ" ਸ਼ਬਦ ਦੀ ਥਾਂ "ਪਦਾਰਥ" ਸ਼ਬਦ ਦੀ ਵਰਤੋਂ ਵੱਧ ਉਚਿਤ ਹੋਣੀ ਸੀ। ਦ੍ਰਵ ਤਾਂ ਪਦਾਰਥ ਦੀ ਇਕ ਖਾਸ ਹਾਲਤ ਦਾ ਸੂਚਕ ਹੈ, ਜਦ ਕਿ ਬ੍ਰਹਿਮੰਡ ਵਿਚ ਪਦਾਰਥ ਅਨੇਕ ਵਿਭਿੰਨ ਹਾਲਤਾਂ (ਠੋਸ, ਦ੍ਰਵ, ਤਰਲ, ਗੈਸ, ਪਲਾਜ਼ਮਾ ਆਦਿ) ਵਿਚ ਮੌਜੂਦ ਹੈ। ਲੇਖ ਦੇ ਇਸ ਭਾਗ ਵਿਚ ਤੱਤ, ਪਦਾਰਥ, ਅੰਸ਼ ਅਤੇ ਊਰਜਾ ਦੇ ਸੰਕਲਪਾਂ ਦਾ ਬਿਆਨ ਤੇ ਵਿਸਥਾਰ ਦਿੱਤਾ ਗਿਆ ਹੈ। ਪ੍ਰਾਚੀਨ ਅਤੇ ਨਵੇਂ ਭੌਤਿਕ ਸਿਧਾਂਤਾਂ ਦਾ ਵੀ ਚਰਚਾ ਕੀਤਾ ਗਿਆ ਹੈ।

"ਬ੍ਰਹਿਮੰਡ-ਭੌਤਿਕੀ ਦਾ ਇਤਿਹਾਸ" ਉਪ-ਸਿਰਲੇਖ ਹੇਠ ਬ੍ਰਹਿਮੰਡ ਦਾ ਜਨਮ ਅਤੇ ਵਿਸਥਾਰ, ਜਾਰਜ ਲਿਮਾਇਤਰੇ ਦੇ "ਬਿੱਗ ਬੈਂਗ ਸਿਧਾਂਤ" ਅਨੁਸਾਰ ਦਰਸਾਇਆ ਗਿਆ ਹੈ। ਡਾ. ਕੁਲਦੀਪ ਕੌਰ ਅਨੁਸਾਰ ਅਨੇਕ ਲੋਕ ਇਹ ਵੀ ਮੰਨਦੇ ਹਨ ਕਿ ਇਕ ਬ੍ਰਹਿਮੰਡ ਵਿਚੋਂ ਕਈ ਛੋਟੇ-ਵੱਡੇ ਬ੍ਰਹਿਮੰਡ ਪੈਦਾ ਹੁੰਦੇ ਹਨ। ਬ੍ਰਹਿਮੰਡਾਂ ਦੀ ਹੋਂਦ ਸਬੰਧੀ ਵਿਗਿਆਨਕਾਂ ਵਿਚ ਕਈ ਸਿਧਾਂਤ ਪ੍ਰਚਲਿਤ ਹਨ। ਬਹੁਤ ਸਮੇਂ ਤੋਂ ਉਹ "ਥਿਊਰੀ ਆਫ ਐਵਰੀਥਿੰਗ" ਦੀ ਤਲਾਸ਼ ਵਿਚ ਹਨ। ਬ੍ਰਹਿਮੰਡ ਦੀ ਸੰਰਚਨਾ ਵਿਚ ਮੂਲ ਕਣਾਂ ਦੀ ਹੋਂਦ ਅਤੇ ਸਬੰਧਤ ਖੋਜ ਕਾਰਜਾਂ ਦਾ ਵੀ ਇਸੇ ਲੇਖ ਵਿਚ ਜ਼ਿਕਰ ਹੈ ਕਿ ਅੱਜ ਵਿਗਿਆਨੀ ਕੁਆਂਟਮ-ਸਿਧਾਂਤ ਅਤੇ ਸਾਪੇਖਤਾ ਸਿਧਾਂਤ ਦੇ ਏਕੀਕਰਣ ਨਾਲ ਉਪ-ਪ੍ਰਮਾਣੂ ਕਣਾਂ ਬਾਰੇ ਇਕ ਸੰਪੂਰਨ ਸਿਧਾਂਤ ਬਣਾਉਣ ਲਈ ਯਤਨਸ਼ੀਲ ਹਨ, ਪਰ ਅਜੇ ਤਕ ਬ੍ਰਹਿਮੰਡ ਦੀ ਸੰਰਚਨਾ ਸਬੰਧੀ ਕਿਸੇ ਤਸੱਲੀਬਖਸ਼ ਸਿਧਾਂਤ ਦੀ ਸਥਾਪਨਾ ਨਹੀਂ ਹੋ ਸਕੀ।

"ਬ੍ਰਹਿਮੰਡ ਵਿਗਿਆਨ" ਦੀ ਚਰਚਾ ਕਰਦਿਆਂ ਲੇਖਿਕਾ ਦਾ ਕਥਨ ਕਿ ਬੇਸ਼ਕ ਭੌਤਿਕ ਵਿਗਿਆਨ ਦੇ ਖੇਤਰ 'ਚ ਅਜੋਕੀਆਂ ਖੋਜਾਂ ਸਦਕਾ ਬ੍ਰਹਿਮੰਡ ਵਿਗਿਆਨ ਦਾ ਆਗਮਨ ਹੋਇਆ ਹੈ ਅਤੇ ਇਸ ਨੂੰ ਭੌਤਿਕ ਵਿਗਿਆਨ ਦੀ ਹੀ ਇਕ ਨਵੀਂ ਇਕਾਈ ਵਜੋਂ ਜਾਣਿਆ ਜਾਂਦਾ ਹੈ, ਪਰ ਸ੍ਰਿਸ਼ਟੀ ਦੇ ਪ੍ਰਬੰਧਕੀ ਸਿਧਾਂਤਾਂ ਨਾਲ ਜੁੜੇ ਹੋਣ ਕਾਰਨ ਇਹ ਧਰਮ, ਦਰਸ਼ਨ, ਚੇਤਨਾ ਅਤੇ ਅਧਿਆਤਮਵਾਦ ਦਾ ਵੀ ਵਿਸ਼ਾ ਹੈ। ਆਦਿ ਕਾਲ ਤੋਂ ਹੀ ਮਨੁੱਖੀ ਜਗਿਆਸਾ ਬ੍ਰਹਿਮੰਡ ਦੇ ਰਹੱਸਾਂ ਨੂੰ ਜਾਣਨ ਲਈ ਉਤਸਕ ਰਹੀ ਹੈ। ਆਧੁਨਿਕ ਖੋਜਾਂ, ਇਸੇ ਜਗਿਆਸਾ ਦੀ ਪੂਰਤੀ ਦੇ ਨਾਲ ਨਾਲ ਪਦਾਰਥਕ-ਜਗਤ ਦੇ ਪਸਾਰੇ ਨੂੰ ਪਰਾਭੌਤਿਕ ਵਰਤਾਰੇ ਦੇ ਰਹੱਸ ਨਾਲ ਜੋੜਦਿਆਂ ਇਕ ਸੁਮੇਲਤਾਪੂਰਣ ਅੰਤਰ-ਦ੍ਰਿਸ਼ਟੀ ਬਣਾਉਂਦੀਆਂ ਨਜ਼ਰ ਆਉਂਦੀਆਂ ਹਨ। ਇਸੇ ਲੇਖ ਵਿਚ ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਬ੍ਰਹਿਮੰਡੀ-ਪਿੰਡਾਂ ਵਿਚਲੀਆਂ ਦੂਰੀਆਂ ਮਾਪਣ ਲਈ ਵਰਤੀਆਂ ਜਾਂਦੀਆਂ ਵਿਭਿੰਨ ਮਾਪ-ਇਕਾਈਆਂ ਪ੍ਰਕਾਸ਼-ਸਾਲ, ਪਾਰਸੇਕ ਅਤੇ ਐਸਟ੍ਰੋਨੋਮੀਕਲ ਯੂਨਿਟ ਦਾ ਵੀ ਵਰਣਨ ਹੈ। ਭੂ ਕੇਂਦਰੀ ਤੇ ਸੂਰਜ-ਕੇਂਦਰੀ ਸਿਧਾਂਤਾਂ ਦੀ ਵੀ ਚਰਚਾ ਹੈ। ਆਈਨਸਟੀਨ ਦੇ ਸਮਕਾਲਿਕਤਾ ਸਿਧਾਂਤ ਅਤੇ ਸਮਾਂ-ਵਿਸਤਾਰ ਵਰਤਾਰੇ ਦੀ ਵੀ ਦੱਸ ਪਾਈ ਗਈ ਹੈ। ਸਥਿਰ-ਬ੍ਰਹਿਮੰਡ ਅਤੇ ਪ੍ਰਸਾਰੀ ਬ੍ਰਹਿਮੰਡ ਦੀਆਂ ਧਾਰਨਾਵਾਂ ਬਿਆਨ ਕਰਦਿਆਂ ਲੇਖਿਕਾ ਨੇ ਬ੍ਰਹਿਮੰਡ ਦੇ ਖਾਤਮੇ ਬਾਰੇ ਚਾਰ ਢੰਗਾਂ ਦੀ ਦੱਸ ਪਾਈ ਹੈ-ਮਹਾਂਵਿਛੇਦ (The Big Rip), ਮਹਾਂਸ਼ੀਤਲਨ (The Big Freeze), ਮਹਾਂ-ਸੁੰਗੜਨ (The Big Crunch) ਅਤੇ ਮਹਾਂਦ੍ਰਵ ਅਵਸਥਾ (The Big Slurp). ਲੇਖਿਕਾ ਅਨੁਸਾਰ ਬ੍ਰਹਿਮੰਡ ਦੀ ਸਿਰਜਣਾ ਬਾਰੇ ਅਜੇ ਤਕ ਕੋਈ ਵੀ ਸਿਧਾਂਤ ਸੰਪੂਰਨ ਨਹੀਂ ਹੈ।

ਪੁਸਤਕ ਦਾ ਦੂਜਾ ਕਾਂਡ ਹੈ, "ਬ੍ਰਹਿਮੰਡ ਵਿਗਿਆਨ ਦਾ ਪਰਾਭੌਤਿਕ ਪਰਿਪੇਖ" (ਨਵੀਨ ਭੌਤਿਕੀ ਦਾ ਸੰਕਲਪ)। ਇਸ ਵਿਚ ਡਾ. ਕੁਲਦੀਪ ਕੌਰ ਦਾ ਕਹਿਣਾ ਹੈ ਕਿ ਅੱਜ ਅਸੀਂ ਜਿਸ ਨਵੀਨ ਭੌਤਿਕੀ ਦੇ ਸੰਕਲਪ ਦੇ ਸਨਮੁੱਖ ਹਾਂ, ਉਹ ਤਾਂ ਅੱਜ ਤੋਂ 550 ਸਾਲ ਪਹਿਲਾਂ ਹੀ ਗੁਰੂ ਨਾਨਕ ਬਾਣੀ ਦੇ ਰੂਪ ਵਿਚ ਸਿੱਖ ਧਰਮ ਦੇ ਦਾਰਸ਼ਨਿਕ ਪਰਿਪੇਖ ਦਾ ਹਿੱਸਾ ਬਣ ਚੁਕਾ ਸੀ। ਪ੍ਰਸਿੱਧ ਵਿਗਿਆਨੀ ਹੈਸਨਬਰਗ ਦੇ ਅਨਿਸ਼ਚਿਤਤਾ ਸਿਧਾਂਤ ਦਾ ਹਵਾਲਾ ਦਿੰਦਿਆਂ ਡਾ. ਕੁਲਦੀਪ ਕੌਰ ਕਹਿੰਦੇ ਹਨ ਕਿ ਹੈਸਨਬਰਗ ਅਨੁਸਾਰ ਬ੍ਰਹਿਮੰਡੀ-ਸੱਚ



**ਡਾ. ਕੁਲਦੀਪ ਕੌਰ**

ਪ੍ਰਤੀ ਕੇਵਲ ਵਸਤੂਪੂਰਕ ਵਿਗਿਆਨਕ ਸੋਚ ਸਵੀਕਾਰ ਨਹੀਂ ਕੀਤੀ ਜਾ ਸਕਦੀ। ਆਈਨਸਟਾਈਨ ਮੰਨਦਾ ਸੀ ਕਿ ਬ੍ਰਹਿਮੰਡ ਇਕ ਅਜਿਹਾ ਰਹੱਸ ਹੈ, ਜੋ ਨਾ ਤਾਂ ਪੂਰੀ ਤਰ੍ਹਾਂ ਪਦਾਰਥਕ ਹੈ ਅਤੇ ਨਾ ਹੀ ਅਧਿਆਤਮਕ।

ਲੇਖਿਕਾ ਨੇ ਸਟਰਿੰਗ ਥਿਊਰੀ ਦੇ ਸਹਿਬਾਨੀ ਮਿਸ਼ਿਓ ਕਾਕੂ ਦੇ ਕਥਨ ਦਾ ਜ਼ਿਕਰ ਇੰਜ ਕੀਤਾ ਹੈ, "ਅਸੀਂ ਇਕ ਅਜਿਹੇ ਗ੍ਰਹਿ ਦੇ ਵਾਸੀ ਹਾਂ, ਜੋ ਕਿਸੇ ਇਤਫਾਕੀਆ ਘਟਨਾ ਦੀ ਬਦੌਲਤ ਨਹੀਂ, ਸਗੋਂ ਕਿਸੇ ਸਰਬ-ਵਿਆਪੀ ਬੁੱਧੀ ਵਲੋਂ ਨਿਰਮਿਤ ਨਿਯਮਾਂ ਰਾਹੀਂ ਸੰਚਾਲਿਤ ਹੈ।" ਲੇਖਿਕਾ ਦਾ ਨਿਰਣਾ ਹੈ ਕਿ ਅਜੋਕੀਆਂ ਵਿਗਿਆਨਕ ਖੋਜਾਂ ਦੀ ਰੋਸ਼ਨੀ ਵਿਚ ਅਜਿਹਾ ਕਹਿਣਾ ਸਾਰਥਕ ਹੈ ਕਿ ਬ੍ਰਹਿਮੰਡ ਪ੍ਰਤੀ ਭੌਤਿਕੀ ਤੇ ਅਧਿਆਤਮ ਦੇ ਸੁਮੇਲ ਦਾ ਵਿਚਾਰ ਨਾ ਕੇਵਲ ਰੌਚਕ ਹੈ, ਸਗੋਂ ਅਹਿਮ ਵੀ ਹੈ। ਭੌਤਿਕ ਅਤੇ ਪਰਾ-ਭੌਤਿਕ ਦੇ ਸੁਮੇਲ ਤੋਂ ਉਪਜਿਆ ਨਵਾਂ ਗਿਆਨ ਹੀ ਬ੍ਰਹਿਮੰਡ ਦੇ ਅੰਤਿਮ ਸੱਚ ਤਕ ਪੁੱਜਣ ਵਿਚ ਮਦਦ ਕਰ ਸਕਦਾ ਹੈ।


ਆਈਨਸਟਾਈਨ ਦੇ ਬ੍ਰਹਿਮੰਡੀ ਧਾਰਮਿਕ ਅਨੁਭਵ ਅਤੇ ਬ੍ਰਹਿਮੰਡ ਪ੍ਰਤੀ ਨਵੀਨ ਭੌਤਿਕੀ ਦੀ ਰੋਸ਼ਨੀ ਵਿਚ ਫਰਿਟਜਾਫ ਕਾਪਰਾ ਦੀ ਅੰਤਰ-ਦ੍ਰਿਸ਼ਟੀ ਰਾਹੀਂ ਸਥਾਪਿਤ ਛੇ ਪ੍ਰਤੀਮਾਨਾਂ ਦਾ ਚਰਚਾ ਕਰਦਿਆਂ ਲੇਖਿਕਾ ਕਹਿੰਦੀ ਹੈ ਕਿ ਨਵੀਨ ਭੌਤਿਕੀ, ਭੌਤਿਕ ਅਤੇ ਪਰਾਭੌਤਿਕ ਵਿਚ ਸੰਤੁਲਨ ਰੱਖਣ ਵਾਲੀ ਅੰਤਰ-ਦ੍ਰਿਸ਼ਟੀ ਨੂੰ ਸੰਚਾਰਿਤ ਕਰ ਰਹੀ ਹੈ। ਅੱਜ ਸਾਨੂੰ ਮੰਨਣਾ ਪਵੇਗਾ ਕਿ ਕੇਵਲ ਵਿਗਿਆਨ ਅਤੇ ਅਧਿਆਤਮ ਦੇ ਸੁਮੇਲ ਤੋਂ ਉਪਜੇ ਗਿਆਨ ਨਾਲ ਹੀ ਬ੍ਰਹਿਮੰਡ ਪ੍ਰਤੀ ਸੱਚ ਤਕ ਪੁੱਜਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਵਿਚਾਰਧਾਰਾ ਇਸ ਦ੍ਰਿਸ਼ਟੀ ਤੋਂ ਇਸ ਨਵੀਨ ਭੌਤਿਕੀ ਦੇ ਗਿਆਨ ਦੀ ਆਧਾਰ ਭੂਮੀ ਸਿੱਧ ਹੁੰਦੀ ਹੈ। ਲੇਖਿਕਾ ਨੇ ਗੁਰਬਾਣੀ ਦੇ ਢੁਕਵੇਂ ਹਵਾਲਿਆਂ ਦੀ ਵਰਤੋਂ ਕਰਦਿਆਂ ਨਿਰਣਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚਲਾ ਬ੍ਰਹਿਮੰਡੀ ਗਿਆਨ ਕੋਈ ਮਨੋਕਲਪਿਤ ਸੰਕਲਪ ਨਹੀਂ ਸਿਰਜਦਾ ਸਗੋਂ ਅਨੁਭਵ ਦੀ ਪਰਮ ਅਵਸਥਾ ਤੋਂ ਪ੍ਰਾਪਤ ਸੱਚ ਦਾ ਪ੍ਰਗਟਾ ਕਰਦਾ ਹੈ। ਲੇਖਿਕਾ ਅਨੁਸਾਰ ਵਿਗਿਆਨ ਬਾਹਰਮੁਖੀ ਕੌਸ਼ਲ ਹੈ, ਜਦ ਕਿ ਧਰਮ ਅੰਤਰੀਵਤਾ ਨਾਲ ਜੁੜਿਆ ਹੈ। ਦੋਹਾਂ ਦੇ ਸੁਮੇਲ ਵਿਚੋਂ ਹੀ ਇਸ ਅਨੰਤ ਅਤੇ ਵਿਰਾਟ ਬ੍ਰਹਿਮੰਡ ਦੀ ਸਹੀ ਸੋਝੀ ਹੋ ਸਕਦੀ ਹੈ, ਜੋ ਮਨੁੱਖ ਪ੍ਰਤੀ ਕਲਿਆਣਕਾਰੀ ਦ੍ਰਿਸ਼ਟੀ ਪੈਦਾ ਕਰ ਸਕਦੀ ਹੈ। ਅਜੋਕੇ ਬ੍ਰਹਿਮੰਡੀ ਸਰੋਕਾਰਾਂ ਦਾ ਨਿਪਟਾਰਾ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਨਾਲ ਕਰ ਸਕਣਾ ਸਹਿਜੇ ਹੀ ਸੰਭਵ ਹੈ।

"ਧਰਮ ਅਤੇ ਬ੍ਰਹਿਮੰਡ ਵਿਗਿਆਨ" ਤੀਜਾ ਕਾਂਡ ਹੈ। ਡਾ. ਕੁਲਦੀਪ ਕੌਰ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚਲੇ ਬ੍ਰਹਿਮੰਡੀ ਸੰਕਲਪ ਦਾ ਅਧਾਰ ਅਨੁਭਵ ਦੀ ਪਰਮ ਅਵਸਥਾ ਹੈ। 'ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਕ ਪਿੱਠਭੂਮੀ' ਦੀ ਚਰਚਾ ਕਰਦਿਆਂ ਲੇਖਿਕਾ ਦਾ ਕਥਨ ਹੈ ਕਿ ਮਨੁੱਖ ਆਪਣੀਆਂ ਮਾਨਸਿਕ, ਬੌਧਿਕ ਅਤੇ ਅਨੁਭੂਤੀਮੂਲਕ ਪ੍ਰਵਿਰਤੀਆਂ ਕਾਰਨ ਬ੍ਰਹਿਮੰਡ ਦੀ ਉਤਪਤੀ, ਵਿਕਾਸ ਤੇ ਸੰਰਚਨਾ ਬਾਰੇ ਬਹੁਪੱਖੀ ਦ੍ਰਿਸ਼ਟੀ ਤੋਂ ਵਿਚਾਰ ਕਰਦਾ ਆ ਰਿਹਾ ਹੈ। ਵਿਉਤਪਤੀ ਦੀ ਦ੍ਰਿਸ਼ਟੀ ਤੋਂ ਬ੍ਰਹਿਮੰਡ ਸ਼ਬਦ ਦਾ ਭਾਵ ਉਸ ਦ੍ਰਿਸ਼ਟਮਾਨ ਭੌਤਿਕ ਜਗਤ ਤੋਂ ਹੈ, ਜੋ ਨਿਰੰਤਰ ਵਧਦਾ ਤੇ ਪ੍ਰਸਾਰ ਕਰ ਰਿਹਾ ਹੈ, ਅਤੇ ਗਤੀਸ਼ੀਲ ਤੇ ਕ੍ਰਿਆਸ਼ੀਲ ਵੀ ਹੈ। 'ਵੈਦਿਕ ਪਰੰਪਰਾ' ਦਾ ਜ਼ਿਕਰ ਕਰਦਿਆਂ ਲੇਖਿਕਾ ਲਿਖਦੀ ਹੈ ਕਿ ਵੇਦ ਅਤੇ ਉਪਨਿਸ਼ਦ ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਚਿੰਤਨ ਦਾ ਮੂਲ ਆਧਾਰ ਹਨ। ਵੇਦਾਂ ਵਿਚ ਬ੍ਰਹਿਮੰਡੀ ਪ੍ਰਕ੍ਰਿਆ ਦਾ ਜ਼ਿਕਰ ਵੱਖ-ਵੱਖ ਸੂਕਤਾਂ-ਨਾਸਦੀਯ ਸੂਕਤ, ਪੁਰੁਸ਼ ਸੂਕਤ, ਹਿਰੰਨਯ ਗਰਭ ਸੂਕਤ, ਸਕੰਭ ਸੂਕਤ ਅਤੇ ਜੇਸ਼ਠ ਬ੍ਰਹਮ ਸੂਕਤ ਆਦਿ ਵਿਚ ਕੀਤਾ ਗਿਆ ਹੈ। ਵੇਦਾਂ ਵਾਂਗ ਉਪਨਿਸ਼ਦਾਂ-ਕਠੋਪਨਿਸ਼ਦ, ਏਤਰੇਯ ਉਪਨਿਸ਼ਦ, ਤੈਤੱਰੀਓਪਨਿਸ਼ਦ, ਛੰਦੋਗਯੋਪਨਿਸ਼ਦ, ਸੁਬਾਲ ਉਪਨਿਸ਼ਦ ਅਤੇ ਪ੍ਰਣੋਵਪਨਿਸ਼ਦ ਵਿਚ ਵੀ ਬ੍ਰਹਿਮੰਡ ਸਬੰਧੀ ਜਗਿਆਸਾ ਪ੍ਰਗਟ ਹੁੰਦੀ ਹੈ। ਪੁਰਾਣਾਂ ਅਨੁਸਾਰ ਵੀ ਬ੍ਰਹਮ ਹੀ ਸ੍ਰਿਸ਼ਟੀ ਜਾਂ ਬ੍ਰਹਿਮੰਡ ਦਾ ਮੂਲ ਕਾਰਨ ਹੈ। ਇਹ ਸੰਸਾਰ ਪ੍ਰਭੂ ਲਈ ਇਕ ਖੇਡ ਹੈ, ਜਿਸ ਵਿਚ ਅਨੰਤ ਬ੍ਰਹਿਮੰਡ ਉਸ ਦੀ ਰਚਨਾ ਹੈ।

"ਭਾਰਤੀ ਦਰਸ਼ਨ ਵਿਚ ਬ੍ਰਹਿਮੰਡ ਚਿੰਤਨ" ਦਾ ਚਰਚਾ ਕਰਦਿਆਂ ਉਹ ਲਿਖਦੇ ਹਨ, "ਸਮੁੱਚੇ ਭਾਰਤੀ ਦਰਸ਼ਨ ਵਿਚ ਬ੍ਰਹਿਮੰਡ ਪ੍ਰਕ੍ਰਿਆ ਦਾ ਮੁੱਖ ਆਧਾਰ ਕਾਰਜ-ਕਾਰਣ ਸਿਧਾਂਤ ਹੈ, ਜਿਸ ਦੇ ਚਾਰ ਪ੍ਰਕਾਰ ਹਨ-ਅਸਤਕਾਰਣਵਾਦ, ਅਸਤਕਾਰਜਵਾਦ, ਸਤਕਾਰਣਵਾਦ ਅਤੇ ਵਿਵਰਤਵਾਦ। ਨਿਆਇ-ਵੈਸ਼ੇਸ਼ਿਕ ਦਰਸ਼ਨ ਵਿਚ ਬ੍ਰਹਿਮੰਡ ਦੇ ਸੰਕਲਪ ਦਾ ਆਧਾਰ ਅਸਤ ਕਾਰਜਵਾਦ ਹੈ। ਅਦਵੈਤ ਵੇਦਾਂਤ ਵਿਵਰਤਵਾਦ ਦੀ ਦੱਸ ਪਾਉਂਦਾ ਹੈ। ਸਾਂਖ ਸ਼ਾਸਤਰ ਬ੍ਰਹਿਮੰਡ ਦੀ ਉਤਪਤੀ ਦਾ ਮੂਲ ਕਾਰਣ ਪ੍ਰਕ੍ਰਿਤੀ ਅਤੇ ਪੁਰੁਸ਼ ਦੇ ਸੰਜੋਗ ਨੂੰ ਮੰਨਦਾ ਹੈ। ਯੋਗ ਦਰਸ਼ਨ ਅਨੁਸਾਰ ਪੁਰਸ਼ ਤੇ ਪ੍ਰਕ੍ਰਿਤੀ ਦੇ ਸੰਜੋਗ ਤੋਂ ਸ੍ਰਿਸ਼ਟੀ, ਪੰਜ ਮਹਾਂਭੂਤਾਂ ਤੇ ਪੰਜ ਵਿਕਾਰਾਂ ਦਾ ਜਨਮ ਹੁੰਦਾ ਹੈ। ਮੀਮਾਸਾ ਦਰਸ਼ਨ ਜਗਤ, ਸ੍ਰਿਸ਼ਟੀ ਅਤੇ ਬ੍ਰਹਿਮੰਡ 'ਚ ਇਕ ਸਰਬ-ਵਿਆਪੀ ਚੇਤਨਾ ਨੂੰ ਸਵੀਕਾਰਦਾ ਈਸ਼ਵਰ ਨੂੰ ਕਰਤਾ ਦੇ ਰੂਪ ਵਿਚ ਪੇਸ਼ ਕਰਦਾ ਹੈ। ਚਾਰਵਾਕ ਦਰਸ਼ਨ, ਬ੍ਰਹਿਮੰਡ ਨੂੰ ਕੇਵਲ ਚਾਰ ਤੱਤਾਂ-ਪ੍ਰਿਥਵੀ, ਜਲ, ਵਾਯੂ ਅਤੇ ਅਗਨੀ ਦਾ ਬਣਿਆ ਦਰਸਾਉਂਦਾ ਹੈ। ਇਸ ਅਨੁਸਾਰ ਪੰਜਵਾਂ ਤੱਤ ਆਕਾਸ਼ ਕਿਉਂਕਿ ਖਲਾਅ ਹੈ, ਪ੍ਰਤੱਖਯੋਗ ਨਹੀਂ ਹੈ। ਚਾਰਵਾਕ ਅਨੁਸਾਰ ਬ੍ਰਹਿਮੰਡ ਦੀ ਉਤਪਤੀ, ਇਨ੍ਹਾਂ ਚਾਰ ਤੱਤਾਂ ਦੇ ਅਚਾਨਕ ਸੰਜੋਗ ਤੋਂ ਸੁਭਾਵਿਕ ਹੀ ਹੁੰਦੀ ਹੈ, ਇਸ ਵਿਚ ਕਿਸੇ ਬ੍ਰਹਿਮੰਡੀ ਚੇਤਨਾ ਦਾ ਕੋਈ ਰੋਲ ਨਹੀਂ ਹੈ।

ਲੇਖਿਕਾ ਨੇ ਬ੍ਰਹਿਮੰਡ ਬਾਰੇ ਲੋਕ ਪੱਖ ਦੇ ਵਰਣਨ ਦੇ ਨਾਲ ਨਾਲ ਬੋਧ ਧਰਮ ਦਾ ਬ੍ਰਹਿਮੰਡ, ਜੈਨ-ਬ੍ਰਹਿਮੰਡ, ਪ੍ਰਾਚੀਨ ਬਾਇਬਲੀ ਬ੍ਰਹਿਮੰਡ, ਆਧੁਨਿਕ ਬਾਇਬਲੀ/ਜੂਡਾਵਾਦੀ ਬ੍ਰਹਿਮੰਡ, ਮੋਰਮਨ ਬ੍ਰਹਿਮੰਡ, ਇਸਲਾਮੀ ਅਤੇ ਸੂਫੀ ਬ੍ਰਹਿਮੰਡ ਦੀ ਵਿਸਤ੍ਰਿਤ ਚਰਚਾ ਵੀ ਕੀਤੀ ਹੈ। ਇਸ ਅਧਿਆਇ ਦੇ ਅੰਤਲੇ ਹਿੱਸੇ ਵਿਚ ਡਾ. ਕੌਰ ਨੇ "ਬ੍ਰਹਿਮੰਡ ਦਾ ਮਹਾਂਵਿਸਫੋਟ ਸਿਧਾਂਤ ਅਤੇ ਧਰਮ" ਬਾਰੇ ਬਿਆਨ ਕਰਦਿਆਂ ਇਸ ਸਿਧਾਂਤ ਬਾਰੇ ਅਜੋਕੇ ਵਿਗਿਆਨ ਵਿਚ ਸਥਾਪਿਤ ਤੇ ਵਿਭਿੰਨ ਧਰਮਾਂ ਵਿਚ ਪ੍ਰਚਲਿਤ ਵਿਚਾਰਾਂ ਦਾ ਤੁਲਨਾਤਮਕ ਖੁਲਾਸਾ ਕੀਤਾ ਹੈ।

ਚੌਥੇ ਕਾਂਡ "ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਿਮੰਡ ਦਾ ਸੰਕਲਪ" ਵਿਚ ਡਾ. ਕੁਲਦੀਪ ਕੌਰ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਅਤੇ ਇਸ ਰਾਹੀਂ ਗੁਰੂ-ਪਦ ਦੀ ਪ੍ਰਾਪਤੀ ਦੇ ਸੰਖੇਪ ਵਰਣਨ ਪਿੱਛੋਂ ਲਿਖਦੇ ਹਨ ਕਿ ਪਦਾਰਥਕ ਸੱਚ ਦਾ ਖੋਜੀ, ਵਿਗਿਆਨੀ ਹੈ ਅਤੇ ਪਰਮ ਸੱਚ ਦਾ ਖੋਜੀ ਸਾਧਕ। ਦੋਹਾਂ ਦਾ ਟੀਚਾ ਭਾਵੇਂ ਸੱਚ ਦੀ ਖੋਜ ਹੈ, ਪਰ ਉਨ੍ਹਾਂ ਦੀ ਦ੍ਰਿਸ਼ਟੀ ਵੱਖ ਵੱਖ ਹੈ। ਪਦਾਰਥਕ ਖੋਜਾਂ ਵਾਲਾ ਵਿਗਿਆਨੀ ਅਣਗਿਣਤ ਖੋਜਾਂ ਦੇ ਬਾਵਜੂਦ ਸੱਚ ਬਾਰੇ ਅੰਤਿਮ ਸਿੱਟੇ 'ਤੇ ਨਹੀਂ ਪੁੱਜ ਸਕਿਆ। ਜਦ ਕਿ ਬ੍ਰਹਮ ਦਾ ਖੋਜੀ ਅਨੁਭੂਤੀ ਰਾਹੀਂ ਅੰਤਿਮ ਸੱਚ ਤਕ ਪੁੱਜ ਤਾਂ ਜਾਂਦਾ ਹੈ ਪਰ ਉਸ ਦਾ ਵਰਣਨ ਨਹੀਂ ਕਰ ਸਕਦਾ। ਇਸ ਕਥਨ ਸਬੰਧੀ ਲੇਖਿਕਾ ਗੁਰਬਾਣੀ ਵਿਚੋਂ ਢੁਕਵੇਂ ਪ੍ਰਮਾਣ ਪੇਸ਼ ਕਰਦੀ ਹੈ। ਉਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਪਦਾਰਥ, ਜੀਵ ਅਤੇ ਊਰਜਾ ਦਾ ਆਧਾਰ ਅਕਾਲ ਪੁਰਖ ਨੂੰ ਮੰਨਿਆ ਗਿਆ ਹੈ। ਬ੍ਰਹਿਮੰਡ ਦਾ ਪੂਰਾ ਪਸਾਰਾ ਉਸ ਦੇ ਕਰਤਾ ਨੇ ਰਚਿਆ ਹੈ ਅਤੇ ਉਹ ਆਪ ਹੀ ਉਸ ਦੇ ਕਣ ਕਣ ਵਿਚ ਸਮਾਇਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ, ਸ੍ਰਿਸ਼ਟੀ ਦੀ ਉਤਪਤੀ ਦਾ ਪਸਾਰਵਾਦੀ ਦ੍ਰਿਸ਼ਟੀਕੋਣ ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਅਨੰਤਤਾ ਦਾ ਵਰਣਨ ਵੀ ਕੀਤਾ ਗਿਆ ਹੈ। ਸ੍ਰਿਸ਼ਟੀ-ਰਚਨਾ ਦੀਆਂ ਵਿਧੀਆਂ ਦੇ ਸਬੰਧ ਵਿਚ ਕਵਾਉ, ਸ਼ਬਦ, ਹੁਕਮ, ਨਾਮ ਕਲਾ, ਓਅੰਕਾਰ, ਸਹਿਜ, ਭਾਣਾ, ਪੰਚ ਤੱਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਅਸਗਾਹ ਬ੍ਰਹਿਮੰਡ ਵਿਚ ਅਣਗਿਣਤ ਖੰਡ-ਮੰਡਲ, ਆਕਾਸ, ਪਾਤਾਲ ਤੇ ਅਸੰਖ ਹੀ ਵਨਸਪਤਿ ਅਤੇ ਪ੍ਰਾਣੀ ਜਗਤ ਮੌਜੂਦ ਹਨ। ਇਸ ਦਾ ਥਾਹ ਪਾਉਣਾ ਸੰਭਵ ਨਹੀਂ। ਬ੍ਰਹਿਮੰਡ ਅਤੇ ਕਰਤਾ ਦੋ ਨਹੀਂ, ਅਦਵੈਤ ਹਨ। ਬ੍ਰਹਿਮੰਡ ਦਾ ਗਿਆਨ ਕੇਵਲ ਬ੍ਰਹਮ ਦੀ ਅਨੁਭੂਤੀ ਨਾਲ ਹੀ ਪਾਇਆ ਜਾ ਸਕਦਾ ਹੈ।




ਗੁਰਬਾਣੀ ਦੇ ਢੁਕਵੇਂ ਹਵਾਲੇ ਨਾਲ ਡਾ. ਕੁਲਦੀਪ ਕੌਰ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਨੇ ਮਾਇਆ ਨੂੰ ਵੀ ਬ੍ਰਹਿਮੰਡੀ ਉਤਪਤੀ ਅਧੀਨ ਮੰਨ ਕੇ ਇਸ ਦੇ ਯਥਾਰਥ ਨੂੰ ਸਵੀਕਾਰ ਕੀਤਾ ਹੈ, ਪਰ ਮਾਇਆ ਨੂੰ ਸਤਿ-ਕਰਮ ਤੋਂ ਭਟਕਾਉਣ ਵਾਲੀ ਆਕਰਸ਼ਣ-ਸ਼ਕਤੀ ਕਿਹਾ ਹੈ। ਗੁਰੂ ਜੀ ਨੇ 'ਮਾਰੂ ਸੋਹਲੇ' ਵਿਚ ਬ੍ਰਹਿਮੰਡ ਦੀ ਸੰਰਚਨਾ ਅਤੇ ਅਵਸਥਾ ਦਾ ਖੁਲਾਸਾ ਬਹੁਤ ਵਿਵੇਕਪੂਰਵਕ ਕੀਤਾ ਹੈ। ਈਸਾਈ ਧਰਮ ਅਤੇ ਇਸਲਾਮ ਵਿਚ ਮੌਜੂਦ ਬ੍ਰਹਿਮੰਡੀ ਸੰਕਲਪ ਦੀ ਚਰਚਾ ਕਰਦਿਆਂ ਲੇਖਿਕਾ ਦਾ ਕਥਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਿਮੰਡ ਦੀ ਬ੍ਰਹਮ ਆਧਾਰਿਤ ਸੋਚ ਵੱਧ ਵਿਗਿਆਨਕ ਅਤੇ ਸਾਰਥਕ ਹੈ।

ਪੁਸਤਕ ਦੇ ਪੰਜਵੇਂ ਕਾਂਡ "ਹੁਕਮ ਦਾ ਸੰਕਲਪ" ਵਿਚ ਲੇਖਿਕਾ ਦਾ ਕਥਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਿਮੰਡ ਦੇ ਸੰਕਲਪ ਦਾ ਮੂਲ ਆਧਾਰ 'ਰੱਬੀ ਹੁਕਮ' ਹੈ। 'ਹੁਕਮ' ਇਕ ਸਰਬ ਪਸਾਰੀ ਬ੍ਰਹਿਮੰਡੀ ਨਿਯਮ ਹੈ, ਜੋ ਦੈਵੀ ਵਿਧਾਨ ਦਾ ਪਰਾਭੌਤਿਕ ਸੰਕਲਪ ਹੈ, ਜਿਸ ਰਾਹੀਂ ਸ੍ਰਿਸ਼ਟੀ ਦੀ ਸਿਰਜਣਾ, ਸੰਚਾਲਨ ਅਤੇ ਇਸ ਦਾ ਅੰਤ ਹੁੰਦਾ ਹੈ। ਗੁਰਬਾਣੀ ਵਿਚ ਹੁਕਮ ਦੇ ਵਿਭਿੰਨ ਰੂਪ-ਦੈਵੀ ਇੱਛਾ, ਦੈਵੀ ਕਾਨੂੰਨ, ਨਿਯਮ, ਤਰਤੀਬ, ਵਿਵਸਥਾ ਪ੍ਰਣਾਲੀ, ਭੈ, ਭਉ, ਭਾਣਾ, ਰਜ਼ਾ, ਆਦੇਸ਼ ਅਤੇ ਫੁਰਮਾਣ ਆਦਿ ਦਰਸਾਏ ਗਏ ਹਨ। ਪਰ ਇਹ ਨਿਰੋਲ ਵਿਧਾਨ ਦਾ ਹੀ ਪ੍ਰਤੀਕ ਨਹੀਂ ਸਗੋਂ ਸਿਰਜਣਾਤਮਕ ਤੱਤ ਹੈ। ਗੁਰਬਾਣੀ ਬ੍ਰਹਿਮੰਡ ਨੂੰ ਹੁਕਮ ਰਾਹੀਂ ਸਿਰਜਿਤ ਅਤੇ ਹੁਕਮ ਰਾਹੀਂ ਚਲਾਇਮਾਨ ਮੰਨਦੀ ਹੈ। ਹੁਕਮ ਦਾ ਸੰਕਲਪ ਇਕ ਹੋਰ ਨਜ਼ਰੀਏ ਤੋਂ ਸਿੱਖ ਚਿੰਤਨ ਵਿਚ ਪ੍ਰਗਟ ਹੁੰਦਾ ਹੈ, ਉਹ ਹੈ-ਨਦਰਿ, ਕਰਮ, ਮਿਹਰ। ਗੁਰਬਾਣੀ ਅਨੁਸਾਰ ਸਿਰਜਣਹਾਰ ਅਤੇ ਸਿਰਜਣਾ ਵਿਚ ਸਬੰਧ ਕਰਤਾ ਦੀ ਮਿਹਰ ਨਾਲ ਹੀ ਬਣਦਾ ਹੈ। ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ ਬ੍ਰਹਿਮੰਡ-ਰਚਨਾ ਦਾ ਜੇ ਕੋਈ ਮੁਖ ਮੰਤਵ ਹੈ ਤਾਂ ਉਹ ਦੈਵੀ-ਮਨੋਰਥ ਹੈ। ਗੁਰਮਤਿ ਵਲੋਂ ਨਿਰਦੇਸ਼ਿਤ ਜੀਵਨ-ਜਾਚ ਰਾਹੀਂ ਹੀ ਬ੍ਰਹਿਮੰਡ ਦੇ ਦੈਵੀ ਸੰਦੇਸ਼ ਦਾ ਗੂੜ੍ਹ ਅਰਥ ਪ੍ਰਾਪਤ ਹੁੰਦਾ ਹੈ।

*(ਬਾਕੀ ਅਗਲੇ ਸਫੇ 'ਤੇ)*

**ਗੁਰਮਤਿ ਵਿਚਾਰ**

# ਖੋਜ ਸਬਦ ਮੈ ਲੇਹਿ

***ਅਜੋਕਾ ਸਿੱਖ ਸਿੱਖੀ ਦੇ ਅਧਿਐਨ ਨਾਲੋਂ ਟੁੱਟ ਚੁਕਾ ਹੈ, ਇਸ ਲਈ ਉਹ ਆਪਣੇ ਆਪ ਨਾਲੋਂ ਵੀ ਵਿਛੜ ਗਿਆ ਹੈ। ਉਸ ਨੂੰ ਸਮਝ ਨਹੀਂ ਆਉਂਦਾ ਕਿ ਕੀ ਕਰੇ? ਅੰਦਰੂਨੀ ਘਬਰਾਹਟ ਵਿਚ ਉਹ ਦੋਹਰੇ ਭਾਵ ਦੀਆਂ ਤਰਕਹੀਣ ਗੱਲਾਂ ਕਰਦਾ ਹੈ। ਸਿੱਖੀ ਨੂੰ ਦੂਜੇ ਧਰਮਾਂ ਮੁਕਾਬਲੇ ਰੱਖ ਕੇ ਮਾਪਦਾ ਹੈ। ਗੁਰੂ ਸਾਹਿਬ ਦੀਆਂ ਕੁਝ ਕੁ ਤੁਕਾਂ ਬੋਲ ਕੇ ਦੂਜੇ ਧਰਮਾਂ ਦੇ ਸਤਿਕਾਰ ਵਜੋਂ ਵਰਤਦਾ ਹੈ ਤੇ ਦੂਜੇ ਹੀ ਛਿਣ ਕੁਝ ਹੋਰ ਤੁਕਾਂ ਸੁਣਾ ਕੇ ਉਨ੍ਹਾਂ ਹੀ ਧਰਮਾਂ ਨੂੰ ਭੰਡਦਾ ਹੈ। ਕਦੇ ਮਾਨਵਤਾ ਦੀ ਗੱਲ ਕਰਦਾ ਹੈ, ਕਦੇ ਸੰਪਰਦਾਇਕਤਾ ਦੀ। ਬਾਣੀ ਤੋਂ ਟੁੱਟ ਕੇ ਉਸ ਦਾ ਮਨੋਬਲ ਥਿੜ੍ਹਕ ਗਿਆ ਹੈ। ਉਸ ਦੇ ਹਰ ਮਸਲੇ ਦੀ ਜੜ੍ਹ ਕੋਈ ਦੂਜਾ ਧਰਮ ਬਣ ਗਿਆ ਹੈ। ਉਸ ਨੂੰ ਹਰ ਅਣਸੁਖਾਵੀਂ ਘਟਨਾ ਪਿੱਛੇ ਕਿਸੇ ਦੂਜੇ ਧਰਮ ਦਾ ਸਾਜਿਸ਼ੀ ਹੱਥ ਨਜ਼ਰ ਆਉਂਦਾ ਹੈ। ਉਹ ਆਪਣੇ ਪੰਥ ਭਾਵ ਧਾਰਮਿਕ ਫਿਰਕੇ ਦੀ ਹੋਂਦ ਤੇ ਏਕੇ ਲਈ ਚਿੰਤਿਤ ਹੈ। ਉਸ ਨੂੰ ਡਰ ਹੈ ਕਿ ਕਿਤੇ ਉਸ ਦੀ ਸਿੱਖੀ ਨੂੰ ਕਿਸੇ ਬਹੁਗਿਣਤੀ ਧਰਮ ਦਾ 'ਅਜ਼ਗਰ' ਨਾ ਨਿਗਲ ਜਾਵੇ। ਉਹ ੴ ਨੂੰ ਪਰਮਾਤਮਾ ਮੰਨਦਾ ਹੈ ਪਰ ਇਸ ਵਿਚਲਾ 'ਓ' ਵੈਦਿਕ 'ਓਮ' ਵਿਚੋਂ ਲਿਆ ਗਿਆ ਮੰਨਦਾ ਹੈ।***

ਜਿੱਥੇ ਸਿੱਖੀ ਸਿੱਖ ਨੂੰ ਕੁਦਰਤ ਅਤੇ ਇਸ ਦੇ ਕਾਦਰ ਦੇ ਸੱਚੇ, ਅਰਥਾਤ ਕਦੇ ਨਾ ਬਦਲਣ ਵਾਲੇ ਸਦੀਵੀ ਗਿਆਨ ਨਾਲ ਜੋੜਦੀ ਹੈ, ਉਥੇ ਅਜੋਕਾ ਸਿੱਖ ਕੁਦਰਤ ਅਤੇ ਕਾਦਰ ਦਾ ਗਿਆਨ ਪ੍ਰਾਪਤ ਕਰਨ ਦੀ ਥਾਂ ਕਾਦਰ ਦੀ ਫੋਕੀ ਪ੍ਰਸ਼ੰਸਾ ਨਾਲ ਜੁੜ ਗਿਆ ਹੈ। ਜਿੱਥੇ ਗੁਰੂ ਸਾਹਿਬ ਨੇ ਅੰਧ-ਵਿਸ਼ਵਾਸੀ ਕਰਮ-ਕਾਂਡ ਦਾ ਪਰਦਾ ਫਾਸ਼ ਕਰਕੇ ਮਨੁੱਖ ਨੂੰ ਗਿਆਨ ਦਾ ਰਾਹ ਦਰਸਾਇਆ ਸੀ, ਉਥੇ ਅਜੋਕਾ ਸਿੱਖ ਚਾਨਣ ਦੀ ਸੇਧ ਵਾਲਾ ਸਿੱਧਾ ਰਾਹ ਛੱਡ ਕੇ ਫਿਰ ਭਰਮ ਤੇ ਭੁਲੇਖਿਆਂ ਵਾਲੇ ਪਾਸੇ ਤੁਰਿਆ ਜਾ ਰਿਹਾ ਹੈ। ਆਪਣੇ ਸਵਾਰਥ ਵਿਚ ਕਾਹਲਾ ਪੈ ਕੇ ਗੁਰੂ ਨਾਨਕ ਦੀ ਸਿੱਖੀ ਦਾ ਪੱਲਾ ਛੱਡ ਗਿਆ ਹੈ। ਸਿੱਖੀ ਨੂੰ ਧਰਮ ਸਮਝ ਬੈਠਾ ਹੈ ਤੇ ਗੁਰੂ ਬਾਬੇ ਰਾਹੀਂ ਨਿਖੇਧੇ ਰੀਤੀ ਰਿਵਾਜ਼ਾਂ ਨੂੰ ਉਸ ਧਰਮ ਦੁਆਲੇ ਮੁੜ ਸਿਰਜ ਬੈਠਾ ਹੈ। ਧਾਰਮਿਕ ਰੀਤੀ ਰਿਵਾਜ਼ਾਂ ਵਿਚ ਫਸ ਕੇ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਗਿਆਨ ਦੀ ਥਾਂ ਗਿਆਨ-ਵਿਹੂਣੀ ਭਗਤੀ ਵਿਚ ਪੈ ਗਿਆ ਹੈ। ਸ਼ਾਇਦ ਉਹ ਕਰਮ ਕਾਂਡ ਦੀਆਂ ਫੌੜ੍ਹੀਆਂ ਤੋਂ ਬਿਨਾ ਚੱਲ ਹੀ ਨਹੀਂ ਸਕਦਾ। ਗੁਰੂ ਸਾਹਿਬ ਦੇ ਦਰਸਾਏ ਵਿਕਲਪ ਦੇ ਬਾਵਜੂਦ ਇਹ ਆਪਣੇ ਆਪ ਨੂੰ ਕਮਜ਼ੋਰ, ਨਿਤਾਣਾ ਤੇ ਦਿਸ਼ਾਹੀਣ ਸਮਝਦਾ ਹੈ। ਗਿਆਨ ਦੀ ਖੋਜ ਦੀ ਥਾਂ ਪੂਜਾ-ਪਾਠ ਤੇ ਅਰਜੋਈਆਂ ਵਿਚ ਵਿਲੀਨ ਹੋ ਗਿਆ ਹੈ।

ਉਹ ਇਕ ਵਾਰ ਵੀ ਨਹੀਂ ਸੋਚਦਾ ਕਿ ਗਿਆਨ ਤੋਂ ਬਿਨਾ ਪ੍ਰਸ਼ੰਸਾ ਬੇਮਾਇਨਾ ਹੈ ਭਾਵੇਂ ਇਹ ਕਿਸੇ ਦੀ ਵੀ ਹੋਵੇ। ਭਲਾ ਬਿਨਾ ਜਾਣੇ ਪਛਾਣੇ ਕੋਈ ਕਿਸੇ ਦੀ ਕੀ ਪ੍ਰਸ਼ੰਸਾ ਕਰ ਸਕਦਾ ਹੈ? ਗਿਆਨ ਬਿਨਾ ਉਸਤਤ ਜਾਂ ਨਿੰਦਾ ਹੋ ਹੀ ਨਹੀਂ ਸਕਦੀ, ਪਰ ਅਜੋਕਾ ਸਿੱਖ ਇਹ ਸਭ ਕੁਝ ਕਰਦਾ ਹੈ ਤੇ ਇਸ ਦਾ ਦਿਖਾਵਾ ਵੀ ਕਰਦਾ ਹੈ। ਗੁਰੂ ਸਾਹਿਬ ਦੀ ਸਿੱਧੀ ਤੇ ਸਪਸ਼ਟ ਸਿੱਖਿਆ ਸਦੀਆਂ ਬਾਅਦ ਵੀ ਉਸ ਦਾ ਭਗਤੀ ਭਾਵ ਵਾਲਾ ਪੁਰਾਤਨ ਮੋਹ ਭੰਗ ਨਹੀਂ ਕਰ ਸਕੀ। ਪੁਰਾਤਨ ਹਿੰਦੂਵਾਦ ਦੀ ਦੇਖਾ ਦੇਖੀ ਤੇ ਸਵਾਰਥਵਸ ਉਹ ਇਸ ਪ੍ਰਸ਼ੰਸਕ ਬਿਰਤੀ ਨਾਲ ਅਜਿਹਾ ਚੰਬੜਿਆ ਕਿ ਗੁਰੂ ਸਾਹਿਬ ਦੇ ਸਿਧਾਂਤ ਨੂੰ ਵੀ ਇਸ ਦੇ ਪਿੱਛੇ ਤੋਰ ਲਿਆ। ਗੁਰੂ ਨਾਨਕ ਦੇ ਸਿੱਖੀ ਸਿਧਾਂਤ ਤੋਂ ਬੇਮੁਖ ਹੋ ਕੇ ਸਿੱਖੀ ਦੇ ਨਾਂ ਹੇਠ ਹੀ ਪੂਜਾ-ਪਾਠ ਦੀਆਂ ਕ੍ਰਿਆਵਾਂ, ਮਾਨਤਾਵਾਂ ਤੇ ਸੰਸਥਾਵਾਂ ਦਾ ਨਵਾਂ ਤਾਣਾ ਬਾਣਾ ਬੁਣ ਲਿਆ ਤੇ ਗੁਰੂ ਨਾਨਕ ਨੂੰ ਉਸ ਦਾ ਸੰਸਥਾਪਕ ਧਾਰ ਲਿਆ। ਇਸ ਰਵਾਇਤੀ ਤਾਣੇ ਬਾਣੇ ਵਿਚ ਉਲਝ ਕੇ ਉਹ ਫੋਕੀ ਹਉਮੈ ਵਿਚ ਆ ਗਿਆ ਤੇ ਆਪਣੇ ਜਿਹੇ ਦੂਜੇ ਧਰਮੀਆਂ ਦੀ ਬੋਲੀ ਬੋਲਣ ਲੱਗ ਪਿਆ। ਗੁਰੂ ਸਾਹਿਬ ਨੇ ਜਿੱਥੋਂ ਕੱਢਿਆ ਸੀ ਉਥੇ ਹੀ ਫਿਸਲ ਗਿਆ। ਗੁਰੂ ਸਾਹਿਬ ਦਾ ਸੱਚ ਦੇ ਗਿਆਨ ਦਾ ਸੰਕਲਪ ਉਸ ਦੇ ਸਿਰ ਉਤੋਂ ਦੀ 'ਪੰਖ ਕਰ' ਕੇ ਉਡਰ ਗਿਆ ਹੈ।

ਇਸ ਲਈ ਅਜੋਕਾ ਸਿੱਖ ਗੁਰੂ ਨਾਨਕ ਦੀ ਸਿੱਖੀ ਨੂੰ ਬੜੇ ਵੱਡੇ ਇਰਾਦੇ ਨਾਲ ਮੁੱਢ ਤੋਂ ਸਿੱਖ ਕੇ ਹੀ ਉਨ੍ਹਾਂ ਦੇ ਰੁਸ਼ਨਾਏ ਰਾਹ ਨਾਲ ਜੁੜ ਸਕਦਾ ਹੈ। ਇਸ ਲਈ ਸਭ ਸਿੱਖਾਂ ਨੂੰ ਇਹ ਸੰਦੇਸ਼ ਦੇਣਾ ਸਮੇਂ ਦੀ ਲੋੜ ਹੈ ਕਿ ਉਹ ਸਿੱਖੀ ਸਿਧਾਂਤ ਸਿੱਖਣ ਸਮਝਣ, ਗੁਰ ਸ਼ਬਦ ਘੋਖਣ, ਗੁਰਬੁੱਧੀ ਨਾਲ ਜੁੜਨ ਤੇ ਗਿਆਨ ਪਰਮਗਤ ਪਾਉਣ।

ਅਚੰਭੇ ਦੀ ਗੱਲ ਇਹ ਹੈ ਕਿ ਕਿਸੇ ਵੀ ਵਿਦਵਾਨ ਨੇ ਅੱਜ ਤੀਕ ਇਹ ਨਹੀਂ ਦੱਸਿਆ ਕਿ ਗੁਰੂ ਨਾਨਕ ਦਾ ਇਹ ਸਿੱਖੀ ਸਿਧਾਂਤ ਕੀ ਹੈ ਤੇ ਇਹ ਕਿੱਥੇ ਹੈ? ਕਿਸੇ ਸਿੱਖ ਨੇ ਆਪ ਵੀ ਕਦੇ ਜਾਣਨ ਦੀ ਕੋਸ਼ਿਸ ਨਹੀਂ ਕੀਤੀ। ਹਾਲਤ ਇਹ ਹੈ ਕਿ ਅੱਜ ਗੁਰੂ ਨਾਨਕ ਤੋਂ 550 ਸਾਲ ਪਿਛੋਂ ਵੀ ਕਿਸੇ ਨੂੰ ਸਿੱਖੀ ਦੇ ਸਹੀ ਅਰਥਾਂ ਦਾ ਪਤਾ ਨਹੀਂ। ਗੁਰੂ ਸਾਹਿਬ ਦੇ ਜਨਮ ਦਿਹਾੜੇ 'ਤੇ ਹਰ ਸਾਲ ਹਜ਼ਾਰਾਂ-ਲੱਖਾਂ ਲੋਕ ਬੋਲ ਕੇ ਜਾਂ ਲਿਖ ਕੇ ਉਨ੍ਹਾਂ ਦੀ ਸਿਖਿਆ ਤੇ ਮਹਾਨਤਾ ਦੇ ਗੁਣ ਗਾਉਂਦੇ ਹਨ। ਸਾਲ ਦਰ ਸਾਲ ਉਹ ਭਾਈ ਗੁਰਦਾਸ ਦੀ ਤੁਕ "ਮਿਟੀ ਧੁੰਧ ਜਗੁ ਚਾਨਣੁ ਹੋਆ" ਉਚਾਰ ਕੇ ਦੱਸਦੇ ਹਨ ਕਿ ਗੁਰੂ ਸਾਹਿਬ ਗਿਆਨ ਦੇ ਚਾਨਣ ਮੁਨਾਰੇ ਸਨ ਤੇ ਉਨ੍ਹਾਂ ਨੇ ਮਾਨਵਤਾ ਨੂੰ ਅੰਧਕਾਰ 'ਚੋਂ ਕੱਢ ਕੇ ਤਾਰਿਆ ਹੈ। ਪਰ ਅੱਜ ਤੀਕ ਉਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਇਹ ਨਾ ਦੱਸਿਆ, ਤੇ ਨਾ ਹੀ ਕਿਸੇ ਨੇ ਉਨ੍ਹਾਂ ਤੋਂ ਪੁੱਛਿਆ, ਕਿ ਉਹ ਚਾਨਣ ਕੀ ਸੀ ਜਿਸ ਦੀ ਲੋਅ ਨੇ ਸਦੀਆਂ ਦਾ ਅੰਧਕਾਰ ਅਲੋਪ ਕਰ ਦਿੱਤਾ। ਲਗਦਾ ਹੈ ਕਿ ਚਾਨਣ ਦੀ ਰੱਟ ਲਾਉਂਦਾ ਅਜੋਕਾ ਸਿੱਖ ਵਿਦਵਾਨ ਆਪ ਹੀ ਇਸ ਬਾਰੇ ਜਾਗਰੂਕ ਨਹੀਂ ਹੈ।

ਇਹ ਕੋਈ ਅਤਿ-ਕਥਨੀ ਨਹੀਂ ਕਿ ਅਜੋਕਾ ਸਿੱਖ ਵਿਦਵਾਨ ਗੁਰੂ ਨਾਨਕ ਦੀ ਸਿੱਖੀ ਬਾਰੇ ਬੇਖਬਰ ਹੈ। ਇਸੇ ਲਈ ਉਹ ਇਸ ਬਾਰੇ ਨਾ ਖੁਲ੍ਹ ਕੇ ਗੱਲ ਕਰਦਾ ਹੈ, ਨਾ ਡੂੰਘਾਈ ਵਿਚ ਜਾਂਦਾ ਹੈ। ਇਸ ਗੱਲ ਨੂੰ ਕੋਈ ਵੀ ਅਜ਼ਮਾ ਕੇ ਦੇਖ ਸਕਦਾ ਹੈ। ਕਿਸੇ ਵੀ ਸਿੱਖ ਵਿਦਵਾਨ, ਗਿਆਨੀ, ਪ੍ਰਚਾਰਕ ਜਾਂ ਬਾਬੇ ਤੋਂ ਪੁੱਛ ਕੇ ਵੇਖ ਲਵੋ ਕਿ ਸਿੱਖੀ ਸਿਧਾਂਤ ਕੀ ਹੈ? ਉਹ ਇਹੀ ਕਹੇਗਾ ਕਿ ਇਹ ਗੁਰੂ ਨਾਨਕ ਦੁਆਰਾ ਸਥਾਪਤ ਕੀਤਾ ਹੋਇਆ ਇਕ ਨਵੀਨ ਧਰਮ ਹੈ, ਜੋ ਮੰਨੂਵਾਦੀ-ਬ੍ਰਾਹਮਣਵਾਦੀ ਹਿੰਦੂ ਕਰਮ-ਕਾਂਡਾਂ ਦੀ ਨਿਖੇਧੀ ਕਰਦਾ ਹੈ ਤੇ ਇਕ ਸਰਬ-ਸ਼ਕਤੀਮਾਨ ਪਰਮਾਤਮਾ ਦੀ ਭਗਤੀ 'ਤੇ ਜੋਰ ਦਿੰਦਾ ਹੈ। ਉਹ ਗੁਰੂ ਸਾਹਿਬ ਦੀਆਂ ਸਮਾਜਕ ਤੇ ਨਿਜੀ ਵਿਹਾਰ ਬਾਰੇ ਸਿਖਿਆਵਾਂ ਦਾ ਜ਼ਿਕਰ ਕਰ ਕੇ ਇਹ ਵੀ ਦੱਸੇਗਾ ਕਿ ਹੱਕ ਹਲਾਲ ਦੀ ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ, ਪਖੰਡ ਤੋਂ ਦੂਰ ਰਹਿਣਾ, ਇਸਤਰੀ ਜਾਤੀ ਨੂੰ ਬਰਾਬਰੀ ਦੇਣਾ, ਜਾਤ ਪਾਤ ਪ੍ਰਥਾ ਨੂੰ ਨਕਾਰਨਾ, ਤੇ ਦੂਜੇ ਧਰਮਾਂ ਨੂੰ ਸਨਮਾਨ ਦੇਣਾ ਆਦਿ ਸਿੱਖੀ ਦੀਆਂ ਪ੍ਰਮੁਖ ਧਾਰਨਾਵਾਂ ਹਨ। ਹੋਰ ਪੁੱਛਣ 'ਤੇ ਉਹ ਇਹ ਵੀ ਕਹਿ ਸਕਦਾ ਹੈ ਕਿ ਸਿੱਖ ਧਰਮ ਇਕ 'ਵਿਗਿਆਨਕ ਧਰਮ' ਹੈ। ਆਪਣੇ ਇਸ ਕਥਨ ਦੀ ਪੁਸ਼ਟੀ ਲਈ ਉਹ "ਲਖ ਅਗਾਸਾ ਆਗਾਸ", "ਧਰਤੀ ਹੋਰ ਪਰੈ ਹੋਰ ਹੋਰ", "ਧਵਲੇ ਉਪਰ ਕੇਤਾ ਭਾਰ", "ਅਰਬਦ ਨਰਬਦ ਧੁੰਦੂਕਾਰਾ" ਆਦਿ ਗੁਰੂ ਸਾਹਿਬ ਦੀਆਂ ਕਈ ਪੰਕਤੀਆਂ ਵੀ ਬੋਲ ਸਕਦਾ ਹੈ। ਗੱਲ ਕੀ ਉਹ 'ਸਿੱਖ ਧਰਮ' ਦੀ ਪ੍ਰਸ਼ੰਸਾ ਕਰਦਾ ਅਜਿਹਾ ਸਭ ਕੁਝ ਦੱਸੇਗਾ, ਜੋ ਉਸ ਨੇ ਸੁਣਿਆ ਹੈ, ਪਰ 'ਸਿੱਖੀ' ਕੀ ਹੈ, ਇਸ ਬਾਰੇ ਇਕ ਸ਼ਬਦ ਵੀ ਨਹੀਂ ਉਚਾਰੇਗਾ।

ਬੜੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਸਿੱਖ ਵਿਦਵਾਨ ਇਸ ਤੋਂ ਅੱਗੇ ਕੁਝ ਨਹੀਂ ਦੱਸ ਸਕੇਗਾ, ਕਿਉਂਕਿ ਉਸ ਦੀ ਸਿਖਿਆ ਹੀ ਅਜਿਹੀ ਰਹੀ ਹੈ। ਉਹ ਇਸ ਰਾਹ ਕਦੇ ਗਿਆ ਹੀ ਨਹੀਂ ਹੈ। ਕੋਈ ਵੀ ਸਿੱਖ ਵਿਦਵਾਨ ਸਿੱਖੀ ਸਿਧਾਂਤ ਦੇ ਧੁਰੇ ਨੇੜਲੀ ਗੱਲ ਨਹੀਂ ਕਰੇਗਾ, ਕਿਉਂਕਿ ਇਹ ਉਸ ਦੀ ਜਾਣਕਾਰੀ ਤੋਂ ਬਾਹਰ ਦਾ ਵਿਸ਼ਾ ਹੈ। ਦਰਅਸਲ ਸਿੱਖ ਵਿਦਵਾਨਾਂ ਨੇ ਸਿੱਖੀ ਨੂੰ ਗਿਆਨ ਦਾ ਨਹੀਂ ਪੂਜਾ-ਪਾਠ ਦਾ ਵਿਧਾਨ ਸਮਝਿਆ ਹੋਇਆ ਹੈ। ਪੂਜਾ ਪਾਠ ਬਾਹਰੀ ਪ੍ਰਗਟਾਵਾ ਹੈ, ਜਿਸ 'ਤੇ ਵਿਖਾਵੇ ਦੀਆਂ ਕ੍ਰਿਆਵਾਂ ਦੇ ਕਈ ਹੋਰ ਛੋਟੇ ਵੱਡੇ ਅਡੰਬਰ ਉਸਰੇ ਹੋਏ ਹਨ। ਇਨ੍ਹਾਂ ਨੂੰ ਆਮ ਸਮਝ ਵਾਲੇ ਵਿਅਕਤੀ ਲਈ ਦੇਖਣਾ ਤੇ ਕਰਨਾ ਅਤਿ ਆਸਾਨ ਹੈ। ਇਨ੍ਹਾਂ ਦੀ ਸਮਝ ਲਈ ਕਿਸੇ ਸਕੂਲ ਜਾਣ ਦੀ ਲੋੜ ਨਹੀਂ, ਇਹ ਤਾਂ ਦੂਜਿਆਂ ਨੂੰ ਦੇਖ ਦਿਖਾ ਕੇ ਹੀ ਆ ਜਾਂਦੇ ਹਨ। ਬਸ ਇਕ ਖਾਸ ਕਿਸਮ ਦਾ ਬਾਣਾ ਪਾ ਕੇ, ਸਵੇਰੇ ਸ਼ਾਮ ਬਾਣੀ ਦਾ ਨਿੱਤ-ਨੇਮੀ ਪਾਠ ਕਰਕੇ, ਧਾਰਮਿਕ ਰਹੁ ਰੀਤਾਂ ਨੂੰ ਸਿਰੜ ਨਾਲ ਪੁਗਾ ਕੇ ਤੇ ਸੁੱਚਮ ਸਫਾਈ ਦਾ ਪ੍ਰਦਰਸ਼ਨ ਕਰਕੇ ਹਰ ਕੋਈ ਇਸ ਧਰਮ 'ਚ ਬਰਾਬਰ ਦਾ ਭਾਗੀਦਾਰ ਹੋ ਸਕਦਾ ਹੈ। ਪਰ ਗਿਆਨ ਤਾਂ ਸਿੱਖਣ ਨਾਲ ਹੀ ਆਵੇਗਾ। ਸਿੱਖੀ ਦਾ ਰਸਤਾ ਔਖਾ ਹੈ। ਇਹ ਮਿਹਨਤ, ਸੰਤੋਖ ਤੇ ਸੰਜਮ ਦੀ ਮੰਗ ਕਰਦਾ ਹੈ। ਇਸ ਨੂੰ ਸਿੱਖਣਾ ਅਤਿ ਜਰੂਰੀ ਹੈ ਕਿਉਂਕਿ ਸਿੱਖਿਆ ਤੇ ਗਿਆਨ ਬਿਨਾ ਸਿੱਖੀ ਚਲ ਹੀ ਨਹੀਂ ਸਕਦੀ।

ਸਿੱਖੀ ਨੂੰ ਸਿੱਖਣ ਲਈ ਇਸ ਦੀ ਆਮ ਸ਼ਬਦਾਵਲੀ, ਵਿਸ਼ੇਸ਼ ਸ਼ਬਦਾਂ ਦੇ ਅਰਥ, ਅਰਥਾਂ ਵਿਚੋਂ ਬਣੀਆਂ ਧਾਰਨਾਵਾਂ, ਧਾਰਨਾਵਾਂ ਦਾ ਵਿਧਾਨ, ਤੇ ਵਿਧਾਨ ਦੇ ਕੇਂਦਰੀ ਬਿੰਦੂ ਭਾਵ ਸੱਚ ਨੂੰ ਉਜਾਗਰ ਕਰਨ ਵਾਲੇ ਨਵੇਂ ਸਬਕ ਸਿੱਖਣੇ ਹੀ ਪੈਣਗੇ। ਕਈ ਧਾਰਨਾਵਾਂ ਨੂੰ ਸਮਝਣ ਲਈ ਡਾਇਗ੍ਰਾਮ, ਟੇਬਲ, ਅਲਜਬਰਾਈ ਫੰਕਸ਼ਨ, ਪੈਰਾਡਾਈਮ ਤੇ ਕੈਮਿਸਟਰੀ ਫਿਜ਼ਿਕਸ ਆਦਿ ਦੇ ਫਾਰਮੂਲਿਆਂ ਦੀ ਲੋੜ ਵੀ ਪੈ ਸਕਦੀ ਹੈ। ਇਸ ਤੋਂ ਵੀ ਵੱਡੀ ਗੱਲ ਇਹ ਕਿ ਇਨ੍ਹਾਂ ਸਭ ਨੂੰ ਵਿਗਿਆਨ ਦੇ ਪਰਿਪੇਖ ਵਿਚ ਵੇਖਣ ਤੇ ਆਲਮੀ ਵਿਗਿਆਨ ਨਾਲ ਜੋੜ ਕੇ ਅੱਗੇ ਤੋਰਨ ਦੀ ਲੋੜ ਹੈ, ਜੋ ਵਿਸ਼ੇਸ਼ ਸਿੱਖਿਆ-ਪੱਧਰ 'ਤੇ ਆਮ ਨਾਲੋਂ ਉਪਰਲੇ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ।

ਇੰਨਾ ਹੀ ਨਹੀਂ, ਮਾਰਗ ਗਿਆਨ ਦੀਆਂ ਸੱਚ ਸਬੰਧੀ ਮਾਨਤਾਵਾਂ ਨੂੰ ਮਨ ਵਿਚ ਧਾਰਨ ਤੋ ਪਹਿਲਾਂ ਮਨ ਨੂੰ ਅਗਿਆਨ ਭਰੀਆਂ ਕਰਮਕਾਂਡੀ ਮਾਨਤਾਵਾਂ ਤੇ ਰਵਾਇਤਾਂ ਤੋਂ ਪੂਰੀ ਤਰ੍ਹਾਂ ਖਾਲੀ ਕਰਨ ਦੀ ਲੋੜ ਹੈ। ਇਹ ਵੀ ਸਮਝਣਾ ਜਰੂਰੀ ਹੈ ਕਿ ਕੂੜ ਅਤੇ ਕੂੜ ਉਤੇ ਉਸਰੇ ਕਰਮ-ਤੰਤਰ ਦੀ ਜੀਵਨ ਵਿਚ ਕੋਈ ਥਾਂ ਨਹੀਂ ਅਤੇ ਨਾ ਹੀ ਇਨ੍ਹਾਂ ਦੇ ਸਮਾਨੰਤਰ ਕੋਈ ਨਵਾਂ ਕਰਮ-ਤੰਤਰ ਪੈਦਾ ਕਰਨ ਦੀ ਲੋੜ ਹੈ। ਸਿੱਖੀ ਉਪਦੇਸ਼ ਦਾ ਸਾਰੰਸ਼ ਖਾਸ ਧਾਰਮਿਕ ਵਸਤਰਾਂ, ਚੜ੍ਹਾਵਿਆਂ, ਮੱਥਿਆਂ, ਨਿੱਤਨੇਮੀ ਪਾਠਾਂ, ਜਾਪਾਂ, ਜਪਮਾਲੀਆਂ ਤੇ ਸਰੋਵਰੀ ਇਸ਼ਨਾਨਾਂ ਵਿਚ ਨਹੀਂ ਅਤੇ ਨਾ ਹੀ ਇਹ ਤਰਕ-ਬੁੱਧੀ ਨੂੰ ਦਬਾਉਣ ਵਿਚ ਹੈ। ਇਹ ਤਾਂ ਸਤਿਨਾਮ ਭਾਵ ਸੱਚ ਦੀ ਪ੍ਰਕ੍ਰਿਤੀ ਨੂੰ ਨਿਰਪੇਖਤਾ ਨਾਲ ਭਾਲਣ, ਖੋਜਣ ਤੇ ਘੋਖਣ ਵਿਚ ਹੈ। ਇਹ ਕੇਵਲ ਸੁਤੰਤਰ ਸੋਚ, ਨਿਰੰਤਰ ਖੋਜ, ਸੁਭਾਵਕ ਪ੍ਰਸ਼ਨ-ਪ੍ਰਵਿਰਤੀ, ਤੇ ਵਿਚਾਰਾਂ ਦੇ ਬੇਰੋਕ ਪ੍ਰਗਟਾਅ ਵਿਚ ਹੈ ਤਾਂ ਜੋ ਸੱਚੇ ਸੁੱਚੇ, ਨਰੋਏ ਤੇ ਤਰਕ-ਸੰਗਤ ਵਿਚਾਰ ਕੂੜੇ ਵਿਚਾਰਾਂ ਨਾਲ ਨਿਸੰਗ ਭਿੜ ਸਕਣ ਤੇ ਇਨ੍ਹਾਂ ਨੂੰ ਨਿਹੱਥੇ ਕਰ ਕੇ ਮਨੁੱਖ ਨੂੰ ਸੱਚਾਈ ਤੀਕ ਪਹੁੰਚਾਉਣ ਵਿਚ ਮਦਦ ਕਰਨ। ਸੰਖੇਪ ਵਿਚ ਅਜੋਕੇ ਹਰ ਸਿੱਖ ਨੂੰ ਇਹ ਸਿੱਖਣਾ ਹੀ ਪਵੇਗਾ ਕਿ ਉਹ ਕੇਵਲ ਸੱਚ ਨਾਲ ਪ੍ਰਣਾਇਆ ਹੋਇਆ ਹੈ ਤੇ ਸੱਚ ਤੋਂ ਬਿਨਾ ਹੋਰ ਕਿਸੇ ਵੀ ਚੀਜ਼ ਨਾਲ ਨਹੀਂ। ਇਹ ਵੀ ਕਿ ਇਸ ਮੂਲ ਸੰਕਲਪ ਦੀ ਰਾਖੀ ਲਈ ਉਹ ਹਰ ਧਾਰਨਾ ਦਾ ਪ੍ਰੀਤਿਆਗ ਕਰਨ ਲਈ ਤੱਤਪਰ ਹੈ।

ਸਪਸ਼ਟ ਹੈ ਕਿ ਸਿੱਖੀ ਸਿਖਿਆ ਤੇ ਸਿੱਖਣ ਨਾਲ ਸਬੰਧਤ ਮਸਲਾ ਹੈ, ਇਸ ਲਈ ਇਸ ਨੂੰ ਗ੍ਰਹਿਣ ਕਰਨ ਲਈ ਸਿਖਲਾਈ ਦੀ ਲੋੜ ਹੈ ਅਤੇ ਸਿਖਲਾਈ ਲਈ ਵਿਧੀ, ਵਿਚਾਰ, ਲਗਨ ਤੇ ਮਿਹਨਤ ਦੀ। ਸਿੱਟਾ ਇਹ ਕਿ ਸਾਰੇ ਸਿੱਖ ਸੱਜਣਾਂ ਨੂੰ ਹੱਠ ਕਰਕੇ ਸੰਜੀਦਗੀ ਨਾਲ ਪੁਰਾਣਾ ਪੜਚੋਲਣ ਤੇ ਨਵਾਂ ਜਾਣਨ ਦੀ ਲੋੜ ਹੈ। ਉਨ੍ਹਾਂ ਨੂੰ ਕਾਗਜ਼ ਤੇ ਕਲਮ ਲੈ ਕੇ ਬਾਣੀ ਅੱਗੇ ਬੈਠਣ ਦੀ ਲੋੜ ਹੈ ਤੇ ਤਰ੍ਹਾਂ ਤਰ੍ਹਾਂ ਦੇ ਪ੍ਰਸ਼ਨ ਪੁੱਛ ਕੇ ਨਿਰਲੇਪਤਾ ਤੇ ਨਿਰਪੱਖਤਾ ਨਾਲ 'ਸ਼ਬਦ-ਗੁਰੂ' ਦੇ ਸੱਚੇ ਅਰਥ ਘੋਖਣ ਦੀ ਵਿਧੀ ਅਪਨਾਉਣ ਦੀ ਲੋੜ ਹੈ।

ਤ੍ਰਾਸਦੀ ਇਹ ਹੈ ਕਿ ਅਜੋਕਾ ਸਿੱਖ ਇਹ ਸਭ ਨਹੀਂ ਕਰਦਾ। ਅਜੋਕਾ ਸਿੱਖ ਨਾ ਤਾਂ ਸਹੀ ਅਰਥਾਂ ਵਿਚ ਬਾਣੀ ਪੜ੍ਹਦਾ ਹੈ ਤੇ ਨਾ ਸੁਣਦਾ ਹੈ। ਪੜ੍ਹਨ ਦੀ ਥਾਂ ਉਹ ਜਾਪ ਭਾਵ ਪਾਠ ਕਰਦਾ ਹੈ ਤੇ ਸੁਣਨ ਦੀ ਥਾਂ ਅਖੰਡ ਪਾਠ। ਅੱਗੇ ਪਿੱਛੇ ਉਹ ਧਿਆਨ ਨਾਲ ਸੋਚਣ ਦੀ ਥਾਂ ਇਨ੍ਹਾਂ ਦੋਹਾਂ ਰੁਝੇਵਿਆਂ ਦਾ ਬੰਦੋਬਸਤ ਕਰਦਾ ਹੈ। ਪਾਠਾਂ ਲਈ ਸਮਾਂ ਮਿਥਦਾ ਹੈ, ਪਾਠੀਆਂ ਦਾ ਇੰਤਜ਼ਾਮ ਕਰਦਾ ਹੈ, ਸੁਣਨ ਵਾਲਿਆਂ ਨੂੰ ਸੱਦਣ ਲਈ ਸੱਦਾ ਪੱਤਰ ਭੇਜਦਾ ਹੈ, ਲੰਗਰ ਲਈ ਮਾਇਆ ਇੱਕਠੀ ਕਰਦਾ ਹੈ, ਰਸਦ ਖਰੀਦਦਾ ਹੈ, ਖਰਚੇ ਦੇ ਬਿਲ ਅਦਾ ਕਰਦਾ ਹੈ, ਦਰੀਆਂ ਵਿਛਾਉਂਦਾ ਤੇ ਚੁੱਕਦਾ ਹੈ। ਬਾਣੀ ਵਿਚ ਅਜਿਹੇ ਕੰਮਾਂ ਨੂੰ 'ਅਵਰ ਕਾਜ' ਦੀ ਕਿਸਮ ਵਿਚ ਰੱਖਿਆ ਗਿਆ ਹੈ। ਇਹ ਸਿੱਖੀ ਤੋਂ ਬਾਹਰ ਦੀਆਂ ਗੱਲਾਂ ਹਨ। ਜੇ ਉਹ ਮਾੜੀ ਮੋਟੀ ਬਾਣੀ ਸੁਣ ਵੀ ਲਵੇ ਤਾਂ ਉਸ ਨੂੰ ਸਮਝ ਨਹੀਂ ਸਕਦਾ ਕਿਉਂਕਿ ਸਮਝ ਲਈ ਸਹੀ ਰੁਚੀ, ਸਹੀ ਪ੍ਰਸੰਗ ਤੇ ਸਹੀ ਸਿੱਖਿਆ ਦੀ ਲੋੜ ਹੈ, ਜੋ ਉਹ ਸਹਿਜੇ ਜੁਟਾ ਨਹੀਂ ਸਕਦਾ। ਜੇ ਇਕ ਅੱਧੀ ਤੁਕ ਨੂੰ ਸਮਝ ਕੇ ਵਿਚਾਰ ਵੀ ਕਰ ਲਵੇ ਤਾਂ ਉਹ ਵੀ ਕਿਸੇ ਲੇਖੇ ਨਹੀਂ ਕਿਉਂਕਿ ਅਜਿਹੇ ਵਿਚਾਰ ਦੀ ਸਥਿਤੀ ਵੀ ਲੜੀ ਤੋਂ ਵਿਛੜੇ ਮਣਕੇ ਵਾਂਗ ਹੁੰਦੀ ਹੈ ਜੋ ਸਹੀ ਭਾਵ ਨਹੀਂ ਦੇ ਸਕਦਾ। ਇਸ ਲਈ ਅਜੋਕੇ ਸਿੱਖ ਨੂੰ ਸਿੱਖੀ ਸਿੱਖਣ ਦੀ ਲੋੜ ਹੈ।

ਕਿਉਂਕਿ ਅਜੋਕਾ ਸਿੱਖ ਸਿੱਖੀ ਦੇ ਅਧਿਐਨ ਨਾਲੋਂ ਟੁੱਟ ਚੁਕਾ ਹੈ, ਇਸ ਲਈ ਉਹ ਆਪਣੇ ਆਪ ਨਾਲੋਂ ਵੀ ਵਿਛੜ ਗਿਆ ਹੈ। ਉਸ ਨੂੰ ਸਮਝ ਨਹੀਂ ਆਉਂਦਾ ਕਿ ਕੀ ਕਰੇ? ਅੰਦਰੂਨੀ ਘਬਰਾਹਟ ਵਿਚ ਉਹ ਦੋਹਰੇ ਭਾਵ ਦੀਆਂ ਤਰਕਹੀਣ ਗੱਲਾਂ ਕਰਦਾ ਹੈ। ਸਿੱਖੀ ਨੂੰ ਦੂਜੇ ਧਰਮਾਂ ਮੁਕਾਬਲੇ ਰੱਖ ਕੇ ਮਾਪਦਾ ਹੈ। ਗੁਰੂ ਸਾਹਿਬ ਦੀਆਂ ਕੁਝ ਕੁ ਤੁਕਾਂ ਬੋਲ ਕੇ ਦੂਜੇ ਧਰਮਾਂ ਦੇ ਸਤਿਕਾਰ ਵਜੋਂ ਵਰਤਦਾ ਹੈ ਤੇ ਦੂਜੇ ਹੀ ਛਿਣ ਕੁਝ ਹੋਰ ਤੁਕਾਂ ਸੁਣਾ ਕੇ ਉਨ੍ਹਾਂ ਹੀ ਧਰਮਾਂ ਨੂੰ ਭੰਡਦਾ ਹੈ। ਕਦੇ ਮਾਨਵਤਾ ਦੀ ਗੱਲ ਕਰਦਾ ਹੈ, ਕਦੇ ਸੰਪਰਦਾਇਕਤਾ ਦੀ। ਬਾਣੀ ਤੋਂ ਟੁੱਟ ਕੇ ਉਸ ਦਾ ਮਨੋਬਲ ਥਿੜ੍ਹਕ ਗਿਆ ਹੈ। ਉਸ ਦੇ ਹਰ ਮਸਲੇ ਦੀ ਜੜ੍ਹ ਕੋਈ ਦੂਜਾ ਧਰਮ ਬਣ ਗਿਆ ਹੈ। ਉਸ ਨੂੰ ਹਰ ਅਣਸੁਖਾਵੀਂ ਘਟਨਾ ਪਿੱਛੇ ਕਿਸੇ ਦੂਜੇ ਧਰਮ ਦਾ ਸਾਜਿਸ਼ੀ ਹੱਥ ਨਜ਼ਰ ਆਉਂਦਾ ਹੈ। ਉਹ ਆਪਣੇ ਪੰਥ ਭਾਵ ਧਾਰਮਿਕ ਫਿਰਕੇ ਦੀ ਹੋਂਦ ਤੇ ਏਕੇ ਲਈ ਚਿੰਤਿਤ ਹੈ। ਉਸ ਨੂੰ ਡਰ ਹੈ ਕਿ ਕਿਤੇ ਉਸ ਦੀ ਸਿੱਖੀ ਨੂੰ ਕਿਸੇ ਬਹੁਗਿਣਤੀ ਧਰਮ ਦਾ 'ਅਜ਼ਗਰ' ਨਾ ਨਿਗਲ ਜਾਵੇ।

ਉਹ ੴ ਨੂੰ ਪਰਮਾਤਮਾ ਮੰਨਦਾ ਹੈ ਪਰ ਇਸ ਵਿਚਲਾ 'ਓ' ਵੈਦਿਕ 'ਓਮ' ਵਿਚੋਂ ਲਿਆ ਗਿਆ ਮੰਨਦਾ ਹੈ। ਉਹ ਰੱਬ ਨੂੰ ਇਕ ਮੰਨਦਾ ਹੈ, ਪਰ ਆਸਥਾ ਵੱਖ ਵੱਖ ਡੇਰਿਆਂ 'ਚ ਰੱਖਦਾ ਹੈ। ਹਰ ਡੇਰੇ ਦਾ ਆਪਣਾ ਬਾਣਾ, ਆਪਣੀ ਰਹਿਤ-ਮਰਿਆਦਾ, ਆਪਣਾ ਅੰਮ੍ਰਿਤ ਪ੍ਰਚਾਰ, ਆਪਣਾ ਵੋਟ ਬੈਂਕ, ਆਪਣੀ ਹਥਿਆਰਬੰਦ ਸਿਕਿਉਰਿਟੀ, ਆਪਣੀ ਹਉਮੈ, ਆਪਣੀ ਧੌਂਸ ਤੇ ਆਪਣੀ ਰਾਜਨੀਤੀ ਹੈ। ਇਸ ਲਈ ਇਨ੍ਹਾਂ ਨਾਲ ਜੁੜ ਕੇ ਉਹ ਆਪ ਹੀ ਪੰਥ ਨੂੰ ਅੰਦਰੋਂ ਪਾੜਨ ਦੀ ਕ੍ਰਿਆ ਵਿਚ ਭਾਗੀਦਾਰ ਹੁੰਦਾ ਹੈ। ਭਾਵ ਉਹ ਉਪਰੋਂ ਪੰਥ ਦੇ ਏਕੇ ਦੀ ਗੁਹਾਰ ਲਾਉਂਦਾ ਹੈ, ਪਰ ਅੰਦਰੋਂ ਇਸ ਨੂੰ ਫਾੜੀ ਫਾੜੀ ਕਰਨ ਵਿਚ ਰੁਝਾ ਹੁੰਦਾ ਹੈ ਤੇ ਅਜੋਕਾ ਸਿੱਖ ਗੁਰੂ ਨਾਨਕ ਦੀ ਸਿੱਖੀ ਵਾਲੀ ਪਛਾਣ ਭੁਲਾ ਕੇ ਮੁੜ ਨਾਥਵਾਦੀ ਪ੍ਰਵਿਰਤੀਆਂ ਵਿਚ ਗੁਆਚ ਗਿਆ ਹੈ।

ਇਸ ਸਭ ਦਾ ਕਾਰਨ ਇਹ ਹੈ ਕਿ ਅਜੋਕੇ ਸਿੱਖ ਨੂੰ ਪਤਾ ਹੀ ਨਹੀਂ ਕਿ ਗੁਰੂ ਨਾਨਕ ਦਾ ਸਿੱਖੀ ਸਿਧਾਂਤ ਅਜਿਹੀ ਠੋਸ ਚੱਟਾਨ 'ਤੇ ਟਿਕਿਆ ਹੋਇਆ ਹੈ, ਜਿਥੋਂ ਇਸ ਨੂੰ ਸੰਸਾਰ ਦੀ ਕੋਈ ਤਾਕਤ ਹਿਲਾ ਨਹੀਂ ਸਕਦੀ। ਮਿਥਿਹਾਸਕ ਅਤਿਕਥਨੀਆਂ ਤੇ ਫੋਕਟ ਕਰਮ-ਕਾਂਡ ਤੋਂ ਇਸ ਨੂੰ ਕੋਈ ਖਤਰਾ ਨਹੀਂ। ਸਿੱਖੀ ਵਿਗਿਆਨ ਹੀ ਨਹੀਂ, ਸਗੋਂ ਵਿਗਿਆਨ ਦੀ ਮਾਂ ਹੈ। ਜਿੱਥੇ ਇਹ ਹੋਵੇਗੀ ਵਿਗਿਆਨ ਇਸ ਦੀ ਸੇਵਾ ਵਿਚ ਨਾਲ ਖੜ੍ਹਾ ਹੋਵੇਗਾ। ਜਿੱਥੇ ਵਿਗਿਆਨ ਹੈ, ਉਥੇ ਕੋਈ ਧਰਮ ਜਾਂ ਨਹੀਂ ਸਕਦਾ। ਇਸੇ ਕਰਕੇ ਸਿੱਖੀ ਨੂੰ ਸਿੱਖ ਧਰਮ ਮੰਨਣ ਵਾਲਾ ਅਜੋਕਾ ਸਿੱਖ ਵੀ ਦੂਜੇ ਧਰਮਾਂ ਦੇ ਪੈਰੋਕਾਰਾਂ ਵਾਂਗ ਵਿਗਿਆਨ ਤੋਂ ਡਰਦਾ ਹੈ। ਉਹ ਇਸ ਨੂੰ ਸਿੱਖ ਸਿਧਾਂਤ ਦਾ ਸਭ ਤੋਂ ਵੱਡਾ ਵਫਾਦਾਰ ਸਮਝਣ ਦੀ ਥਾਂ ਸਭ ਤੋਂ ਵੱਡਾ ਸ਼ਰੀਕ ਤੇ ਸਭ ਤੋਂ ਕੱਟੜ ਦੁਸ਼ਮਣ ਮੰਨਦਾ ਹੈ!

ਗੱਲ ਫਿਰ ਉਥੇ ਹੀ ਆ ਜਾਂਦੀ ਹੈ ਕਿ ਅਜੋਕਾ ਸਿੱਖ ਤੇ ਸਿੱਖ ਵਿਦਵਾਨ ਗੁਰਸ਼ਬਦ ਨਾਲ ਜੁੜਨ ਤੇ ਨਿਰਪੱਖ ਹੋ ਕੇ ਸਿੱਖ ਸਿਧਾਂਤ ਦੀ ਖੋਜ ਕਰਨ। ਗੁਰੂ ਸਾਹਿਬ ਜੋ ਕੁਝ ਲਿਖ ਕੇ ਛੱਡ ਗਏ ਹਨ, ਉਸ ਨੂੰ ਕਿਸੇ ਪ੍ਰਮਾਣ ਜਾਂ ਕਿਸੇ ਦੀ ਵਿਆਖਿਆ ਦੀ ਲੋੜ ਨਹੀਂ ਹੈ। ਸਿੱਖ ਆਪ ਇਸ ਨੂੰ ਸਮਝਣ ਦੇ ਸਮਰਥ ਹਨ, ਜੇ ਉਹ ਸੱਚੇ ਮਨ ਤੇ ਸਿਰੜ ਨਾਲ ਖੋਜਣ। 'ਖੋਜ ਸਬਦ ਮੈ ਲੇਹਿ' ਦਾ ਵਾਕ ਕੇਵਲ ਅਰਦਾਸ ਵਿਚ ਬੋਲਣ ਲਈ ਨਹੀਂ ਬਣਿਆ। ਇਸ ਵਿਚਲਾ ਆਦੇਸ਼ ਅਜੋਕੇ ਸਿੱਖ ਲਈ ਮਾਰਗ ਦਰਸ਼ਨ ਦਾ ਪਹਿਲਾ ਦਿਸ਼ਾ ਸੰਕੇਤ ਹੈ।

# ਗੁਰੂ ਗ੍ਰੰਥ ਸਾਹਿਬ: ਬ੍ਰਹਿਮੰਡੀ ਸਰੋਕਾਰ

*(ਪਿਛਲੇ ਸਫੇ ਤੋਂ ਜਾਰੀ)*

ਗੁਰਮਤਿ ਅਨੁਸਾਰ 'ਹੁਕਮ ਪਛਾਨਣ' ਦੀ ਕ੍ਰਿਆ ਇਨਸਾਨ 'ਚੋਂ ਹਉਂ-ਨਿਵਾਰਣ ਦੇ ਸਮਰਪਣ ਵਾਲੇ ਉਸ ਭਾਵ ਨਾਲ ਜੁੜੀ ਹੈ, ਜੋ ਗੁਰੂ ਦੀ ਮਤ ਧਾਰ ਕੇ ਹੀ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ ਹੁਕਮ 'ਚ ਚਲਣਾ, ਰਜ਼ਾ ਵਿਚ ਰਹਿਣਾ, ਜਾਂ ਭਾਣਾ ਮੰਨਣਾ ਨਾ ਤਾਂ ਗੁਲਾਮੀ ਦਾ ਲਖਾਇਕ ਹੈ ਅਤੇ ਨਾ ਹੀ ਤਿਆਗ ਦਾ, ਸਗੋਂ ਸੰਸਾਰ ਦੀ ਭੌਤਿਕ ਅਵਸਥਾ ਦਾ ਨਿਰਵਾਹ ਸਹਿਜ ਰੂਪ ਵਿਚ ਕਰਦਿਆਂ ਵੀ ਉਸ ਤੋਂ ਨਿਰਲੇਪ ਰਹਿ ਕੇ ਉਸ ਦੈਵੀ-ਸੱਤਾ ਵਿਚ ਸਮਾਹਿਤ ਹੋਣਾ ਹੀ ਹੁਕਮ ਦਾ ਸੰਕਲਪ ਹੈ। ਇਹ ਸੰਕਲਪ ਬ੍ਰਹਿਮੰਡੀ-ਏਕਾਤਮਕਤਾ ਤੇ ਇਕਸੁਰਤਾ ਬਣਾਉਣ ਦੇ ਸਮਰਥ ਹੈ।

ਪੁਸਤਕ ਦਾ ਅੰਤਲਾ ਲੇਖ "ਨਿਸ਼ਕਰਸ਼" ਦੇ ਸਿਰਲੇਖ ਨਾਲ ਡਾ. ਕੁਲਦੀਪ ਕੌਰ ਦੇ ਖੋਜ-ਪ੍ਰਬੰਧ ਦਾ ਸਾਰ ਪੇਸ਼ ਕਰਦਾ ਹੈ। ਉਨ੍ਹਾਂ ਦੀ ਖੋਜ ਦਾ ਕੇਂਦਰੀ ਵਿਸ਼ਾ "ਬ੍ਰਹਿਮੰਡ-ਅਧਿਐਨ ਦੇ ਵਿਸ਼ਵਵਿਆਪੀ ਪਸਾਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਵਿਚ ਸਮਾਹਿਤ ਬ੍ਰਹਿਮੰਡ ਪ੍ਰਤੀ ਦ੍ਰਿਸ਼ਟੀਕੋਣ ਦੀ ਪਛਾਣ ਕਰਨਾ" ਹੈ। ਲੇਖਿਕਾ ਦੀ ਇਹ ਰਚਨਾ ਇਸ ਆਸ਼ੇ ਦੀ ਪੂਰਤੀ ਲਈ ਇਕ ਸਫਲ ਕੋਸ਼ਿਸ਼ ਹੈ। ਉਨ੍ਹਾਂ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਲਈ ਗੁਰਬਾਣੀ ਦੇ ਉਚਿਤ ਹਵਾਲੇ ਪੇਸ਼ ਕੀਤੇ ਹਨ। ਕਿਤਾਬ ਗੁਰਬਾਣੀ ਵਿਚ ਬ੍ਰਹਿਮੰਡੀ ਪਰਿਪੇਖ ਬਾਰੇ ਭਰਪੂਰ ਜਾਣਕਾਰੀ ਦਿੰਦੀ ਹੈ। ਗੁਰਬਾਣੀ ਦੇ ਅਨੇਕ ਸੰਕਲਪਾਂ/ਧਾਰਨਾਵਾਂ ਬਾਰੇ ਵਿਲੱਖਣ ਸੂਝ ਦਿੰਦੀ ਹੈ। ਵਧੀਆ ਜਿਲਦ ਵਾਲੀ ਅਤੇ ਵਧੀਆ ਕਾਗਜ਼ ਉਤੇ ਛਪੀ ਪੁਸਤਕ ਦੀ ਛਪਾਈ ਵੀ ਸੁੰਦਰ ਹੈ।

ਕਿਤਾਬ ਵਿਚ ਕੁਝ ਕੁ ਘਾਟਾਂ ਵੀ ਹਨ। ਮਿਸਾਲ ਵਜੋਂ ਕਈ ਥਾਂਈਂ ਬਿਰਤਾਂਤ ਵਿਚ ਦੁਹਰਾ ਹੈ। ਕਿਤੇ ਕਿਤੇ ਦਿਤੇ ਵਿਗਿਆਨਕ ਤੱਥਾਂ ਵਿਚ ਉਕਾਈ ਵੀ ਨਜ਼ਰ ਆਉਂਦੀ ਹੈ। ਜਿਵੇਂ ਕਿ ਪੰਨਾ 28 ਉਤੇ ਅੰਕਿਤ ਤੱਥ "ਸੂਰਜ 25 ਕਿ. ਮੀ. ਪ੍ਰਤੀ ਸੈਕੰਡ ਦੀ ਗਤੀ ਨਾਲ" ਦੀ ਥਾਂ ਦਰੁਸਤ ਤੱਥ "ਸੂਰਜ 225 ਕਿ. ਮੀ. ਪ੍ਰਤੀ ਸੈਕਿੰਡ ਦੀ ਗਤੀ ਨਾਲ" ਹੋਣਾ ਚਾਹੀਦਾ ਸੀ। ਇਸੇ ਤਰ੍ਹਾਂ ਇਸੇ ਪੰਨੇ ਉਤੇ ਅੰਕਿਤ ਤੱਥ "ਸੂਰਜ ਨੂੰ ਲਗਭਗ 25 ਕਰੋੜ ਸਾਲ" ਦੀ ਥਾਂ ਦਰੁਸਤ ਤੱਥ "ਸੂਰਜ ਨੂੰ ਲਗਭਗ 22.5 ਕਰੋੜ ਸਾਲ" ਹੋਣਾ ਚਾਹੀਦਾ ਸੀ। ਹਰ ਅਧਿਆਇ ਦੇ ਅੰਤ ਵਿਚ ਸਹਾਇਕ ਪੁਸਤਕ ਸੂਚੀ ਦਿੱਤੀ ਗਈ ਹੈ, ਜਿਸ ਵਿਚ ਜ਼ਿਕਰ ਅਧੀਨ ਪੁਸਤਕਾਂ ਦੇ ਪ੍ਰਕਾਸ਼ਨ ਸਾਲ ਅਤੇ ਪ੍ਰਕਾਸ਼ਕ ਦਾ ਜ਼ਿਕਰ ਨਹੀਂ ਦਿੱਤਾ ਗਿਆ। ਪਰ ਇਹ ਘਾਟਾਂ ਵਿਚਾਰ ਅਧੀਨ ਵਿਸ਼ੇ 'ਤੇ ਦਿਤੀ ਗਈ ਜਾਣਕਾਰੀ ਦੇ ਮਹੱਤਵ ਨੂੰ ਕਿਸੇ ਤਰ੍ਹਾਂ ਵੀ ਘੱਟ ਨਹੀਂ ਕਰਦੀਆਂ। ਇਹ ਘਾਟਾਂ, ਮੁੱਖ ਤੌਰ 'ਤੇ ਕਿਤਾਬ ਦੀ ਐਡਿਟਿੰਗ ਨਾਲ ਸਬੰਧਤ ਹਨ, ਨਾ ਕਿ ਲੇਖਿਕਾ ਦੇ ਵਿਚਾਰਾਂ ਨਾਲ।

ਆਸ ਹੈ, ਸਿੱਖ ਧਰਮ ਦੇ ਪ੍ਰਚਾਰਕ ਅਤੇ ਕਥਾਵਾਚਕ ਡਾ. ਕੁਲਦੀਪ ਕੌਰ ਦੇ ਇਸ ਉਦਮ ਤੋਂ ਲਾਭ ਉਠਾਉਂਦਿਆਂ ਗੁਰਬਾਣੀ ਵਿਚ ਮੌਜੂਦ ਬ੍ਰਹਿਮੰਡੀ ਸਰੋਕਾਰਾਂ ਦੇ ਵਿਭਿੰਨ ਪਹਿਲੂਆਂ ਬਾਰੇ ਇਸ ਨਵੇਂ, ਨਰੋਏ ਤੇ ਜਾਣਕਾਰੀ ਭਰਪੂਰ ਸਾਹਿਤ ਨੂੰ ਆਮ ਪਾਠਕਾਂ ਤਕ ਪਹੁੰਚਾਉਣਗੇ। ਇਹ ਇਕ ਅਜਿਹੀ ਕਿਤਾਬ ਹੈ, ਜੋ ਹਰ ਸਿੱਖ ਵਿਦਵਾਨ ਅਤੇ ਹਰ ਗੁਰਦੁਆਰੇ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਨ ਦੀ ਹੱਕਦਾਰ ਹੈ, ਤਾਂ ਜੋ ਨਵੀਂ ਪੀੜ੍ਹੀ ਤੇ ਹੋਰ ਸ਼ਰਧਾਲੂ, ਮਹਾਨ ਗੁਰੂ ਸਾਹਿਬਾਨ ਦੇ ਆਸ਼ਿਆਂ ਦਾ ਸਹੀ ਰੂਪ ਸਮਝ ਸਕਣ ਅਤੇ ਉਨ੍ਹਾਂ 'ਤੇ ਚੱਲ ਕੇ ਜੀਵਨ ਸਫਰ ਸਫਲ ਕਰ ਸਕਣ।

ਪੁਸਤਕ ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ ਨੇ ਛਾਪੀ ਹੈ ਅਤੇ ਕੀਮਤ 250 ਰੁਪਏ ਹੈ।

---

****ਡਾਇਰੈਕਟਰ, ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ, ਮਿਸੀਸਾਗਾ, ਓਂਟਾਰੀਓ, ਕੈਨੇਡਾ।***

# ਵੱਡੇ ਦੀਵੇ ਦੀ ਰੋਸ਼ਨੀ



**ਡਾ. ਗਿਆਨ ਸਿੰਘ**
**ਫੋਨ: 1-408-493-9776**

ਮੈਨੂੰ 1975 ਵਿਚ ਅਰਥ-ਵਿਗਿਆਨ ਵਿਚ ਐਮ. ਏ. ਕਰਨ ਤੋਂ ਤੁਰੰਤ ਬਾਅਦ ਪੰਜਾਬ ਲੋਕਲ ਫੰਡ ਅਕਾਊਂਟਸ ਵਿਭਾਗ ਵਿਚ ਆਡੀਟਰ ਦੀ ਨੌਕਰੀ ਮਿਲ ਗਈ ਸੀ। 1976 ਵਿਚ ਡੀ. ਪੀ. ਆਈ. (ਕਾਲਜਾਂ), ਪੰਜਾਬ ਵੱਲੋਂ ਪੰਜਾਬ ਦੇ ਸਰਕਾਰੀ ਕਾਲਜਾਂ ਲਈ ਲੈਕਚਰਾਰ ਦੀਆਂ ਅਸਾਮੀਆਂ ਲਈ ਇੰਟਰਵਿਊ ਕੀਤੀ ਗਈ, ਜਿਸ ਵਿਚ ਮੇਰੀ ਚੋਣ ਹੋ ਗਈ। ਮੇਰੀ ਕਾਲਜ ਲੈਕਚਰਾਰ ਦੇ ਤੌਰ 'ਤੇ ਸਭ ਤੋਂ ਪਹਿਲੀ ਨਿਯੁਕਤੀ 1977 ਦੇ ਸ਼ੁਰੂ ਵਿਚ ਰਾਜਿੰਦਰਾ ਸਰਕਾਰੀ ਕਾਲਜ, ਬਠਿੰਡਾ ਵਿਚ ਹੋਈ, ਪਰ ਇਹ ਨੌਕਰੀ ਤਦ-ਅਰਥ ਆਧਾਰ 'ਤੇ ਹੋਣ ਕਾਰਨ 31 ਮਾਰਚ ਤੱਕ ਹੀ ਰਹੀ। ਪਹਿਲੀ ਚੋਣ ਦੇ ਆਧਾਰ 'ਤੇ ਹੀ ਜੁਲਾਈ 1977 ਵਿਚ ਮੇਰੀ ਫਿਰ ਤੋਂ ਲੈਕਚਰਾਰ ਦੀ ਨਿਯੁਕਤੀ ਸਰਕਾਰੀ ਕਾਲਜ, ਹੁਸ਼ਿਆਰਪੁਰ ਹੋ ਗਈ, ਜੋ 31 ਮਾਰਚ 1978 ਨੂੰ ਸਮਾਪਤ ਹੋ ਗਈ।

ਬਠਿੰਡੇ ਅਤੇ ਹੁਸ਼ਿਆਰਪੁਰ ਦੇ ਸਰਕਾਰੀ ਕਾਲਜਾਂ ਵਿਚ ਪੜ੍ਹਾਉਣ ਦੌਰਾਨ ਮੈਂ ਫੈਸਲਾ ਕਰ ਲਿਆ ਕਿ ਮੈਂ ਪੜ੍ਹਾਉਣ ਦੀ ਹੀ ਨੌਕਰੀ ਕਰਾਂਗਾ। 31 ਮਾਰਚ ਨੂੰ ਸਰਕਾਰੀ ਕਾਲਜ ਵਿਚ ਐਡਹਾਕ ਲੈਕਚਰਾਰਾਂ ਨੂੰ ਫਾਰਗ ਕਰਨ ਦੀ ਤਕਲੀਫ ਤੋਂ ਖਹਿੜਾ ਛੁਡਾਉਣ ਲਈ ਮੈਂ ਆਪਣੀ ਪੜ੍ਹਾਈ ਅੱਗੇ ਜਾਰੀ ਕੀਤੀ। ਸਭ ਤੋਂ ਪਹਿਲਾਂ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਮ. ਫਿਲ. ਕੀਤੀ ਅਤੇ ਪੰਜਾਬ ਦੇ ਨਿੱਜੀ/ਸਰਕਾਰੀ ਕਾਲਜਾਂ ਵਿਚ ਲੈਕਚਰਾਰ ਦੀ ਪੱਕੀ ਨੌਕਰੀ ਲਈ ਇੰਟਰਵਿਊ ਦੇਣ ਦੀ ਤਿਆਰੀ ਕਰ ਰਿਹਾ ਸੀ, ਕਿਉਂਕਿ ਘਰ ਦੀ ਗਰੀਬੀ ਪੀਐਚ. ਡੀ. ਕਰਨ ਦੇ ਰਾਹ ਵਿਚ ਵੱਡੀ ਰੁਕਾਵਟ ਸੀ। ਮੇਰੀ ਇਹ ਸਮੱਸਿਆ ਵੀ ਜਲਦ ਹੀ ਹੱਲ ਹੋ ਗਈ, ਮੈਨੂੰ ਇਸ ਸਮੇਂ ਦੌਰਾਨ ਹੀ ਪੀਐਚ. ਡੀ. ਕਰਨ ਲਈ ਯੂ. ਜੀ. ਸੀ. ਵੱਲੋਂ ਜੇ. ਆਰ. ਐਫ. ਮਿਲ ਗਿਆ, ਜਿਸ ਤੋਂ ਮਿਲਣ ਵਾਲੀ ਆਰਥਕ ਮਦਦ ਨਾਲ ਸਿਰਫ ਮੇਰੀ ਪੀਐਚ. ਡੀ. ਹੀ ਪੂਰੀ ਨਾ ਹੋਈ, ਸਗੋਂ ਮੈਂ ਕੁਝ ਪੈਸੇ ਆਪਣੇ ਘਰ ਵੀ ਦਿੰਦਾ ਰਿਹਾ।

1984 ਵਿਚ ਪੰਜਾਬੀ ਯੂਨੀਵਰਸਿਟੀ ਨੇ ਬਠਿੰਡੇ ਦੇ ਇਲਾਕੇ ਦੇ ਵਿਦਿਆਰਥੀਆਂ ਨੂੰ ਵਖ ਵਖ ਵਿਸ਼ਿਆਂ ਵਿਚ ਐਮ. ਏ. ਕਰਵਾਉਣ ਲਈ ਬਠਿੰਡੇ ਆਪਣਾ ਰੀਜਨਲ ਸੈਂਟਰ ਖੋਲ੍ਹਿਆ। ਇਸ ਸਮੇਂ ਮੇਰਾ ਪੀਐਚ. ਡੀ. ਦਾ ਕੰਮ ਕਰੀਬ ਪੂਰਾ ਹੋ ਚੁਕਾ ਸੀ। ਇਸ ਸੈਂਟਰ ਵਿਚ ਅਰਥ-ਵਿਗਿਆਨ ਦੇ ਲੈਕਚਰਾਰ ਵਜੋਂ ਮੇਰੀ ਨਿਯੁਕਤੀ ਹੋ ਗਈ ਅਤੇ ਮੈਂ ਅਕਤੂਬਰ ਤੋਂ ਪੜ੍ਹਾਉਣ ਦੀ ਨੌਕਰੀ ਸ਼ੁਰੂ ਕਰ ਲਈ। ਸ਼ੁਰੂ ਦੇ ਸਮੇਂ ਵਿਚ ਇਸ ਸੈਂਟਰ ਦੀ ਆਪਣੀ ਕੋਈ ਇਮਾਰਤ ਨਹੀਂ ਸੀ, ਜਿਸ ਕਰਕੇ ਕਲਾਸਾਂ ਰਾਜਿੰਦਰਾ ਕਾਲਜ ਦੀ ਇਮਾਰਤ ਵਿਚ ਲਾਈਆਂ ਜਾਂਦੀਆਂ ਰਹੀਆਂ। ਕਾਲਜ ਦਾ ਪ੍ਰਿੰਸੀਪਲ, ਪ੍ਰੋਫੈਸਰ ਅਤੇ ਹੋਰ ਅਧਿਕਾਰੀ ਸਾਡੀ ਬਹੁਤ ਮਦਦ ਕਰਦੇ, ਪਰ ਕਾਲਜ ਅਤੇ ਸੈਂਟਰ ਦੇ ਵਿਦਿਆਰਥੀਆਂ, ਪ੍ਰੋਫੈਸਰਾਂ ਅਤੇ ਦਫਤਰੀ ਅਮਲੇ ਲਈ ਲੋੜੀਂਦੀ ਇਮਾਰਤ ਦੀ ਘਾਟ ਮਹਿਸੂਸ ਹੁੰਦੀ ਰਹੀ।

ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਦੇ ਪਹਿਲੇ ਡਾਇਰੈਕਟਰ ਡਾ. ਡੀ. ਸੀ. ਸਕਸੇਨਾ ਸਨ। ਉਹ ਆਪਣੇ ਵਿਸ਼ੇ ਦੇ ਮਾਹਰ, ਪਰ ਸੁਭਾਅ ਦੇ ਸਖਤ ਸਨ। ਉਹ ਆਪਣੀਆਂ ਕਲਾਸਾਂ ਠੀਕ ਸਮੇਂ 'ਤੇ ਲੈਂਦੇ, ਪੂਰਾ ਸਮਾਂ ਪੜ੍ਹਾਉਂਦੇ ਅਤੇ ਇਸ ਦੇ ਨਾਲ ਨਾਲ ਬਾਕੀ ਦੇ ਅਧਿਆਪਕਾਂ ਤੋਂ ਵੀ ਅਜਿਹਾ ਕਰਵਾਉਂਦੇ। ਮੈਨੂੰ ਉਨ੍ਹਾਂ ਦਾ ਸਖਤ ਸੁਭਾਅ ਵੀ ਚੰਗਾ ਲੱਗਾ, ਕਿਉਂਕਿ ਪੰਜਾਬੀ ਯੂਨੀਵਰਸਿਟੀ ਪੜ੍ਹਨ ਮੌਕੇ ਸਾਡੇ ਅਧਿਆਪਕ ਡਾ. ਐਚ. ਕੇ. ਮਨਮੋਹਨ ਸਿੰਘ ਵੀ ਅਜਿਹਾ ਹੀ ਕਰਦੇ ਸਨ।

ਬਠਿੰਡੇ ਇਲਾਕੇ ਦੇ ਲੋਕ ਪੰਜਾਬ ਦੇ ਦੂਜੇ ਇਲਾਕਿਆਂ ਨਾਲੋਂ ਵੱਧ ਮਿਲਣਸਾਰ ਅਤੇ ਆਪਣਾ ਨਿੱਜੀ ਕੰਮ ਛੱਡ ਕੇ ਦੂਜਿਆਂ ਦੇ ਕੰਮ ਆਉਣ ਵਾਲੇ ਹਨ, ਪਰ ਉਨ੍ਹਾਂ ਦੇ ਸੁਭਾਅ ਦੀ ਇਕ ਵਿਸ਼ੇਸ਼ਤਾ ਹੋਰ ਵੀ ਹੈ ਕਿ ਉਹ ਕਿਸੇ ਵੀ ਬੰਦੇ ਬਾਰੇ ਜੋ ਮਹਿਸੂਸ ਕਰਦੇ ਹਨ, ਉਸ ਬੰਦੇ ਦੇ ਮੂੰਹ 'ਤੇ ਕਹਿ ਦਿੰਦੇ ਹਨ। ਬਠਿੰਡੇ ਇਲਾਕੇ ਦੇ ਵਿਦਿਆਰਥੀਆਂ 'ਤੇ ਉਥੋਂ ਦੇ ਲੋਕਾਂ ਦੇ ਸੁਭਾਅ ਦਾ ਅਸਰ ਹੋਣਾ ਸੁਭਾਵਿਕ ਹੈ। ਉਥੋਂ ਦੇ ਵਿਦਿਆਰਥੀ ਕਲਾਸ ਲਾਉਣ ਨੂੰ ਆਪਣਾ ਧਰਮ ਸਮਝਦੇ ਅਤੇ ਜੋ ਗੱਲ ਉਨ੍ਹਾਂ ਨੂੰ ਸਮਝ ਨਾ ਆਉਂਦੀ, ਉਹ ਆਪਣੇ ਅਧਿਆਪਕਾਂ ਤੋਂ ਵਾਰ ਵਾਰ ਪੁੱਛ ਵੀ ਲੈਂਦੇ।

ਮਾਰਚ 1985 ਦੀ ਗੱਲ ਹੈ, ਮੈਂ ਅਤੇ ਮੇਰੇ ਕੁਝ ਸਹਿਯੋਗੀ ਅਧਿਆਪਕਾਂ ਦੇ ਬੈਠਣ ਲਈ ਮਿਲੇ ਇਕ ਕਮਰੇ ਵਿਚ ਆਪਣਾ ਕੰਮ ਕਰ ਰਹੇ ਸਾਂ। ਉਸ ਦੌਰਾਨ ਸਾਡੀ ਇਕ ਵਿਦਿਆਰਥਣ ਵਾਰ ਵਾਰ ਸਾਡੇ ਕਮਰੇ ਵਿਚ ਆ ਕੇ ਵਾਪਸ ਮੁੜ ਜਾਵੇ। ਜਦੋਂ ਮੇਰੇ ਸਹਿਯੋਗੀ ਉਸ ਕਮਰੇ ਵਿਚੋਂ ਚਲੇ ਗਏ ਤਾਂ ਉਹ ਵਿਦਿਆਰਥਣ ਫਿਰ ਆ ਗਈ ਅਤੇ ਉਸ ਨੇ ਮੈਨੂੰ ਕਿਹਾ ਕਿ ਮੈਂ ਤੁਹਾਡੇ ਕੋਲ ਇਕ ਕੰਮ ਆਈ ਹਾਂ, ਉਹ ਤੁਹਾਨੂੰ ਜ਼ਰੂਰ ਕਰਨਾ ਪਵੇਗਾ। ਮੈਂ ਜਵਾਬ ਦਿੱਤਾ ਕਿ ਪਹਿਲਾਂ ਤੁਸੀਂ ਆਪਣਾ ਕੰਮ ਦੱਸੋ, ਫਿਰ ਮੈਂ ਦੱਸ ਸਕਾਂਗਾ ਕਿ ਕਰ ਸਕਦਾ ਹਾਂ ਜਾਂ ਨਹੀਂ। ਉਸ ਨੇ ਫਿਰ ਕਿਹਾ ਕਿ ਤੁਹਾਨੂੰ ਮੇਰਾ ਕੰਮ ਕਰਨਾ ਹੀ ਪਵੇਗਾ। ਕੁਝ ਦੇਰ ਪਿਛੋਂ ਉਸ ਨੇ ਕਿਹਾ ਕਿ ਉਸ ਦੀ ਸਹੇਲੀ ਤੇ ਜਮਾਤਣ ਨੇ ਆਪਣੇ ਸਾਰੇ ਪੇਪਰਾਂ ਦੇ ਨੋਟਸ ਬਣਾ ਲਏ ਹਨ, ਪਰ ਉਹ ਉਸ ਨੂੰ ਨਹੀਂ ਦਿੰਦੀ, ਜਿਸ ਕਰਕੇ ਮੈਂ ਉਸ ਦੀ ਸਹੇਲੀ ਨੂੰ ਅਜਿਹਾ ਕਰਨ ਦੀ ਹਦਾਇਤ ਕਰਾਂ।

ਲੁਧਿਆਣਾ ਜਿਲੇ ਦੇ ਪਿੰਡ ਈਸੜੂ ਵਿਚ ਜੰਮਣ ਤੇ ਵੱਡਾ ਹੋਣ ਅਤੇ ਪਟਿਆਲੇ ਵਿਚ ਪੜ੍ਹਨ ਕਰਕੇ ਮੈਂ ਆਪਣੇ ਸੁਭਾਅ ਅਨੁਸਾਰ ਤੁਰੰਤ ਜਵਾਬ ਦਿੱਤਾ ਕਿ ਜੋ ਪੇਪਰ ਮੈਂ ਪੜ੍ਹਾਉਂਦਾ ਹਾਂ, ਉਹ ਜਦੋਂ ਅਤੇ ਜਿੰਨੀ ਵਾਰ ਮਰਜੀ ਮੇਰੇ ਤੋਂ ਸਮਝ ਲਵੋ, ਪਰ ਨੋਟਸ ਦਿਵਾਉਣ ਵਾਲਾ ਕੰਮ ਮੈਂ ਨਹੀਂ ਕਰਨਾ। ਇਸ ਪਿਛੋਂ ਮੇਰੀ ਅਤੇ ਉਸ ਵਿਦਿਆਰਥਣ ਦੀ ਕਾਫੀ ਤਲਖੀ ਵਾਲੀ ਗੱਲਬਾਤ ਹੁੰਦੀ ਰਹੀ। ਜਦੋਂ ਉਸ ਵਿਦਿਆਰਥਣ ਨੂੰ ਯਕੀਨ ਹੋ ਗਿਆ ਕਿ ਮੈਂ ਉਸ ਦੀ ਮਦਦ ਕਰਨ ਤੋਂ ਪੂਰੀ ਤਰ੍ਹਾਂ ਇਨਕਾਰੀ ਹਾਂ ਤਾਂ ਉਸ ਨੇ ਕਿਹਾ ਕਿ ਮੈਂ ਵਾਪਸ ਜਾਂਦੀ ਹਾਂ, ਪਰ ਤੁਹਾਨੂੰ ਕੁਝ ਕਹਿ ਕੇ ਜਾਵਾਂਗੀ, ਜੋ ਤੁਹਾਨੂੰ ਮੇਰੇ ਅਧਿਆਪਕ ਹੋਣ ਕਰਕੇ ਸੁਣਨਾ ਪਵੇਗਾ।

ਮੈਂ ਉਸ ਨੂੰ ਕਿਹਾ, ਜਲਦੀ ਕਹੋ। ਕਹਿੰਦੀ, ਮੈਂ ਤਾਂ ਇਹ ਸਮਝ ਕੇ ਆਈ ਸਾਂ ਕਿ ਅਧਿਆਪਕ ਮਾਪਿਆਂ ਵਰਗੇ ਹੁੰਦੇ ਹਨ, ਪਰ ਤੁਸੀਂ ਤਾਂ...। ਮੈਂ ਉਸ ਨੂੰ ਉਥੇ ਹੀ ਰੋਕ ਦਿੱਤਾ ਅਤੇ ਕਿਹਾ ਕਿ ਬੇਟੇ ਮੈਂ ਤੇਰਾ ਕੰਮ ਕਰ ਦੇਵਾਂਗਾ। ਮੈਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੈਂ ਅਧਿਆਪਕ ਦੇ ਕੰਮ ਵਿਚ ਆਉਣ ਕਰਕੇ ਬਿਨ ਵਿਆਹ ਦੇ ਵੀ ਮਾਪਾ ਬਣ ਗਿਆ ਹਾਂ।

ਦੂਜੇ ਦਿਨ ਮੈਂ ਕਲਾਸ ਪਿਛੋਂ ਉਸ ਵਿਦਿਆਰਥਣ ਦੀ ਸਹੇਲੀ ਮਧੂ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨੂੰ ਉਸ ਦੀ ਪੜ੍ਹਾਈ ਦਾ ਹਾਲ ਪੁੱਛਿਆ। ਉਸ ਦਾ ਜਵਾਬ ਸੀ ਕਿ ਉਸ ਨੇ ਸਾਰੇ ਪੇਪਰਾਂ ਦੇ ਨੋਟਸ ਬਣਾ ਲਏ ਹਨ ਅਤੇ ਉਹ ਉਨ੍ਹਾਂ ਨੂੰ ਦੁਹਰਾ ਰਹੀ ਹੈ। ਮੈਂ ਮਧੂ ਨੂੰ ਉਸ ਦੀ ਸਹੇਲੀ ਦੀ ਸਮੱਸਿਆ ਦੱਸੀ ਤਾਂ ਉਸ ਨੇ ਕੋਰਾ ਜਵਾਬ ਦੇ ਦਿੱਤਾ ਕਿ ਉਹ ਅਜਿਹਾ ਨਹੀਂ ਕਰੇਗੀ। ਉਸ ਨੇ ਤਰਕ ਦਿੱਤਾ ਕਿ ਉਹ ਸੈਂਟਰ ਤੋਂ ਜਾਣ ਪਿਛੋਂ ਕਾਫੀ ਦੇਰ ਤੱਕ ਪੜ੍ਹਦੀ-ਲਿਖਦੀ ਹੈ ਅਤੇ ਜਦੋਂ ਬਿਜਲੀ ਨਹੀਂ ਹੁੰਦੀ ਤਾਂ ਉਹ ਕੱਚ ਦੀ ਛੋਟੀ ਬੋਤਲ ਦੇ ਬਣਾਏ ਹੋਏ ਮਿੱਟੀ ਦੇ ਤੇਲ ਦੇ ਦੀਵੇ ਦੀ ਲੋਅ ਵਿਚ ਵੀ ਆਪਣਾ ਕੰਮ ਕਰਦੀ ਹੈ, ਪਰ ਉਸ ਦੀ ਸਹੇਲੀ ਤਾਂ ਧੋਬੀ ਬਾਜ਼ਾਰ ਵਿਚ ਗੇੜੇ ਲਾਉਂਦੀ ਰਹਿੰਦੀ ਹੈ।

ਮੇਰੇ ਲਈ ਬਹੁਤ ਵੱਡੀ ਸਮੱਸਿਆ ਸੀ ਕਿ ਮੈਨੂੰ ਮਾਪੇ ਹੋਣ ਦਾ ਅਹਿਸਾਸ ਹੋ ਗਿਆ ਸੀ ਅਤੇ ਮੈਂ ਵਾਅਦਾ ਵੀ ਕਰ ਚੁਕਾ ਸਾਂ। ਮੈਂ ਆਪਣੀ ਹਾਰ ਨਾ ਮੰਨਦਿਆਂ ਮਧੂ ਨੂੰ ਪੁੱਛਿਆ ਕਿ ਬੇਟਾ ਤੁਸੀਂ ਦੀਵਾਲੀ ਮਨਾਉਂਦੇ ਹੋ? ਉਸ ਨੇ ਸਪਸ਼ਟ ਜਵਾਬ ਦਿੱਤਾ, ਉਸ ਨੂੰ ਲੱਗਦਾ ਹੈ ਕਿ ਮੈਂ ਵੀ ਮਨਾਉਂਦਾ ਹੋਵਾਂਗਾ। ਮੈਂ ਆਪਣੀ ਗੱਲ ਅੱਗੇ ਤੋਰਦਿਆਂ ਕਿਹਾ ਕਿ ਬੇਟਾ ਆਪਣੇ ਗਰੀਬ ਘਰਾਂ ਵਿਚ ਆਪਾਂ ਦੀਵਾਲੀ ਵਾਲੇ ਦਿਨ ਦੀਵੇ ਜਗਾਉਂਦੇ ਹਾਂ। ਮਧੂ ਦਾ ਜਵਾਬ ਸੀ, ਕੀ ਮੈਂ ਠੀਕ ਵੀ ਹਾਂ? ਮੈਂ ਹਾਂ ਵਿਚ ਜਵਾਬ ਦਿੱਤਾ ਅਤੇ ਆਪਣੀ ਗੱਲ ਜਾਰੀ ਰੱਖੀ ਕਿ ਆਪਾਂ ਦੀਵਾਲੀ ਵਾਲੇ ਦਿਨ ਸਭ ਤੋਂ ਪਹਿਲਾਂ ਵੱਡਾ ਦੀਵਾ ਜਗਾਉਂਦੇ ਹਾਂ ਅਤੇ ਉਸ ਪਿਛੋਂ ਛੋਟੇ ਦੀਵੇ ਉਸ ਨਾਲ ਜਗਾ ਦਿੰਦੇ ਹਾਂ, ਬੇਟਾ ਤੁਹਾਨੂੰ ਕੀ ਲੱਗਦਾ ਹੈ ਕਿ ਅਜਿਹਾ ਕਰਦਿਆਂ ਵੱਡੇ ਦੀਵੇ ਦੀ ਰੋਸ਼ਨੀ ਘਟ ਜਾਂਦੀ ਹੈ?

ਮਧੂ ਨੇ ਜਵਾਬ ਦਿੱਤਾ ਕਿ ਮੈਂ ਆਪਣੇ ਸਾਰੇ ਨੋਟਸ ਆਪਣੀ ਸਹੇਲੀ ਨੂੰ ਦੇ ਦੇਵਾਂਗੀ। ਮੈਂ ਖੁਸ਼ ਸੀ ਕਿ ਮਾਪਿਆਂ ਦੇ ਤੌਰ 'ਤੇ ਮੈਂ ਕਾਮਯਾਬ ਹੋ ਗਿਆ ਸੀ। 1986 ਵਿਚ ਉਸ ਦੀ ਸਹੇਲੀ ਨੇ ਗੋਲਡ ਮੈਡਲ ਲੈ ਕੇ ਐਮ. ਏ. ਫਸਟ ਡਿਵਿਜ਼ਨ ਵਿਚ ਪਾਸ ਕੀਤੀ।

ਮਧੂ ਨੇ ਆਪਣੀ ਐਮ. ਏ. ਕਰਨ ਪਿਛੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਐਮ. ਫਿਲ. ਕਰ ਲਈ ਅਤੇ ਦਿੱਲੀ ਇੰਦਰਾ ਗਾਂਧੀ ਓਪਨ ਯੂਨੀਵਰਸਿਟੀ ਵਿਚ ਲੈਕਚਰਾਰ ਲੱਗ ਗਈ। ਉਸ ਨੇ ਸਿੱਧ ਕਰ ਦਿੱਤਾ ਕਿ ਵੱਡੇ ਦੀਵੇ ਤੋਂ ਛੋਟੇ ਦੀਵੇ ਜਗਾਉਣ ਨਾਲ ਉਸ ਦੀ ਰੋਸ਼ਨੀ ਘਟਦੀ ਨਹੀਂ, ਸਗੋਂ ਕਈ ਗੁਣਾ ਵਧ ਜਾਂਦੀ ਹੈ।

# ਤਿੰਨ ਤੋਂ ਤਿੰਨ ਸੌ ਕਿ...?



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਆਲੂ ਲੈਣ ਗਿਆ, ਮਹਿੰਗੇ ਸਟੋਰ ਜਾ ਵੜਿਆ। ਇੱਕ ਡਾਲਰ ਨੂੰ ਪੌਂਡ ਦੇਖ ਕੇ ਤਿੰਨ-ਚਾਰ ਕੁ ਹੀ ਚੁੱਕੇ ਤੇ ਨਾਲ ਹੀ ਲਮਕਦੀ ਤੱਕੜੀ 'ਤੇ ਜਾ ਰੱਖੇ। ਤਿੰਨ ਪੌਂਡ ਤੋਂ ਰਤਾ ਕੁ ਉਪਰ ਬਣੇ। ਜੇ ਜੱਕਾਂ ਕਰਦਾ ਬੈਗ ਚੁੱਕ ਪੈਸੇ ਦੇਣ ਲਈ ਲਾਈਨ 'ਚ ਜਾ ਲੱਗਾ। ਦੋ ਕੁ ਮਿੰਟ ਲਾਈਨ 'ਚ ਖੜ੍ਹੇ ਨੂੰ ਹੋਏ ਤਾਂ ਆਲੂ ਮਹਿੰਗੇ ਲੱਗਣ ਲੱਗੇ; ਸੋਚਿਆ ਕਿਉਂ ਨਾ ਘਰ ਨੂੰ ਜਾਂਦਾ ਜਾਂਦਾ ਦੇਸੀ ਸਟੋਰ ਥਾਈਂ ਲੰਘ ਜਾਵਾਂ, ਜੇ ਉਥੇ ਵੀ ਇਸੇ ਭਾਅ ਹੋਏ ਤੇ ਉਥੋਂ ਹੀ ਤਿੰਨ ਪੌਂਡ ਲੈ ਲਊਂ ਤੇ ਜੇ ਸਸਤੇ ਹੋਏ ਤਾਂ ਦਸ ਪੌਂਡ ਦਾ ਬੋਰਾ ਖਰੀਦ ਲਊਂ। ਇਉਂ ਸੋਚਦਾ ਲਾਈਨ 'ਚੋਂ ਖਿਸਕ, ਆਲੂਆਂ ਦਾ ਬੈਗ ਆਲੂਆਂ ਦੀ ਖੁਰਲੀ 'ਚ ਢੇਰੀ ਕਰ ਸਟੋਰ 'ਚੋਂ ਬਾਹਰ ਨਿਕਲ ਆਇਆ।

ਦੇਸੀ ਸਟੋਰ 'ਚ ਆ ਆਲੂਆਂ ਦਾ ਭਾਅ ਦੇਖ ਗਦ ਗਦ ਹੋ ਗਿਆ। ਇਥੇ ਦਸ ਪੌਂਡ ਆਲੂ ਤਿੰਨ ਡਾਲਰ ਦੇ; ਫਟਾ ਫਟ ਤਿੰਨ ਡਾਲਰ ਕੈਸ਼ੀਅਰ ਨੂੰ ਫੜਾ, ਬੋਰਾ ਕਾਰ 'ਚ ਧਰ ਘਰ ਨੂੰ ਤੁਰ ਪਿਆ। ਇੱਥੇ ਇਹ ਦੱਸ ਦਿਆਂ ਕਿ ਬਹੁਤੀ ਵਾਰੀ ਆਲੂ ਸਸਤੇ ਦੇਖ, ਚੁੱਕ ਤਾਂ ਬੋਰਾ ਲਈਦਾ ਪਰ ਅਕਸਰ ਅੱਧੋਂ ਵੱਧ ਪਏ ਹੀ ਸੜ ਜਾਂਦੇ ਹਨ ਤੇ ਸੁੱਟਣੇ ਪੈਂਦੇ ਹਨ, ਕਿਉਂਕਿ ਸਮੇਂ ਸਿਰ ਵਰਤੇ ਨਹੀਂ ਜਾਂਦੇ।

ਦੇਸੀ ਸਟੋਰ ਦੀ ਪਾਰਕਿੰਗ ਲਾਟ 'ਚੋਂ ਮੇਨ ਸੜਕ ਪੈਣ ਲਈ, ਬਾਹਰ ਨਿਕਲਣ ਦੇ ਰਸਤੇ (ਐਗਜ਼ਿਟ) 'ਤੇ ਖੜ੍ਹ ਸੱਜੇ ਪਾਸੇ ਦੀ ਟਿਪ ਟਿਪੀ (ਟਰਨਿੰਗ ਸਿਗਨਲ) ਲਾ, ਸੜਕ 'ਚ ਦਾਖਲ ਹੋਣ ਦਾ ਇੰਤਜ਼ਾਰ ਕਰਨ ਲੱਗਾ। ਹਾਲੇ ਕੁਝ ਪਲ ਹੀ ਹੋਏ ਸਨ ਖੜ੍ਹਿਆਂ ਕਿ ਇੱਕ ਕਾਰ, ਜਿੱਧਰ ਨੂੰ ਮੈਂ ਮੁੜਨਾ ਸੀ, ਉਸੇ ਪਾਸਿਓ ਆ ਇੱਕ ਦਮ ਮੇਰੇ ਸੱਜੇ ਪਾਸੇ ਦੀ ਖੱਬੀ ਟਰਨ ਮਾਰਦਿਆਂ, ਘੜੱਪ ਦੇ ਕੇ ਮੇਰੀ ਕਾਰ ਦੇ ਪੈਸੰਜਰ ਵਾਲੇ ਪਾਸੇ ਨਾਲ ਖਹਿੰਦੀ ਦੇਸੀ ਸਟੋਰ ਦੇ ਪਲਾਜ਼ਾ ਦੀ ਪਾਰਕਿੰਗ ਲਾਟ 'ਚ ਜਾ ਵੜੀ।

ਇਹ ਸਭ ਕੁਝ ਦੇਖ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਤੇ ਮੈਂ ਮੱਥੇ 'ਤੇ ਹੱਥ ਮਾਰ ਸੋਚਣ ਲੱਗਾ ਕਿ ਇਸ ਨੂੰ ਤਾਂ ਮੇਰੇ ਖੱਬੇ ਪਾਸੇ ਦੀ ਅੰਦਰ ਵੜਨਾ ਚਾਹੀਦਾ ਸੀ। ਸੋਚਾਂ ਸੋਚਦਿਆਂ ਮੈਂ ਲਮਕਦੀ ਧੂੰਦੀ ਕਾਰ ਰਿਵਰਸ ਕਰ ਕੇ ਉਹਦੇ ਬਰਾਬਰ ਖੜ੍ਹੀ ਕਰ, ਬਾਹਰ ਨਿਕਲ ਕੇ ਪੁੱਛਿਆ ਕਿ ਬੀਬੀ ਤੈਨੂੰ ਤਾਂ ਮੇਰੇ ਖੱਬਿਉਂ ਅੰਦਰ ਵੜਨਾ ਚਾਹੀਦਾ ਸੀ! ਉਹ ਅੱਗਿਓਂ ਬੋਲੀ, ਤੁਹਾਡੀ ਕਾਰ ਵਿਚਕਾਰ ਸੀ। ਮੈਂ ਅੱਗਿਓਂ ਕਿਹਾ ਤਾਂ ਵੀ ਤੈਨੂੰ ਮੇਰੇ ਖੱਬੇ ਦੀ ਦਾਖਲ ਹੋਣਾ ਚਾਹੀਦਾ ਸੀ, ਨਾ ਕਿ ਸੱਜੇ ਦੀ। ਤੈਂ ਮੇਰਾ ਸੱਜੇ ਮੁੜਨ ਦਾ ਸਿਗਨਲ ਨਹੀਂ ਦੇਖਿਆ?

ਕਹਿੰਦੀ, ਦੇਖਿਆਂ ਤਾਂ ਜਰੂਰ ਸੀ ਪਰ ਸੋਚਿਆ...।

ਮੇਰੇ ਖੱਬੇ ਦੋ ਕਾਰਾਂ ਲੰਘਣ ਜੋਗਾ ਥਾਂ ਸੀ, ਜਿੱਥੋਂ ਉਹ ਆਸਾਨੀ ਨਾਲ ਪਾਰਕਿੰਗ ਲਾਟ 'ਚ ਵੜ ਸਕਦੀ ਸੀ। ਖੈਰ, ਕੋਈ ਗਵਾਹ ਨਹੀਂ ਸੀ ਤੇ ਨਾ ਹੀ ਆਲੇ ਦੁਆਲੇ ਕੋਈ ਸੀ. ਸੀ. ਟੀ. ਵੀ. ਕੈਮਰਾ ਸੀ: ਆਖਿਰ ਆਪਣੀ ਤੇ ਆਪਣੀਆਂ ਕਾਰਾਂ ਦੀ ਜਾਣਕਾਰੀ ਇੱਕ ਦੂਜੇ ਨੂੰ ਦੇ-ਲੈ ਕੇ ਆਪੋ ਆਪਣੇ ਰਾਹੀਂ ਤੁਰਦੇ ਬਣੇ।



ਉਸੇ ਰਾਤ ਕਾਰ ਬੀਮਾ ਕੰਪਨੀ ਨੂੰ ਕਲੇਮ ਰਿਪੋਰਟ ਕਰਨ ਲਈ ਸਾਰੀ ਘਟਨਾ ਦਾ ਵੇਰਵਾ ਸਹੀ ਸਹੀ ਦੱਸਣ ਉਪਰੰਤ ਜੋ ਹੁਕਮਨਾਮਾ ਅੱਗੋਂ ਬੀਮਾ ਕੰਪਨੀ ਦੇ ਪ੍ਰਤੀਨਿਧ ਤੋਂ ਸੁਣਿਆ, ਉਸ ਨੇ ਤਾਂ ਮੇਰੀ ਹੈਰਾਨੀ ਤੇ ਨਿਰਾਸ਼ਾ ਦੇ ਸੱਭ ਹੱਦਾਂ ਬੰਨੇ ਹੀ ਟਪਾ ਦਿੱਤੇ ਤੇ ਮੈਂ ਇਕ ਦਮ ਸੁੰਨ ਜਿਹਾ ਹੀ ਹੋ ਗਿਆ। ਮੇਰੇ ਕੰਨਾਂ 'ਚ ਉਸ ਕਾਰ ਬੀਮਾ ਕੰਪਨੀ ਦੇ ਪ੍ਰਤੀਨਿੱਧ ਦੇ ਬੋਲ ਗੂੰਜ ਗੂੰਜ ਮੇਰਾ ਸਿਰ ਪਾੜੀ ਜਾ ਰਹੇ ਸਨ, "ਸੌ ਪ੍ਰਤੀਸ਼ੱਤ ਇਸ ਦੁਰਘਟਨਾ ਲਈ ਤੂੰ ਜ਼ਿਮੇਵਾਰ ਹੈਂ ਕਿਉਂਕਿ ਮੋਟਰ ਵਹੀਕਲ ਦਾ ਫਲਾਣਾ ਐਕਟ ਇਹ ਕਹਿਦਾ ਹੈ ਕਿ ਜੋ ਵੀ ਕੋਈ ਮੋਟਰ ਕਾਰ ਸੜਕ ਤੋਂ ਪਾਰਕਿੰਗ ਲਾਟ 'ਚ ਵੜ ਰਹੀ ਹੋਵੇ, ਉਸ ਦਾ 'ਰਾਈਟ ਆਫ ਵੇ' ਹੈ।"

ਮੇਰੀ ਸਮਝ ਤੋਂ ਬਾਹਰ ਸੀ ਕਿ ਮੈਂ ਪਾਰਕਿੰਗ ਲਾਟ 'ਚੋਂ ਬਾਹਰ ਨਿਕਲ ਰਿਹਾ ਹੋਣ ਕਰਕੇ ਮੇਰਾ ਕਸੂਰ ਸੀ? ਇਹ ਕਾਨੂੰਨ ਮੇਰੀ ਸਮਝ ਤੋਂ ਬਾਹਰ ਸੀ। ਜੇ 'ਰਾਈਟ ਆਫ ਵੇ' ਉਸ ਦਾ ਹੈ ਤਾਂ ਵੀ ਉਸ ਨੂੰ ਦੂਜਿਆਂ ਦੇ ਬਚਾਓ ਨੂੰ ਧਿਆਨ ਗੋਚਰੇ ਰੱਖਦਿਆਂ ਪਲਾਜ਼ਾ ਦੀ ਪਾਰਕਿੰਗ ਲਾਟ 'ਚ ਦਾਖਲ ਹੋਣਾ ਚਾਹੀਦਾ ਸੀ, ਨਾ ਕਿ ਲਾਟ 'ਚੋਂ ਬਾਹਰ ਨਿਕਲਣ ਲਈ ਸੱਜਾ ਸਿਗਨਲ ਲਾਈ, ਸੱਜੇ ਪਾਸੇ ਮੁੜਨ ਵਾਲੀ ਕਾਰ ਦੇ ਉਲਟ ਪਾਸੇ ਦੀ ਅੰਦਰ ਦਾਖਲ ਹੋਣਾ ਤੇ ਉਸ 'ਚ ਟੱਕਰ ਮਾਰਨਾ? ਇਹ ਕੇਹਾ 'ਰਾਈਟ ਆਫ ਵੇ' ਤੇ ਕਿਹੋ ਜਿਹਾ ਮੋਟਰ ਵਹੀਕਲ ਐਕਟ ਹੈ? ਮੇਰੇ ਮਨ 'ਚ ਇਹ ਵੀ ਵਿਚਾਰ ਘੁੰਮਣ ਕਿ ਬੀਬੀ ਨੇ ਅਜਿਹਾ ਤਰੋੜ ਮਰੋੜ ਕੇ ਸਾਰੀ ਘਟਨਾ ਨੂੰ ਕਾਰ ਬੀਮਾ ਕੰਪਨੀ ਕੋਲ ਦਰਜ ਕਰਾਇਆ, ਜਿਸ ਕਰਕੇ ਮੈਨੂੰ ਕਸੂਰਵਾਰ ਸਾਬਤ ਕਰਨ ਦੀ ਕੋਈ ਕਸਰ ਬਾਕੀ ਨਾ ਛੱਡੀ ਅਤੇ ਕਾਰ ਬੀਮਾ ਕੰਪਨੀ ਦੇ ਪ੍ਰਤੀਨਿੱਧ ਨੇ ਮੋਟਰ ਵਹੀਕਲ ਐਕਟ ਦੀ ਘੁੰਡੀ ਕੱਢ ਮੈਨੂੰ ਸੱਚ ਬੋਲਣ 'ਤੇ ਫਾਹੇ ਲਾ ਦਿੱਤਾ।

ਉਹ ਪੂਰੀ ਰਾਤ ਤੇ ਅਗਲੇ ਦੋ ਤਿੰਨ ਦਿਨ ਨਾ ਤਾਂ ਮੇਰੀ ਬੇਚੈਨੀ ਹਟੀ ਅਤੇ ਨਾ ਹੀ ਮੈਨੂੰ ਚੰਗੀ ਤਰ੍ਹਾਂ ਨੀਂਦ ਆਈ। ਮੈਨੂੰ ਕਾਰ ਚਲਾਉਣ ਤੋਂ ਵੀ ਡਰ ਲੱਗਣ ਲੱਗਾ।

ਭਾਵੇਂ ਸਰੀਰਕ ਸੱਟ ਤਾਂ ਕੋਈ ਨਾ ਲੱਗੀ, ਪਰ ਮਾਨਸਿਕ ਪ੍ਰੇਸ਼ਾਨੀ ਨਾ ਹਟੀ; ਇਹ ਸੋਚ ਕੇ ਕਿ ਡਾਕਟਰ ਕੋਈ ਪ੍ਰੇਸ਼ਾਨੀ ਘਟਾਉਣ ਜਾਂ ਰਾਤ ਨੂੰ ਨੀਂਦ ਆਉਣ ਦੀ ਕੋਈ ਦਵਾਈ ਦੇ ਦਏਗਾ, ਮੈਂ ਡਾਕਟਰ ਨਾਲ ਅਪੁਆਇੰਟਮੈਂਟ ਬਣਾ ਲਈ। ਡਾਕਟਰ ਦਾ ਕਲਿਨਿਕ ਬਹੁ ਮੰਜ਼ਲੀ ਇਮਾਰਤ ਵਿਚ ਸੀ ਅਤੇ ਥੱਲੇ ਪਾਰਕੇਡ ਸੀ। ਦਿੱਤੇ ਸਮੇਂ 'ਤੇ ਪਹੁੰਚਣ ਲਈ ਮੈਂ ਘਰੋਂ ਸਮੇਂ ਸਿਰ ਤੁਰ ਪਾਰਕੇਡ 'ਚ ਪੁੱਜਾ ਤੇ ਲੇਨ ਵੇ 'ਚ ਰੁਕ, ਇਕ ਦੋ ਪਈਆਂ ਖਾਲੀ ਪਾਰਕਾਂ ਵਲ ਨ੍ਹਿਗਾ ਦੌੜਾਈ, ਹਾਲਾਂ ਸੋਚ ਹੀ ਰਿਹਾ ਸੀ ਕਿ ਕਿੱਥੇ ਵੈਨ ਪਾਰਕ ਕਰਾਂ ਇੰਨੇ ਨੂੰ ਇੱਕ ਹੋਰ ਡਰਾਈਵਰ ਬੀਬੀ ਨੇ ਬਿਨਾ ਅੱਗਾ ਪਿੱਛਾ ਦੇਖਿਆਂ ਕਾਰ ਰਿਵਰਸ 'ਚ ਪਾ ਤੇਜੀ ਨਾਲ ਰੇਸ ਦਿੱਤੀ ਤੇ ਠਾਹ ਕਰਦੀ ਮੇਰੀ ਵੈਨ ਦੇ ਸੱਜੇ ਪਾਸੇ ਸਲਾਈਡਿੰਗ ਡੋਰ 'ਚ ਲਿਆ ਮਾਰੀ।

ਉਸ ਬਾਹਰ ਨਿਕਲ ਕਈ ਵਾਰੀ ਮੈਨੂੰ ਸੌਰੀ ਕਿਹਾ ਤੇ ਦੱਸਿਆ ਕਿ ਉਹ ਬੇਧਿਆਨੀ ਸੀ, ਕਿਉਂਕਿ ਉਸ ਦਾ ਧਿਆਨ ਪਿੱਛੇ ਬੈਠੀ ਉਸ ਦੀ ਅੱਠ ਕੁ ਸਾਲ ਦੀ ਪੋਤੀ 'ਚ ਉਲਝ ਗਿਆ ਸੀ। ਮੈਨੂੰ ਲੱਗਾ ਕਿ ਉਸ ਆਪਣਾ ਕਸੂਰ ਮੰਨ ਲਿਆ ਹੈ। ਖੈਰ, ਅਸੀਂ ਆਪੋ ਆਪਣੀ ਜਾਣਕਾਰੀ ਇਕ ਦੂਜੇ ਨੂੰ ਦੇ ਆਪੋ ਆਪਣੇ ਰਾਹ ਪਏ ਤੇ ਮੈਂ ਡਾਕਟਰ ਦੇ ਕਲਿਨਿਕ ਜਾ ਪੁੱਜਾ। ਜਾਂਦਿਆਂ ਹੀ ਡਾਕਟਰ ਦੀ ਸੈਕਟਰੀ ਨੂੰ ਦੱਸਿਆ ਕਿ ਮੇਰੀ ਥੱਲੇ ਪਾਰਕੇਡ 'ਚ ਇਕ ਹੋਰ ਠੂਹ ਹੋ ਗਈ; ਪਰ ਨਾਲ ਹੀ ਮੈਂ ਇਹ ਵੀ ਦੱਸ ਦਿੱਤਾ ਕਿ ਇਸ ਡਰਾਈਵਰ ਨੇ ਆਪਣੀ ਗਲਤੀ ਮੰਨੀ ਹੈ ਤੇ ਮੈਨੂੰ ਕਈ ਵਾਰੀ ਸੌਰੀ ਕਿਹਾ।

ਇਹ ਸੁਣ ਕੇ ਡਾਕਟਰ ਦੀ ਸੈਕਟਰੀ ਅੱਗੋਂ ਆਪਣੀ ਹੀ ਕਹਾਣੀ ਦੱਸਣ ਲੱਗੀ ਕਿ ਕਿਵੇਂ ਕਿਸੇ ਬੀਬੀ ਡਰਾਈਵਰ ਨੇ ਉਸ ਦੀ ਕਾਰ 'ਚ ਕਾਰ ਠੋਕ ਦਿੱਤੀ ਅਤੇ ਦੇਖਦਿਆਂ ਹੀ ਦੇਖਦਿਆਂ ਐਕਸੀਡੈਂਟ ਤੋਂ ਬਾਅਦ ਟਪੂਸੀ ਮਾਰ ਕੇ ਡਰਾਈਵਰ ਦੀ ਸੀਟ ਛੱਡ ਕੇ ਪੈਸੰਜਰ ਸੀਟ 'ਤੇ ਜਾ ਬਿਰਾਜੀ। ਪੁਲਿਸ ਆਈ ਤਾਂ ਉਹ ਡਰਾਈਵਰ ਲੱਭਣ ਤੇ ਉਹ ਪੈਸੰਜਰ ਸੀਟ 'ਤੇ ਬੈਠੀ ਬੀਬੀ ਡੌਰ ਭੌਰ ਹੋਈ ਦੇਖੀ ਜਾਏ ਬੋਲੇ ਕੁਝ ਨਾ। ਇਹ ਸੁਣ ਕੇ ਮੇਰੇ ਅੰਦਰ ਵੀ ਸ਼ੰਕਾ ਖੜ੍ਹਾ ਹੋ ਗਿਆ ਕਿ ਗੁਆਹ ਤਾਂ ਕੋਈ ਹੈ ਨਹੀਂ ਕਿਤੇ ਇਹ ਬੀਬੀ ਡਰਾਈਵਰ ਵੀ ਕਾਰ ਬੀਮਾ ਕੰਪਨੀ ਨੂੰ ਰਿਪੋਰਟ ਕਰਨ ਸਮੇਂ ਕੁੱਝ ਹੋਰ ਦਾ ਹੋਰ ਹੀ ਨਾ ਦੱਸ ਦਏ?

ਅੰਦਰ ਜਾ ਡਾਕਟਰ ਨੂੰ ਮਿਲਿਆ ਤਾਂ ਦੱਸਿਆ ਕਿ ਆਇਆ ਤਾਂ ਮੈਂ ਪਹਿਲੀ ਕਾਰ ਠੂਹ ਤੋਂ ਹੋਈ ਬੇਚੈਨੀ ਦੀ ਦੁਆਈ ਲੈਣ ਸੀ, ਪਰ ਇਥੇ ਪਾਰਕੇਡ 'ਚ ਹੀ ਇੱਕ ਹੋਰ ਠੂਹ ਹੋ ਗਈ। ਨਾਲ ਹੀ ਮੈਂ ਇਹ ਵੀ ਦੱਸ ਦਿੱਤਾ ਕਿ ਬੀਬੀ ਡਰਾਈਵਰ ਚੰਗੀ ਬੜੀ ਸੀ, ਮੈਥੋਂ ਕਈ ਵਾਰੀ ਸੌਰੀ ਮੰਗੀ ਤੇ ਆਪਣਾ ਬੇਧਿਆਨੇ ਹੋਣਾ ਮੰਨਿਆ। ਸੁਣ ਕੇ ਡਾਕਟਰ ਹੱਸਿਆ ਵੀ ਤੇ ਨਾਲ ਹੀ ਆਪਣੀ ਵਿਥਿਆ ਸੁਣਾ ਮਾਰੀ।

ਕਹਿੰਦਾ, ਉਹ ਸੜਕ 'ਤੇ ਘਰ ਨੂੰ ਜਾ ਰਿਹਾ ਸੀ, ਕਿਸੇ ਨੇ ਲੇਨ ਬਦਲਦਿਆਂ ਉਸ ਦੀ ਕਾਰ 'ਚ ਕਾਰ ਮਾਰ ਦਿੱਤੀ ਤੇ ਦੂਜੇ ਡਰਾਈਵਰ ਨੇ ਬੜੀ ਵਾਰੀ ਸੌਰੀ ਕਿਹਾ ਤੇ ਆਪਣੀ ਗਲਤੀ ਵੀ ਮੰਨੀ, ਪਰ ਜਦੋਂ ਕਾਰ ਬੀਮਾ ਕੰਪਨੀ ਨੂੰ ਰਿਪੋਰਟ ਲਿਖਾਈ ਤਾਂ ਸਰਾਸਰ ਉਲਟ ਗੱਲ ਕਹੀ ਤੇ ਕਸੂਰ ਡਾਕਟਰ ਸਿਰ ਮੜ੍ਹ ਦਿੱਤਾ ਕਿ ਡਾਕਟਰ ਨੇ ਲੇਨ ਬਦਲਦਿਆਂ ਉਸ 'ਚ ਕਾਰ ਮਾਰੀ ਹੈ।

ਇਹ ਸੁਣ ਕੇ ਮੇਰੇ ਅੰਦਰ ਪਹਿਲਾਂ ਹੀ ਡਾਕਟਰ ਦੀ ਸੈਕਟਰੀ ਦੀ ਕਹਾਣੀ ਸੁਣਾਉਣ ਵੇਲੇ ਸ਼ੁਰੂ ਹੋਇਆ ਸ਼ੰਕਾ ਸੱਚ ਜਾਪਣ ਲੱਗਾ ਤੇ ਚਿੰਤਾ ਦਾ ਚੱਕਰ ਹੋਰ ਤੇਜ ਹੋ ਗਿਆ ਕਿ ਕਿਤੇ ਮੇਰੇ ਨਾਲ ਵੀ ਇਹੋ ਨਾ ਹੋਵੇ? ਇਸ ਫੈਂਡਰ ਬੈਂਡਰ 'ਚ ਵੀ ਨਾ ਤਾਂ ਕੋਈ ਗਵਾਹ ਹੈ ਅਤੇ ਨਾ ਹੀ ਆਲੇ ਦੁਆਲੇ ਕੋਈ ਸੀ. ਸੀ. ਟੀ. ਵੀ. ਕੈਮਰਾ। ਡਾਕਟਰ ਨੇ ਨੀਂਦ ਆਉਣ ਅਤੇ ਫਿਕਰ ਘਟਾਉਣ ਦੀਆਂ ਗੋਲੀਆਂ ਤਾਂ ਲਿਖ ਦਿੱਤੀਆਂ ਪਰ ਨਾਲ ਹੀ ਤਾਕੀਦ ਕੀਤੀ ਕਿ ਇਨ੍ਹਾਂ ਨੂੰ ਲੋੜ ਪੈਣ 'ਤੇ ਹੀ ਵਰਤਾਂ; ਕਿਤੇ ਇਨ੍ਹਾਂ ਦਾ ਆਦੀ ਹੀ ਨਾ ਹੋ ਜਾਵਾਂ।

ਘਰ ਨੂੰ ਮੁੜਦਿਆਂ ਸਿਰ 'ਚ ਸੋਚਾਂ ਦਾ ਹਲਟ ਘੁਮੀਂ ਜਾਏ ਕਿ ਤਿੰਨ ਡਾਲਰ ਦੇ ਆਲੂ ਲੈਣ ਗਿਆ ਤਿੰਨ ਸੌ ਡਾਲਰ ਪਹਿਲੀ ਕਾਰ ਦੁਰਘਟਨਾ ਦਾ ਡੀਡਕਟੇਬਲ ਸਿਰ ਪੁਆ ਆਇਆ ਤੇ ਇੰਸ਼ੋਰੈਂਸ ਜੋ ਵਧਣੀ ਉਹ ਵਾਧੂ। ਮੇਰਾ ਕਸੂਰ ਕੱਢਣ ਕਰਕੇ ਕਾਰ ਮੁਰੰਮਤ ਵਾਸਤੇ ਮੈਨੂੰ ਤਿੰਨ ਸੌ ਡਾਲਰ ਡੀਡਕਟੇਬਲ ਦੇਣੇ ਪੈਣੇ ਹਨ। ਹਾਂ ਜੇ ਪਹਿਲਾਂ ਵਾਂਗ ਹੀ ਇਥੇ ਵੀ ਮੇਰੇ ਨਾ ਕਸੂਰਵਾਰ ਹੋਣ ਦੇ ਬਾਵਜੂਦ ਕਸੂਰ ਮੇਰੇ ਸਿਰ ਹੀ ਮੜ੍ਹ ਦਿੱਤਾ ਤਾਂ ਤਿੰਨ ਸੌ ਡਾਲਰ ਹੋਰ ਸਿਰ ਪੈ ਜਾਊ। ਇਹ ਸੋਚਾਂ ਸੋਚਦਿਆਂ ਕਾਰ ਬੀਮਾ ਕੰਪਨੀ ਨੂੰ ਕਲੇਮ ਰਿਪੋਰਟ ਕਰਾਉਣ ਲਈ ਫੋਨ ਕਰਨ ਤੋਂ ਵੀ ਮੈਨੂੰ ਭੈਅ ਆਉਣ ਲੱਗਾ। ਘੜੁੱਚ ਸੋਚਾਂ 'ਚ ਡੁੱਬਿਆਂ ਮੈਨੂੰ ਡਾਕਟਰ ਦੇ ਕਲਿਨਿਕ ਤੋਂ ਘਰ ਨੂੰ ਆਉਣਾ ਦੁੱਭਰ ਹੋ ਗਿਆ। ਘਰ ਨੂੰ ਆਉਣ ਦੀ ਅੱਧੇ ਘੰਟੇ ਦੀ ਵਾਟ ਮੈਨੂੰ ਇਉਂ ਲੱਗੀ ਜਿਵੇਂ ਦੋ ਦਿਨ ਲੱਗ ਗਏ ਹੋਣ, ਵਾਟ ਮੁੱਕਣ 'ਚ ਹੀ ਨਾ ਆਵੇ। ਆਲੇ ਦੁਆਲੇ ਜਾ ਆ ਰਹੀਆਂ ਕਾਰਾਂ ਦੇ ਡਰਾਈਵਰਾਂ ਤੋਂ ਮੈਨੂੰ ਭੈ ਆਵੇ ਕਿ ਕਿਤੇ ਉਹ ਵੀ ਮੇਰੇ 'ਚ ਕਾਰ ਨਾ ਜੜ ਦੇਣ। "ਤਿਨ ਤੋਂ ਤਿੰਨ ਸੌ ਕਿ...?" ਦੀ ਫਿਲਮ ਮੇਰੀਆਂ ਅੱਖਾਂ ਅੱਗੇ ਭਉਂਦੀ ਮੈਨੂੰ ਕਸੂਤੀ ਜਿਹੀ ਸਥਿਤੀ 'ਚ ਫਸਾ; ਨੀਂਦ ਆਉਣ ਦੀਆਂ ਗੋਲੀਆਂ ਲੈਣ ਗਏ ਦੀ ਨੀਂਦ ਕੀ ਸਗੋਂ ਹੋਰ ਵੀ ਕੁਵਿੱਧੀ 'ਚ ਉਲਝਾ ਗਈ।

# ਸਮਾਜ ਨੂੰ ਬੇਗਮਪੁਰਾ ਬਣਾਉਣ ਲਈ ਬੱਚਿਆਂ ਨੂੰ ਵਿਵੇਕਸ਼ੀਲ ਬਣਾਈਏ

ਬੱਚੇ ਸਾਡੀ ਬਹੁਮੁੱਲੀ ਸੌਗਾਤ ਤਾਂ ਹੁੰਦੇ ਹੀ ਹਨ, ਕੀਮਤੀ ਸਰਮਾਇਆ ਵੀ ਹਨ। ਅਸੀਂ ਹਮੇਸ਼ਾ ਚਾਹੁੰਦੇ ਹਾਂ ਕਿ ਉਹ ਸਦਾ ਸਿਹਤਮੰਦ ਤੇ ਆਗਿਆਕਾਰੀ ਰਹਿਣ, ਚੰਗੇ ਚਾਲ-ਚਲਨ ਵਾਲੇ ਤੇ ਸਦਾਚਾਰੀ ਬਣਨ ਅਤੇ ਜ਼ਿੰਦਗੀ ਵਿਚ ਪੂਰੇ ਸਫਲ ਹੋਣ। ਇਸ ਲਈ ਉਨ੍ਹਾਂ ਦੀ ਹਰ ਤਰ੍ਹਾਂ ਦੀ ਦੇਖ ਭਾਲ ਕਰਨੀ ਸਾਡਾ ਮੁਢਲਾ ਫਰਜ਼ ਬਣਦਾ ਹੈ। ਇਨ੍ਹਾਂ ਮੁਲਕਾਂ ਵਿਚ ਬੱਚਿਆਂ ਦੇ ਸਰਵਪੱਖੀ ਵਿਕਾਸ ਵਾਸਤੇ ਹਰ ਤਰ੍ਹਾਂ ਦੀਆਂ ਵਧੀਆ ਸਹੂਲਤਾਂ ਮੌਜੂਦ ਹਨ, ਪਰ ਫੇਰ ਵੀ ਸਾਨੂੰ, ਕਰੀਬ ਸਭ ਨੂੰ ਹੀ ਅੰਦਰੋਂ ਕਿਤੇ ਨਾ ਕਿਤੇ ਫਿਕਰ ਬਣਿਆ ਰਹਿੰਦਾ ਹੈ ਕਿ ਕਿਤੇ ਉਹ ਕਿਸੇ ਗਲਤ ਪਾਸੇ ਨਾ ਚਲੇ ਜਾਣ, ਗਲਤ ਸੰਗਤ ਵਿਚ ਨਾ ਪੈ ਜਾਣ, ਡਰੱਗਾਂ ਵਾਲੇ ਪਾਸੇ ਨਾ ਤੁਰ ਪੈਣ ਆਦਿ। ਸਾਡਾ ਇਹ ਤੌਖਲਾ ਪੂਰੀ ਤਰ੍ਹਾਂ ਨਿਰਮੂਲ ਵੀ ਨਹੀਂ, ਕਿਉਂਕਿ ਅਸੀਂ ਆਪਣੇ ਆਲੇ-ਦੁਆਲੇ ਤੋਂ

**ਨੰਦ ਸਿੰਘ ਬਰਾੜ**
ਫੋਨ: 916-501-3974

ਨੌਜਵਾਨਾਂ ਸਬੰਧੀ ਅਜਿਹੀਆਂ ਘਟਨਾਵਾਂ ਸੁਣਦੇ ਰਹਿੰਦੇ ਹਾਂ। ਮੈਨੂੰ ਲਗਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਵਿਵੇਕਵਾਦੀ ਬਣਾ ਕੇ ਅਜਿਹੀਆਂ ਚਿੰਤਾਵਾਂ ਤੋਂ ਮੁਕਤ ਹੋ ਸਕਦੇ ਹਾਂ।

ਇਹ ਵਿਵੇਕਵਾਦ ਹੈ ਕੀ? ਅੱਗੇ ਵਧਣ ਤੋਂ ਪਹਿਲਾਂ ਵਿਵੇਕਵਾਦ ਬਾਰੇ ਕੁਝ ਸਮਝ ਬਣਾ ਲਈਏ। ਵਿਵੇਕ ਅਤੇ ਵਿਵੇਕਬੁੱਧੀ ਦਾ ਅਰਥ ਠੀਕ ਅਤੇ ਗਲਤ ਜਾਂ ਸਤਿ ਅਤੇ ਅਸਤਿ ਦੀ ਪਰਖ ਕਰਕੇ ਅਸਲੀਅਤ ਨੂੰ ਜਾਣਨ ਵਾਲੀ ਸਮਝ ਹੁੰਦੀ ਹੈ। ਵੱਖ ਵੱਖ ਵਿਚਾਰਧਾਰਾ ਵਾਲੇ ਵਿਦਵਾਨ ਇਸ ਦੇ ਅਰਥਾਂ ਨੂੰ ਆਪੋ ਆਪਣੀ ਵਿਚਾਰਧਾਰਾ ਅਨੁਸਾਰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਜਿਥੇ ਅਧਿਆਤਮਕ ਵਿਦਵਾਨਾਂ ਅਨੁਸਾਰ ਵਿਵੇਕ (ਬਿਬੇਕ) ਬੁੱਧੀ ਸਿਰਫ ਗੁਰੂ ਦੀ ਬਖਸ਼ਿਸ਼ ਨਾਲ ਪ੍ਰਾਪਤ ਹੋ ਸਕਦੀ ਹੈ ਅਤੇ ਇਸ ਅਨੁਸਾਰ ਚੱਲ ਕੇ ਹੀ ਪਰਮਾਤਮਾ ਨਾਲ ਮੇਲ ਸੰਭਵ ਹੈ। ਉਥੇ ਹੀ ਮੇਰੇ ਵਰਗੇ ਆਮ ਸਮਝ ਵਾਲੇ ਬੰਦਿਆਂ ਲਈ ਵਿਵੇਕਵਾਦ ਰੋਜ਼ ਰੋਜ਼ ਦੇ ਕੰਮਾਂ ਕਾਰਾਂ ਤੇ ਵਰਤੋਂ ਵਿਹਾਰ ਵਾਸਤੇ ਬਹੁਤ ਜ਼ਰੂਰੀ ਹੈ। ਜੇ ਵਿਵੇਕਵਾਦ ਨੂੰ ਸੌਖੇ ਤਰ੍ਹਾਂ ਦੱਸਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਪ੍ਰਤੱਖ ਪ੍ਰਮਾਣ ਅਨੁਸਾਰ ਅਨੁਮਾਨ ਲਾ ਕੇ ਅਤੇ ਦਲੀਲ ਨਾਲ ਸੱਚਾਈ ਦੇ ਨੇੜੇ ਤੋਂ ਨੇੜੇ ਪਹੁੰਚਣ ਦਾ ਢੰਗ ਵਿਵੇਕਵਾਦ ਹੁੰਦਾ ਹੈ। ਅਜੋਕੇ ਸਮੇਂ ਵਿਵੇਕਵਾਦ ਨੂੰ ਤਰਕਸ਼ੀਲ ਵਿਚਾਰਧਾਰਾ ਜਾਂ ਵਿਗਿਆਨਕ ਸੋਚ ਵੀ ਕਿਹਾ ਜਾਂਦਾ ਹੈ।

ਇਕ ਉਘਾ ਤਰਕਸ਼ੀਲ ਅਤੇ ਵਿਗਿਆਨਕ ਸੋਚ ਵਾਲਾ ਵਿਦਵਾਨ ਵਿਵੇਕਵਾਦ ਨੂੰ ਸਮਝਾਉਣ ਵਾਸਤੇ ਇਕ ਆਮ ਜਿਹੀ ਮਿਸਾਲ ਦੇ ਕੇ ਕਹਿੰਦਾ ਹੈ, ਮੰਨ ਲਓ ਤੁਸੀਂ ਜੰਗਲ ਵਿਚ ਭਟਕ ਗਏ ਹੋ। ਸ਼ਾਮ ਹੋ ਰਹੀ ਹੈ। ਤੁਸੀਂ ਜਿਧਰ ਵੀ ਜਾਂਦੇ ਹੋ, ਸੰਘਣਾ ਜੰਗਲ ਹੀ ਵੇਖਦੇ ਹੋ। ਜੰਗਲ ਵਿਚ ਹਨੇਰਾ ਵੀ ਜਲਦੀ ਹੋਣ ਲਗਦਾ ਹੈ। ਐਸੀ ਹਾਲਤ ਵਿਚ ਤੁਸੀਂ ਪੂਰੀ ਤਰ੍ਹਾਂ ਘਬਰਾਏ ਹੋਏ ਹੋ ਕਿ ਅੱਜ ਕਿਸੇ ਜੰਗਲੀ ਜਾਨਵਰ ਦਾ ਸ਼ਿਕਾਰ ਹੋਣ ਤੋਂ ਬਚਣਾ ਮੁਸ਼ਕਿਲ ਹੈ। ਐਨੇ ਨੂੰ ਇਕ ਪਾਸੇ ਧੂੰਆਂ ਦਿਸਦਾ ਹੈ ਤੇ ਇਕ ਦਮ ਸਕੂਨ ਮਿਲਦਾ ਹੈ। ਥੋੜ੍ਹੇ ਚਿਰ 'ਚ ਤੁਹਾਨੂੰ ਥੋੜ੍ਹੀ ਥੋੜ੍ਹੀ ਦੂਰੀ 'ਤੇ ਉਸੇ ਤਰ੍ਹਾਂ ਦੇ 5-6 ਹੋਰ ਧੂੰਏਂ ਉਠਦੇ ਦਿਸਦੇ ਹਨ। ਅਜਿਹਾ ਦੇਖ ਕੇ ਤੁਸੀਂ ਕਰੀਬ ਨਿਸ਼ਚਿੰਤ ਹੋ ਜਾਂਦੇ ਹੋ।

ਸਾਨੂੰ ਪਤਾ ਹੈ, ਧੂੰਏਂ ਲਈ ਉਥੇ ਅੱਗ ਹੋਣੀ ਚਾਹੀਦੀ ਹੈ। ਸਾਨੂੰ ਤਜਰਬੇ ਤੋਂ ਇਹ ਵੀ ਪਤਾ ਹੁੰਦਾ ਹੈ ਕਿ ਇਕਸਾਰ ਧੂੰਏਂ ਵਾਸਤੇ ਨਿਯਮਿਤ ਅੱਗ ਚਾਹੀਦੀ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਨਿਯਮਿਤ ਅੱਗ ਸਿਰਫ ਮਨੁੱਖ ਹੀ ਮਚਾ ਸਕਦਾ ਹੈ। ਇਸ ਲਈ ਜ਼ਰੂਰੀ ਹੈ, ਉਥੇ ਕੋਈ ਮਨੁੱਖ ਹੀ ਅੱਗ ਮਚਾ ਰਿਹਾ ਹੋਵੇਗਾ। ਤੁਸੀਂ ਧੂੰਆਂ ਨੇੜੇ ਨੇੜੇ 5-7 ਥਾਂਵਾਂ ਤੋਂ ਉਡਦਾ ਵੇਖਦੇ ਹੋ ਤਾਂ ਇਸ ਦਾ ਮਤਲਬ ਹੋਇਆ ਕਿ ਉਥੇ ਕੋਈ ਛੋਟਾ ਮੋਟਾ ਪਿੰਡ ਹੋਵੇਗਾ। ਇਸ ਸਭ ਨਾਲ ਤੁਹਾਨੂੰ ਤਸੱਲੀ ਹੋ ਜਾਂਦੀ ਹੈ ਕਿ ਤੁਹਾਨੂੰ ਉਥੋਂ ਖਾਣ ਪੀਣ ਨੂੰ ਮਿਲ ਸਕੇਗਾ ਅਤੇ ਰਾਤ ਗੁਜ਼ਾਰਨ ਦਾ ਪ੍ਰਬੰਧ ਵੀ ਹੋ ਜਾਵੇਗਾ।

ਇਥੇ ਪ੍ਰਤੱਖ ਪ੍ਰਮਾਣ ਸਿਰਫ ਧੂੰਆਂ ਹੈ, ਜਿਸ ਤੋਂ ਅੰਦਾਜ਼ਾ ਲਾ ਕੇ ਅਸੀਂ ਕਿਸੇ ਸਹੀ ਨਤੀਜੇ 'ਤੇ ਪੁਜੇ ਹਾਂ। ਇਹ ਇਕ ਛੋਟੀ ਜਿਹੀ ਮਿਸਾਲ ਹੈ। ਜ਼ਿੰਦਗੀ ਵਿਚ ਹਰ ਰੋਜ਼ ਸਾਨੂੰ ਅਨੇਕਾਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਥੇ ਅਸੀਂ ਪ੍ਰਤੱਖ ਪ੍ਰਮਾਣ ਤੋਂ ਆਪਣੇ ਪਿਛਲੇ ਤਜਰਬਿਆਂ ਦੇ ਆਧਾਰ 'ਤੇ ਸਹੀ ਅੰਦਾਜ਼ਾ ਲਾ ਕੇ ਸਹੀ ਨਤੀਜਿਆਂ 'ਤੇ ਪਹੁੰਚ ਸਕਦੇ ਹਾਂ। ਇਸੇ ਨੂੰ ਹੀ ਵਿਗਿਆਨਕ ਦ੍ਰਿਸ਼ਟੀਕੋਣ, ਤਰਕਸ਼ੀਲ ਵਿਚਾਰਧਾਰਾ ਜਾਂ ਵਿਵੇਕਵਾਦ ਕਿਹਾ ਜਾਂਦਾ ਹੈ।

ਅਗਲਾ ਸਵਾਲ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਵਿਵੇਕਸ਼ੀਲ ਕਿਵੇਂ ਬਣਾ ਸਕਦੇ ਹਾਂ? ਇਹ ਕੰਮ ਕੋਈ ਬਹੁਤਾ ਮੁਸ਼ਕਿਲ ਨਹੀਂ, ਜੇ ਅਸੀਂ ਜਾਣ ਲਈਏ ਕਿ ਬੱਚਾ ਜਨਮ ਤੋਂ ਲੈ ਕੇ ਵਿਕਾਸ ਕਿਸ ਤਰ੍ਹਾਂ ਕਰਦਾ ਹੈ ਅਤੇ ਕਿਹੜੇ ਕਿਹੜੇ ਪੜਾਵਾਂ ਵਿਚੋਂ ਲੰਘਦਾ ਹੈ, ਖਾਸ ਕਰਕੇ ਉਸ ਦਾ ਦਿਮਾਗੀ ਭਾਵ ਮਾਨਸਿਕ ਵਿਕਾਸ ਕਿਵੇਂ ਕਿਵੇਂ ਹੁੰਦਾ ਹੈ।

ਅਸੀਂ ਆਮ ਕਹਿੰਦੇ ਹਾਂ ਕਿ ਬੱਚਾ ਆਪਣੇ ਮਾਂ-ਬਾਪ 'ਤੇ ਹੀ ਜਾਂਦਾ ਹੈ। ਪ੍ਰਚਲਿਤ ਕਹਾਵਤ ਹੈ, 'ਜੈਸੀ ਕੋਕੋ ਵੈਸੇ ਕੋਕੋ ਦੇ ਬੱਚੇ', ਪਰ ਮਨੋਵਿਗਿਆਨੀ ਦਸਦੇ ਹਨ ਕਿ ਬੱਚਾ ਸਰੀਰਕ ਬਣਤਰ ਭਾਵ ਨੈਣ ਨਕਸ਼, ਰੰਗ ਰੂਪ, ਕੱਦ ਕਾਠ ਵਗੈਰਾ, ਸਮੇਤ ਦਿਮਾਗ ਅਤੇ ਗਿਆਨ ਇੰਦਰੀਆਂ ਦੀ ਬਣਤਰ ਦੇ, ਤਾਂ ਮਾਪਿਆਂ ਤੋਂ ਵਿਰਾਸਤ ਵਿਚ ਪ੍ਰਾਪਤ ਕਰਦਾ ਹੈ, ਪਰ ਮਨ ਭਾਵ ਦਿਮਾਗ ਅਤੇ ਉਸ ਦੀਆਂ ਗਿਆਨ ਇੰਦਰੀਆਂ ਦਾ ਵਿਕਾਸ ਉਸ ਦੇ ਜਨਮ ਤੋਂ ਬਾਅਦ ਹੁੰਦਾ ਹੈ। ਕਹਿ ਸਕਦੇ ਹਾਂ ਕਿ ਉਸ ਦੇ ਦਿਮਾਗ ਅਤੇ ਗਿਆਨ ਇੰਦਰੀਆਂ ਦੀ ਬਣਤਰ ਤਾਂ ਹੁੰਦੀ ਹੈ, ਪਰ ਉਨ੍ਹਾਂ ਵਿਚ ਕਿਸੇ ਕਿਸਮ ਦੀ ਸੋਚ ਅਤੇ ਸੰਵੇਦਨਾ ਆਦਿ ਮੌਜੂਦ ਨਹੀਂ ਹੁੰਦੀ, ਭਾਵ ਉਹ ਖਾਲੀ ਹੁੰਦੇ ਹਨ। ਜਨਮ ਪਿਛੋਂ ਉਹ ਦੇਖਣਾ, ਸੁਣਨਾ, ਛੂਹਣਾ, ਸਵਾਦ ਪਰਖਣਾ, ਸਮਝਣਾ, ਬੋਲਣਾ, ਤੁਰਨਾ, ਸੋਚਣਾ ਆਦਿ ਆਪਣੇ ਪਰਿਵਾਰ ਅਤੇ ਆਲੇ-ਦੁਆਲੇ ਤੋਂ ਨਕਲ ਕਰਕੇ ਸਿਖਦਾ ਹੈ। ਜਿਸ ਤਰ੍ਹਾਂ ਦਾ ਮਾਹੌਲ ਹੋਵੇਗਾ, ਉਸੇ ਤਰ੍ਹਾਂ ਦਾ ਉਹ ਗ੍ਰਹਿਣ ਕਰੇਗਾ। ਮਨੋਵਿਗਿਆਨੀਆਂ ਅਨੁਸਾਰ ਬੱਚੇ ਦੀ ਉਮਰ ਦੇ ਪਹਿਲੇ ਪੰਜ ਸਾਲ ਉਸ ਦੇ ਮਾਨਸਿਕ ਵਿਕਾਸ ਵਾਸਤੇ ਬਹੁਤ ਅਹਿਮ ਹੁੰਦੇ ਹਨ, ਕਿਉਂਕਿ ਬਹੁਤਾ ਕਰਕੇ ਉਮਰ ਦੇ ਇਸ ਪੜਾਅ ਦੌਰਾਨ ਹੀ ਉਸ ਦੇ ਮਾਨਸਿਕ ਵਿਕਾਸ (IQ) ਦੀ ਦਰ ਨਿਸ਼ਚਿਤ ਹੁੰਦੀ ਹੈ। ਇਸ ਲਈ ਸਾਨੂੰ ਘਰ ਦਾ ਮਾਹੌਲ ਇਸ ਤਰ੍ਹਾਂ ਦਾ ਬਣਾਉਣਾ ਚਾਹੀਦਾ ਹੈ, ਜੋ ਉਸ ਦੇ ਵਿਕਾਸ ਵਾਸਤੇ ਸਾਜ਼ਗਾਰ ਹੋਵੇ।

ਆਪਾਂ ਬੱਚੇ ਦੇ ਜਨਮ ਪਿਛੋਂ ਉਸ ਦੇ ਦਿਮਾਗ ਅਤੇ ਗਿਆਨ ਇੰਦਰੀਆਂ ਦੀ ਹਾਲਤ ਨੂੰ ਖਾਲੀ ਮੈਮਰੀ ਚਿੱਪ ਨਾਲ ਤੁਲਨਾ ਦੇ ਸਕਦੇ ਹਾਂ। ਇਹ ਕੁਝ ਹੱਦ ਤੱਕ ਸਹੀ ਹੈ, ਫਰਕ ਸਿਰਫ ਇਹ ਹੈ ਕਿ ਮੈਮਰੀ ਚਿੱਪ ਵਿਚ ਓਹੀ ਭਰਦਾ ਹੈ, ਜੋ ਅਸੀਂ ਆਪਣੀ ਮਰਜ਼ੀ ਨਾਲ ਭਰਨਾ ਚਾਹੁੰਦੇ ਹਾਂ, ਪਰ ਬੱਚਾ ਉਹ ਸਭ ਕੁਝ ਸਿਖਦਾ ਜਾਂਦਾ ਹੈ, ਜੋ ਆਲੇ ਦੁਆਲੇ ਦੇਖਦਾ ਹੈ। ਇਸ ਲਈ ਸਾਨੂੰ ਬੱਚਿਆਂ ਦੀ ਮੌਜੂਦਗੀ ਪ੍ਰਤੀ ਸਦਾ ਸੁਚੇਤ ਰਹਿਣਾ ਚਾਹੀਦਾ ਹੈ। ਮੰਨ ਲਓ, ਸਾਨੂੰ ਘਰੇ ਫੋਨ ਆਉਂਦਾ ਹੈ, ਪਰ ਅਸੀਂ ਟਾਲਣਾ ਚਾਹੁੰਦੇ ਹਾਂ। ਅਸੀਂ ਬੱਚੇ ਦੀ ਮੌਜੂਦਗੀ ਨੂੰ ਨਜ਼ਰਅੰਦਾਜ਼ ਕਰਕੇ ਕਹਿ ਦਿੰਦੇ ਹਾਂ ਕਿ ਮੈਂ ਅਜੇ ਬਾਹਰ ਹਾਂ, ਘਰੇ ਜਾ ਕੇ ਫੋਨ ਕਰਾਂਗਾ। ਇਸੇ ਤਰ੍ਹਾਂ ਕਦੇ ਕੋਈ ਮਿਲਣ ਆ ਜਾਂਦਾ ਹੈ। ਅਸੀਂ ਉਹਦੇ ਨਾਲ ਵਧੀਆ ਬੋਲਦੇ ਤੇ ਵਿਹਾਰ ਕਰਦੇ ਹਾਂ, ਜਿਵੇਂ ਉਸ ਦੇ ਆਉਣ ਨਾਲ ਸਾਨੂੰ ਬਹੁਤ ਖੁਸ਼ੀ ਹੋਈ ਹੁੰਦੀ ਹੈ, ਪਰ ਜਿਉਂ ਹੀ ਉਹ ਚਲਾ ਜਾਂਦਾ ਹੈ, ਉਸ ਦੀ ਬਦਖੋਈ ਕਰਨੀ ਸ਼ੁਰੂ ਕਰ ਦਿੰਦੇ ਹਾਂ ਕਿ ਕਿਵੇਂ ਮੂੰਹ ਚੁੱਕ ਕੇ ਆ ਜਾਂਦਾ ਹੈ। ਬੱਚੇ ਵਾਸਤੇ ਉਸ ਦੇ ਮਾਪੇ ਸਭ ਤੋਂ ਵੱਧ ਸਤਿਕਾਰਯੋਗ ਹੁੰਦੇ ਹਨ ਅਤੇ ਇਕ ਤਰ੍ਹਾਂ ਨਾਲ ਉਹ ਉਨ੍ਹਾਂ ਦੇ ਆਦਰਸ਼ ਹੁੰਦੇ ਹਨ, ਪਰ ਅਜਿਹੀਆਂ ਗੱਲਾਂ ਦਾ ਬੱਚੇ ਦੇ ਮਾਨਸਿਕ ਵਿਕਾਸ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ ਤੇ ਉਹ ਆਪਣੇ ਮਾਪਿਆਂ ਪ੍ਰਤੀ ਵੀ ਕੁਝ ਨਿਰਾਸ਼ ਹੋਣ ਲੱਗਦੇ ਹਨ।

ਮੈਮਰੀ ਚਿੱਪ ਸਬੰਧੀ ਸਾਨੂੰ ਇਕ ਗੱਲ ਹੋਰ ਧਿਆਨ ਵਿਚ ਰੱਖਣੀ ਚਾਹੀਦੀ ਹੈ, ਜੋ ਮਾਪਿਆਂ ਦੇ ਹੱਕ ਵਿਚ ਵੀ ਜਾਂਦੀ ਹੈ ਕਿ ਮੈਮਰੀ ਚਿੱਪ ਵਿਚ ਭਰੀ ਗੱਲ ਆਪਣੇ ਆਪ ਨਹੀਂ ਮਿਟਦੀ, ਪਰ ਬੱਚਿਆਂ ਦੀ ਮੁਢਲੀ ਉਮਰੇ ਇੱਕ ਅੱਧ ਵਾਰ ਹੋਈ ਕੋਈ ਗੱਲ ਜਾਂ ਘਟਨਾ ਮਿਟਦੀ ਰਹਿੰਦੀ ਹੈ। ਬੱਚਿਆਂ ਦੇ ਮਨ ਵਿਚ ਉਹੀ ਗੱਲ ਪੱਕੀ ਹੁੰਦੀ ਜਾਂਦੀ ਹੈ, ਜੋ ਵਾਰ ਵਾਰ ਹੁੰਦੀ ਹੈ। ਇਸ ਲਈ ਜੇ ਕਿਸੇ ਮਾਪੇ ਤੋਂ ਇੱਕ ਅੱਧ ਵਾਰ ਕੋਈ ਕੁਤਾਹੀ ਹੋ ਵੀ ਜਾਵੇ ਤਾਂ ਬਹੁਤੇ ਫਿਕਰ ਦੀ ਲੋੜ ਨਹੀਂ। ਸਿਆਣਿਆਂ ਦੇ ਕਥਨ 'ਜਬ ਜਾਗੋ ਤਬੀ ਸਵੇਰਾ' ਅਨੁਸਾਰ ਅੱਗੇ ਤੋਂ ਖਿਆਲ ਰੱਖਣਾ ਚਾਹੀਦਾ ਹੈ।

ਬੱਚਿਆਂ ਦੇ ਵਿਕਾਸ ਦਾ ਅਗਲਾ ਪੜਾਅ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਉਹ ਸਵਾਲ ਪੁੱਛਣ ਲਗਦਾ ਹੈ। ਵਿਕਾਸ ਦਾ ਇਹ ਪੜਾਅ ਉਸ ਦੇ ਮਾਨਸਿਕ ਵਿਕਾਸ ਦੀ ਦਿਸ਼ਾ ਨਿਰਧਾਰਤ ਕਰਨ ਵਾਸਤੇ ਬਹੁਤ ਹੀ ਅਹਿਮ ਹੁੰਦਾ ਹੈ। ਇਸ ਸਮੇਂ ਧਰਤੀ ਦੀ ਹਰ ਵਸਤੂ ਉਹਦੇ ਵਾਸਤੇ ਨਵੀਂ ਅਤੇ ਅਦਭੁੱਤ ਹੁੰਦੀ ਹੈ। ਉਹ ਹਰ ਚੀਜ਼ ਜਾਣਨ ਵਾਸਤੇ ਉਤਸੁਕ ਹੁੰਦਾ ਹੈ। ਇਸ ਲਈ ਉਹ ਹਰ ਸਮੇਂ ਸਵਾਲ ਪੁੱਛਦਾ ਰਹਿੰਦਾ ਹੈ ਅਤੇ ਜਵਾਬ ਜਾਣਨ ਲਈ ਕਾਹਲਾ ਹੁੰਦਾ ਹੈ। ਉਸ ਦੇ ਵਿਕਾਸ ਨੂੰ ਸਹੀ ਦਿਸ਼ਾ ਦੇਣ ਵਾਸਤੇ ਸਾਡੇ ਲਈ ਇਹ ਸੁਨਹਿਰੀ ਸਮਾਂ ਹੁੰਦਾ ਹੈ। ਇਸ ਸਮੇਂ ਨੂੰ ਵਾਧੂ ਭੁਕਾਈ ਜਾਣ ਕੇ ਬਰਬਾਦ ਨਹੀਂ ਹੋਣ ਦੇਣਾ ਚਾਹੀਦਾ, ਸਗੋਂ ਇਸ ਦੀ ਯੋਗ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਉਸ ਦੇ ਹਰ ਸਵਾਲ ਦਾ ਜਵਾਬ ਸਹੀ ਸਹੀ ਉਸ ਦੀ ਉਮਰ ਅਨੁਸਾਰ ਅਤੇ ਉਸ ਦੀ ਤਸੱਲੀ ਕਰਵਾਉਣ ਵਾਲਾ ਹੋਣਾ ਚਾਹੀਦਾ ਹੈ, ਟਾਲ ਮਟੋਲ ਵਾਲਾ ਨਹੀਂ। ਇਹੀ ਨਹੀਂ, ਸਾਨੂੰ ਸਗੋਂ ਉਸ ਨੂੰ ਸਵਾਲ ਪੁੱਛਣ ਲਈ ਉਤਸ਼ਾਹਤ ਕਰਦੇ ਰਹਿਣਾ ਚਾਹੀਦਾ ਹੈ। ਕਦੇ ਕਦੇ ਸਾਨੂੰ ਉਸ ਤੋਂ ਛੋਟੇ ਛੋਟੇ ਸਵਾਲ ਪੁੱਛ ਕੇ ਉਸ ਨੂੰ ਜਵਾਬ ਦੇਣ ਲਈ ਵੀ ਪ੍ਰੇਰਨਾ ਚਾਹੀਦਾ ਹੈ। ਇਹ ਉਸ ਦੇ ਆਤਮਵਿਸ਼ਵਾਸ ਵਿਚ ਵਾਧਾ ਕਰਦਾ ਹੈ।

***ਆਮ ਕਰਕੇ ਅਸੀਂ ਦੋ ਕਿਸਮਾਂ ਦੇ ਸਵਾਲਾਂ ਕਰਕੇ ਸੁਸ਼ੋਪੰਜ ਵਿਚ ਪੈਂਦੇ ਹਾਂ। ਪਹਿਲਾ, ਧਰਮ ਸਬੰਧੀ ਬਾਰੇ ਸਵਾਲ, ਕਿਉਂਕਿ ਬੱਚੇ ਇਨ੍ਹਾਂ ਬਾਰੇ ਕਈ ਤਰ੍ਹਾਂ ਦੇ ਅਣਕਿਆਸੇ ਸਵਾਲ ਪੁਛਦੇ ਹਨ ਤੇ ਦੂਜਾ, ਉਮਰ ਦੇ ਵਧਣ ਨਾਲ ਸੈਕਸ ਸਬੰਧੀ ਸਵਾਲਾਂ ਕਰਕੇ। ਅਜਿਹੇ ਸਵਾਲਾਂ ਕਰਕੇ ਇਕ ਦਮ ਸਾਨੂੰ ਕੁਝ ਮੁਸ਼ਕਿਲ ਲੱਗੇਗੀ, ਪਰ ਵਿਵੇਕ ਬੁੱਧੀ ਰਾਹੀਂ ਅਸੀਂ ਉਨ੍ਹਾਂ ਦੇ ਹਰ ਸਵਾਲ ਦਾ ਜਵਾਬ ਦੇ ਸਕਦੇ ਹਾਂ। ਅਜਿਹੇ ਵਿਹਾਰ ਨਾਲ ਬੱਚੇ ਆਪਣਾ ਹਰ ਮਸਲਾ ਤੁਹਾਡੇ ਨਾਲ ਸਾਂਝਾ ਕਰਨ ਲੱਗਣਗੇ ਅਤੇ ਕਿਸੇ ਤਰ੍ਹਾਂ ਦੇ ਗਲਤ ਰਾਹ 'ਤੇ ਜਾਣ ਤੇ ਗਲਤ ਸੰਗਤ ਵਿਚ ਪੈਣ ਤੋਂ ਬਚੇ ਰਹਿਣਗੇ।***

ਕਦੇ ਕਦੇ ਅਜਿਹਾ ਹੋ ਸਕਦਾ ਹੈ ਕਿ ਸਾਨੂੰ ਉਸ ਦੇ ਕਿਸੇ ਇਕ ਸਵਾਲ ਦਾ ਜਵਾਬ ਜਾਂ ਤਾਂ ਪਤਾ ਨਾ ਹੋਵੇ ਜਾਂ ਪਤਾ ਤਾਂ ਹੋਵੇ ਪਰ ਸਾਨੂੰ ਸਮਝ ਨਾ ਆਉਂਦੀ ਹੋਵੇ ਕਿ ਉਸ ਨੂੰ ਕਿਵੇਂ ਸਮਝਾਇਆ ਜਾਵੇ। ਅਜਿਹੇ ਮੌਕੇ ਘਬਰਾਉਣ ਦੀ ਲੋੜ ਨਹੀਂ ਤੇ ਨਾ ਹੀ ਟਾਲ ਮਟੋਲ ਵਾਲਾ ਵਤੀਰਾ ਅਪਨਾਉਣਾ ਚਾਹੀਦਾ ਹੈ। ਨਾਲ ਹੀ ਇਹ ਗੱਲ ਤਾਂ ਬਿਲਕੁਲ ਨਹੀਂ ਕਰਨੀ ਚਾਹੀਦੀ ਕਿ 'ਐਵੇਂ ਪੁੱਠੇ ਸਿੱਧੇ ਸਵਾਲ ਕਰਦਾ ਰਹਿੰਦਾ ਹੈਂ, ਆਪਣੀ ਪੜ੍ਹਾਈ ਵੱਲ ਧਿਆਨ ਦਿਆ ਕਰ। ਜਾਹ ਜਾ ਕੇ ਆਪਣਾ ਹੋਮ ਵਰਕ ਕਰ।' ਅਜਿਹਾ ਰਵੱਈਆ ਉਸ ਵਾਸਤੇ ਘੱਟੋ ਘੱਟ ਦੋ ਤਰ੍ਹਾਂ ਨਾਲ ਘਾਤਕ ਹੋ ਸਕਦਾ ਹੈ। ਪਹਿਲਾ ਇਸ ਰਵੱਈਏ ਤੋਂ ਡਰ ਕੇ ਉਹ ਸਵਾਲ ਕਰਨ ਤੋਂ ਘਬਰਾਏਗਾ ਅਤੇ ਹਰ ਚੀਜ਼ ਨੂੰ ਜਿਵੇਂ ਹੈ, ਉਸੇ ਤਰ੍ਹਾਂ ਸਮਝਣ ਦੇ ਰੁਝਾਨ ਵੱਲ ਤੁਰੇਗਾ, ਜੋ ਉਸ ਨੂੰ ਹੌਲੀ ਹੌਲੀ ਅੰਧਵਿਸ਼ਵਾਸੀ ਬਣਾ ਦੇਵੇਗਾ। ਦੂਜਾ, ਜੇ ਉਸ ਦੀ ਉਤਸੁਕਤਾ ਮਾਪਿਆਂ ਤੋਂ ਸੰਤੁਸ਼ਟ ਨਹੀਂ ਹੁੰਦੀ ਤੇ ਉਵੇਂ ਰਹਿੰਦੀ ਹੈ ਤਾਂ ਉਹ ਉਤਰ ਆਪਣੀ ਸਮਝ ਅਨੁਸਾਰ ਕਿਆਸ ਕਰ ਲਵੇਗਾ ਜਾਂ ਬਾਹਰੋਂ ਲੱਭਣ ਦੀ ਕੋਸ਼ਿਸ਼ ਕਰੇਗਾ। ਇਨ੍ਹਾਂ ਕਾਰਨਾਂ ਕਰਕੇ ਉਸ ਦੇ ਗਲਤ ਦਿਸ਼ਾ ਵੱਲ ਜਾਣ ਦਾ ਖਤਰਾ ਵਧ ਸਕਦਾ ਹੈ।

ਮਨੋਵਿਗਿਆਨੀਆਂ ਅਨੁਸਾਰ ਉਪਰੋਕਤ ਰਵੱਈਆ ਅਪਨਾਉਣ ਦੀ ਥਾਂ ਅਸੀਂ ਅਜਿਹੇ ਮੌਕੇ ਨੂੰ ਸਗੋਂ ਸੁਨਹਿਰੀ ਮੌਕਾ ਸਮਝ ਕੇ ਇਸ ਨੂੰ ਹਾਂ ਪੱਖੀ ਅਸਰ ਵਾਸਤੇ ਵਰਤ ਸਕਦੇ ਹਾਂ। ਅਜਿਹੇ ਮੌਕੇ ਉਸ ਨੂੰ ਦਸਣਾ ਚਾਹੀਦਾ ਹੈ ਕਿ ਸਵਾਲ ਤੇਰਾ ਬਹੁਤ ਵਧੀਆ ਹੈ, ਪਰ ਮੈਨੂੰ ਇਸ ਦਾ ਜਵਾਬ ਪੂਰੀ ਤਰ੍ਹਾਂ ਠੀਕ ਠੀਕ ਪਤਾ ਨਹੀਂ ਹੈ। ਇਸ ਵਾਸਤੇ ਮੈਂ ਕਿਸੇ ਸਿਆਣੇ ਤੋਂ ਸਮਝ ਕੇ ਦੱਸਾਂਗਾ। ਜੇ ਤੈਨੂੰ ਕਿਤੋਂ ਪਤਾ ਲੱਗੇ ਜਾਂ ਕੰਪਿਊਟਰ 'ਤੇ ਸਰਚ ਕਰਕੇ ਪਤਾ ਲਾਵੇਂ ਤਾਂ ਮੈਨੂੰ ਜ਼ਰੂਰ ਦੱਸੀਂ। ਆਪਣੇ ਆਪ ਹੀ ਉਸ ਨੂੰ ਠੀਕ ਨਾ ਸਮਝ ਲਵੀਂ ਸਗੋਂ ਆਪਾਂ ਵਿਚਾਰ ਕਰਕੇ ਸਹੀ ਸਹੀ ਜਵਾਬ ਲੱਭ ਲਵਾਂਗੇ।

ਇਸ ਵਤੀਰੇ ਦਾ ਉਸ 'ਤੇ ਕਈ ਤਰ੍ਹਾਂ ਨਾਲ ਹਾਂ ਪੱਖੀ ਅਸਰ ਹੋਵੇਗਾ। ਪਹਿਲਾ, ਉਸ ਦਾ ਤੁਹਾਡੇ ਪ੍ਰਤੀ ਵਿਸ਼ਵਾਸ ਹੋਰ ਪੱਕਾ ਹੋਵੇਗਾ, ਕਿਉਂਕਿ ਉਸ ਨੂੰ ਭਰੋਸਾ ਬਣੇਗਾ ਕਿ ਤੁਸੀਂ ਉਸ ਦੀ ਮਦਦ ਵਾਸਤੇ ਹਰ ਸੰਭਵ ਕੋਸ਼ਿਸ਼ ਕਰਦੇ ਹੋ। ਦੂਜਾ, ਉਸ ਨੂੰ ਆਪਣੇ ਆਪ 'ਤੇ ਯਕੀਨ ਬਣੇਗਾ ਕਿ ਜੋ ਸਵਾਲ ਉਸ ਦੇ ਮਨ ਵਿਚ ਉਠਦੇ ਹਨ, ਉਹ ਐਵੇਂ ਵਾਧੂ ਨਹੀਂ ਹੁੰਦੇ ਅਤੇ ਉਸ ਅੰਦਰ ਆਪਣੀ ਉਤਸੁਕਤਾ ਸਬੰਧੀ ਸੁਆਲ ਪੁੱਛਣ ਦਾ ਅਤੇ ਵੱਧ ਤੋਂ ਵੱਧ ਜਾਣਨ ਦਾ ਉਤਸ਼ਾਹ ਵਧੇਗਾ। ਇਸ ਦੇ ਨਾਲ ਹੀ ਜਦੋਂ ਉਹ ਆਪਣੇ ਵਲੋਂ ਲੱਭੀ ਗਈ ਜਾਣਕਾਰੀ ਬਾਰੇ ਤੁਹਾਡੇ ਨਾਲ ਵਿਚਾਰ ਸਾਂਝੇ ਕਰੇਗਾ ਤਾਂ ਉਸ ਨੂੰ ਵਿਵੇਕ ਨਾਲ ਸਮੱਸਿਆ ਹੱਲ ਕਰਨ ਦਾ ਅਭਿਆਸ ਵੀ ਹੋਵੇਗਾ ਅਤੇ ਆਪਣੀ ਹਰ ਸਮੱਸਿਆ ਤੁਹਾਡੇ ਨਾਲ ਸਾਂਝੀ ਕਰਨ ਦਾ ਸੁਭਾਅ ਬਣੇਗਾ।

ਆਮ ਤੌਰ 'ਤੇ ਅਸੀਂ ਦੋ ਕਿਸਮਾਂ ਦੇ ਸਵਾਲਾਂ ਕਰਕੇ ਸੁਸ਼ੋਪੰਜ ਵਿਚ ਪੈਂਦੇ ਹਾਂ। ਪਹਿਲਾ, ਧਰਮ ਸਬੰਧੀ ਰੀਤਾਂ ਰਸਮਾਂ ਬਾਰੇ ਸਵਾਲਾਂ ਨਾਲ, ਕਿਉਂਕਿ ਬੱਚੇ ਇਨ੍ਹਾਂ ਸਬੰਧੀ ਕਈ ਤਰ੍ਹਾਂ ਦੇ ਅਣਕਿਆਸੇ ਸਵਾਲ ਪੁਛਦੇ ਹਨ ਅਤੇ ਦੂਜਾ, ਉਮਰ ਦੇ ਵਧਣ ਨਾਲ ਸੈਕਸ ਸਬੰਧੀ ਸਵਾਲਾਂ ਕਰਕੇ। ਅਜਿਹੇ ਸਵਾਲਾਂ ਕਰਕੇ ਇਕ ਦਮ ਸਾਨੂੰ ਕੁਝ ਮੁਸ਼ਕਿਲ ਲੱਗੇਗੀ, ਪਰ ਵਿਵੇਕ ਬੁੱਧੀ ਵਰਤ ਕੇ ਅਸੀਂ ਉਨ੍ਹਾਂ ਦੇ ਹਰ ਸਵਾਲ ਦਾ ਜਵਾਬ ਦੇ ਸਕਦੇ ਹਾਂ। ਅਜਿਹੇ ਵਿਹਾਰ ਨਾਲ ਬੱਚੇ ਆਪਣੀ ਹਰ ਸਮੱਸਿਆ ਤੁਹਾਡੇ ਨਾਲ ਸਾਂਝੀ ਕਰਨ ਲੱਗਣਗੇ ਅਤੇ ਕਿਸੇ ਤਰ੍ਹਾਂ ਦੇ ਗਲਤ ਰਾਹ 'ਤੇ ਜਾਣ ਅਤੇ ਗਲਤ ਸੰਗਤ ਵਿਚ ਪੈਣ ਤੋਂ ਬਚੇ ਰਹਿਣਗੇ। ਜਦੋਂ ਉਨ੍ਹਾਂ ਦੀ ਹਰ ਸਮੱਸਿਆ ਤੁਹਾਡੇ ਰਾਹੀਂ ਹੱਲ ਹੁੰਦੀ ਰਹੇਗੀ ਤਾਂ ਉਹ ਕਦੇ ਵੀ ਨਸ਼ਿਆਂ ਆਦਿ ਵੱਲ ਨਹੀਂ ਜਾਣਗੇ।

ਸੋ ਉਪਰੋਕਤ ਤਰ੍ਹਾਂ ਦੇ ਵਿਹਾਰ ਨਾਲ ਅਸੀਂ ਆਪਣੇ ਬੱਚਿਆਂ ਨੂੰ ਵਿਵੇਕਸ਼ੀਲ ਬਣਾ ਲਵਾਂਗੇ। ਸਿਰਫ ਇਹੀ ਨਹੀਂ, ਆਪਾਂ ਬੱਚਿਆਂ ਨੂੰ ਵਿਵੇਕਸ਼ੀਲ ਬਣਾਉਂਦੇ ਬਣਾਉਂਦੇ ਆਪ ਵੀ ਅਨੇਕਾਂ ਅੰਧਵਿਸ਼ਵਾਸਾਂ 'ਚੋਂ ਬਾਹਰ ਨਿਕਲ ਜਾਵਾਂਗੇ। ਮਾਨਵ ਸਮਾਜ ਵਿਚ ਅੰਧਵਿਸ਼ਵਾਸ ਇੱਕ ਅਜਿਹਾ ਜ਼ਹਿਰ ਹੈ, ਜਿਸ ਨਾਲ ਸਮਾਜ ਵਿਚ ਆਪਸੀ ਬੇਵਿਸ਼ਵਾਸੀ ਪੈਦਾ ਹੁੰਦੀ ਹੈ, ਜੋ ਆਪਸੀ ਨਫਰਤ ਦਾ ਸਭ ਤੋਂ ਵੱਡਾ ਕਾਰਨ ਬਣਦੀ ਹੈ। ਇਸ ਦੇ ਉਲਟ ਵਿਵੇਕਸ਼ੀਲ ਬਣਨ ਨਾਲ ਆਪਸੀ ਪ੍ਰੇਮ ਅਤੇ ਮਿਲਵਰਤਣ ਵਧਦਾ ਹੈ, ਜਿਸ ਨਾਲ ਸਮੁੱਚਾ ਸਮਾਜ ਭਗਤ ਰਵਿਦਾਸ ਜੀ ਦੇ ਸੰਕਲਪ ਵਾਲਾ ਬੇਗਮਪੁਰਾ ਬਣ ਸਕਦਾ ਹੈ।

# ਰੱਬ ਨੂੰ ਖੁਸ਼ ਕਰਨਾ ਜਾਂ ਰੱਬ ਤੋਂ ਖੁਸ਼ ਹੋਣਾ?

ਅਸੀਂ ਧਾਰਮਿਕ ਪੱਖੋਂ ਸਿਆਣੇ ਬੰਦਿਆਂ, ਜਿਨ੍ਹਾਂ ਨੂੰ ਅਸੀਂ ਸੰਤ ਜਾਂ ਮਹਾਪੁਰਸ਼ ਕਹਿੰਦੇ ਹਾਂ, ਤੋਂ ਸੁਣਦੇ ਰਹਿੰਦੇ ਹਾਂ ਕਿ ਪਰਮਾਤਮਾ ਨੂੰ ਖੁਸ਼ ਕਰਨ ਲਈ ਉਸ ਦੀ ਬੰਦਗੀ ਕਰਨੀ ਚਾਹੀਦੀ ਹੈ, ਉਸ ਦੀ ਭਗਤੀ ਕਰਨੀ ਚਾਹੀਦੀ ਹੈ। ਭਗਤੀ ਦੇ ਤਰੀਕੇ ਵੀ ਵੱਖ ਵੱਖ ਦੱਸੇ ਜਾਂਦੇ ਹਨ। ਕੋਈ ਕਹਿੰਦਾ ਹੈ, ਸਵੇਰੇ ਜਲਦੀ ਉਠਣਾ ਹੈ। ਕੋਈ ਕਹਿੰਦਾ ਹੈ, ਸਹੂਲਤ ਅਨੁਸਾਰ ਉਠ ਸਕਦੇ ਹੋ। ਕੋਈ



**ਸੁਖਦੇਵ ਸਿੰਘ**
ਫੋਨ: 91-94171-91916

ਸਿਮਰਨ ਨੂੰ ਕਹੇਗਾ, ਕੋਈ ਮਾਲਾ ਫੇਰਨ ਨੂੰ। ਕੋਈ ਬੋਲ ਕੇ ਬੰਦਗੀ ਦੀ ਗੱਲ ਕਰਦਾ ਹੈ, ਕੋਈ ਚੁਪ ਧਾਰਨ ਨੂੰ ਕਹਿੰਦਾ ਹੈ। ਵੱਖੋ ਵੱਖਰੇ ਨਾਂਵਾਂ ਦਾ ਸਿਮਰਨ ਵੀ ਦੱਸਿਆ ਜਾਂਦਾ ਹੈ ਤੇ ਜ਼ੋਰ ਇਸ ਸਭ ਕੁਝ ਦਾ ਰੱਬ ਨੂੰ ਖੁਸ਼ ਕਰਨਾ ਹੈ ਤੇ ਰੱਬ ਨੂੰ ਖੁਸ਼ ਕਰਕੇ ਆਪਣੀਆਂ ਸੱਭੇ ਮੰਗਾਂ ਦੀ ਪੂਰਤੀ ਦਾ ਭਰੋਸਾ ਵੀ ਦਿੱਤਾ ਜਾਂਦਾ ਹੈ। ਲਾਲਚ ਵੱਸ ਅਸੀਂ ਕੋਈ ਕਸਰ ਛੱਡਣ ਨੂੰ ਤਿਆਰ ਨਹੀਂ ਹੁੰਦੇ। ਮਿਲਦਾ ਕੀ ਹੈ? ਮੈਂ ਕੁਝ ਵੀ ਨਹੀਂ ਲਿਖ ਸਕਦਾ ਕਿਉਂਕਿ ਸਭ ਸਾਡੇ ਸਾਹਮਣੇ ਹੀ ਹੈ।

ਵਿਚਾਰਨ ਦੀ ਗੱਲ ਇਹ ਹੈ ਕਿ ਕੀ ਇਸ ਬਾਰੇ ਸਾਡੀ ਸੋਚ ਜਾਂ ਪਹੁੰਚ ਠੀਕ ਹੈ। ਖਾਸ ਕਰ ਉਦੋਂ, ਜਦ ਅਸੀਂ ਮੂਲਮੰਤਰ ਅਨੁਸਾਰ ਰੱਬ ਦਾ ਕੋਈ ਵਿਅਕਤੀ ਰੂਪ ਨਹੀਂ ਮੰਨਦੇ। ਜਦ ਉਸ ਦਾ ਵਿਅਕਤੀ ਰੂਪ ਹੀ ਨਹੀਂ ਤਾਂ ਫਿਰ ਖੁਸ਼ ਕਿਸ ਨੂੰ ਕਰਾਂਗੇ? ਫਿਰ ਤਾਂ ਸਾਡੀਆਂ ਸੱਭੇ ਕੋਸ਼ਿਸ਼ਾਂ ਧਰੀਆਂ ਰਹਿ ਗਈਆਂ! ਗੁਰਬਾਣੀ ਅਨੁਸਾਰ, "ਹੁਕਮੈ ਅੰਦਰ ਸਭ ਕੋਇ ਬਾਹਰ ਹੁਕਮ ਨਾ ਕੋਇ॥" ਭਾਵ ਜੋ ਸ੍ਰਿਸ਼ਟੀ 'ਤੇ ਹੋ ਰਿਹਾ ਹੈ, ਉਹ ਸਭ ਹੁਕਮ (ਨਿਯਮ) ਅਨੁਸਾਰ ਹੋ ਰਿਹਾ ਹੈ। ਧਿਆਨ ਦੇਣ ਦੀ ਲੋੜ ਹੈ, ਲਿਖਿਆ ਹੈ, 'ਹੋ ਰਿਹਾ ਹੈ', ਇਸ ਨੂੰ 'ਕੀਤਾ ਜਾ ਰਿਹਾ ਹੈ' ਤੋਂ ਵੱਖ ਰੱਖਣਾ ਹੈ।

ਗੁਰਬਾਣੀ ਅਨੁਸਾਰ ਜਦ ਅਸੀਂ ਕਹਿੰਦੇ ਹਾਂ, 'ਆਦਿ ਸੱਚ ਜੁਗਾਦਿ ਸੱਚ', ਜਿਸ ਦਾ ਅਰਥ ਹੈ, ਹੁਕਮ ਤੋਂ ਬਾਹਰ ਕੋਈ ਵੀ ਚੀਜ਼ ਨਹੀਂ ਹੈ, ਉਹ ਸ੍ਰਿਸ਼ਟੀ ਦੀ ਰਚਨਾ ਤੋਂ ਵੀ ਪਹਿਲਾਂ ਮੌਜੂਦ ਸੀ। ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਸ੍ਰਿਸ਼ਟੀ ਹੁਕਮ ਅਨੁਸਾਰ ਹੀ ਹੋਂਦ ਵਿਚ ਆਈ ਹੈ। ਇਸ ਹੁਕਮ ਲਈ ਗੁਰਬਾਣੀ ਵਿਚ ਵੱਖ ਵੱਖ ਸ਼ਬਦ ਵਰਤੇ ਗਏ ਹਨ। ਉਹ ਹੁਕਮ ਜਾਂ ਨਿਯਮ, ਜਿਸ ਅਨੁਸਾਰ ਸ੍ਰਿਸ਼ਟੀ ਹੋਂਦ 'ਚ ਆਈ, ਉਸੇ ਅਨੁਸਾਰ ਚੱਲ ਰਹੀ ਹੈ ਤੇ ਚਲਦੀ ਰਹੇਗੀ। ਇਸ ਨੂੰ ਹੀ ਕਿਹਾ ਹੈ, "ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"

ਹੁਣ ਅਸੀਂ ਅਸਲੀ ਵਿਸ਼ੇ ਵੱਲ ਆਉਂਦੇ ਹਾਂ। ਉਹ ਨਿਯਮ, ਜੋ ਲੱਖਾਂ ਸਾਲਾਂ ਤੋਂ ਸਥਿਰ ਹੈ ਤੇ ਅੱਗੋਂ ਵੀ ਸਥਿਰ ਹੀ ਰਹੇਗਾ ਅਤੇ ਉਸ ਦੀ ਸਥਿਰਤਾ ਹੀ ਸ੍ਰਿਸ਼ਟੀ ਨੂੰ ਇੱਕ ਥਾਂ ਟਿਕਾਈ ਬੈਠੀ ਹੈ, ਉਸ ਸਥਿਰਤਾ ਵਿਚ ਹੀ ਜੀਵਨ ਹੈ। ਇਸ ਦੀ ਰੱਤੀ ਭਰ ਹਿਲਜੁਲ ਪਰਲੋ ਲੈ ਆਵੇਗੀ। ਇਹ ਨਿਯਮ ਸ੍ਰਿਸ਼ਟੀ ਦੇ ਹਰ ਪ੍ਰਾਣੀ 'ਤੇ ਇਕਸਾਰ ਲਾਗੂ ਹੈ। ਬੰਦਾ ਬੰਦਗੀ ਕਰਦਾ ਹੈ ਜਾਂ ਨਹੀਂ, ਕੋਈ ਫਰਕ ਨਹੀਂ, ਉਸ ਨਿਯਮ ਨੂੰ (ਰੱਬ ਨੂੰ ਖੁਸ਼ ਕਰਕੇ) ਅਸੀਂ ਕਿਵੇਂ ਆਪਣੇ ਵੱਲ ਆਕਰਸ਼ਿਤ ਕਰ ਸਕਾਂਗੇ। ਉਸ ਦਾ ਸਥਿਰ ਰਹਿਣਾ ਹੀ ਜ਼ਿੰਦਗੀ ਹੈ। ਉਸ ਸਥਿਰਤਾ ਵਿਚ ਹੀ ਸਾਡੀ ਭਲਾਈ ਹੈ, ਰੱਤੀ ਭਰ ਵੀ ਬਦਲਾਓ ਸ੍ਰਿਸ਼ਟੀ 'ਤੇ ਉਥਲ-ਪੁਥਲ ਕਰ ਦੇਵੇਗਾ, ਜੋ ਸਾਡੇ ਸਭ ਲਈ ਬਰਦਾਸ਼ਤ ਤੋਂ ਬਾਹਰ ਦੀ ਗੱਲ ਹੋਵੇਗੀ। ਉਹ ਨਿਯਮ ਜਾਂ ਹੁਕਮ ਹਮੇਸ਼ਾ ਤੋਂ ਬਿਨਾ ਭੇਦ ਭਾਵ ਚਲਦਾ ਆ ਰਿਹਾ ਹੈ ਤੇ ਉਸੇ ਤਰ੍ਹਾਂ ਚਲਦਾ ਰਹੇਗਾ। ਕਿਸੇ ਦੇ ਕਹਿਣ ਜਾਂ ਚਾਹੁਣ ਨਾਲ ਉਸ ਵਿਚ ਕੋਈ ਫਰਕ ਨਹੀਂ ਆਵੇਗਾ, ਉਸ ਵਿਚ ਹੀ ਸਾਡੀ ਖੁਸ਼ੀ ਹੈ ਤੇ ਸਾਡੇ ਲਈ ਹੋਰ ਖੁਸ਼ੀ ਨਾ ਤਾਂ ਮੁਮਕਿਨ ਹੈ ਤੇ ਨਾ ਹੀ ਸਾਨੂੰ ਲੋੜੀਂਦੀ ਹੈ। ਹੁਕਮ ਨੇ ਆਪਣੇ ਪਹਿਲਾਂ ਤੋਂ ਬਣੇ ਬਣਾਏ ਨਿਯਮ ਅਨੁਸਾਰ ਹੀ ਚਲਣਾ ਹੈ। ਇਹ ਹਮੇਸ਼ਾ ਤੋਂ ਅਟੱਲ ਹੈ ਤੇ ਹਮੇਸ਼ਾ ਲਈ ਅਟੱਲ ਹੀ ਰਹੇਗਾ।

ਜਦ ਸਾਡੀ ਰੱਬ ਨੂੰ ਖੁਸ਼ ਕਰਨ ਵਾਲੀ ਗੱਲ ਠੀਕ ਨਜ਼ਰ ਨਹੀਂ ਆ ਰਹੀ ਅਤੇ ਇਸ ਸਬੰਧੀ ਸਾਡੀਆਂ ਸੱਭੇ ਕੋਸ਼ਿਸ਼ਾਂ ਕਾਰਗਰ ਸਾਬਤ ਨਹੀਂ ਹੋ ਰਹੀਆਂ ਤਾਂ ਸਾਨੂੰ ਆਪ ਖੁਸ਼ ਹੋਣ ਬਾਰੇ ਸੋਚਣ ਦੀ ਲੋੜ ਹੈ। ਦੇਖਣਾ ਇਹ ਹੋਵੇਗਾ ਕਿ ਅਸੀਂ ਇਸ ਵਿਸ਼ੇ ਬਾਰੇ ਕਿਵੇਂ ਖੁਸ਼ ਹੋਵਾਂਗੇ। ਬਹੁਤ ਹੀ ਆਸਾਨ ਤਰੀਕਾ ਹੈ। ਰੱਬ ਨੂੰ ਖੁਸ਼ ਕਰਨ ਲਈ ਤਾਂ ਸਾਨੂੰ ਬਹੁਤ ਪਾਪੜ ਵੇਲਣ ਲਈ ਕਿਹਾ ਜਾਂਦਾ ਰਿਹਾ ਹੈ। ਕਾਮਯਾਬੀ ਵੀ ਕਦੇ ਕਿਸੇ ਨੂੰ ਨਹੀਂ ਮਿਲੀ ਹੋਣੀ। ਆਪ ਖੁਸ਼ ਹੋਣ ਲਈ ਬਹੁਤ ਸਾਦਾ ਕੰਮ ਹੈ, ਉਹ ਹੈ, ਰੱਬ (ਨਿਯਮ) ਦੇ ਹਰ ਹੁਕਮ ਅੱਗੇ ਖੁਸ਼ੀ ਖੁਸ਼ੀ ਸਿਰ ਝੁਕਾ ਦੇਣਾ। ਸਿਰ ਮੱਥੇ ਪ੍ਰਵਾਨ ਕਰ ਲੈਣਾ। ਸਾਨੂੰ ਇਹ ਸਭ ਕੁਝ ਪਤਾ ਹੁੰਦਿਆਂ ਵੀ ਕਿ ਇਹ ਹੁਕਮ ਬਦਲਿਆ ਨਹੀਂ ਜਾ ਸਕਦਾ, ਇਹ ਮੇਰੇ ਨਾਲ ਹੀ ਨਹੀਂ ਵਾਪਰਿਆ, ਇਹ ਸਭ ਕੁਝ ਹੋਰਾਂ ਨਾਲ ਵੀ ਵਾਪਰਦਾ ਆ ਰਿਹਾ ਹੈ। ਅਸੀਂ ਉਸ ਨੂੰ ਮੰਨਣ ਦੀ ਥਾਂ ਕਿੰਤੂ ਕਰਨ ਲੱਗ ਜਾਂਦੇ ਹਾਂ, ਜਿਸ ਨਾਲ ਸਾਡੀ ਮਾਨਸਿਕ ਹਾਲਤ ਹੋਰ ਵੀ ਖਰਾਬ ਹੋ ਜਾਂਦੀ ਹੈ ਤੇ ਪ੍ਰੇਸ਼ਾਨੀ ਵਧ ਜਾਂਦੀ ਹੈ। ਹੁਕਮ (ਨਿਯਮ) ਹੋ ਰਹੇ ਕੰਮਾਂ 'ਤੇ ਲਾਗੂ ਹੁੰਦਾ ਹੈ, ਨਾ ਕਿ ਕੀਤੇ ਜਾ ਰਹੇ ਕੰਮਾਂ 'ਤੇ। ਜਿੰਨਾ ਜਿੰਨਾ ਉਸ ਹੁਕਮ ਅੱਗੇ ਸਿਰ ਝੁਕਾਉਂਦੇ ਰਹਾਂਗੇ, ਉਨੀ ਸੰਤੁਸ਼ਟੀ ਮਿਲਦੀ ਜਾਵੇਗੀ। ਭਾਵ ਰੱਬ ਦਾ ਹੁਕਮ ਮਨ ਲੈਣ ਵਿਚ ਹੀ ਭਲਾਈ ਹੈ, ਖੁਸ਼ੀ ਹੈ। ਜਿਸ ਦੁੱਖ ਦਾ ਹੱਲ ਨਾ ਹੋਵੇ, ਉਸ ਨੂੰ ਸਹਿਣ ਵਿਚ ਹੀ ਭਲਾਈ ਹੈ।

ਇਸ ਲਈ ਰੱਬ ਨੂੰ ਖੁਸ਼ ਕਰਨ ਦੀ ਥਾਂ ਅਸੀਂ ਆਪ ਰੱਬ ਤੋਂ ਖੁਸ਼ (ਸੰਤੁਸ਼ਟ) ਰਹਿਣ ਦੀ ਆਦਤ ਬਣਾ ਲਈਏ, ਜਿਸ ਸਦਕਾ ਸਾਡਾ ਆਉਣ ਵਾਲਾ ਵਕਤ ਸੁਖਦ ਤੇ ਸੁਖਾਵਾਂ ਹੋ ਜਾਵੇਗਾ।

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-7

# ਹਿੰਦੂ ਜਾਗਰਣ ਵੇਦਿਕੇ

### ਹਿੰਦੂਤਵੀ ਲਸ਼ਕਰ



ਧੀਰੇਂਦਰ ਕੁਮਾਰ ਝਾਅ

***ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ ਅਤੇ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਸੂਬਿਆਂ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਕਰਨਾਟਕ ਵਿਚ ਸ੍ਰੀ ਰਾਮ ਸੈਨਾ ਤੋਂ ਬਾਅਦ ਦੀ ਪੈਦਾਇਸ਼ ਹਿੰਦੂ ਜਾਗਰਣ ਵੇਦਿਕੇ ਬਾਰੇ ਖੁਲਾਸੇ ਕੀਤੇ ਗਏ ਹਨ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮੰਗਲੌਰ ਵਿਚ ਸ੍ਰੀ ਰਾਮ ਸੈਨਾ ਦੀ ਲੀਡਰਸ਼ਿਪ ਕਮਜ਼ੋਰ ਹੋਣ ਕਾਰਨ ਸ਼ਰੀਕ ਜਥੇਬੰਦੀ ਬਜਰੰਗ ਦਲ ਵਲੋਂ ਆਪਣਾ ਖੁੱਸਿਆ ਆਧਾਰ ਮੁੜ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਦੇ ਨਾਲ-ਨਾਲ ਸ੍ਰੀ ਰਾਮ ਸੈਨਾ ਵੀ ਪੂਰੀ ਤਰ੍ਹਾਂ ਸਰਗਰਮ ਰਹੀ ਅਤੇ ਇਸ ਦੇ ਆਗੂ ਜਥੇਬੰਦੀ ਦੀ 'ਹਿੰਦੂ' ਪਛਾਣ ਪੱਕੇ ਪੈਰੀਂ ਕਰਨ ਦੀਆਂ ਕੋਸ਼ਿਸ਼ਾਂ ਵਿਚ ਜੁਟੇ ਰਹੇ। 24 ਅਗਸਤ 2008 ਨੂੰ ਸੈਨਾ ਦੇ ਕੁਝ ਕਾਰਿੰਦੇ ਦਿੱਲੀ ਵਿਚ 'ਸਹਮਤ' ਨਾਂ ਦੀ ਐਨ.ਜੀ.ਓ. ਵਲੋਂ ਲਾਈ ਕਲਾ ਪ੍ਰਦਰਸ਼ਨੀ ਵਿਚ ਵੜ ਗਏ ਅਤੇ ਐਮ.ਐਫ. ਹੁਸੈਨ ਦੀਆਂ ਕਈ ਪੇਂਟਿੰਗਾਂ ਨਸ਼ਟ ਕਰ ਦਿੱਤੀਆਂ। ਉਹ ਜਾਂਦੇ ਹੋਏ ਉਥੇ ਕੁਝ ਪੈਂਫਲਿਟ ਵੀ ਸੁੱਟ ਗਏ, ਜਿਨ੍ਹਾਂ ਵਿਚ ਹੁਸੈਨ ਦੀ ਬਦਖੋਹੀ ਕੀਤੀ ਗਈ ਸੀ।

ਉਸੇ ਸਾਲ ਸਤੰਬਰ ਵਿਚ ਸ੍ਰੀ ਰਾਮ ਸੈਨਾ ਦੇ ਕਰਤਾ-ਧਰਤਾ ਪ੍ਰਮੋਦ ਮੁਥਾਲਿਕ ਨੇ ਐਲਾਨ ਕੀਤਾ ਕਿ ਸ੍ਰੀ ਰਾਮ ਸੈਨਾ ਦੇ 700 ਕਾਰਿੰਦੇ ਆਤਮਘਾਤੀ ਹਮਲਿਆਂ ਦੀ ਸਿਖਲਾਈ ਲੈ ਰਹੇ ਹਨ। ਉਸ ਦਾ ਐਲਾਨ ਬੰਗਲੌਰ ਬੰਬ ਧਮਾਕਿਆਂ ਤੋਂ ਬਾਅਦ ਆਇਆ। ਉਸ ਨੇ ਮੰਗਲੌਰ ਵਿਚ ਜਨਤਕ ਇਕੱਠ ਵਿਚ ਐਲਾਨ ਕੀਤਾ, "ਅਸੀਂ ਹੋਰ ਸਬਰ ਨਹੀਂ ਕਰ ਸਕਦੇ। ਹਿੰਦੂਵਾਦ ਨੂੰ ਬਚਾਉਣ ਲਈ ਇਕੋ ਮੰਤਰ 'ਅਦਲੇ ਦਾ ਬਦਲਾ' ਬਚਿਆ ਹੈ। ਜੇ ਹਿੰਦੂ ਆਸਥਾ ਦੇ ਕੇਂਦਰਾਂ ਉਪਰ ਹਮਲਾ ਹੁੰਦਾ ਹੈ, ਤਾਂ ਉਸ ਤੋਂ ਦੁੱਗਣੀ ਗਿਣਤੀ ਵਿਚ ਵਿਰੋਧੀ ਧਿਰ ਦੇ ਆਸਥਾ ਕੇਂਦਰ ਤਬਾਹ ਕਰ ਦਿੱਤੇ ਜਾਣਗੇ। ਜੇ ਕਿਸੇ ਦੂਜੇ ਧਰਮ ਦੇ ਲੋਕਾਂ ਨੇ ਹਿੰਦੂ ਲੜਕੀਆਂ ਨੂੰ ਵਰਗਲਾ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਤਾਂ ਵਿਰੋਧੀ ਧਰਮਾਂ ਦੀਆਂ ਦੁੱਗਣੀਆਂ ਲੜਕੀਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ।"

ਜਨਵਰੀ 2009 ਵਿਚ ਕਰਨਾਟਕ ਪੁਲਿਸ ਨੇ 2008 ਦੀਆਂ ਅਸੈਂਬਲੀ ਚੋਣ ਸਮੇਂ ਹੁਬਲੀ ਬੰਬ ਧਮਾਕਿਆਂ ਸਬੰਧੀ 9 ਜਣਿਆਂ ਨੂੰ ਗ੍ਰਿਫਤਾਰ ਕੀਤਾ। ਇਨ੍ਹਾਂ ਧਮਾਕਿਆਂ ਦਾ ਯੋਜਨਾਘਾੜਾ ਨਾਗਰਾਜ ਜੰਬਾਗੀ, ਸੈਨਾ ਕਾਰਕੁਨ ਸੀ, ਜੋ ਮੁਥਾਲਿਕ ਦਾ ਨੇੜਲਾ ਸਾਥੀ ਸੀ।

ਇਸ ਦੇ ਬਾਵਜੂਦ ਸ੍ਰੀ ਰਾਮ ਸੈਨਾ ਕਦੇ ਵੀ ਕੌਮੀ ਜਾਂ ਕੌਮਾਂਤਰੀ ਮੀਡੀਆ ਦੀਆਂ ਸੁਰਖੀਆਂ ਵਿਚ ਨਾ ਆਉਂਦੀ, ਜੇ ਇਸ ਦੇ ਕਾਰਿੰਦੇ 24 ਜਨਵਰੀ 2009 ਨੂੰ ਮੰਗਲੌਰ ਦੀ ਪੱਬ 'ਅਮਨੇਸ਼ੀਆ' ਵਿਚ ਨਾ ਵੜਦੇ ਅਤੇ ਉਥੇ ਮੁਟਿਆਰਾਂ ਦੀ ਬੇਤਹਾਸ਼ਾ ਕੁੱਟਮਾਰ ਨਾ ਕਰਦੇ। ਸੈਨਾ ਦਾ ਕਹਿਣਾ ਸੀ ਕਿ ਉਹ ਉਥੇ ਸ਼ਰੇਆਮ ਸ਼ਰਾਬ ਪੀ ਕੇ ਹਿੰਦੂ 'ਮਰਿਆਦਾ ਤੇ ਰਵਾਇਤਾਂ' ਦੀ ਉਲੰਘਣਾ ਕਰ ਰਹੀਆਂ ਸਨ। ਇਸ ਘਟਨਾ ਦੀ ਵੀਡੀਓ ਯੂ-ਟਿਊਬ 'ਤੇ ਸਭ ਤੋਂ ਵੱਧ ਦੇਖੀ ਗਈ। ਇਹ ਵੀ ਭੇਤ ਵਾਲੀ ਗੱਲ ਹੈ ਕਿ ਇਕ ਟੀ.ਵੀ. ਸਮੂਹ ਦੀ ਟੋਲੀ ਉਸ ਥਾਂ ਮੌਜੂਦ ਕਿਵੇਂ ਸੀ, ਜੋ ਪੱਬ ਵਿਚ ਅਣਐਲਾਨੇ ਹਮਲੇ ਨੂੰ ਫਿਲਮਾਉਣ ਲਈ ਤਿਆਰ-ਬਰ-ਤਿਆਰ ਸੀ। ਇਸ ਰਿਕਾਰਡਿੰਗ ਨੇ ਕੌਮੀ ਪੱਧਰ 'ਤੇ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ, ਕਿਉਂਕਿ ਦੋ ਦਿਨ ਪਿਛੋਂ ਹੀ ਗਣਤੰਤਰ ਦਿਵਸ ਸੀ। ਜਦੋਂ ਟੀ.ਵੀ. ਚੈਨਲਾਂ ਨੇ ਸੈਨਾ ਦੇ ਕਾਰਿੰਦਿਆਂ ਵਲੋਂ ਔਰਤਾਂ ਦੇ ਥੱਪੜ ਮਾਰਨ ਅਤੇ ਕੁੱਟ-ਮਾਰ ਕਰਨ ਕਰਕੇ ਉਨ੍ਹਾਂ ਨੂੰ ਪੱਬ ਵਿਚੋਂ ਭਜਾਉਣ ਦੀ ਰਿਕਾਰਡਿੰਗ ਪ੍ਰਸਾਰਤ ਕੀਤੀ ਤਾਂ ਅਜਿਹਾ ਤਿੱਖਾ ਵਾਦ-ਵਿਵਾਦ ਪੈਦਾ ਹੋ ਗਿਆ ਕਿ ਫਰਾਂਸ, ਰੂਸ ਅਤੇ ਜਰਮਨੀ ਦੇ ਟੀ.ਵੀ. ਚੈਨਲਾਂ ਦੇ ਨਿਊਜ਼ ਪ੍ਰੋਡਿਊਸਰਾਂ ਨੇ ਵੀ ਆਪਣੇ ਪੱਤਰਕਾਰ ਉਥੇ ਰਿਪੋਰਟਿੰਗ ਲਈ ਭੇਜ ਦਿੱਤੇ।

ਸ਼ੁਰੂ-ਸ਼ੁਰੂ ਵਿਚ ਕਰਨਾਟਕ ਦੀ ਭਾਜਪਾ ਸਰਕਾਰ ਨੇ ਇਸ ਨੂੰ ਨਜ਼ਰ-ਅੰਦਾਜ਼ ਕਰਨਾ ਚਾਹਿਆ, ਪਰ ਜਿਉਂ ਹੀ ਇਹ ਰਿਕਾਰਡਿੰਗ ਟੈਲੀਵਿਜ਼ਨ ਚੈਨਲਾਂ 'ਤੇ ਦਿਖਾਈ ਜਾਣ ਲੱਗੀ ਤਾਂ 26 ਜਨਵਰੀ 2009 ਦੀ ਸ਼ਾਮ ਤੱਕ ਮਹਾਂਰਾਸ਼ਟਰ ਸਰਕਾਰ ਸੈਨਾ ਦੇ 17 ਆਗੂਆਂ ਤੇ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਲਈ ਮਜਬੂਰ ਹੋ ਗਈ। ਮੁਥਾਲਿਕ, ਜੋ ਉਸ ਵਕਤ ਮਹਾਂਰਾਸ਼ਟਰ ਵਿਚ ਬ੍ਰਾਹਮਣ ਸੰਮੇਲਨ ਵਿਚ ਸ਼ਾਮਲ ਸੀ, ਨੇ ਘਟਨਾ ਨੂੰ ਇਹ ਦਾਅਵਾ ਕਰਦਿਆਂ ਜਾਇਜ਼ ਠਹਿਰਾਇਆ ਕਿ ਲੜਕੀਆਂ ਦਾ ਪੱਬਾਂ ਵਿਚ ਜਾਣਾ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਸ ਨੇ ਇਹ ਵੀ ਕਿਹਾ ਕਿ ਇਸ 'ਮਾਮੂਲੀ ਜਿਹੀ ਘਟਨਾ ਨੂੰ ਤੂਲ ਦੇ ਕੇ ਭਾਜਪਾ ਦੀ ਰਾਜ ਸਰਕਾਰ ਨੂੰ ਬਦਨਾਮ' ਕੀਤਾ ਜਾ ਰਿਹਾ ਹੈ। ਅਗਲੇ ਹੀ ਦਿਨ ਜਦੋਂ ਉਹ ਕਰਨਾਟਕ ਵਿਚ ਦਾਖਲ ਹੋਇਆ, ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਪਿਛੋਂ ਮੰਗਲੌਰ ਵਿਚ ਸੈਨਾ ਦੇ ਕੁਝ ਹੋਰ ਬੰਦੇ ਵੀ ਗ੍ਰਿਫਤਾਰ ਕੀਤੇ ਗਏ।

ਥੋੜ੍ਹੇ ਦਿਨਾਂ ਪਿਛੋਂ ਮੁਥਾਲਿਕ ਅਤੇ ਅਤਾਵਰ ਸਣੇ ਸ੍ਰੀ ਰਾਮ ਸੈਨਾ ਦੇ ਸਾਰੇ ਬੰਦੇ ਜ਼ਮਾਨਤ 'ਤੇ ਰਿਹਾ ਕਰ ਦਿੱਤੇ ਗਏ। ਸੈਨਾ ਮੁਖੀ ਨੇ ਇਸ ਨੂੰ ਆਪਣੀ ਜਿੱਤ ਕਰਾਰ ਦਿੱਤਾ। ਉਸ ਨੇ ਅਦਾਲਤ ਦੇ ਬਾਹਰ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ, "ਇਹ ਉਨ੍ਹਾਂ ਸਾਰੇ ਲੋਕਾਂ ਦੀ ਜਿੱਤ ਹੈ ਜੋ ਮੰਗਲੌਰ ਵਿਚ ਪੱਬ ਸਭਿਆਚਾਰ ਖਿਲਾਫ ਲੜ ਰਹੇ ਹਨ। ਅਸੀਂ ਜੋ ਮੰਗਲੌਰ ਵਿਚ ਕੀਤਾ, ਉਹ ਵੱਡੀ ਕਾਮਯਾਬੀ ਦੀ ਕਥਾ ਹੈ, ਅਸੀਂ ਅਸ਼ਲੀਲਤਾ ਖਿਲਾਫ ਲੜ ਰਹੇ ਹਾਂ। ਅਸੀਂ ਆਪਣੇ ਕਾਰਕੁਨਾਂ ਦੇ ਇਸ ਸਭ ਕਾਸੇ ਲਈ ਸ਼ੁਕਰਗੁਜ਼ਾਰ ਹਾਂ।"



*ਪ੍ਰਸਾਦ ਅਤਾਵਰ*

ਕਰੀਬ ਸੱਤ ਸਾਲ ਬਾਅਦ ਆਪਣੇ ਹੁਬਲੀ ਵਿਚਲੇ ਗੁਪਤਵਾਸ ਵਿਚ ਮੇਰੇ ਨਾਲ ਗੱਲਬਾਤ ਦੌਰਾਨ ਉਸ ਨੇ ਪੱਬ ਹਮਲੇ ਨੂੰ 'ਇਕੋ ਇਕ ਸਭ ਤੋਂ ਵੱਧ ਅਹਿਮ' ਕਾਰਕ ਦੱਸਿਆ, ਜਿਸ ਨੇ ਸ੍ਰੀ ਰਾਮ ਸੈਨਾ ਦੇ ਵੱਡੇ ਪੱਧਰ 'ਤੇ ਵਿਸਥਾਰ ਲਈ ਰਾਹ ਪੱਧਰਾ ਕਰ ਦਿੱਤਾ। ਉਸ ਮੁਤਾਬਕ 'ਪੱਬ ਹਮਲੇ ਤੱਕ ਸਾਡੀਆਂ ਇਕਾਈਆਂ ਸਿਰਫ ਉਤਰੀ ਅਤੇ ਤੱਟਵਰਤੀ ਕਰਨਾਟਕ ਵਿਚ ਸਨ। ਘਟਨਾ ਪਿਛੋਂ ਸੈਨਾ ਦੀਆਂ ਇਕਾਈਆਂ ਪੂਰੇ ਰਾਜ ਵਿਚ ਬਣ ਗਈਆਂ, ਇਥੋਂ ਤੱਕ ਕਿ ਗੋਆ, ਮਹਾਰਾਸ਼ਟਰ, ਕੇਰਲ, ਆਂਧਰਾ ਪ੍ਰਦੇਸ਼, ਰਾਜਸਥਾਨ ਅਤੇ ਦਿੱਲੀ 'ਚ ਵੀ ਬਣ ਗਈਆਂ।

2009 ਦੇ ਸ਼ੁਰੂ ਵਿਚ ਅਜੇ ਪੱਬ ਹਮਲਿਆਂ ਦਾ ਹੋ-ਹੱਲਾ ਮੱਠਾ ਹੀ ਪਿਆ ਸੀ, ਸ੍ਰੀ ਰਾਮ ਸੈਨਾ ਨੇ ਐਲਾਨ ਕਰ ਦਿੱਤਾ ਕਿ ਉਹ ਨੌਜਵਾਨ ਲੜਕੇ ਲੜਕੀਆਂ ਨੂੰ ਵੈਲੇਨਟਾਈਨ ਡੇਅ ਨਹੀਂ ਮਨਾਉਣ ਦੇਣਗੇ। 13 ਫਰਵਰੀ ਤੱਕ ਸਭ ਪਾਸਿਓਂ ਬਣੇ ਦਬਾਓ ਕਾਰਨ ਕਰਨਾਟਕ ਪੁਲਿਸ ਪੂਰੇ ਰਾਜ ਅੰਦਰ ਮੁਥਾਲਿਕ ਸਮੇਤ ਸੈਨਾ ਕਾਰਕੁਨਾਂ ਨੂੰ ਇਹਤਿਆਤੀ ਹਿਰਾਸਤ ਵਿਚ ਲੈਣ ਲਈ ਮਜਬੂਰ ਹੋ ਗਈ। ਸੰਸਥਾ ਦੇ ਗੁੱਸਾ ਭੜਕਾਉਣ ਦੇ ਕਾਰਿਆਂ ਅਤੇ ਧਮਕੀਆਂ ਕਾਰਨ ਔਰਤਾਂ ਨੇ ਮੁਥਾਲਿਕ ਅਤੇ ਉਸ ਦੀ ਸੈਨਾ ਖਿਲਾਫ ਵਿਲੱਖਣ ਮੁਹਿੰਮ ਛੇੜ ਦਿੱਤੀ। 14 ਫਰਵਰੀ ਨੂੰ ਜਦੋਂ ਸੈਨਾ ਮੁਖੀ ਅਤੇ ਉਸ ਦੇ ਕਈ ਲਫਟੈਣ ਕਰਨਾਟਕ ਦੀਆਂ ਜੇਲ੍ਹਾਂ ਵਿਚ ਸਨ ਤਾਂ ਔਰਤ ਕਾਰਕੁਨਾਂ ਨੇ ਮੁਥਾਲਿਕ ਦੇ ਹੁਬਲੀ ਵਿਚਲੇ ਸਦਰ-ਮੁਕਾਮ ਨੂੰ 'ਪਿੰਕ ਚੱਡੀ' ਪੈਕਟ ਭੇਜੇ। ਸੈਨਾ ਮੁਖੀ ਨੂੰ ਪੂਰੇ ਮੁਲਕ ਵਿਚੋਂ 1500 ਪਿੰਕ ਚੱਡੀਆਂ ਪ੍ਰਾਪਤ ਹੋਈਆਂ। ਇਸ ਮੁਹਿੰਮ ਨੇ ਮੁਥਾਲਿਕ ਨੂੰ ਇੰਨਾ ਚਿੜਾਇਆ ਕਿ ਜੇਲ੍ਹ ਵਿਚੋਂ ਬਾਹਰ ਆਉਣ ਪਿਛੋਂ ਉਸ ਨੇ 22 ਫਰਵਰੀ 2009 ਨੂੰ ਵਿਸ਼ੇਸ ਪ੍ਰੈੱਸ ਕਾਨਫਰੰਸ ਕਰਕੇ ਇਸ ਨੂੰ ਦੁਸ਼ਟਾਂ ਦਾ ਕਾਰਾ ਕਰਾਰ ਦਿੰਦਿਆਂ ਐਲਾਨ ਕੀਤਾ ਕਿ ਉਸ ਨੇ 25 ਵਕੀਲਾਂ ਦੀ ਟੀਮ ਖੜ੍ਹੀ ਕੀਤੀ ਹੈ, ਜੋ 'ਚੱਡੀ ਪਾਰਸਲ' ਭੇਜਣ ਵਾਲਿਆਂ ਖਿਲਾਫ ਮਾਨਹਾਨੀ ਦਾ ਕੇਸ ਦਾਇਰ ਕਰੇਗੀ।

ਇਸ ਦੌਰਾਨ ਸੈਨਾ ਦੀਆਂ ਸਰਗਰਮੀਆਂ ਰਾਜ ਦੇ ਤੱਟੀ ਖੇਤਰ ਵਿਚ ਬੇਰੋਕ ਜਾਰੀ ਰਹੀਆਂ। 15 ਜੁਲਾਈ 2009 ਨੂੰ ਸੈਨਾ ਦੇ ਕੁਝ ਮੈਂਬਰ ਮੰਗਲੌਰ ਵਿਚ ਇਕ ਹਿੰਦੂ ਵਿਆਹ ਸਮਾਗਮ ਵਿਚ ਜਾ ਧਮਕੇ ਅਤੇ ਮੁਸਲਿਮ ਮਹਿਮਾਨ ਦੇ ਸਮਾਗਮ ਵਿਚ ਸ਼ਾਮਲ ਹੋਣ ਕਾਰਨ ਉਸ 'ਤੇ ਹਮਲਾ ਕਰ ਦਿੱਤਾ। ਉਹ ਮੁਸਲਿਮ ਮੁੰਡਿਆਂ ਵਲੋਂ ਹਿੰਦੂ ਕੁੜੀਆਂ ਨਾਲ ਸਾਧਾਰਨ ਗੱਲਬਾਤ ਕਰਨ 'ਤੇ ਮੁਸਲਿਮ ਮੁੰਡਿਆਂ 'ਤੇ ਲਗਾਤਾਰ ਹਮਲੇ ਕਰਦੇ ਸਨ ਅਤੇ ਇਸ ਨੂੰ 'ਲਵ ਜਹਾਦ' ਦਾ ਨਾਂ ਦੇ ਕੇ ਜ਼ਹਿਰੀਲੇ ਪ੍ਰਚਾਰ ਤੇ ਹਮਲਿਆਂ ਰਾਹੀਂ ਭਾਵਨਾਵਾਂ ਭੜਕਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਸਨ। ਉਨ੍ਹਾਂ ਅਨੁਸਾਰ ਇਹ ਮੁਸਲਮਾਨਾਂ ਦੀ ਹਿੰਦੂ ਕੁੜੀਆਂ ਨਾਲ ਵਿਆਹ ਕਰਕੇ ਉਨ੍ਹਾਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਦੀ ਸਾਜ਼ਿਸ਼ ਹੈ।

ਮਈ 2010 'ਚ ਸ੍ਰੀ ਰਾਮ ਸੈਨਾ ਨੈਤਿਕਤਾ ਦਾ ਮੁਖੌਟਾ ਲੀਰੋ-ਲੀਰ ਹੋ ਗਿਆ, ਜਦੋਂ 'ਤਹਿਲਕਾ' ਰਸਾਲੇ ਨੇ ਛੇ ਹਫਤੇ ਦੀ ਛਾਣਬੀਣ ਦੌਰਾਨ ਉਸ ਦਾ ਸ਼ੱਕੀ ਕਿਰਦਾਰ ਸਾਹਮਣੇ ਲਿਆਂਦਾ। ਰਸਾਲੇ ਨੇ ਰਿਪੋਰਟ ਵਿਚ ਕਿਹਾ ਕਿ ਇਸ ਹਿੰਦੂਤਵੀ ਜਥੇਬੰਦੀ ਦੇ ਆਗੂ ਅਤੇ ਕਾਡਰ ਪ੍ਰਤੀਬੱਧ ਵਿਚਾਰਵਾਨ ਨਹੀਂ ਹਨ, ਜੋ ਇਕ 'ਮਕਸਦ' ਲਈ ਆਪ-ਮੁਹਾਰੇ ਹਿੰਸਕ, ਕਾਨੂੰਨ ਤੋੜੂ ਕਾਰਵਾਈਆਂ ਕਰਨ ਲੱਗ ਜਾਣ। ਉਨ੍ਹਾਂ ਦਾ ਮੁਖੌਟਾ ਬੁਰੀ ਤਰ੍ਹਾਂ ਲਹਿ ਗਿਆ ਕਿ ਇਹ ਤਾਂ ਅਜਿਹੇ ਸਨਕੀ ਠੱਗ ਹਨ, ਜਿਨ੍ਹਾਂ ਨੂੰ ਪੈਸੇ ਦੇ ਕੇ ਕੋਈ ਵੀ ਜੁਰਮ ਕਰਨ ਲਈ ਖਰੀਦ ਸਕਦਾ ਹੈ।

ਇਸ ਰਿਪੋਰਟ ਲਈ 'ਤਹਿਲਕਾ' ਦਾ ਪੱਤਰਕਾਰ ਪ੍ਰਮੋਦ ਮੁਥਾਲਿਕ ਨੂੰ ਕਲਾਕਾਰ ਦਾ ਭੇਸ ਧਾਰ ਕੇ ਮਿਲਿਆ ਅਤੇ ਉਸ ਨੂੰ ਪੁੱਛਿਆ ਕਿ ਸ੍ਰੀ ਰਾਮ ਸੈਨਾ ਉਸ ਦੀ ਪੇਂਟਿੰਗ ਦੀ ਨੁਮਾਇਸ਼ 'ਤੇ ਗਿਣ-ਮਿਥ ਕੇ ਪੈਸੇ ਲੈ ਕੇ, ਹਮਲੇ ਦਾ ਨਾਟਕ ਕਰ ਸਕਦੀ ਹੈ ਤਾਂ ਜੋ ਇਸ ਤਰ੍ਹਾਂ ਮਚੇ ਘਮਸਾਣ ਕਾਰਨ ਲੋਕਾਂ ਦੀ ਨੁਮਾਇਸ਼ ਬਾਰੇ ਦਿਲਚਸਪੀ ਪੈਦਾ ਹੋਵੇ ਅਤੇ ਦੇਸ਼-ਵਿਦੇਸ਼ ਵਿਚ ਆਪਣੀਆਂ ਪੇਂਟਿੰਗ ਵੇਚਣ ਵਿਚ ਮਦਦ ਕਰੇ। ਮੁਥਾਲਿਕ ਪੈਸੇ ਲੈ ਕੇ ਇਹ ਕਾਰਵਾਈ ਕਰਨ ਲਈ ਤਿਆਰ ਹੀ ਨਹੀਂ ਹੋਇਆ ਸਗੋਂ ਉਸ ਨੇ ਬੰਗਲੌਰ ਇਕਾਈ ਦੇ ਪ੍ਰਧਾਨ ਬਸੰਤ ਕੁਮਾਰ ਭਵਾਨੀ ਅਤੇ ਮੰਗਲੌਰ ਦੇ ਵੱਡੇ ਆਗੂ ਪ੍ਰਸਾਦ ਅਤਾਵਰ ਸਮੇਤ ਸੈਨਾ ਮੈਂਬਰਾਂ ਨਾਲ ਪੱਤਰਕਾਰ ਦਾ ਸੰਪਰਕ ਵੀ ਕਰਵਾਇਆ। ਮੁਥਾਲਿਕ ਨੇ 10,000 ਰੁਪਏ ਦੀ ਉਹ ਰਕਮ ਫੜ ਕੇ ਆਪਣੀ ਜੇਬ ਵਿਚ ਪਾਉਣ ਤੋਂ ਵੀ ਭੋਰਾ ਝਿਜਕ ਨਾ ਦਿਖਾਈ ਜੋ ਪੇਸ਼ਕਸ਼ ਜਰਨਲਿਸਟ ਵਲੋਂ ਉਸ ਨੂੰ ਹਿੰਦੂਤਵੀ 'ਮਕਸਦ' ਦੀ ਪੂਰਤੀ ਲਈ ਕੀਤੀ ਗਈ ਸੀ।

*ਹਿੰਦੂ ਜਾਗਰਣ ਵੇਦਿਕੇ ਦਾ ਲੋਗੋ*

ਇਸ ਤੋਂ ਥੋੜ੍ਹੇ ਦਿਨ ਬਾਅਦ ਹੀ ਇਹ ਖੁਫੀਆ ਪੱਤਰਕਾਰ ਭਵਾਨੀ ਨੂੰ ਮਿਲਿਆ, ਜੋ



*ਸੁਭਾਸ਼ ਪਡਿਲ*

ਕਿੱਤੇ ਵਜੋਂ ਪ੍ਰਾਪਰਟੀ ਕਾਰੋਬਾਰੀ ਸੀ ਅਤੇ ਉਸ ਨੇ ਖੁਫੀਆ ਤਰੀਕੇ ਨਾਲ ਉਸ ਨਾਲ ਕੀਤੀ ਸਾਰੀ ਗੱਲਬਾਤ ਰਿਕਾਰਡ ਕਰ ਲਈ। ਗੱਲਬਾਤ ਬੰਗਲੌਰ ਦੇ ਇਕ ਖਾਸ ਇਲਾਕੇ ਵਿਚ ਯੋਜਨਾਬੱਧ ਹਮਲਾ ਕਰਨ ਬਾਬਤ ਸੀ ਕਿ ਇਸ ਦਾ ਪ੍ਰਭਾਵ ਵੱਧ ਤੋਂ ਵੱਧ ਕਿਵੇਂ ਪਵੇ। ਦੋਹਾਂ ਨੇ ਇਸ ਦੇ ਇਵਜ਼ ਵਿਚ ਸੈਨਾ ਆਗੂ ਨੂੰ ਦਿੱਤੀ ਜਾਣ ਵਾਲੀ ਰਕਮ ਬਾਰੇ ਵੀ ਗੱਲਬਾਤ ਕੀਤੀ।

ਅਤਾਵਰ, ਜਿਸ ਨੂੰ ਤਹਿਲਕਾ ਪੱਤਰਕਾਰ ਮੰਗਲੌਰ 'ਚ ਮਿਲਿਆ, ਕੈਮਰੇ ਅੱਗੇ ਇਹ ਕਹਿੰਦਾ ਰਿਕਾਰਡ ਕਰ ਲਿਆ ਗਿਆ ਕਿ ਉਹ ਗ੍ਰਿਫਤਾਰੀ ਤੋਂ ਬਚ ਰਿਹਾ ਹੈ, ਕਿਉਂਕਿ ਅੰਡਰ ਵਰਲਡ ਡੌਨ ਰਵੀ ਪੁਜਾਰੀ ਦੇ ਹੁਕਮ ਵਜਾਉਣ ਕਾਰਨ ਉਸ ਦੇ ਵਰੰਟ ਕੱਢੇ ਹੋਏ ਸਨ। ਪੁਜਾਰੀ ਮੁੰਬਈ ਦੇ ਗੈਂਗਸਟਰ ਛੋਟਾ ਰਾਜਨ ਨਾਲ ਕੰਮ ਕਰ ਚੁਕਾ ਸੀ ਅਤੇ ਬਾਅਦ ਵਿਚ ਉਸ ਨੇ ਅੰਡਰ ਵਰਲਡ ਦੇ ਸਰਗਨੇ ਦਾਊਦ ਇਬਰਾਹੀਮ ਨਾਲ ਵੀ ਕੰਮ ਕੀਤਾ। ਉਸ ਪਿਛੋਂ ਹੀ ਉਸ ਨੇ ਆਪਣਾ ਵੱਖਰਾ ਸਾਮਰਾਜ ਸਥਾਪਤ ਕੀਤਾ। ਪੁਜਾਰੀ ਦਾ ਸਾਥੀ ਹੋਣ ਕਾਰਨ ਅਤਾਵਰ 'ਤੇ ਕਰਨਾਟਕ ਦੇ ਤੱਟਵਰਤੀ ਖੇਤਰਾਂ ਦੇ ਵਪਾਰੀਆਂ ਅਤੇ ਬਿਲਡਰਾਂ ਨੂੰ ਧਮਕੀਆਂ ਦੇ ਕੇ ਫਿਰੌਤੀਆਂ ਲੈਣ ਦਾ ਦੋਸ਼ ਸੀ। ਇਹ ਸਾਰਾ ਕਾਲਾ ਧੰਦਾ ਵਿਦੇਸ਼ਾਂ ਤੋਂ ਕੰਟਰੋਲ ਕੀਤਾ ਜਾਂਦਾ ਸੀ। ਤਹਿਲਕਾ ਪੱਤਰਕਾਰ ਵਲੋਂ ਉਸ ਨੂੰ ਪਹਿਲੀ ਵਾਰ ਮਿਲਣ ਦੇ 6 ਦਿਨ ਬਾਅਦ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਹਿਲਾਂ ਉਸ ਨੂੰ ਮੰਗਲੌਰ ਦੀ ਜੇਲ੍ਹ ਵਿਚ ਭੇਜਿਆ ਗਿਆ ਤੇ ਫਿਰ ਬੇਲਾਰੀ ਦੀ ਉਚ ਸੁਰੱਖਿਆ ਜੇਲ੍ਹ 'ਚ ਬਦਲ ਦਿੱਤਾ ਗਿਆ। ਫਿਰ ਵੀ ਉਸ ਨੇ ਪੱਤਰਕਾਰ ਨਾਲ ਸੰਪਰਕ ਬਣਾਈ ਰੱਖਿਆ ਜੋ ਉਸ ਨੂੰ ਮੰਗਲੌਰ ਅਤੇ ਬੇਲਾਰੀ ਵਿਚ ਜੇਲ੍ਹ ਦੀਆਂ ਸੀਖਾਂ ਪਿੱਛੇ ਵੀ ਮਿਲਿਆ ਜਿਥੋਂ ਉਸ ਨੇ ਨੁਮਾਇਸ਼ 'ਤੇ ਹਮਲੇ ਵਾਲੇ ਵਾਅਦੇ ਨੂੰ ਪੂਰਾ ਕਰਨ ਲਈ ਸਹਿਮਤੀ ਦਿੱਤੀ।

---

ਮਈ 2010 ਵਿਚ ਅਤਾਵਰ ਦੀ ਗ੍ਰਿਫਤਾਰੀ ਦੇ ਦੋ ਖਾਸ ਨਤੀਜੇ ਨਿਕਲੇ। ਪਹਿਲਾ, ਉਸ ਨੇ ਸ੍ਰੀ ਰਾਮ ਸੈਨਾ ਦੇ ਕਰਨਾਟਕ ਦੇ ਤੱਟਵਰਤੀ ਖੇਤਰ ਦੇ ਸਾਰੇ ਖਾਸ ਆਗੂਆਂ ਨੂੰ ਰੂਹਪੋਸ਼ ਹੋਣ ਲਈ ਮਜਬੂਰ ਕਰ ਦਿੱਤਾ ਅਤੇ ਉਨ੍ਹਾਂ ਖੇਤਰਾਂ ਵਿਚ ਇਸ ਦੀਆਂ ਕਾਰਵਾਈਆਂ ਮੱਠੀਆਂ ਪੈ ਗਈਆਂ, ਜਿਥੇ ਇਸ ਦਾ ਸਭ ਤੋਂ ਵੱਧ ਦਬਦਬਾ ਸੀ। ਦੂਜਾ, ਇਸ ਨੇ ਸੰਘ ਪਰਿਵਾਰ ਦੇ ਫੈਲਣ ਲਈ ਮੈਦਾਨ ਮੋਕਲਾ ਕਰ ਦਿੱਤਾ, ਜਿਥੇ ਕੁਝ ਵਧੇਰੇ ਹੀ ਸਰਗਰਮ ਸੈਨਾ ਨੇ ਮੰਗਲੌਰ ਅਤੇ ਹੋਰ ਨੇੜਲੇ ਇਲਾਕਿਆਂ ਵਿਚ ਕਿਸੇ ਹੋਰ ਜਥੇਬੰਦੀ ਦੀ ਸਰਗਰਮੀ ਲਈ ਸਾਰੇ ਰਸਤੇ ਬੰਦ ਕਰ ਦਿੱਤੇ।

ਬਜਰੰਗ ਦਲ ਇਹ ਖਲਾਅ ਭਰਨ ਲਈ ਤੁਰੰਤ ਅੱਗੇ ਆਇਆ। ਆਰ.ਐਸ.ਐਸ. ਨੇ ਮੁਥਾਲਿਕ ਧੜੇ ਦੇ ਉਨ੍ਹਾਂ ਮੈਂਬਰਾਂ ਨੂੰ ਆਪਣੇ ਵਿਚ ਸ਼ਾਮਲ ਕਰਨ ਲਈ ਜਾਲ ਫੈਲਾ ਦਿੱਤਾ, ਜੋ ਪਾਲਾ ਬਦਲਣ ਲਈ ਤਿਆਰ ਸਨ। ਸੈਨਾ ਦੇ ਬਹੁਤੇ ਆਗੂ ਬਜਰੰਗ ਦਲ ਵਿਚ ਵਾਪਸ ਨਹੀਂ ਆ ਸਕਦੇ ਕਿਉਂਕਿ ਉਨ੍ਹਾਂ ਨੇ ਉਸੇ ਤੋਂ ਵੱਖਰੇ ਹੋ ਕੇ ਜਥੇਬੰਦੀ ਬਣਾਈ ਸੀ, ਇਸ ਲਈ ਆਰ.ਐਸ.ਐਸ. ਨੇ ਆਪਣੀ ਇਕ ਹੋਰ ਸੰਸਥਾ 'ਹਿੰਦੂ ਜਾਗਰਣ ਵੇਦਿਕੇ' ਸੁਰਜੀਤ ਕਰ ਲਈ, ਜੋ ਉਦੋਂ ਤਕ ਅਣਗੌਲੀ ਹੋਣ ਕਾਰਨ ਠੱਪ ਪਈ ਸੀ।

ਵੇਦਿਕੇ ਲਈ ਵਧਾਰੇ-ਪਸਾਰੇ ਦਾ ਰਸਤਾ 2011 ਦੇ ਸ਼ੁਰੂ ਵਿਚ ਖੁੱਲ੍ਹਿਆ, ਜਦੋਂ ਮੰਗਲੌਰ ਤੋਂ ਅਹਿਮ ਸੈਨਾ ਆਗੂ ਸੁਭਾਸ਼ ਪਡਿਲ ਆਪਣੇ ਕਈ ਭਰੋਸੇਯੋਗ ਲਫਟੈਣਾਂ-ਸੁਰੇਸ਼ ਪਾਡਿਲ ਤੇ ਸ਼ਰਤ ਪਾਡਾਵਿਨਾਨਗੜੀ ਸਮੇਤ ਇਸ ਨਵੀਂ ਸੰਸਥਾ ਵਿਚ ਆ ਗਿਆ। ਸੁਭਾਸ਼ ਸੈਨਾ ਦੇ ਕੋਰ ਗਰੁੱਪ ਦਾ ਆਗੂ ਸੀ, ਜੋ ਸੰਘ ਪਰਿਵਾਰ ਦੇ ਬ੍ਰਾਹਮਣਵਾਦੀ ਸਭਿਆਚਾਰ ਕਾਰਨ ਉਸ ਨੂੰ ਰੋਸ ਵਜੋਂ ਛੱਡ ਕੇ ਚਲਾ ਗਿਆ ਸੀ ਅਤੇ ਉਹ 2006 ਵਿਚ ਵਾਲਕੇ ਦੇ ਘਰ ਵਿਚ ਹੋਈ ਮੀਟਿੰਗ ਵਿਚ ਵੀ ਸ਼ਾਮਲ ਸੀ। ਉਸ ਨੇ ਸ੍ਰੀ ਰਾਮ ਸੈਨਾ ਦਾ ਸਾਥ ਉਸ ਵੇਲੇ ਵੀ ਨਹੀਂ ਸੀ ਛੱਡਿਆ, ਜਦੋਂ ਵਾਲਕੇ ਅਤੇ ਅਤਾਵਰ 2007 ਵਿਚ ਬਾਗੀ ਹੋ ਕੇ ਚਲੇ ਗਏ ਸਨ।


ਮੰਗਲੌਰ ਵਿਚ ਸੁਭਾਸ਼ ਨੇ ਲੜਨ-ਭਿੜਨ ਵਾਲੇ ਆਗੂ ਦਾ ਅਕਸ ਬਣਾ ਲਿਆ ਸੀ, ਪਰ ਸੈਨਾ ਵਿਚ ਪ੍ਰਸਾਦ ਅਤਾਵਰ ਨਾਲ ਉਸ ਦਾ ਰਿਸ਼ਤਾ ਤਣਾਓ ਵਾਲਾ ਸੀ। 2008 ਵਿਚ ਅਖਬਾਰ 'ਦੀ ਹਿੰਦੂ' ਵਿਚ ਛਪੀ ਇਕ ਰਿਪੋਰਟ ਅਨੁਸਾਰ ਜਦੋਂ ਸੈਨਾ ਨੇ ਰਾਮ ਸੇਤੂ ਵਿਵਾਦ 'ਤੇ ਮੰਗਲੌਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੁਭਾਸ਼ ਨੇ ਦੋ ਪੱਤਰਕਾਰਾਂ 'ਤੇ ਹਮਲਾ ਕਰ ਦਿੱਤਾ, ਜਿਨ੍ਹਾਂ ਨੇ ਉਸ ਨੂੰ ਉਨ੍ਹਾਂ ਦੁਕਾਨਾਂ ਦੀ ਭੰਨਤੋੜ ਕਰਦਿਆਂ ਫੜ ਲਿਆ ਸੀ, ਜਿਨ੍ਹਾਂ ਦੇ ਮਾਲਕ ਬੰਦ ਦੇ ਸੱਦੇ ਦੀ ਹਮਾਇਤ ਨਹੀਂ ਕਰ ਰਹੇ ਸਨ। ਉਦੋਂ ਅਤਾਵਰ ਨੇ ਸੁਭਾਸ਼ ਦੇ ਥੱਪੜ ਜੜ ਦਿੱਤਾ ਸੀ ਅਤੇ ਪੱਤਰਕਾਰਾਂ ਤੋਂ ਮੁਆਫੀ ਮੰਗ ਲਈ ਸੀ। ਜਨਵਰੀ 2009 ਦੇ ਪੱਬ ਹਮਲੇ ਵਿਚ ਮੁੱਖ ਭੂਮਿਕਾ ਹੋਣ ਦੇ ਬਾਵਜੂਦ ਸੁਭਾਸ਼ ਸਮਝਦਾ ਸੀ ਕਿ ਅਤਾਵਰ ਉਸ 'ਤੇ ਹਾਵੀ ਹੋ ਰਿਹਾ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਹਮਲੇ ਦੀ ਯੋਜਨਾ ਉਸ ਨੇ ਬਣਾਈ ਸੀ। ਇਹ ਪੱਬ ਹਮਲੇ ਸਮੇਂ ਸੁਭਾਸ਼ ਦੀ ਬੇਰਹਿਮੀ ਹੀ ਸੀ, ਜੋ ਟੀ.ਵੀ. ਦੀ ਫੁਟੇਜ ਵਿਚ ਕੈਦ ਹੋਈ ਅਤੇ ਜਿਸ ਦੀ ਬਦੌਲਤ ਸਥਾਨਕ ਹਿੰਦੂਤਵੀ ਜਗਤ ਵਿਚ ਉਸ ਨੂੰ ਮਾਣ-ਤਾਣ ਤੇ ਰੁਤਬਾ ਮਿਲਿਆ। ਛੇਤੀ ਹੀ ਉਸ ਨੇ ਕਿਰਾਏ ਦੇ ਗੁੰਡੇ ਦੇ ਤੌਰ 'ਤੇ ਆਪਣਾ ਦਬਦਬਾ ਬਣਾ ਲਿਆ।

ਜਦੋਂ ਮਈ 2010 ਵਿਚ ਅਤਾਵਰ ਫਿਰੌਤੀ ਦੇ ਕਾਲੇ ਧੰਦੇ ਵਿਚ ਫੜਿਆ ਗਿਆ ਤਾਂ ਸੁਭਾਸ਼ ਅਤੇ ਉਸ ਦੇ ਕੁਝ ਜੋਟੀਦਾਰ ਥੋੜ੍ਹੇ ਮਹੀਨਿਆਂ ਲਈ ਰੂਹਪੋਸ਼ ਹੋ ਗਏ। ਇਸ ਪਿਛੋਂ ਹੀ ਫਰਵਰੀ 2011 ਵਿਚ ਉਹ 'ਹਿੰਦੂ ਜਾਗਰਣ ਵੇਦਿਕੇ' ਵਿਚ ਸ਼ਾਮਲ ਹੋਏ, ਸ਼ਾਇਦ ਰਾਜ ਵਿਚਲੀ ਭਾਜਪਾ ਸਰਕਾਰ ਤੋਂ ਸੁਰੱਖਿਆ ਛੱਤਰੀ ਲੈਣ ਦੇ ਮਨੋਰਥ

*(ਬਾਕੀ ਅਗਲੇ ਸਫੇ 'ਤੇ)*

# ਗਦਰੀ ਯੋਧਿਆਂ ਦਾ ਇਨਕਲਾਬੀ ਪਿੰਡ ਖੁਰਦਪੁਰ

***ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਗਦਰੀਆਂ ਦਾ ਯੋਗਦਾਨ ਸਭ ਤੋਂ ਨਿਵੇਕਲਾ ਹੈ। ਇਨ੍ਹਾਂ ਜੁਝਾਰੂਆਂ, ਜੋ ਪਰਦੇਸੀ ਧਰਤੀ 'ਤੇ ਵੱਖ-ਵੱਖ ਤਰ੍ਹਾਂ ਦੀਆਂ ਦੁਸ਼ਵਾਰੀਆਂ ਨਾਲ ਪਹਿਲਾਂ ਹੀ ਜੂਝ ਰਹੇ ਸਨ, ਨੇ ਅੰਗਰੇਜ਼ ਹਾਕਮਾਂ ਨਾਲ ਸਿੱਧਾ ਮੱਥਾ ਲਾਉਣ ਬਾਰੇ ਸੋਚਿਆ ਅਤੇ ਆਪੋ-ਆਪਣੇ ਥਾਂ ਲੋਕਾਂ ਨੂੰ ਲਾਮਬੰਦ ਕਰਨਾ ਅਰੰਭ ਕਰ ਦਿੱਤਾ। ਸੰਘਰਸ਼ ਦੇ ਇਸ ਰਣ ਤੱਤੇ ਵਿਚ ਨਿਤਰਨ ਵਾਲਿਆਂ ਵਿਚ ਪਿੰਡ ਖੁਰਦਪੁਰ ਦੇ ਸੂਰਮਿਆਂ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ। ਕ੍ਰਿਪਾਲ ਸਿੰਘ ਸੰਧੂ ਨੇ ਇਸ ਪਿੰਡ ਦੇ ਇਸ ਪਿਛੋਕੜ ਬਾਰੇ ਚਰਚਾ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***



**ਕਿਰਪਾਲ ਸਿੰਘ ਸੰਧੂ**
**ਫੋਨ: 559-259-4844**

ਹਿੰਦੋਸਤਾਨ ਦੀ ਜੰਗ-ਏ-ਆਜ਼ਾਦੀ ਵਿਚ ਗਦਰ ਲਹਿਰ ਦੀ ਆਪਣੀ ਨਿਵੇਕਲੀ ਥਾਂ ਹੈ। ਇਸ ਲਹਿਰ ਦੇ ਸਿਰਲੱਥ ਸੂਰਮਿਆਂ, ਯੋਧਿਆਂ, ਦੇਸ਼ ਭਗਤਾਂ ਦੇ ਪਿੰਡ ਆਸਮਾਨ 'ਤੇ ਚਮਕਦੇ ਸਿਤਾਰੇ ਹਨ। ਇਨ੍ਹਾਂ ਸਿਤਾਰਿਆਂ 'ਚੋਂ ਧਰੂ ਤਾਰੇ ਵਾਂਗ ਚਮਕਦਾ ਨਾਂ ਪਿੰਡ ਖੁਰਦਪੁਰ ਦਾ ਹੈ। ਇਹ ਨਗਰ ਜਲੰਧਰ ਤੋਂ ਹੁਸ਼ਿਆਰਪੁਰ ਨਾਲ ਮਿਲਾਉਂਦੀ ਪੱਕੀ ਸੜਕ ਕਿਨਾਰੇ ਦੋਹਾਂ ਸ਼ਹਿਰਾਂ ਦੇ ਅੱਧ ਵਿਚਕਾਰ ਵਸਿਆ ਅਠਵਾਲ ਗੋਤ ਦੇ ਬਹਾਦਰ ਸਿਰੜੀ ਦੂਰ ਅੰਦੇਸ਼ ਮਿਹਨਤੀ ਤੇ ਕੌਮਪ੍ਰਸਤ ਜੱਟਾਂ ਦਾ ਹੈ। ਇਸ ਪਿੰਡ ਵਿਚ ਬੇਜ਼ਮੀਨੇ ਹੋਰ ਕਿੱਤੇ ਕਰਦੇ ਅਤੇ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕ ਵੀ ਆਪਸ ਵਿਚ ਘੁਲ-ਮਿਲ ਕੇ ਰਹਿੰਦੇ ਹਨ। ਕਸਬਾ ਆਦਮਪੁਰ ਤੇ ਖੁਰਦਪੁਰ ਨੂੰ ਨਹਿਰ ਬਿਸਤ ਦੁਆਬ ਜੁਦਾ ਕਰਦੀ ਹੈ, ਵੈਸੇ ਆਦਮਪੁਰ ਵਾਲੇ ਪਾਸੇ ਰੇਲਵੇ ਸਟੇਸ਼ਨ ਦਾ ਨਾਂ ਖੁਰਦਪੁਰ ਹੈ। ਇਸੇ ਤਰ੍ਹਾਂ ਆਦਮਪੁਰ ਵਾਲੇ ਪਾਸੇ ਨਹਿਰ ਦੇ ਕਿਨਾਰੇ ਬਣੇ ਕੰਨਿਆ ਸੈਕੰਡਰੀ ਸਕੂਲ ਖੁਰਦਪੁਰ ਦਾ ਹੀ ਨਾਂ ਵੱਜਦਾ ਹੈ। ਆਮ ਦੰਦ ਕਥਾਵਾਂ ਤੇ ਕੁਝ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਅਠਵਾਲ ਗੋਤ ਦੇ ਵਡਾਰੂ ਜਦੋਂ ਕਦੇ ਕਬੀਲੇ ਦੀ ਸ਼ਕਲ ਵਿਚ ਰਹਿੰਦੇ ਹੋਣਗੇ, ਊਠਾਂ ਦਾ ਵਪਾਰ ਕਰਦੇ ਹੋਣ ਕਰਕੇ ਪਹਿਲਾਂ ਕਬੀਲੇ ਨੂੰ ਊਠਵਾਲ ਜਾਂ ਉਠਵਾਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਰਿਹਾ ਹੋਵੇਗਾ। ਫਿਰ ਹੌਲੀ-ਹੌਲੀ ਸ਼ਬਦ ਬਣਤਰ ਅਧੀਨ ਉਠਵਾਲ ਸ਼ਬਦ ਅਠਵਾਲ ਵਿਚ ਬਦਲ ਗਿਆ ਹੋਵੇਗਾ। ਇਹ ਵੀ ਕਿਹਾ ਜਾਂਦਾ ਹੈ ਕਿ ਕੋਈ 25 ਕੁ ਪੀੜ੍ਹੀਆਂ ਪਹਿਲਾਂ ਇਹ ਕਬੀਲਾ ਜਲ ਸੋਮਿਆਂ ਤੇ ਚਰਾਗਾਹਾਂ ਦੀ ਭਾਲ ਵਿਚ ਇਧਰ ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਦੋਆਬੇ ਵੱਲ ਆਇਆ ਹੋਵੇਗਾ। ਫਿਰ ਇਥੋਂ ਦੇ ਪੌਣ-ਪਾਣੀ, ਜ਼ਰਖੇਜ਼ ਧਰਤੀ ਤੇ ਖੁੱਲ੍ਹੇ-ਡੁੱਲ੍ਹੇ ਸਰਸਬਜ਼ ਚਰਾਗਾਹਾਂ ਦੇਖ ਕੇ ਪੱਕੇ ਤੌਰ 'ਤੇ ਇਥੇ ਰਹਿਣ ਦਾ ਮਨ ਬਣਾ ਲਿਆ ਹੋਵੇਗਾ।

ਇਕ ਸਦੀ ਤੋਂ ਵੀ ਪਹਿਲਾਂ ਥੱਲੇ ਵਾਲੇ ਪਾਣੀ ਦੀ ਪੱਧਰ 'ਤੇ ਹੀ ਹੋਣ ਕਰਕੇ ਕਈ ਥਾਂਈਂ ਪਾਣੀ ਉਚੇ ਤੋਂ ਥੱਲੇ ਵਾਲੇ ਪਾਸੇ ਆਮ ਵਗਦਾ ਰਹਿਣ ਕਰਕੇ ਇਸ ਖਿੱਤੇ ਨੂੰ ਸੀਰੋਵਾਲ ਵੀ ਕਿਹਾ ਜਾਂਦਾ ਸੀ। ਖਾਸ ਗੱਲ ਇਹ ਵੀ ਸੀ ਕਿ ਫਲਦਾਰ ਤੇ ਛਾਂਦਾਰ ਰੁਖ ਆਪ ਮੁਹਾਰੇ ਉਗ ਪੈਂਦੇ ਅਤੇ ਬੜੀ ਜਲਦੀ ਵੱਡੇ ਬਣ ਜਾਂਦੇ, ਜੋ ਕੁਦਰਤ ਦੇ ਅਸੂਲਾਂ ਅਨੁਸਾਰ ਵਾਤਾਵਰਣ ਤੇ ਹਵਾ ਨੂੰ ਸਾਫ-ਸੁਥਰਾ ਤੇ ਸ਼ੁਧ ਰੱਖਣ 'ਚ ਮਦਦਗਾਰ ਸਾਬਤ ਹੁੰਦੇ।

ਇਹ ਪਿੰਡ ਦੋ ਮੋਢੀ ਸਕੇ ਭਰਾਵਾਂ ਹਰੀਆ ਤੇ ਬੱਗਾ ਨੇ ਵਸਾਇਆ ਸੀ। ਬੱਗਾ ਬੇਔਲਾਦ ਹੀ ਮਰ ਗਿਆ ਅਤੇ ਹਰੀਏ ਦੇ ਸੱਤ ਪੁੱਤਰ ਹੋਏ ਜਿਨ੍ਹਾਂ ਦੇ ਨਾਂਵਾਂ 'ਤੇ ਖੁਰਦਪੁਰ ਵਿਚ ਸੱਤ ਪੱਤੀਆਂ ਹਨ। ਪੰਜਾਬ ਵਿਚ ਅਠਵਾਲ ਗੋਤ ਦੇ ਕਈ ਪਿੰਡ ਹਨ; ਜਿਵੇਂ ਫਗਵਾੜਾ ਨੇੜੇ ਪਿੰਡ ਸਿੰਧਵਾਂ ਅਤੇ ਫਰਾਲਾ। ਅਠਵਾਲ ਗੋਤ ਪਾਕਿਸਤਾਨ ਵਿਚ ਵੀ ਬਹੁਤ ਹੈ। ਹੋ ਸਕਦਾ ਹੈ, ਕਈ ਸਦੀਆਂ ਪਹਿਲਾਂ ਧਰਮ ਬਦਲ ਗਏ ਹੋਣ। ਪਿੰਡ ਵਿਚ ਸਿੱਖ ਮਿਸਲਾਂ ਵੇਲੇ ਕੱਚੀ ਗੜ੍ਹੀ ਦੇ ਨਿਸ਼ਾਨ ਵੀ ਮਿਲਦੇ ਹਨ। ਕਸਬਾ ਆਦਮਪੁਰ ਅਤੇ ਅਲਾਵਲਪੁਰ, ਜੋ ਖੁਰਦਪੁਰ ਦੇ ਲਹਿੰਦੇ ਪਾਸੇ ਹਨ, ਦੋ ਸਕੇ ਪਠਾਣ ਭਰਾਵਾਂ-ਆਦਮ ਖਾਂ ਅਤੇ ਅਲਾਵਲ ਖਾਂ ਨੇ ਵਸਾਏ ਸਨ। ਇਨ੍ਹਾਂ ਪਿੰਡਾਂ ਦੇ ਇਰਦ-ਗਿਰਦ ਮੁਸਲਿਮ ਆਬਾਦੀ ਕਾਫੀ ਸੀ। ਹੋ ਸਕਦਾ ਹੈ, ਜੰਗ ਦੇ ਖਤਰੇ ਨੂੰ ਧਿਆਨ ਵਿਚ ਰੱਖਦਿਆਂ ਇਹ ਗੜ੍ਹੀ ਕਦੀ ਹਥਿਆਰ ਵਗੈਰਾ ਰੱਖਣ ਲਈ ਬਣਾਈ ਹੋਵੇ।

ਜਦੋਂ ਹਿੰਦੋਸਤਾਨ ਵਿਚ ਸਨਾਤਨੀ, ਅੰਧ-ਵਿਸ਼ਵਾਸੀ ਸੋਚ ਆਪਣੇ ਪੂਰੇ ਜੋਬਨ 'ਤੇ ਸੀ ਤਾਂ ਆਰੀਆ ਸਮਾਜੀ ਲਹਿਰ ਦਾ ਜਨਮ ਹੋਇਆ ਜੋ ਅਗਾਂਹ ਵਧੂ ਵਿਚਾਰਾਂ ਦੀ ਧਾਰਨੀ ਸੀ। ਇਸ ਵਿਚ ਥੋੜ੍ਹਾ ਬਹੁਤ ਵਿਗਿਆਨਕ ਨਜ਼ਰੀਏ ਦੀ ਝਲਕ ਵੀ ਪੈਂਦੀ ਸੀ। ਇਸ ਦੇ ਨਾਲ ਹੀ ਸਿੰਘ ਸਭਾ ਲਹਿਰ ਵੀ ਵਜੂਦ ਵਿਚ ਆਈ। ਪੰਜਾਬ ਵਿਚ ਇਸ ਲਹਿਰ ਦੇ ਆਗੂ ਗਿਆਨੀ ਗੁਰਦਿੱਤ ਸਿੰਘ ਸਨ ਜੋ ਅਕਸਰ ਖੁਰਦਪੁਰ ਆਉਂਦੇ-ਜਾਂਦੇ ਸਨ। ਉਨ੍ਹਾਂ ਨੇ ਪਿੰਡ ਦੇ ਚੰਦ ਇਕ ਮੋਹਰੀ ਆਗੂਆਂ ਨਾਲ ਲੜਕੀਆਂ ਦੀ ਪੜ੍ਹਾਈ ਸਮੇਂ ਦੀ ਲੋੜ ਦੱਸ ਕੇ ਸਕੂਲ ਖੋਲ੍ਹਣ 'ਤੇ ਜ਼ੋਰ ਦਿੱਤਾ। ਮੁੰਡਿਆਂ ਦਾ ਸਰਕਾਰੀ ਮਿਡਲ ਸਕੂਲ ਆਦਮਪੁਰ ਵਿਚ ਪੱਕੀ ਸੜਕ ਕਿਨਾਰੇ ਖੁੱਲ੍ਹ ਚੁੱਕਾ ਸੀ। ਗਿਆਨੀ ਗੁਰਦਿੱਤ ਸਿੰਘ ਦੇ ਕਹਿਣ 'ਤੇ ਪਿੰਡ ਵਾਲਿਆਂ ਪਹਿਲਾਂ ਸਰਦਾਰ ਵਰਿਆਮ ਸਿੰਘ ਦੇ ਘਰ ਲੜਕੀਆਂ ਦਾ ਸਕੂਲ ਚਾਲੂ ਕੀਤਾ। ਇਲਾਕੇ ਦੇ ਲੋਕਾਂ ਨੇ ਲੜਕੀਆਂ ਨੂੰ ਦਾਖਲ ਕਰਾਉਣਾ ਸ਼ੁਰੂ ਕਰ ਦਿੱਤਾ। ਮਗਰੋਂ ਲੋੜ ਮਹਿਸੂਸ ਕਰਦਿਆਂ ਪਿੰਡ ਵਾਲਿਆਂ ਨੇ ਆਦਮਪੁਰ ਵਾਲੇ ਪਾਸੇ ਪੱਕੀ ਸੜਕ ਕਿਨਾਰੇ ਕੁਝ ਕਮਰੇ ਬਣਾ ਕੇ ਕੰਨਿਆ ਸਕੂਲ ਚਾਲੂ ਕੀਤਾ।

ਪਿੰਡ ਦੇ ਵਸਨੀਕ ਸ. ਬੁੱਧ ਸਿੰਘ ਅਠਵਾਲ ਚੰਗੇ ਖਾਦੇ-ਪੀਂਦੇ ਪਰਿਵਾਰ 'ਚੋਂ ਸਨ ਅਤੇ ਸਫਲ ਕਿਸਾਨ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਦੇ ਘਰ 15 ਸਤੰਬਰ 1882 ਨੂੰ ਸ਼ੁਕਰਵਾਰ ਵਾਲੇ ਦਿਨ ਬੱਚੇ ਨੇ ਜਨਮ ਲਿਆ ਜਿਸ ਦਾ ਨਾਂ ਬਲਵੰਤ ਸਿੰਘ ਰੱਖਿਆ ਗਿਆ। ਬਲਵੰਤ ਸਿੰਘ ਆਦਮਪੁਰ ਵਾਲੇ ਸਰਕਾਰੀ ਮਿਡਲ ਸਕੂਲ ਤੋਂ ਅੱਠ ਜਮਾਤਾਂ ਪਾਸ ਕਰਕੇ ਫੌਜ ਵਿਚ ਭਰਤੀ ਹੋ ਗਿਆ। ਉਸ ਦੀ ਸ਼ਾਦੀ ਨੂਰਪੁਰ ਪਿੰਡ ਦੀ ਬੀਬੀ ਕਰਤਾਰ ਕੌਰ ਨਾਲ ਹੋਈ। ਬਲਵੰਤ ਸਿੰਘ ਨੇ 1905 ਵਿਚ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ 1906 ਵਿਚ ਕਲਕੱਤੇ ਦੀ ਬੰਦਰਗਾਹ ਤੋਂ ਸਮੁੰਦਰੀ ਜਹਾਜ਼ ਵਿਚ ਸਵਾਰ ਹੋ ਵੈਨਕੂਵਰ (ਕੈਨੇਡਾ) ਪਹੁੰਚ ਗਿਆ। ਉਸ ਨੇ ਪਹਿਲਾਂ ਲੱਕੜ ਮਿਲ ਵਿਚ ਸਖਤ ਕੰਮ ਕੀਤਾ। ਕੈਨੇਡਾ ਦੇ ਸੂਬੇ ਹਾਂਡਰਸ ਦਾ ਪੌਣ-ਪਾਣੀ ਅਤੇ ਰਹਿਣ-ਸਹਿਣ ਮਨੁੱਖ ਜਾਤੀ ਦੇ ਅਨੁਕੂਲ ਨਹੀਂ ਸੀ ਪਰ ਸਰਕਾਰ ਸੂਬੇ ਨੂੰ ਆਬਾਦ ਕਰਨਾ ਚਾਹੁੰਦੀ ਸੀ ਅਤੇ ਪਰਵਾਸੀ ਪੰਜਾਬੀਆਂ ਨੂੰ ਜ਼ਬਰਦਸਤੀ ਹਾਂਡਰਸ ਭੇਜ ਰਹੀ ਸੀ।

ਬਲਵੰਤ ਸਿੰਘ ਨੇ ਇਸ ਫੈਸਲੇ ਖਿਲਾਫ ਲੜਾਈ ਲੜੀ ਅਤੇ ਕਾਮਯਾਬੀ ਹਾਸਲ ਕੀਤੀ। ਫਿਰ ਕੈਨੇਡਾ ਰਹਿੰਦੇ ਹਿੰਦੋਸਤਾਨੀਆਂ ਤੇ ਪੰਜਾਬੀਆਂ ਦੇ ਪਰਿਵਾਰ ਮੰਗਵਾਉਣ ਲਈ 1908-1909 ਵਿਚ ਸਰਕਾਰ ਦੇ ਇਮੀਗਰੇਸ਼ਨ ਮਹਿਕਮੇ ਨਾਲ ਕਾਨੂੰਨੀ ਲੜਾਈ ਲੜ ਕੇ ਪਰਿਵਾਰ ਮੰਗਵਾਉਣ ਵਿਚ ਕਾਮਯਾਬੀ ਹਾਸਲ ਕੀਤੀ ਅਤੇ ਕਾਨੂੰਨ ਬਣਵਾਇਆ।

1913 ਵਿਚ ਬਲਵੰਤ ਸਿੰਘ ਪੰਜਾਬ ਆਏ ਅਤੇ ਕੌਮੀ ਆਗੂਆਂ ਨਾਲ ਵੱਖ-ਵੱਖ ਸ਼ਹਿਰਾਂ ਵਿਚ ਇਕੱਠ ਕਰਕੇ ਭਾਸ਼ਨ ਦਿੱਤੇ ਕਿ ਕੈਨੇਡਾ ਵੀ ਬਰਤਾਨੀਆ ਸਰਕਾਰ ਦੇ ਅਧੀਨ ਹੋਣ ਕਰਕੇ ਇਥੇ ਹਿੰਦੋਸਤਾਨ ਤੇ ਉਥੇ ਕੈਨੇਡਾ ਵਿਚ ਹਿੰਦੋਸਤਾਨੀਆਂ, ਪੰਜਾਬੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ, ਇਸ ਲਈ ਸਾਨੂੰ ਹਿੰਮਤ ਤੇ ਦਲੇਰੀ ਨਾਲ ਇਕੱਠਿਆਂ ਹੋ ਆਪਣੇ ਹੱਕਾਂ ਲਈ ਲੜਾਈ ਜਾਰੀ ਰੱਖਣੀ ਚਾਹੀਦੀ ਹੈ। 1914 ਵਿਚ ਉਨ੍ਹਾਂ ਕਾਮਾਗਾਟਾ ਮਾਰੂ ਯੋਜਨਾ ਬਾਰੇ ਵਿਸ਼ੇਸ਼ ਵਿਅਕਤੀਆਂ ਨਾਲ ਸਲਾਹ-ਮਸ਼ਵਰਾ ਕਰਕੇ ਗੁਰਦਿੱਤ ਸਿੰਘ ਸਰਹਾਲੀ ਨੂੰ ਪ੍ਰੇਰਿਆ ਤੇ ਰਜ਼ਾਮੰਦ ਕਰ ਲਿਆ। ਉਦੋਂ ਅਜੇ ਕਾਮਾਗਾਟਾ ਮਾਰੂ ਜਹਾਜ਼ ਕੈਨੇਡਾ ਦੇ ਪਾਣੀਆਂ ਵਿਚ ਸੀ। ਇਉਂ ਉਹ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਦੀ ਇਜਾਜ਼ਤ ਲਈ ਸਰਕਾਰ ਦੇ ਇਮੀਗਰੇਸ਼ਨ ਮਹਿਕਮੇ ਨਾਲ ਕਾਨੂੰਨੀ ਲੜਾਈ ਲੜਨ ਵਾਲੇ ਮੋਹਰੀਆਂ 'ਚੋਂ ਸਨ।

ਅਮਰੀਕਾ ਦੀ ਧਰਤੀ 'ਤੇ ਪਰਵਾਸੀ ਹਿੰਦੋਸਤਾਨੀਆਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ। ਉਨ੍ਹਾਂ ਨੇ ਬ੍ਰਿਟਿਸ਼ ਸਰਕਾਰ ਤੋਂ ਹਿੰਦੋਸਤਾਨ ਨੂੰ ਹਥਿਆਰਬੰਦ ਘੋਲ ਰਾਹੀਂ ਆਜ਼ਾਦ ਕਰਵਾਉਣ ਦੇ ਮਕਸਦ ਨਾਲ 1913-14 ਵਿਚ ਗਦਰ ਪਾਰਟੀ ਬਣਾਈ। ਅਮਰੀਕਾ ਵਿਚ ਤਾਂ ਕੀ, ਜਿਨ੍ਹਾਂ ਜਿਨ੍ਹਾਂ ਮੁਲਕਾਂ ਵਿਚ ਪਰਵਾਸੀ ਕਾਮੇ ਕੰਮ ਕਰਦੇ ਸਨ, ਉਥੇ ਗਦਰ ਪਾਰਟੀ ਦੀਆਂ ਸ਼ਾਖਾਵਾਂ ਬਣਾ ਲਈਆਂ। ਇੰਜ ਇਹ ਪਰਵਾਸੀ ਕਾਮੇ ਗਦਰ ਪਾਰਟੀ ਦੇ ਸਰਗਰਮ ਮੈਂਬਰ ਬਣਦੇ ਗਏ। ਗਦਰ ਪਰਟੀ ਵਲੋਂ ਕੱਢੀ ਜਾਂਦੀ ਹਫਤਾਵਾਰੀ ਅਖਬਾਰ 'ਗਦਰ' ਬੜੇ ਜੋਸ਼ ਨਾਲ ਪੜ੍ਹਦੇ-ਸੁਣਦੇ। ਬਲਵੰਤ ਸਿੰਘ ਕੈਨੇਡਾ ਵਿਚ ਗਦਰ ਪਾਰਟੀ ਦੀ ਸ਼ਾਖ ਦੇ ਮੁੱਖ ਆਗੂਆਂ ਵਜੋਂ ਜਾਣੇ ਜਾਣ ਲੱਗੇ। ਖੁਰਦਪੁਰ ਦਾ ਇਕ ਹੋਰ ਵਸਨੀਕ ਰੰਗਾ ਸਿੰਘ ਵੀ ਕੈਨੇਡਾ 'ਚ ਪਾਰਟੀ ਦਾ ਸਰਗਰਮ ਮੈਂਬਰ ਬਣ ਗਿਆ।

ਗਦਰ ਪਾਰਟੀ ਦੇ ਆਉਣ ਵਾਲੇ ਪ੍ਰੋਗਰਾਮ ਨੂੰ ਭਾਂਪਦਿਆਂ ਬਲਵੰਤ ਸਿੰਘ ਨੇ ਆਪਣਾ ਪਰਿਵਾਰ ਭਾਈ ਵਤਨ ਸਿੰਘ ਸਾਰੀ ਨਾਲ ਖੁਰਦਪੁਰ ਭੇਜ ਦਿੱਤਾ। ਗਦਰ ਪਾਰਟੀ ਨੇ ਹਿੰਦੋਸਤਾਨ ਨੂੰ ਬ੍ਰਿਟਿਸ਼ ਸਰਕਾਰ ਤੋਂ ਆਜ਼ਾਦ ਕਰਵਾਉਣ ਲਈ ਪਾਰਟੀ ਦੇ ਕਾਰਕੁਨਾਂ ਨੂੰ ਵਤਨ ਪਹੁੰਚਣ ਦਾ ਸੱਦਾ ਦਿੱਤਾ ਤਾਂ ਬਲਵੰਤ ਸਿੰਘ ਠਾਕੁਰ ਸਿੰਘ ਨਾਲ ਸਿਆਮ ਹੁੰਦੇ ਹੋਏ ਬੈਂਕਾਕ ਪਹੁੰਚ ਗਏ। ਉਥੇ ਭਾਈ ਬਲਵੰਤ ਸਿੰਘ ਨੂੰ ਬਵਾਸੀਰ ਦੀ ਬਿਮਾਰੀ ਦਾ ਦਬਾਅ ਇੰਨਾ ਵਧ ਗਿਆ ਕਿ ਬੈਂਕਾਕ ਦੇ ਹਸਪਤਾਲ ਦਾਖਲ ਹੋਣਾ ਪਿਆ ਜਿਸ ਦਾ ਸਰਕਾਰ ਨੂੰ ਆਪਣੇ ਸੂਹੀਆਂ ਰਾਹੀਂ ਪਤਾ ਲਗ ਗਿਆ। ਉਸ ਨੂੰ ਗ੍ਰਿਫਤਾਰ ਕਰਕੇ ਲਾਹੌਰ ਸੈਂਟਰਲ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

ਦੂਜੇ ਬੰਨੇ ਰੰਗਾ ਸਿੰਘ ਗੁਪਤ ਤਰੀਕੇ ਨਾਲ ਪੰਜਾਬ ਪਹੁੰਚਣ ਵਿਚ ਕਾਮਯਾਬ ਹੋ ਗਿਆ ਅਤੇ ਗਦਰ ਪਾਰਟੀ ਵਿਚ ਸਰਗਰਮ ਹਿੱਸਾ ਲੈਣ ਲੱਗਾ। ਗਦਰ ਪਾਰਟੀ ਦੇ ਕਾਰਕੁਨਾਂ ਨੇ ਹਥਿਆਰਾਂ ਦੀ ਲੋੜ ਪੂਰੀ ਕਰਨ ਲਈ ਸਰਕਾਰੀ ਹਥਿਆਰ ਖੋਹਣ ਦਾ ਪ੍ਰੋਗਰਾਮ ਬਣਾਇਆ। ਪਤਾ ਕੀਤਾ ਕਿ ਪੁਲਿਸ ਵਾਲੇ ਨਹਿਰ ਦੇ ਪੁਲ 'ਤੇ ਨਾਕਾ ਲਾਉਂਦੇ ਹਨ, ਉਨ੍ਹਾਂ ਪਾਸੋਂ ਹਥਿਆਰ ਖੋਹੇ ਜਾਣ। ਰੰਗਾ ਸਿੰਘ ਖੁਰਦਪੁਰ, ਬੰਤਾ ਸਿੰਘ ਸੰਘਵਾਲ ਤੇ ਕੁਝ ਹੋਰ ਗਦਰੀ ਪ੍ਰੋਗਰਾਮ ਅਨੁਸਾਰ ਨਾਕੇ ਵਾਲੀ ਜਗ੍ਹਾ 'ਤੇ ਗਏ। ਉਥੇ ਅਗਾਂਹ ਪੁਲਿਸ ਨਾਲ ਝੜਪ ਹੋ ਗਈ ਅਤੇ ਕਾਂਸਟੇਬਲ ਮਾਰਿਆ ਗਿਆ। ਕੁਝ ਹਥਿਆਰ ਇਨ੍ਹਾਂ ਦੇ ਹੱਥ ਲੱਗੇ ਪਰ ਮੁਖਬਰ ਦੀ ਇਤਲਾਹ 'ਤੇ ਗਦਰੀ ਸੂਰਮਾ ਰੰਗਾ ਸਿੰਘ ਪੁਲਿਸ ਦੀ ਗ੍ਰਿਫਤ ਵਿਚ ਆ ਗਿਆ ਅਤੇ ਉਸ ਨੂੰ ਲਾਹੌਰ ਸੈਂਟਰਲ ਜੇਲ੍ਹ ਭੇਜ ਦਿੱਤਾ ਗਿਆ। ਉਥੇ ਉਸ ਉਤੇ ਮੁਕੱਦਮਾ ਚੱਲਿਆ ਅਤੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਇਉਂ ਉਹ 18 ਜੂਨ 1916 ਨੂੰ ਆਜ਼ਾਦੀ ਦੀ ਦੇਵੀ ਤੋਂ ਆਪਣੀ ਕੀਮਤੀ ਜ਼ਿੰਦਗੀ ਵਾਰ ਗਿਆ। ਲਾਹੌਰ ਸਾਜ਼ਿਸ਼ ਕੇਸ ਤਹਿਤ ਮੁਕੱਦਮਾ ਚੱਲਿਆ ਅਤੇ ਗਦਰੀ ਬਲਵੰਤ ਸਿੰਘ ਵਾਸੀ ਖੁਰਦਪੁਰ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। 29 ਮਾਰਚ 1917 ਨੂੰ ਇਸ ਗਦਰੀ ਸੂਰਮੇ ਨੇ ਆਜ਼ਾਦੀ ਲਈ ਆਪਣੀ ਜਾਨ ਵਾਰ ਦਿੱਤੀ।

ਗਦਰੀ ਯੋਧਿਆਂ ਦੇ ਪਿੰਡ ਖੁਰਦਪੁਰ ਵਿਚ ਦੇਸ਼ ਭਗਤ ਵੇਲੇ-ਕੁਵੇਲੇ ਪਨਾਹ ਲੈਣ ਆਉਂਦੇ-ਜਾਂਦੇ ਰਹਿੰਦੇ ਸਨ। ਇਥੇ ਹੀ ਬਸ ਨਹੀਂ, ਇਹ ਪਿੰਡ ਬੱਬਰ ਅਕਾਲੀਆਂ ਦਾ ਵੀ ਗੜ੍ਹ ਸੀ। ਗੁਰਦੁਆਰਾ ਸੁਧਾਰ ਲਹਿਰ ਵੇਲੇ ਵੀ ਅਤੇ ਅਕਾਲੀਆਂ ਦੇ ਮੋਰਚਿਆਂ ਸਮੇਂ ਵੀ ਪਿੰਡ ਵਾਲੇ ਹਰ ਮੋਰਚੇ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ। ਬੱਬਰ ਅਕਾਲੀਆਂ ਦਾ ਤਾਂ ਇਹ ਭਰੋਸੇਯੋਗ ਅੱਡਾ ਸੀ। ਇਥੋਂ ਦਾ ਜੋਗਿੰਦਰ ਸਿੰਘ ਅਠਵਾਲ ਬੱਬਰਾਂ ਦਾ ਸਿੱਕੇਬੰਦ ਮਦਦਗਾਰ ਸੀ। ਉਹ ਤਿੰਨ ਸਾਲ ਜੇਲ੍ਹ ਵੀ ਕੱਟ ਕੇ ਆਇਆ ਸੀ।

ਪਿੰਡ ਖੁਰਦਪੁਰ ਦੇ ਯੋਧਿਆਂ ਦੀਆਂ ਕੁਰਬਾਨੀਆਂ 'ਤੇ ਪਿੰਡ ਤਾਂ ਕੀ, ਦੂਸਰੇ ਪਿੰਡਾਂ ਵਾਲੇ ਵੀ ਮਾਣ ਮਹਿਸੂਸ ਕਰਦੇ ਸਨ। ਇਸੇ ਕਰਕੇ ਜੇ ਕੋਈ ਦੇਸ਼ ਭਗਤ ਪਿੰਡ ਖੁਰਦਪੁਰ 'ਚੋਂ ਲੰਘਦਾ ਸੀ, ਤਾਂ ਆਪਣੇ ਸਾਈਕਲ ਤੋਂ ਉਤਰ ਕੇ ਚੰਦ ਮਿੰਟ ਖਾਮੋਸ਼ ਰਹਿ ਕੇ ਸ਼ਰਧਾਂਜਲੀ ਭੇਟ ਕਰਕੇ ਹੀ ਅੱਗੇ ਜਾਂਦਾ ਸੀ। ਇਸ ਗੱਲ ਦੀ ਇਲਾਕੇ ਵਿਚ ਬਹੁਤ ਚਰਚਾ ਸੀ। ਬਬਰ ਅਕਾਲੀ ਲਹਿਰ ਦੇ ਸਿਰਕੱਢ ਆਗੂ ਮਾਸਟਰ ਮੋਤਾ ਸਿੰਘ ਜੀ ਦੇ ਵਿਸ਼ਵਾਸ ਪਾਤਰ ਤੇ ਨਜ਼ਦੀਕੀ ਦੋਸਤ ਸ. ਠਾਕੁਰ ਸਿੰਘ ਜੀ ਭੁਰਜੋਵਾਲ ਵਾਲੇ ਚੰਗੇ ਉਸਾਰੂ ਸੋਚ ਵਾਲੇ ਜ਼ਿਮੀਦਾਰ ਸਨ। ਉਨ੍ਹਾਂ ਆਪਣੇ ਨਾਂ ਅਲਾਟ ਜ਼ਮੀਨ ਵਿਚੋਂ ਸਕੂਲ ਦੇ ਗੁਜ਼ਾਰੇ ਤੇ ਗਰਾਊਂਡ ਵਗੈਰਾ ਬਣਾਉਣ ਜੋਗੀ ਥਾਂ ਸ਼ਹੀਦਾਂ ਦੇ ਨਾਂ ਦਾਨ ਕਰ ਦਿਤੀ। ਫਿਰ ਇਸ ਸਕੂਲ ਦਾ ਨਾਂ ਸ਼ਹੀਦ ਬਲਵੰਤ ਸਿੰਘ, ਰੰਗਾ ਸਿੰਘ ਸਰਕਾਰੀ ਕੰਨਿਆ ਸੈਕੰਡਰੀ ਸਕੂਲ ਖੁਰਦਪੁਰ ਹੋ ਗਿਆ।

ਫਿਰ ਪਿੰਡ ਵਾਸੀ ਸ. ਲਛਮਣ ਸਿੰਘ ਅਠਵਾਲ ਕੈਨੇਡੀਅਨ ਦੇ ਉਪਰਾਲੇ ਸਦਕਾ ਕੈਨੇਡਾ ਤੋਂ ਮਾਲੀ ਇਮਦਾਦ ਸਕੂਲ ਵਾਸਤੇ ਆਉਂਦੀ ਰਹੀ ਤੇ ਨਾਲ-ਨਾਲ ਸ਼ਾਨਦਾਰ ਬਿਲਡਿੰਗ ਤਿਆਰ ਹੁੰਦੀ ਰਹੀ। ਸਕੂਲ ਦੀ ਪਹਿਲੀ ਹੈਡਮਿਸਟ੍ਰੈਸ ਬੀਬੀ ਗੁਰਮੀਤ ਕੌਰ ਸਨ ਜਿਨ੍ਹਾਂ ਦੀ ਮਿਹਨਤ, ਲਗਨ ਤੇ ਅਨੁਸ਼ਾਸਨ ਸਦਕਾ ਬੱਚੀਆਂ ਸਕੂਲ ਵਿਚ ਦਾਖਲ ਹੋਣ ਅਤੇ ਪੜ੍ਹਾਈ ਵਿਚ ਮੱਲਾਂ ਮਾਰਨ ਲੱਗੀਆਂ। ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਅਤੇ ਉਘੇ ਅਫਸਰ ਸ. ਮਹਿੰਦਰ ਸਿੰਘ ਰੰਧਾਵਾ ਦੇ ਵਿਸ਼ੇਸ਼ ਧਿਆਨ ਦੇਣ ਕਰਕੇ ਸਕੂਲ ਬੁਲੰਦੀਆਂ ਛੋਹਣ ਲੱਗਾ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਠੰਢੇ ਮੌਸਮ 'ਚ ਵੀ ਸਾਡੇ ਪਰਵਾਸੀ ਪੰਜਾਬੀ ਸਿੰਘ ਅਤੇ ਹੋਰ ਬਜ਼ੁਰਗਾਂ ਨੂੰ ਮੁਸ਼ਕਿਲਾਂ ਆਈਆਂ ਪਰ ਉਨ੍ਹਾਂ ਬੇਅੰਤ ਦੁਸ਼ਵਾਰੀਆਂ ਦੇ ਬਾਵਜੂਦ ਖਿੜੇ ਮੱਥੇ ਆਪਣੇ ਹੱਕਾਂ ਖਾਤਰ ਜਿਥੇ ਕਾਨੂੰਨੀ ਲੜਾਈਆਂ ਲੜੀਆਂ। ਸਖਤ ਤੋਂ ਸਖਤ ਕੰਮ ਵੀ ਕੀਤੇ। ਸੂਬੇ ਦੇ ਸਮਾਜਿਕ, ਆਰਥਿਕ ਤੇ ਸਿਆਸੀ ਖੇਤਰਾਂ ਵਿਚ ਵਡਮੁੱਲਾ ਯੋਗਦਾਨ ਪਾਇਆ। ਅਸਲ ਵਿਚ ਇਨ੍ਹਾਂ ਦੀ ਸੋਚ ਬਹੁਤ ਅੱਗੇ ਸੀ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਜ਼ਾਦੀ ਦਾ ਅਨੰਦ ਲੈ ਸਕਣ। ਇਨ੍ਹਾਂ ਸੂਰਮਿਆਂ ਦੀ ਪੇਸ਼ੀਨਗੋਈ ਸੌ ਫੀਸਦੀ ਸਹੀ ਸਾਬਤ ਹੋਈ ਅਤੇ ਅੱਜ ਕੈਨੇਡਾ ਵਿਚ ਸਾਡੇ ਲੋਕ ਸਰਕਾਰ ਵਿਚ ਭਾਈਵਾਲ ਹਨ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਅਤੇ ਬੁਰਾਈ ਦੀ ਜੜ੍ਹ ਉਖੇੜਨ, ਸਾਂਝੀਵਾਲਤਾ ਤੇ ਸਮਾਜਿਕ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਆਪਣਾ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ। ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਦਾ ਇਸ ਪਿੰਡ 'ਤੇ ਅਸਰ ਹੋਇਆ ਲਗਦਾ ਹੈ। ਖੁਰਦਪੁਰ ਵਾਸੀ ਭਾਈ ਬਲਵੰਤ ਸਿੰਘ, ਭਾਈ ਰੰਗਾ ਸਿਘ ਅਤੇ ਹੋਰ ਬਹੁਤ ਸਾਰੇ ਦੇਸ਼ ਭਗਤ, ਸੂਰਮੇ, ਗਦਰੀ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ 'ਤੇ ਚੱਲੇ ਅਤੇ ਦੇਸ਼ ਖਾਤਰ ਨਿਸ਼ਕਾਮ ਸੇਵਾ ਕਰਦਿਆਂ ਸ਼ਹਾਦਤਾਂ ਦੇ ਜਾਮ ਹੱਸ-ਹੱਸ ਪੀਤੇ। ਗਦਰੀ ਬਾਬਿਆਂ ਦੀ ਯਾਦ ਵਿਚ ਜਲੰਧਰ ਵਿਚ ਉਸਾਰੇ ਦੇਸ਼ ਭਗਤ ਯਾਦਗਾਰ ਹਾਲ ਵਿਚ ਹਰ ਸਾਲ ਗਦਰੀ ਸ਼ਹੀਦਾਂ ਦੀ ਯਾਦ ਵਿਚ ਸਭਿਆਚਾਰਕ ਮੇਲਾ ਲਗਦਾ ਹੈ। ਇਕ ਸਾਲ ਦੇਸ਼ ਭਗਤ ਯਾਦਗਾਰ ਹਾਲ ਦੀ ਕਮੇਟੀ ਨੇ ਇਹ ਮੇਲਾ ਖੁਰਦਪੁਰ ਦੇ ਸ਼ਹੀਦਾਂ ਨੂੰ ਸਮਰਪਿਤ ਕਰਕੇ ਮਨਾਇਆ ਅਤੇ ਖੁਰਦਪੁਰ ਦੀ ਉਸ ਵੇਲੇ ਵਾਲੀ ਪੰਚਾਇਤ ਨੂੰ ਸਨਮਾਨਤ ਵੀ ਕੀਤਾ ਗਿਆ। ਖੁਰਦਪੁਰ ਦੇ ਸਮੂਹ ਸ਼ਹੀਦਾਂ ਤੇ ਜੁਝਾਰੂਆਂ ਦੀਆਂ ਕੁਰਬਾਨੀਆਂ ਅੱਗੇ ਸਭ ਦਾ ਸਿਰ ਝੁਕਦਾ ਹੈ।

# *ਹਿੰਦੂ ਜਾਗਰਣ ਵੇਦਿਕੇ*

***(ਪਿਛਲੇ ਸਫੇ ਦੀ ਬਾਕੀ)***

ਨਾਲ। ਥੋੜ੍ਹੇ ਸਮੇਂ ਲਈ ਵੇਦਿਕੇ ਵਿਚ ਚੁੱਪ-ਚੁਪੀਤੇ ਕੰਮ ਕਰਨ ਤੋਂ ਬਾਅਦ ਉਸ ਨੇ ਆਪਣੀਆਂ ਸਰਗਰਮੀਆਂ ਮੁੜ ਵਿੱਢ ਦਿੱਤੀਆਂ ਅਤੇ 2012 ਵਿਚ ਨਾਲ ਹੀ ਆਰ.ਐਸ.ਐਸ. ਦੀ ਜਥੇਬੰਦੀ ਨੂੰ ਸੁਰਜੀਤ ਕਰ ਲਿਆ।

ਉਸੇ ਸਾਲ 25 ਮਈ ਨੂੰ ਠੇਕੇਦਾਰਾਂ ਅਤੇ ਮੰਗਲੌਰ ਸਪੈਸ਼ਲ ਇਕਨਾਮਿਕ ਜ਼ੋਨ ਦੇ ਅਧਿਕਾਰੀਆਂ ਤੇ ਉਸ ਖਿਲਾਫ ਐਫ.ਆਈ.ਆਰ. ਦਰਜ ਹੋ ਗਈ, ਕਿਉਂਕਿ ਉਨ੍ਹਾਂ ਨੇ ਇਕ ਕਿਸਾਨ ਪਰਿਵਾਰ ਵਲੋਂ ਜ਼ਮੀਨ 'ਤੇ ਕਬਜੇ ਦਾ ਵਿਰੋਧ ਕਰਨ 'ਤੇ ਉਨ੍ਹਾਂ ਦੀ ਕੁੱਟਮਾਰ ਕੀਤੀ ਸੀ। ਇਸ ਹਮਲੇ ਵਿਚ ਦੋ ਬੱਚਿਆਂ ਸਮੇਤ ਪਰਿਵਾਰ ਚੇ ਚਾਰ ਜੀਅ ਜ਼ਖਮੀ ਹੋ ਗਏ ਸਨ। 26 ਜੁਲਾਈ 2012 ਨੂੰ ਸੁਭਾਸ਼ ਦੀ ਵੇਦਿਕੇ ਸੰਸਥਾ ਦੇ ਚੇਲਿਆਂ ਨੇ ਮੁੰਡੀਪੂ ਤੋਂ ਮੰਗਲੌਰ ਜਾ ਰਹੀ ਬੱਸ ਵਿਚ ਸਵਾਰ ਇਕ ਹਿੰਦੂ ਲੜਕੀ ਤੇ ਮੁਸਲਿਮ ਲੜਕੇ ਨੂੰ ਅਗਵਾ ਕਰ ਲਿਆ ਅਤੇ ਉਨ੍ਹਾਂ ਦੀ ਕੁੱਟਮਾਰ ਕੀਤੀ। ਇਸ ਜੋੜੇ ਨੂੰ ਬਾਅਦ ਵਿਚ ਪੁਲਿਸ ਦੇ ਸਪੁਰਦ ਕਰ ਦਿੱਤਾ। ਅਗਵਾਕਾਰਾਂ ਖਿਲਾਫ ਕੋਈ ਕਾਰਵਾਈ ਨਾ ਹੋਈ।

ਦੋ ਦਿਨ ਪਿਛੋਂ 28 ਜੁਲਾਈ 2012 ਨੂੰ ਵੇਦਿਕੇ ਨੇ ਸੈਨਾ ਵਾਲੀ ਬਦਨਾਮੀ ਖੱਟ ਲਈ, ਜਦੋਂ ਭੜਕਾਊ ਕਾਰਵਾਈਆਂ ਜਾਰੀ ਰੱਖਦਿਆਂ ਸੁਭਾਸ਼ ਅਤੇ ਉਸ ਦੇ ਸਾਥੀ ਮੰਗਲੌਰ ਦੇ ਪਾਡਿਲ ਪਿੰਡ ਵਿਚ 'ਮਾਰਨਿੰਗ ਮਿਸਟ ਹੋਮਸਟੇਅ' ਵਿਚ ਜਨਮ ਦਿਨ ਮਨਾ ਰਹੇ ਮੁੰਡੇ-ਕੁੜੀਆਂ 'ਤੇ ਟੁੱਟ ਪਏ ਅਤੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਹ ਹਮਲਾ ਸੈਨਾ ਦੇ 2009 ਦੇ ਵਹਿਸ਼ੀ ਪੱਬ ਹਮਲੇ ਦੀ ਨਕਲ ਹੀ ਸੀ, ਜਿਸ ਨਾਲ ਇਸ ਦੀ ਚਰਚਾ ਮੁੜ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮੀਡੀਏ ਵਿਚ ਹੋ ਗਈ।

---

ਪ੍ਰਸਾਦ ਅਤਾਵਰ ਦੀ ਗ੍ਰਿਫਤਾਰੀ ਅਤੇ ਵੱਡੀ ਗਿਣਤੀ ਆਗੂਆਂ ਤੇ ਕਾਰਿੰਦਿਆਂ ਦੇ ਜਥੇਬੰਦੀ ਛੱਡ ਜਾਣ ਕਾਰਨ ਤੱਟਵਰਤੀ ਕਰਨਾਟਕ ਵਿਚ ਸ੍ਰੀ ਰਾਮ ਸੈਨਾ ਪੂਰੀ ਤਰ੍ਹਾਂ ਠੱਪ ਹੋ ਗਈ। ਉਂਜ, ਰਾਜ ਦੀਆਂ ਹੋਰਾਂ ਥਾਂਵਾਂ 'ਤੇ ਇਸ ਦੀਆਂ ਸਰਗਰਮੀਆਂ ਜਾਰੀ ਸਨ। 2013 ਵਿਚ ਮੁਥਾਲਿਕ ਨੇ ਆਪਣੇ ਹੁਬਲੀ ਵਿਚਲੇ ਸਦਰ-ਮੁਕਾਮ ਤੋਂ ਕੰਮ ਕਰਦਿਆਂ ਸ੍ਰੀ ਰਾਮ ਸੈਨਾ ਨੂੰ ਛੱਡ ਕੇ ਚਲੇ ਗਏ ਮੈਂਬਰਾਂ ਨੂੰ ਮੁੜ ਇਕੱਠਾ ਕਰਨਾ ਸ਼ੁਰੂ ਕੀਤਾ। ਮੁੜ ਸੁਰਜੀਤੀ ਦੀ ਆਪਣੀ ਯੁੱਧਨੀਤੀ ਤਹਿਤ ਉਸ ਨੇ 'ਸਨਾਤਨ ਸੰਸਥਾ' ਨਾਲ ਸਬੰਧ ਜੋੜਨੇ ਸ਼ੁਰੂ ਕੀਤੇ। ਇਹ ਵੀ ਸੈਨਾ ਵਾਂਗ ਪੱਛਮੀ ਭਾਰਤ ਵਿਚ ਕੰਮ ਕਰਦੀ ਅਹਿਮ ਹਿੰਦੂਤਵੀ ਜਥੇਬੰਦੀ ਹੈ, ਜੋ ਤਕਨੀਕੀ ਤੌਰ 'ਤੇ ਸੰਘ ਪਰਿਵਾਰ ਨਾਲ ਜੁੜੀ ਹੋਈ ਨਹੀਂ, ਪਰ ਵਿਚਾਰਧਾਰਕ ਤੌਰ 'ਤੇ ਇਸ ਦੀ ਵਿਚਾਰਧਾਰਾ ਵੀ ਉਹੀ ਹੈ।

ਮੁਥਾਲਿਕ ਕਹਿੰਦਾ ਹੈ, "ਰੂਹਾਨੀਅਤ ਨੂੰ ਸਾਧਨ ਬਣਾ ਕੇ ਹਿੰਦੂਤਵ ਨੂੰ ਪ੍ਰਫੁਲਿਤ ਕਰਦੀ ਸਨਾਤਨ ਸੰਸਥਾ ਤੇਜ਼ੀ ਨਾਲ ਅੱਗੇ ਵਧ ਰਹੀ ਹੈ। 2012 ਤੋਂ ਲੈ ਕੇ ਹਰ ਸਾਲ ਜੂਨ ਵਿਚ ਇਹ ਪੋਂਡਾ ਵਿਚ ਹਿੰਦੂ ਜਥੇਬੰਦੀਆਂ ਦੀ ਕੁੱਲ ਭਾਰਤੀ ਕਾਨਫਰੰਸ ਕਰਦੀ ਹੈ। ਮੈਂ 2013 ਅਤੇ 2014 ਦੀਆਂ ਦੋ ਕਾਨਫਰੰਸਾਂ ਵਿਚ ਸ਼ਾਮਲ ਸੀ, ਪਰ ਜੂਨ 2015 ਵਿਚ ਗੋਆ ਸਰਕਾਰ ਨੇ ਮੈਨੂੰ ਕਾਨਫਰੰਸ ਵਿਚ ਜਾਣ ਦੀ ਆਗਿਆ ਨਾ ਦਿੱਤੀ। ਇਸ ਰਿਸ਼ਤੇ ਦਾ ਲਾਭ ਦੋਹਾਂ ਜਥੇਬੰਦੀਆਂ ਨੂੰ ਹੋਇਆ। ਅਸੀਂ ਆਪਣੇ ਕਾਰਿੰਦਿਆਂ ਨੂੰ ਸੰਬੋਧਨ ਕਰਨ ਲਈ ਸਨਾਤਨ ਸੰਸਥਾ ਦੇ ਸਾਧਕਾਂ ਨੂੰ ਸੱਦਦੇ ਰਹਿੰਦੇ ਹਾਂ।"

2014 ਦੇ ਸ਼ੁਰੂ ਵਿਚ ਲੋਕ ਸਭਾ ਚੋਣਾਂ ਨੇੜੇ ਆ ਗਈਆਂ ਸਨ। ਉਦੋਂ ਸ੍ਰੀ ਰਾਮ ਸੈਨਾ ਨੇ ਪੁਨਰ-ਜਾਗ੍ਰਿਤੀ ਕ੍ਰਾਂਤੀ ਮਹਿਸੂਸ ਕੀਤੀ। ਬਹੁਤ ਸਾਰੇ ਪੁਰਾਣੇ ਮੈਂਬਰ ਸੰਸਥਾ ਵਿਚ ਮੁੜ ਸ਼ਾਮਲ ਹੋ ਰਹੇ ਸਨ। ਵਾਲਕੇ ਦੱਸਦਾ ਹੈ, "2013 ਅਤੇ 2014 ਦਰਮਿਆਨ, ਮੁਥਾਲਿਕ ਤਿੰਨ ਵਾਰੀ ਮੇਰੇ ਕੋਲ ਆਇਆ ਅਤੇ ਮੈਨੂੰ ਇਕ ਵਾਰ ਫਿਰ ਤੱਟਵਰਤੀ ਕਰਨਾਟਕ ਵਿਚ ਸੈਨਾ ਦੀ ਕਮਾਨ ਸਾਂਭਣ ਲਈ ਕਿਹਾ।" ਵਾਲਕੇ ਨੇ ਇਨ੍ਹਾਂ ਸਾਲਾਂ ਦੌਰਾਨ ਆਪਣੇ ਵਫਾਦਾਰਾਂ ਦੀ ਜੁੰਡਲੀ ਨੂੰ ਆਪਣੇ ਨਾਲ ਜੋੜੀ ਰੱਖਿਆ ਸੀ ਹਾਲਾਂਕਿ ਇਸ ਸਮੇਂ ਵਿਚ ਉਹ ਹਿੰਦੂਤਵ ਦੀ ਕਿਸੇ ਤਰ੍ਹਾਂ ਦੀ ਸੜਕੀ ਸਿਆਸਤ ਵਿਚ ਸ਼ਾਮਲ ਨਹੀਂ ਸੀ ਹੋਇਆ।

ਮਾਰਚ 2014 ਤੱਕ ਮੁਥਾਲਿਕ ਦੇ ਮੁੜ ਸੁਰਜੀਤੀ ਦੇ ਯਤਨਾਂ ਵਿਚ ਗੰਭੀਰਤਾ ਆ ਗਈ, ਜੋ ਭਾਜਪਾ ਨੂੰ ਵੀ ਧੂਹ ਪਾਉਣ ਲੱਗੇ। ਭਾਜਪਾ ਹਰ ਉਸ ਤੀਲੇ ਨੂੰ ਜੋੜਨਾ ਚਾਹੁੰਦੀ ਸੀ, ਜੋ ਮੁਲਕ ਵਿਚ ਹਿੰਦੂਤਵੀ ਤਾਕਤ ਦਾ ਚਿੰਨ੍ਹ ਹੋਵੇ ਤਾਂ ਜੁ ਉਹ ਲੋਕ ਸਭਾ ਚੋਣਾਂ ਦਾ ਭਵਸਾਗਰ ਪਾਰ ਕਰ ਸਕੇ, ਪਰ ਭਗਵੀਂ ਪਾਰਟੀ ਦੀ ਅੰਦਰੂਨੀ ਸਿਆਸਤ ਨੇ ਕਿਸੇ ਵੀ ਤਰ੍ਹਾਂ ਦੀ ਸੁਲ੍ਹਾ ਦਾ ਭੋਗ ਪਾ ਦਿੱਤਾ ਸੀ।

***(ਚਲਦਾ)***

# ਰੱਬ ਦਾ ਗੁਆਂਢੀ ਗਾਲਿਬ

***ਉਰਦੂ ਸ਼ਾਇਰੀ ਅੰਦਰ ਜੋ ਮੁਕਾਮ ਮਿਰਜ਼ਾ ਗਾਲਿਬ (27 ਦਸੰਬਰ 1797-15 ਫਰਵਰੀ 1869) ਦਾ ਹੈ, ਉਹ ਕਿਸੇ ਹੋਰ ਦਾ ਨਹੀਂ। ਉਹ 1810 ਤੋਂ 1869 ਤਕ ਪੁਰਾਣੀ ਦਿੱਲੀ ਵਿਚ ਰਿਹਾ ਅਤੇ ਜਿਸ ਘਰ ਵਿਚ ਉਸ ਨੇ 1860 ਤੋਂ 1869 ਤਕ ਦਾ ਸਮਾਂ ਬਿਤਾਇਆ, ਉਹ ਹੁਣ ਉਸ ਦੀ ਯਾਦਗਾਰ ਹੈ। ਆਜ਼ਾਦੀ ਤੋਂ ਪਹਿਲਾਂ ਇਸ ਘਰ ਵਿਚ ਕਈ ਲੋਕ ਰਹੇ। ਬੇਨਾਮੀ ਜਾਇਦਾਦਾਂ ਦੀ ਨਿਲਾਮੀ ਦੌਰਾਨ ਇਹ ਘਰ ਮੁਹੰਮਦ ਅਲੀ ਫਾਰੂਕੀ ਨਾਂ ਦੇ ਸ਼ਖਸ ਨੇ ਖਰੀਦ ਲਿਆ। ਉਸ ਦੀ ਮੌਤ ਤੋਂ ਬਾਅਦ ਇਸ 'ਤੇ ਉਸ ਦੇ ਰਿਸ਼ਤੇਦਾਰਾਂ ਦਾ ਕਬਜ਼ਾ ਰਿਹਾ। ਆਜ਼ਾਦੀ ਤੋਂ ਬਾਅਦ ਇਸ ਗਲੀ ਦੇ ਮਸ਼ਹੂਰ ਮੁਗਲਈ ਫਾਰੂਖ ਹੋਟਲ ਵਿਚ ਜ਼ਾਕਿਰ ਹੁਸੈਨ ਜੋ ਬਾਅਦ ਵਿਚ ਰਾਸ਼ਟਰਪਤੀ ਵੀ ਬਣੇ, ਇਸ ਹੋਟਲ ਤੋਂ ਖਾਣਾ ਖਾਣ ਦੇ ਸ਼ੌਕੀਨ ਸਨ। ਉਨ੍ਹਾਂ ਨੂੰ ਜਦੋਂ ਗਾਲਿਬ ਦੇ ਇਸ ਹਵੇਲੀ ਨਾਲ ਰਿਸ਼ਤੇ ਦਾ ਪਤਾ ਲੱਗਿਆ ਤਾਂ ਉਨ੍ਹਾਂ ਦੀ ਦਿਲਚਸਪੀ ਜਾਗ ਪਈ। ਉਪ-ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਇਸ ਮਕਾਨ ਨੂੰ ਖਾਲੀ ਕਰਵਾਇਆ।***

**ਜਗਵਿੰਦਰ ਜੋਧਾ**

ਮਿਰਜ਼ਾ ਅਸਦ-ਉਲਾ ਖਾਨ ਗਾਲਿਬ ਦੀ ਤੰਗਦਸਤੀ ਦੇ ਕਿੱਸੇ ਵੀ ਉਸ ਦੀ ਸ਼ਾਇਰੀ ਜਿੰਨੇ ਹੀ ਮਸ਼ਹੂਰ ਰਹੇ। ਆਗਰੇ ਦੇ ਨਵਾਬੀ ਖਾਨਦਾਨ ਵਿਚ ਉਸ ਦੇ ਜਨਮ ਤੋਂ ਲੈ ਕੇ ਦਿੱਲੀ ਆਉਣ, ਆਪਣੀ ਪੈਨਸ਼ਨ ਬਹਾਲੀ ਲਈ ਅੰਗਰੇਜ਼ਾਂ ਖਿਲਾਫ ਲੰਮੇ ਮੁਕੱਦਮੇ ਲੜਨ, ਖਾਣ-ਪੀਣ ਦੇ ਸ਼ੌਕ ਤੋਂ ਲੈ ਕੇ ਚਾਵੜੀ ਬਾਜ਼ਾਰ ਦੀਆਂ ਤਵਾਇਫਾਂ ਨਾਲ ਮੁਆਸ਼ਕਿਆਂ ਤਕ ਦੇ ਕਿੱਸੇ ਉਰਦੂ ਅਦਬ ਦੀ ਵਿਰਾਸਤ ਦਾ ਹਿੱਸਾ ਹਨ। ਗਾਲਿਬ ਆਪਣੇ ਦੌਰ ਦਾ ਇਕੋ-ਇਕ ਸ਼ਾਇਰ ਨਹੀਂ ਸੀ ਸਗੋਂ ਇਬਰਾਹਿਮ ਜ਼ੌਕ, ਅਮੀਰ ਮਿਨਾਈ ਤੇ ਦਾਗ ਦੇਹਲਵੀ ਵਰਗੇ ਸ਼ਾਇਰ ਵੀ ਉਸ ਦੇ ਸਮਕਾਲੀ ਸਨ ਪਰ ਗਾਲਿਬ ਦਾ ਮੁਕਾਮ ਇਨ੍ਹਾਂ ਸਭ ਨਾਲੋਂ ਉਸ ਦੌਰ ਵਿਚ ਵੀ ਬੁਲੰਦ ਸੀ ਤੇ ਅੱਜ ਵੀ ਹੈ।

ਇਹ ਸਾਰੇ ਸ਼ਾਇਰ ਪੁਰਾਣੀ ਦਿੱਲੀ ਵਿਚ ਵਰ੍ਹਿਆਂ ਤਕ ਰਹੇ। ਪੁਰਾਣੀ ਦਿੱਲੀ ਵਿਚ ਅੱਜ ਵੀ ਖਾਣ-ਪੀਣ, ਪਹਿਰਾਵੇ ਤੇ ਰਿਹਾਇਸ਼ ਪੱਖੋਂ ਪੁਰਾਣੀ ਤਹਿਜ਼ੀਬ ਧੜਕਦੀ ਸੁਣਦੀ ਹੈ। ਗਾਲਿਬ ਤੋਂ ਬਿਨਾ ਬਾਕੀ ਸ਼ਾਇਰਾਂ ਦੇ ਨਕਸ਼ ਉਸ ਇਲਾਕੇ ਵਿਚੋਂ ਅੱਜ ਲੱਭ ਸਕਣਾ ਬੇਹੱਦ ਔਖਾ ਹੈ। ਉਸਤਾਦ ਦਾਗ ਦੇ ਨਾਂ 'ਤੇ ਇਕ ਗਲੀ ਹੈ, ਜ਼ੌਕ ਦਾ ਪੁਰਾਣਾ ਮਕਾਨ ਵੀ ਕਿਤੇ ਦੱਸੀਦਾ ਹੈ, ਕੁਝ ਬਜ਼ੁਰਗ ਲੋਕ ਅਮੀਰ ਮਿਨਾਈ ਦੇ ਘਰ ਦੀ ਦੱਸ ਵੀ ਪਾਉਂਦੇ ਹਨ ਪਰ ਇਨ੍ਹਾਂ ਦਾ ਪੱਕਾ ਪਤਾ ਦੱਸਣ ਦੀ ਹਾਲਤ ਵਿਚ ਕੋਈ ਵੀ ਨਹੀਂ।

ਲਾਲ ਕਿਲ੍ਹੇ ਤੋਂ ਗੁਰਦੁਆਰਾ ਸੀਸ ਗੰਜ ਵਲ ਜਾਓ ਤਾਂ ਚਾਂਦਨੀ ਚੌਕ ਤੋਂ ਪੰਜ ਕੁ ਸੌ ਮੀਟਰ ਅੱਗੇ ਚੂੜੀ ਵਾਲਾ ਚੌਕ ਦੇ ਖੱਬੇ ਹੱਥ ਮੁਹੱਲਾ ਬੱਲੀਮਾਰਾਂ ਸ਼ੁਰੂ ਹੋ ਜਾਂਦਾ ਹੈ। ਇਸ ਦੇ ਦੋ ਸੌ ਮੀਟਰ ਅੰਦਰ ਜਾਣ 'ਤੇ ਸੱਜੇ ਹੱਥ ਗਲੀ ਕਾਸਿਮ ਜਾਨ ਹੈ। ਉਸੇ ਗਲੀ ਵਿਚ ਖੱਬੇ ਹੱਥ ਨਿੱਕੀਆਂ ਇੱਟਾਂ ਦੀ ਮਹਿਰਾਬ ਤੇ ਲੱਕੜ ਦੇ ਫਾਟਕ ਵਾਲਾ ਤੀਜਾ ਮਕਾਨ ਇਸ ਮਹਾਨ ਸ਼ਾਇਰ ਗਾਲਿਬ ਦੀ ਰਿਹਾਇਸ਼ ਰਿਹਾ ਹੈ।

ਮਕਾਨ ਦੇ ਆਸੇ-ਪਾਸੇ ਕੰਧਾਂ 'ਤੇ ਪਿਛਲੇ ਸਾਲ ਮਨਾਏ ਗਏ ਜਾਂ ਮਨਾਏ ਜਾਣ ਵਾਲੇ ਗਾਲਿਬ ਦੇ ਸਮਾਗਮਾਂ ਦੇ ਪੋਸਟਰ ਦਿਸ ਜਾਂਦੇ ਹਨ। ਕਰੀਬ ਸਭ ਪਾਰਟੀਆਂ ਦੇ ਸਥਾਨਕ ਮੁਸਲਿਮ ਨੇਤਾਵਾਂ ਦੀਆਂ ਹੱਥ ਜੋੜੀ ਲੱਗੀਆਂ ਤਸਵੀਰਾਂ ਵੀ ਮੁਸਲਿਮ ਜਨਤਾ ਕੋਲੋਂ ਭੱਲ ਖੱਟਣ ਦੀ ਤਾਕ ਵਿਚ ਦਿਸਦੀਆਂ ਹਨ। ਇਸ ਮਕਾਨ ਵਿਚ ਪ੍ਰਵੇਸ਼ ਕਰਨ 'ਤੇ ਇਤਿਹਾਸ ਵਿਚ ਡੇਢ ਸੌ ਸਾਲ ਪਿਛਾਂਹ ਮੁੜਨ ਵਰਗਾ ਅਹਿਸਾਸ ਜਾਗਦਾ ਹੈ।

ਸੱਜੇ ਹੱਥ ਨਿੱਕੇ ਜਿਹੇ ਕਮਰੇ ਵਿਚ ਗਾਲਿਬ ਦਾ ਬੁੱਤ ਲੱਗਿਆ ਹੋਇਆ ਅਤੇ ਉਸ ਦੇ ਪਹਿਨਣ ਵਾਲੇ ਕੱਪੜੇ ਟੰਗੇ ਦਿਸਦੇ ਹਨ। ਸਾਹਮਣੇ ਦੀ ਕੰਧ ਦਾ ਸੱਜਾ ਹਿੱਸਾ ਕਿਸੇ ਦੁਕਾਨਦਾਰ ਦੇ ਕਬਜ਼ੇ 'ਚ ਹੈ। ਖੱਬੇ ਹੱਥ ਦੀ ਕੰਧ ਵਿਚ ਗਾਲਿਬ ਦਾ ਵੱਡਾ ਚਿੱਤਰ ਲੱਗਿਆ ਹੈ। ਉਸੇ ਕੰਧ ਨਾਲ ਅੱਗੇ ਜਾ ਕੇ ਇਸ ਮਕਾਨ ਦੇ ਪਿਛਲੇ ਹਿੱਸੇ ਵਿਚ ਵਿਹੜਾ ਹੈ ਤੇ ਹੋਰ ਖੱਬੇ ਹੱਥ ਵਰਾਂਡਾ। ਇਸ ਵਿਚ ਉਸ ਦੌਰ ਦੇ ਇਤਿਹਾਸ ਨੂੰ ਜੀਵਤ ਕਰਨ ਲਈ ਹੁੱਕਾ, ਸ਼ਤਰੰਜ ਦੀ ਬਿਸਾਤ ਆਦਿ ਰੱਖੇ ਹਨ। ਇਸ ਵਿਹੜੇ ਵਿਚ ਗਾਲਿਬ ਦੇ ਬਿਰਧ ਅਵਸਥਾ 'ਚ ਟਹਿਲਣ ਜਾਂ ਤਖਤਪੋਸ਼ 'ਤੇ ਅੱਧ-ਲੇਟਿਆਂ ਆਪਣੇ ਆਪ ਨਾਲ ਸ਼ਤਰੰਜ ਖੇਡਦੇ ਦੀ ਕਲਪਨਾ ਕੀਤੀ ਜਾ ਸਕਦੀ ਹੈ। ਨਾਲ ਹੀ ਨਵਾਬੀ ਸ਼ਾਨੋ-ਸ਼ੌਕਤ ਲਈ ਜੂਝਦੇ ਗਾਲਿਬ ਦੀ ਜ਼ਿੰਦਗੀ ਦੀਆਂ ਆਰਥਿਕ ਦੁਸ਼ਵਾਰੀਆਂ ਮਨ ਵਿਚ ਸਾਕਾਰ ਹੋ ਜਾਂਦੀਆਂ ਹਨ।

ਅਦਬ ਨਾਲ ਮੱਸ ਰੱਖਣ ਵਾਲਾ ਕੋਈ ਵੀ ਮਨ ਉਸ ਮਹਾਨ ਸ਼ਾਇਰ ਦੇ ਸਿਰਜਣਾਤਮਕ ਪ੍ਰਭਾਵ ਵਿਚ ਆਇਆ ਮਹਿਸੂਸ ਕਰਦਾ ਹੈ। ਇਹ ਮਕਾਨ ਜਿਸ ਨੂੰ ਕੁਝ ਲੋਕ ਹਵੇਲੀ ਵੀ ਕਹਿੰਦੇ ਹਨ, 90ਵਿਆਂ ਦੇ ਸ਼ੁਰੂ ਵਿਚ ਗੁਲਜ਼ਾਰ ਦੇ ਬਣਾਏ ਟੈਲੀਵਿਜ਼ਨ ਲੜੀਵਾਰ ਨਾਲ ਲੋਕਾਂ ਦੀ ਜਾਣਕਾਰੀ ਵਿਚ ਆਇਆ। ਉਸ ਲੜੀਵਾਰ ਦੀ ਹਰ ਕਿਸ਼ਤ ਦੇ ਸ਼ੁਰੂ ਵਿਚ ਗੁਲਜ਼ਾਰ ਦੀ ਆਵਾਜ਼ ਵਿਚ ਮੁਹੱਲਾ ਬੱਲੀਮਾਰਾਂ ਅਤੇ ਗਲੀ ਕਾਸਿਮ ਜਾਨ ਦਾ ਜ਼ਿਕਰ ਹੁੰਦਾ ਸੀ। ਦਿੱਲੀ ਸਰਕਾਰ ਨੇ ਇਸ ਮਕਾਨ ਨੂੰ ਗਾਲਿਬ ਦੀ ਯਾਦਗਾਰ ਵਜੋਂ ਸੰਭਾਲਿਆ ਤੇ ਹੁਣ ਇਸ ਦਾ ਜ਼ਿੰਮਾ ਭਾਰਤੀ ਪੁਰਾਤਤਵ ਵਿਭਾਗ ਕੋਲ ਹੈ। ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਗਾਲਿਬ ਦੀ ਕਬਰ ਹਜ਼ਰਤ ਨਿਜ਼ਾਮੂਦੀਨ ਔਲੀਆ ਦੀ ਦਰਗਾਹ ਕੋਲ ਹੈ।

ਗਾਲਿਬ 1860 ਤੋਂ ਲੈ ਕੇ 1869 ਤਕ ਦਿੱਲੀ ਇਸ ਮਕਾਨ ਵਿਚ ਰਿਹਾ। ਕੁਝ ਲੋਕ ਇਸ ਨੂੰ ਗਾਲਿਬ ਦਾ ਜੱਦੀ ਘਰ ਸਮਝਦੇ ਹਨ ਤੇ ਕਈਆਂ ਨੂੰ ਉਸ ਦੀ ਇਹੋ ਇਕ ਰਿਹਾਇਸ਼ਗਾਹ ਹੋਣ ਦਾ ਭੁਲੇਖਾ ਹੈ ਪਰ ਗਾਲਿਬ ਦੇ ਦੋਸਤਾਂ ਵਰਗੇ ਸ਼ਾਗਿਰਦ ਅਲਤਾਫ ਹੁਸੈਨ ਹਾਲੀ ਪਾਨੀਪਤੀ ਮੁਤਾਬਿਕ ਅਜਿਹਾ ਨਹੀਂ। ਹਾਲੀ ਨੇ ਗਾਲਿਬ ਦੀ ਪਹਿਲੀ ਜੀਵਨੀ 'ਯਾਦਗਾਰ-ਏ-ਗਾਲਿਬ' ਲਿਖੀ ਜਿਸ ਵਿਚ ਉਸ ਦੀ ਅੱਖੀਂ ਦੇਖੀ ਸ਼ਖਸੀਅਤ ਬਾਰੇ ਭਰਪੂਰ ਜਾਣਕਾਰੀ ਹੈ। ਕਿਤਾਬ ਦੇ ਵੇਰਵਿਆਂ ਮੁਤਾਬਕ 1797 ਵਿਚ ਜਨਮਿਆ ਇਹ ਸ਼ਾਇਰ ਪੰਜ ਸਾਲ ਦੀ ਉਮਰ ਵਿਚ ਪਿਤਾ ਦੇ ਸਾਏ ਤੋਂ ਵਾਂਝਾ ਹੋ ਗਿਆ। ਚਾਚੇ ਨੇ ਉਸ ਨੂੰ ਗੋਦ ਲੈ ਲਿਆ



*ਮਿਰਜ਼ਾ ਗਾਲਿਬ*




*ਮਿਰਜ਼ਾ ਗਾਲਿਬ ਦੀ ਹਵੇਲੀ ਜਿਥੇ ਉਨ੍ਹਾਂ ਆਪਣਾ ਆਖਰੀ ਸਮਾਂ ਬਤੀਤ ਕੀਤਾ।*

ਪਰ ਅੰਗਰੇਜ਼ਾਂ ਦੇ ਕਾਨੂੰਨ ਮੁਤਾਬਕ ਮੁਤਬੰਨੇ ਨੂੰ ਗੋਦ ਲੈਣ ਵਾਲੇ ਦੀ ਜਾਇਦਾਦ ਜਾਂ ਰੁਤਬੇ ਦਾ ਲਾਭ ਨਹੀਂ ਸੀ ਮਿਲ ਸਕਦਾ। ਲਿਹਾਜ਼ਾ, ਚਾਚੇ ਦੀ ਪੁਸ਼ਤੈਨੀ ਜਾਇਦਾਦ 'ਤੇ ਗਾਲਿਬ ਦਾ ਹੱਕ ਖਾਰਜ ਕਰ ਦਿੱਤਾ ਗਿਆ ਤੇ ਗਾਲਿਬ ਅਤੇ ਉਸ ਦੇ ਭਰਾ ਦੀ ਇਕਮੁਸ਼ਤ ਪੈਨਸ਼ਨ ਮੁਕੱਰਰ ਹੋ ਗਈ।

ਇਸੇ ਹੱਕ ਦੀ ਬਹਾਲੀ ਲਈ ਜ਼ਿੰਦਗੀ ਦੇ ਤਿੰਨ ਹਿੱਸੇ ਸਮਾਂ ਗਾਲਿਬ ਨੇ ਮੁਕੱਦਮਿਆਂ ਵਿਚ ਗੁਜ਼ਾਰਿਆ, ਦਿੱਲੀ ਤੋਂ ਕਲਕੱਤੇ ਦੀਆਂ ਯਾਤਰਾਵਾਂ ਕੀਤੀਆਂ ਤੇ ਆਪਣੇ ਸਾਰੇ ਬੱਚਿਆਂ ਨੂੰ ਅੱਖਾਂ ਸਾਹਮਣੇ ਇਕ-ਇਕ ਕਰਕੇ ਮਰਦੇ ਦੇਖਿਆ। ਉਹ ਆਗਰੇ ਨੂੰ ਯਾਦ ਕਰਕੇ ਤੜਪਦਾ ਰਿਹਾ, ਆਪਣੇ ਸਮਕਾਲੀ ਸ਼ਾਇਰਾਂ ਨਾਲ ਉਲਝਦਾ ਰਿਹਾ। ਗਾਲਿਬ ਨੇ ਸਾਰੇ ਦੋਸਤ ਗਵਾ ਲਏ ਅਤੇ ਦਿੱਲੀ ਉਸ ਨੂੰ ਉਜਾੜ ਲੱਗਦੀ ਰਹੀ। ਉਹ ਵਾਰ ਵਾਰ ਬੁੜਬੁੜਾਉਂਦਾ ਰਿਹਾ:

ਉਗ ਰਹਾ ਹੈ ਦਰੋ-ਦੀਵਾਰ ਪਰ
ਸਬਜ਼ਾ ਗਾਲਿਬ
ਹਮ ਬਯਾਬਾਂ ਮੇਂ ਹੈਂ ਔਰ
ਘਰ ਮੇਂ ਬਹਾਰ ਆਈ ਹੈ।

ਹਾਲੀ ਮੁਤਾਬਿਕ ਗਾਲਿਬ ਨੇ ਦਿੱਲੀ ਵਿਚ ਆਪਣਾ ਘਰ ਬਣਾਇਆ ਹੀ ਨਹੀਂ, ਜਾਂ ਕਿਹਾ ਜਾਵੇ ਕਿ ਉਹ ਆਪਣਾ ਘਰ ਬਣਾਉਣ ਜੋਗਾ ਹੋਇਆ ਹੀ ਨਹੀਂ ਸੀ। 1810 ਤੋਂ 1869 ਤਕ ਉਸ ਨੇ ਪੁਰਾਣੀ ਦਿੱਲੀ ਵਿਚ ਹੀ ਅੱਠ ਘਰ ਬਦਲੇ। ਕਦੇ ਉਹ ਇਬਰਾਹਿਮ ਜ਼ੌਕ ਦਾ ਗੁਆਂਢੀ ਰਿਹਾ, ਕਦੇ ਜਾਮਾ ਮਸਜਿਦ ਪਿੱਛੇ ਇਕ ਗਲੀ ਵਿਚ ਇਕ ਮਕਾਨ ਦੀ ਪਹਿਲੀ ਮੰਜ਼ਿਲ 'ਤੇ ਵਸਿਆ। 1857 ਦੇ ਗਦਰ ਦੌਰਾਨ ਗਾਲਿਬ ਛੋਟਾ ਇਮਾਮਬਾੜਾ ਕੋਲ ਭੀੜੀ ਗਲੀ ਵਿਚ ਰਹਿੰਦਾ ਸੀ। ਉਸ ਘਰ ਬਾਰੇ ਉਸ ਨੇ ਲਿਖਿਆ:

ਮਸਜਿਦ ਕੇ ਜ਼ੇਰੇ-ਸਾਯਾ
ਇਕ ਘਰ ਬਨਾ ਲੀਆ ਹੈ
ਯਹ ਬੰਦਾ-ਏ-ਕਮੀਨਾ
ਹਮਸਾਇਆ-ਏ-ਖੁਦਾ ਹੈ।

1857 ਦੇ ਰੌਲਿਆਂ ਦੌਰਾਨ ਉਹ ਆਪਣੀ ਉਮਰ ਦੇ ਬਦਤਰੀਨ ਦੌਰ ਵਿਚੋਂ ਗੁਜ਼ਰਿਆ। ਇਸ ਤੋਂ ਪਹਿਲਾਂ ਪੈਨਸ਼ਨ ਬਹਾਲੀ ਲਈ ਹਰ ਚਾਰਾ ਅਜ਼ਮਾ ਚੁੱਕੇ ਗਾਲਿਬ ਨੇ ਤਹਿਸੀਲਦਾਰ ਮਿੱਤਰ ਦੀ ਸਲਾਹ 'ਤੇ 'ਛੋਟਾ ਰਸਤਾ' ਚੁਣਿਆ। ਗਰੀਬੀ ਤੋਂ ਤੰਗ ਆ ਕੇ ਉਸ ਨੇ 1855 ਵਿਚ ਮਲਕਾ ਵਿਕਟੋਰੀਆ ਦੀ ਸ਼ਾਨ ਵਿਚ ਕਸੀਦਾ ਲਿਖਿਆ ਤੇ ਆਪਣੇ ਮਿਹਰਬਾਨ ਅੰਗਰੇਜ਼ ਅਫਸਰ ਲਾਰਡ ਇਲੇਨ ਬੋਰੋ ਰਾਹੀਂ ਲੰਡਨ ਭੇਜਿਆ। ਕਸੀਦੇ ਵਿਚ ਉਸ ਨੇ ਬਰਤਾਨਵੀ ਰਾਜ ਨੂੰ ਰੋਮਨ ਰਾਜ ਤੋਂ ਵੀ ਮਹਾਨ ਕਿਹਾ ਅਤੇ ਯਾਦ ਦਿਵਾਇਆ ਕਿ ਰੋਮਨ ਗਣਰਾਜ ਵਿਚ ਕਵੀਆਂ ਤੇ ਲੇਖਕਾਂ ਦੀ ਪੁਸ਼ਤ-ਪਨਾਹੀ ਰਾਜਾ ਕਰਦਾ ਸੀ। ਇਸ ਲਈ ਮਲਕਾ ਦਾ ਵੀ ਫਰਜ਼ ਹੈ ਕਿ ਉਹ ਆਪਣੀ ਸਲਤਨਤ ਦੇ ਸ਼ਾਇਰਾਂ ਦਾ ਖਿਆਲ ਰੱਖੇ।

ਗਾਲਿਬ ਨੇ 'ਦਸਤੰਬੂ' ਨਾਮੀ ਖਤਾਂ ਦੀ ਕਿਤਾਬ ਵਿਚ ਇਸ ਕਸੀਦੇ ਦੇ ਲਿਖੇ ਜਾਣ ਦੇ ਕਾਰਨ ਦੱਸੇ ਹਨ। ਉਸ ਮੁਤਾਬਿਕ, "ਮੇਰੇ ਚਾਚਾ ਜਾਨ ਨੂੰ ਆਗਰੇ ਕੋਲ ਦੋ ਪਰਗਣਿਆਂ ਦੀ ਮਾਲਕੀ ਮਿਲੀ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਜਾਇਦਾਦ ਆਪਣੇ ਕਬਜ਼ੇ ਵਿਚ ਲੈ ਲਈ ਤੇ ਸਾਨੂੰ ਦੋਵਾਂ ਭਰਾਵਾਂ ਨੂੰ ਪੈਨਸ਼ਨ ਜਾਰੀ ਕਰ ਦਿੱਤੀ। ਇਹੀ ਸਾਡੀ ਇਕਮਾਤਰ ਆਮਦਨ ਸੀ। ਅਪਰੈਲ 1857 ਤਕ ਮੈਨੂੰ ਦਿੱਲੀ ਦੇ ਕੁਲੈਕਟਰ ਤੋਂ ਪੈਨਸ਼ਨ ਮਿਲਦੀ ਰਹੀ। ਫਿਰ ਵਿਤ ਵਿਭਾਗ ਬੰਦ ਹੋ ਗਿਆ ਅਤੇ ਮੈਂ ਆਪਣੇ ਦੁੱਖਾਂ ਨਾਲ ਜੂਝ ਰਿਹਾ ਹਾਂ। ਪੰਜ ਸਾਲ ਪਹਿਲਾਂ ਮੈਂ ਆਪਣੀ ਬੀਵੀ ਦੇ ਪਰਿਵਾਰ ਵਿਚੋਂ ਦੋ ਅਨਾਥ ਬੱਚੇ ਗੋਦ ਲੈ ਲਏ। ਇਹੀ ਮੇਰੀ ਬਦਕਿਸਮਤ ਜ਼ਿੰਦਗੀ ਦੀ ਬਹਾਰ ਹਨ। ਮੇਰਾ ਦੋ ਸਾਲ ਛੋਟਾ ਭਰਾ ਪਾਗਲਪਣ ਦੇ ਦੌਰਿਆਂ ਦਾ ਸ਼ਿਕਾਰ ਹੈ। ਮੇਰੇ ਦੋਵੇਂ ਬੱਚੇ ਮੇਰੇ ਕੋਲੋਂ ਫਲ, ਦੁੱਧ ਤੇ ਮਠਿਆਈ ਮੰਗਦੇ ਹਨ, ਮੈਂ ਉਨ੍ਹਾਂ ਨੂੰ ਕਿਵੇਂ ਸਮਝਾਵਾਂ। ਜਦ ਤਕ ਮੈਂ ਜ਼ਿੰਦਾ ਹਾਂ, ਮੈਂ ਮੁਸੀਬਤਾਂ ਨਾਲ ਜੂਝਦਾ ਰਹਾਂਗਾ ਤੇ ਮਰਨ ਤੋਂ ਬਾਅਦ ਕਬਰ ਦੀ ਮਿੱਟੀ ਨਾਲ ਜੂਝਾਂਗਾ।"

ਇਸ ਸਮੇਂ ਹੀ ਉਸ ਨੇ ਇਕ-ਇਕ ਕਰਕੇ ਆਪਣੇ ਸਮਕਾਲੀਆਂ ਨੂੰ ਇਸ ਸੰਸਾਰ ਤੋਂ ਜਾਂਦਿਆਂ ਵੇਖਿਆ। ਉਸਤਾਦ ਜ਼ੌਕ ਮੁਫਲਿਸੀ ਤਾਂ ਤੰਗੀ ਦੀ ਹਾਲਤ 'ਚ ਫੌਤ ਹੋਇਆ। ਗਾਲਿਬ ਦੀ ਕਮਾਈ ਦੇ ਇਕੋ-ਇਕ ਸਾਧਨ ਉਸਤਾਦੀ ਦਾ ਵਜ਼ੀਫਾ ਦੇਣ ਵਾਲੇ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਦੇਸ਼-ਬਦਰ ਕਰ ਦਿੱਤਾ ਗਿਆ। ਗਦਰ ਦੌਰਾਨ ਦਿੱਲੀ ਵਿਚ ਫੌਜ ਦੀ ਤਾਇਨਾਤੀ ਰਹੀ ਸੀ। ਕੁਝ ਇਲਾਕਿਆਂ ਵਿਚ ਤਾਂ ਬਾਗੀਆਂ ਦੀ ਭਾਲ ਵਿਚ ਫੌਜ ਦੀ ਦਬਿਸ਼ ਵੀ ਹੋਈ। ਇਸ ਲਈ ਕੁਝ ਇਲਾਕਿਆਂ ਵਿਚ ਜ਼ਰੂਰੀ ਸਾਮਾਨ ਦੀ ਕਿੱਲਤ ਵੀ ਰਹੀ। ਮੁਹੱਲਿਆਂ ਵਿਚ ਗੰਦਗੀ ਤੇ ਮੈਲਾ ਜਮ੍ਹਾਂ ਹੋਣ ਨਾਲ ਹੈਜ਼ਾ ਫੈਲਣ ਦੀ ਨੌਬਤ ਆ ਗਈ। ਜਿਸ ਮੁਹੱਲੇ ਵਿਚ ਗਾਲਿਬ ਰਹਿੰਦਾ ਸੀ, ਉਸ ਵਿਚ ਬਾਗੀ ਸਿਪਾਹੀਆਂ ਦੇ ਲੁਕੇ ਹੋਣ ਦਾ ਸ਼ੱਕ ਸੀ। ਮੁਹੱਲਾ ਹਫਤਿਆਂ ਤਕ ਬੰਦ ਰੱਖਿਆ ਗਿਆ।

ਗਾਲਿਬ ਇਸ ਮੁਹੱਲੇ ਤੋਂ ਅੱਕ ਗਿਆ। ਉਹ ਜਿਸ ਹਕੀਮ ਸੈਫੂਦੀਨ ਤੋਂ ਬਵਾਸੀਰ ਦੀ ਦਵਾਈ ਲੈਂਦਾ ਸੀ, ਉਸ ਦਾ ਇਕ ਮਕਾਨ ਮੁਹੱਲਾ ਬੱਲੀਮਾਰਾਂ ਦੀ ਗਲੀ ਕਾਸਿਮ ਜਾਨ 'ਚ ਖਾਲੀ ਪਿਆ ਸੀ। ਇਹ ਮੁਹੱਲਾ ਉਨ੍ਹਾਂ ਮਲਾਹਾਂ ਦਾ ਸੀ ਜੋ ਪਹਿਲਾਂ ਮੁਗਲ ਬਾਦਸ਼ਾਹਾਂ ਤੇ ਫਿਰ ਅੰਗਰੇਜ਼ ਅਫਸਰਾਂ ਨੂੰ ਜਮਨਾ ਵਿਚ ਕਿਸ਼ਤੀਆਂ ਦੀ ਸੈਰ ਕਰਵਾਉਂਦੇ ਸਨ। ਕਿਸ਼ਤੀ ਚਲਾਉਣ ਲਈ ਚੱਪੂ ਦੀ ਥਾਂ ਲੰਮੇ ਵੰਝ ਜਾਂ ਬੱਲੀ ਦੀ ਵਰਤੋਂ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਬੱਲੀਮਾਰ ਤੇ ਇਨ੍ਹਾਂ ਦੇ ਮੁਹੱਲੇ ਨੂੰ ਮੁਹੱਲਾ ਬੱਲੀਮਾਰਾਂ ਕਿਹਾ ਜਾਂਦਾ ਸੀ।

ਬਾਅਦ ਵਿਚ ਕਈ ਨਵਾਬ ਤੇ ਬਰਤਾਨਵੀ ਸਰਕਾਰ ਦੇ ਅਫਸਰ ਵੀ ਇਸ ਮੁਹੱਲੇ ਵਿਚ ਰਹਿਣ ਆ ਗਏ। ਗਦਰ ਦੌਰਾਨ ਇਹ ਮੁਹੱਲਾ ਮੁਕਾਬਲਤਨ ਵਧੇਰੇ ਸੁਰੱਖਿਅਤ ਰਿਹਾ। ਹਕੀਮ ਦੇ ਵਾਰ-ਵਾਰ ਕਹਿਣ 'ਤੇ ਗਾਲਿਬ ਆਪਣਾ ਸਾਮਾਨ ਚੁੱਕ ਕੇ ਇਸ ਘਰ ਵਿਚ ਰਹਿਣ ਆ ਗਿਆ। ਉਦੋਂ ਉਸ ਨੂੰ ਵੀ ਪਤਾ ਨਹੀਂ ਹੋਣਾ ਕਿ ਸਦੀਆਂ ਤਕ ਇਹੀ ਘਰ ਗਾਲਿਬ ਦੀ ਯਾਦ ਤਾਜ਼ਾ ਕਰਵਾਉਂਦਾ ਰਹੇਗਾ। ਇਹੀ ਉਹ ਮਕਾਨ ਹੈ ਜਿਸ ਨੂੰ ਅਸੀਂ ਹੁਣ ਗਾਲਿਬ ਸਮਾਰਕ ਵਜੋਂ ਦੇਖ ਸਕਦੇ ਹਾਂ। ਆਪਣੀ ਜ਼ਿੰਦਗੀ ਦੇ ਆਖਰੀ ਨੌਂ ਸਾਲ ਉਹ ਇਸ ਘਰ ਵਿਚ ਰਿਹਾ। ਢਹਿੰਦੇ ਮੁਗਲੀਆ ਦੌਰ ਦਾ ਇਹ ਸ਼ਾਨਦਾਰ ਸ਼ਾਇਰ ਸਦਾ ਲਈ ਇਸ ਘਰ, ਗਲੀ ਤੇ ਮੁਹੱਲੇ ਨਾਲ ਜੁੜ ਗਿਆ।

ਇਸ ਘਰ ਦੇ ਗਾਲਿਬ ਦੀ ਯਾਦਗਾਰ ਬਣਨ ਦੀ ਕਹਾਣੀ ਵੀ ਘੱਟ ਦਿਲਚਸਪ ਨਹੀਂ। ਆਜ਼ਾਦੀ ਤੋਂ ਪਹਿਲਾਂ ਇਸ ਘਰ ਵਿਚ ਕਈ ਲੋਕ ਰਹੇ। ਇਥੇ ਬੱਕਰਾ ਵਾੜਾ ਵੀ ਬਣਿਆ। ਆਜ਼ਾਦੀ ਤੋਂ ਬਾਅਦ ਲੰਮਾ ਸਮਾਂ ਇਸੇ ਘਰ ਵਿਚ ਕੋਲਿਆਂ ਦਾ ਗੋਦਾਮ ਰਿਹਾ, ਲੱਕੜਾਂ ਦੀ ਟਾਲ ਵੀ ਤੇ ਜੰਝ ਘਰ ਵੀ। ਬੇਨਾਮੀ ਜਾਇਦਾਦਾਂ ਦੀ ਨਿਲਾਮੀ ਦੌਰਾਨ ਇਸ ਘਰ ਨੂੰ ਮੁਹੰਮਦ ਅਲੀ ਫਾਰੂਕੀ ਨਾਮ ਦੇ ਸ਼ਖਸ ਨੇ ਖਰੀਦ ਲਿਆ ਜਿਸ ਦੀ ਮੌਤ ਤੋਂ ਬਾਅਦ ਇਸ ਘਰ 'ਤੇ ਉਸ ਦੇ ਰਿਸ਼ਤੇਦਾਰਾਂ ਦਾ ਕਬਜ਼ਾ ਰਿਹਾ। ਆਜ਼ਾਦੀ ਤੋਂ ਬਾਅਦ ਇਸ ਗਲੀ ਵਿਚ ਮਸ਼ਹੂਰ ਮੁਗਲਈ ਫਾਰੂਖ ਹੋਟਲ ਸੀ। ਰਾਸ਼ਟਰਪਤੀ ਬਣਨ ਤੋਂ ਪਹਿਲਾਂ ਜ਼ਾਕਿਰ ਹੁਸੈਨ ਇਸੇ ਹੋਟਲ ਤੋਂ ਖਾਣ ਦੇ ਸ਼ੌਕੀਨ ਸਨ।

ਉਨ੍ਹਾਂ ਨੂੰ ਜਦੋਂ ਗਾਲਿਬ ਦੇ ਇਸ ਹਵੇਲੀ ਨਾਲ ਰਿਸ਼ਤੇ ਦਾ ਪਤਾ ਲੱਗਿਆ ਤਾਂ ਉਨ੍ਹਾਂ ਦੀ ਦਿਲਚਸਪੀ ਜਾਗ ਪਈ। ਉਪ-ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਇਸ ਮਕਾਨ ਨੂੰ ਖਾਲੀ ਕਰਵਾਇਆ; ਬੇਸ਼ੱਕ ਉਸ ਸਮੇਂ ਤਕ ਇਸ ਮਕਾਨ ਦਾ ਇਕ ਹਿੱਸਾ ਕਿਸੇ ਨੇ ਢਾਹ ਕੇ ਨਵੇਂ ਤਰਜ਼ ਦੀ ਉਸਾਰੀ ਕਰ ਲਈ ਸੀ। ਗੁਲਜ਼ਾਰ ਦੇ ਲੜੀਵਾਰ ਦੇ ਪ੍ਰਸਾਰਨ ਪਿਛੋਂ ਉਰਦੂ ਦੀਆਂ ਕੁਝ ਸੰਸਥਾਵਾਂ ਸਰਗਰਮ ਹੋਈਆਂ ਤਾਂ ਦਿੱਲੀ ਸਰਕਾਰ ਨੇ ਇਸ ਮਕਾਨ ਨੂੰ 1990 'ਚ ਐਕੁਆਇਰ ਕੀਤਾ ਤੇ ਗਾਲਿਬ ਦੀ ਯਾਦਗਾਰ ਵਿਚ ਤਬਦੀਲ ਕਰ ਦਿੱਤਾ।

ਇਹ ਘਰ ਦੇਖਦਿਆਂ ਜ਼ਿਹਨ ਵਿਚ ਪੰਜਾਬੀ ਲੇਖਕਾਂ ਦੀਆਂ ਰਿਹਾਇਸ਼ਾਂ ਦੀ ਯਾਦ ਉਭਰਦੀ ਹੈ। ਅੰਮ੍ਰਿਤਾ ਪ੍ਰੀਤਮ ਦੇ ਉਸ ਇਤਿਹਾਸਕ ਘਰ ਦਾ ਹਸ਼ਰ ਅਜੇ ਤਾਜ਼ੀ ਘਟਨਾ ਹੈ ਜੋ ਬਹੁਤ ਲੇਖਕਾਂ ਦੀ ਦਿੱਲੀ ਯਾਤਰਾ ਦੌਰਾਨ ਜ਼ਿਆਰਤਗਾਹ ਵਾਂਗ ਸੀ। ਮੋਹਨ ਸਿੰਘ ਮਾਈ ਹੀਰਾਂ ਗੇਟ, ਜਲੰਧਰ ਦੇ ਜਿਸ ਘਰ ਵਿਚ ਰਹਿੰਦਾ ਸੀ, ਉਸ ਦਾ ਨਿਸ਼ਾਨ ਵੀ ਨਹੀਂ ਲੱਭਦਾ। ਸ਼ਿਵ ਕੁਮਾਰ ਦੇ ਘਰ ਦੇ ਨਾਂ 'ਤੇ ਸ਼ਾਇਦ ਹੀ ਕੋਈ ਸਹੀ ਟਿਕਾਣਾ ਦੱਸਿਆ ਜਾ ਸਕੇ। ਜੋ ਲੇਖਕ ਆਪਣੇ ਘਰਾਂ 'ਚ ਵੱਸਦੇ ਹਨ, ਉਨ੍ਹਾਂ ਦੀਆਂ ਕਿਤਾਬਾਂ ਤੇ ਹੋਰ ਚੀਜ਼ਾਂ ਦੀ ਸੰਭਾਲ ਵੀ ਕੁਝ ਪਰਿਵਾਰ ਹੀ ਕਰਦੇ ਹਨ। ਸ਼ਾਇਦ ਲੇਖਕ ਹੋਣਾ ਇਸੇ ਹੋਣੀ ਦੇ ਭਾਗੀਦਾਰ ਹੋਣਾ ਹੈ।

ਗਾਲਿਬ ਦੀ ਯਾਦਗਾਰ ਦੇਖ ਕੇ ਸਕੂਨ ਨਾਲ ਭਰ ਜਾਣ ਵਾਲੇ ਨੂੰ ਅਹਿਸਾਸ ਵੀ ਨਹੀਂ ਹੁੰਦਾ ਕਿ ਗਾਲਿਬ ਸਾਰੀ ਉਮਰ ਇਸ ਸਕੂਨ ਲਈ ਭਟਕਦਾ ਰਿਹਾ। ਰੱਬ ਨਾਲ ਢੇਰਾਂ ਸ਼ਿਕਵੇ ਕਰਨ ਵਾਲਾ ਇਹ ਅਜ਼ੀਮ ਸ਼ਾਇਰ ਆਪਣੇ ਆਪ ਨੂੰ ਰੱਬ ਦਾ ਹਮਸਾਇਆ ਕਹਿੰਦਾ ਸੀ। ਅਚਾਨਕ ਯਾਦ ਆਉਂਦਾ ਹੈ ਕਿ ਗੁਆਂਢੀ, ਸ਼ਰੀਕ ਵੀ ਹੁੰਦਾ ਹੈ। ਸ਼ਰੀਕ ਦੇ ਪੰਜਾਬੀ ਵਿਚ ਪ੍ਰਚਲਿਤ ਅਰਥ ਯਾਦ ਆਉਂਦੇ ਹਨ ਤੇ ਗਾਲਿਬ ਰੱਬ ਦਾ ਗੁਆਂਢੀ ਲੱਗਣ ਲੱਗਦਾ ਹੈ।

## ਗਾਲਿਬ ਦੀ ਇਕ ਗਜ਼ਲ

ਕੋਈ ਉਮੀਦ ਬਰ ਨਹੀਂ ਆਤੀ।
ਕੋਈ ਸੂਰਤ ਨਜ਼ਰ ਨਹੀਂ ਆਤੀ।
ਮੌਤ ਕਾ ਏਕ ਦਿਨ ਮੁਅੱਯਨ ਹੈ
ਨੀਂਦ ਕਯੋਂ ਰਾਤ ਭਰ ਨਹੀਂ ਆਤੀ।
ਆਗੇ ਆਤੀ ਥੀ ਹਾਲੇ-ਦਿਲ ਪੇ ਹੰਸੀ
ਅਬ ਕਿਸੀ ਬਾਤ ਪਰ ਨਹੀਂ ਆਤੀ।
ਜਾਨਤਾ ਹੂੰ ਸਵਾਬੇ-ਤਾਅਤ-ਓ-ਜ਼ੋਹਦ
ਪਰ ਤਬੀਯਤ ਇਧਰ ਨਹੀਂ ਆਤੀ।
ਹੈ ਕੁਛ ਐਸੀ ਹੀ ਬਾਤ ਜੋ ਚੁਪ ਹੂੰ
ਵਰਨਾ ਕਯਾ ਬਾਤ ਕਰ ਨਹੀਂ ਆਤੀ।
ਕਯੋਂ ਨ ਚੀਖੂੰ ਕਿ ਯਾਦ ਕਰਤੇ ਹੈਂ
ਮੇਰੀ ਆਵਾਜ਼ ਗਰ ਨਹੀਂ ਆਤੀ।
ਦਾਗ਼ੇ-ਦਿਲ ਗਰ ਨਜ਼ਰ ਨਹੀਂ ਆਤਾ
ਬੂ ਭੀ ਐ (ਬੂਏ) ਚਾਰਾਗਰ ਨਹੀਂ ਆਤੀ।
ਹਮ ਵਹਾਂ ਹੈਂ ਜਹਾਂ ਸੇ ਹਮਕੋ ਭੀ
ਕੁਛ ਹਮਾਰੀ ਖਬਰ ਨਹੀਂ ਆਤੀ।
ਮਰਤੇ ਹੈਂ ਆਰਜ਼ੂ ਮੇਂ ਮਰਨੇ ਕੀ
ਮੌਤ ਆਤੀ ਹੈ ਪਰ ਨਹੀਂ ਆਤੀ।
ਕਾਬਾ ਕਿਸ ਮੂੰਹ ਸੇ ਜਾਓਗੇ 'ਗਾਲਿਬ'
ਸ਼ਰਮ ਤੁਮਕੋ ਮਗਰ ਨਹੀਂ ਆਤੀ।

***(ਮੁਅੱਯਨ=ਨਿਸ਼ਚਿਤ, ਸਵਾਬੇ-ਤਾਅਤ-ਓ-ਜ਼ੋਹਦ=ਅਰਦਾਸ ਤੇ ਵੈਰਾਗ ਦਾ ਪੁੰਨ, ਚਾਰਾਗਰ=ਇਲਾਜ ਕਰਨ ਵਾਲਾ)***

# ਭਗਤ ਸਿੰਘ, ਬਾਬਾ ਚੀਮਾ ਤੇ ਪਿਸਤੌਲ!

**ਜੰਗ-ਏ-ਆਜ਼ਾਦੀ ਦੇ ਸੂਰਮੇ**

ਤੁਮ ਹਮੇਂ ਸਾਥ ਮੇ ਰੱਖਾ ਕਰੋ
ਆਦਤ ਕੀ ਤਰਹ।
ਵਰਨਾ ਹਮ ਉਠ ਕੇ ਚਲੇ ਜਾਏਂਗੇ
ਬਰਕਤ ਕੀ ਤਰਹ।

ਮੁਨੱਵਰ ਰਾਣਾ ਦਾ ਨੌਜਵਾਨਾਂ ਨੂੰ ਬਜੁਰਗਾਂ ਦੇ ਮਾਣ ਸਤਿਕਾਰ ਬਾਰੇ ਕਿਹਾ ਇਹ ਸ਼ਿਅਰ ਮੈਨੂੰ ਵਾਰ ਵਾਰ ਯਾਦ ਆ ਰਿਹਾ ਹੈ। ਬਜੁਰਗਾਂ ਕੋਲ ਬਹੁਤ ਕੀਮਤੀ ਖਜਾਨਾ ਹੁੰਦਾ ਹੈ, ਉਨ੍ਹਾਂ ਦਾ ਤਜ਼ਰਬਾ, ਜਿਸ ਤੋਂ ਫਾਇਦਾ ਉਠਾਉਣਾ ਅਗਲੀ ਪੀੜ੍ਹੀ ਦਾ ਕੰਮ ਹੁੰਦਾ ਹੈ।

ਜ਼ਿੰਦਗੀ ਦੇ ਸੱਤ ਦਹਾਕੇ ਖੱਬੇ ਪੱਖੀ ਲਹਿਰ ਦੇ ਲੇਖੇ ਲਾਉਣ ਵਾਲੇ ਬਜੁਰਗ ਬਾਪੂ ਗੁਰਦੀਪ

**ਇੰਦਰਜੀਤ ਚੁਗਾਵਾਂ**

ਸਿੰਘ ਅਣਖੀ, ਜੋ ਆਪਣੇ ਬੇਟੇ ਹਰਜਿੰਦਰ ਢੇਸੀ ਨਾਲ ਫਰਿਜ਼ਨੋ (ਕੈਲੀਫੋਰਨੀਆ) ਰਹਿੰਦੇ ਹਨ, ਨਾਲ ਬੈਠਣ ਤੇ ਉਨ੍ਹਾਂ ਦੀਆਂ ਯਾਦਾਂ ਸੁਣਨ ਤੇ ਮਾਣਨ ਦਾ ਪ੍ਰੋਗਰਾਮ ਵਾਰ ਵਾਰ ਅੱਗੇ ਪੈ ਰਿਹਾ ਸੀ। ਕਦੇ ਮੇਰੇ ਕੋਲ ਸਮਾਂ ਨਾ ਹੁੰਦਾ ਤੇ ਜੇ ਹੁੰਦਾ, ਤਾਂ ਉਨ੍ਹਾਂ ਡਾਕਟਰ ਕੋਲ ਜਾਣਾ ਹੁੰਦਾ। ਆਖਰ ਦਿਨ ਤੈਅ ਹੋ ਗਿਆ ਤੇ ਆਪਣੇ ਚਾਚਾ ਗੁਲਜ਼ਾਰ ਸਿੰਘ ਫੌਜੀ ਨੂੰ ਨਾਲ ਲੈ ਕੇ ਮੈਂ ਉਨ੍ਹਾਂ ਦੇ ਘਰ ਜਾ ਪੁੱਜਾ। ਬਿਨਾ ਕਿਸੇ ਉਚੇਚ ਦੇ ਅਸੀਂ ਗੱਲਬਾਤ ਸ਼ੁਰੂ ਕਰ ਲਈ, ਜੋ ਏਨੀ ਯਾਦਗਾਰੀ ਹੋ ਨਿਬੜੀ, ਜਿਸ ਦੀ ਮੈਨੂੰ ਆਸ ਨਹੀਂ ਸੀ।

ਮੁਲਾਕਾਤ ਦੌਰਾਨ ਉਨ੍ਹਾਂ ਪਾਰਟੀ ਉਸਾਰੀ ਦੇ ਮੁਢਲੇ ਦੌਰ, ਮੰਡ-ਬੇਟ ਦੇ ਆਬਾਦਕਾਰਾਂ ਨੂੰ ਜਥੇਬੰਦ ਕਰਨ ਤੇ ਜਥੇਬੰਦੀ ਉਸਾਰਨ ਲਈ ਵਰਤੇ ਜਾਂਦੇ ਢੰਗ ਤਰੀਕਿਆਂ ਬਾਰੇ ਖੂਬ ਗੱਲਾਂ ਕੀਤੀਆਂ। ਜਦ ਗਦਰੀ ਬਾਬਾ ਕਰਮ ਸਿੰਘ ਚੀਮਾ ਦਾ ਜ਼ਿਕਰ ਆਇਆ ਤਾਂ ਉਨ੍ਹਾਂ ਦੇ ਸ਼ਹੀਦ ਭਗਤ ਸਿੰਘ ਨਾਲ ਨਜ਼ਦੀਕੀ ਸਬੰਧਾਂ ਬਾਰੇ ਇੱਕ ਬੇਹੱਦ ਕੀਮਤੀ ਤੇ ਇਤਿਹਾਸਕ ਜਾਣਕਾਰੀ ਸਾਹਮਣੇ ਆਈ, ਜਿਸ ਦਾ ਜ਼ਿਕਰ (ਸ਼ਾਇਦ) ਇਤਿਹਾਸ ਵਿਚ ਕਿਤੇ ਵੀ ਦਰਜ ਨਹੀਂ।



(ਵਿਚਾਲੇ) ਗੁਰਦੀਪ ਸਿੰਘ ਅਣਖੀ



ਸ਼ਹੀਦ-ਏ-ਆਜ਼ਮ ਭਗਤ ਸਿੰਘ




ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਪਿਸਤੌਲ

ਗੱਲ ਰੁੜਕਾ ਕਲਾਂ 'ਚ ਸਤੰਬਰ 1971 'ਚ ਹੋਈ ਕੁਲ ਹਿੰਦ ਕਿਸਾਨ ਸਭਾ ਦੀ ਕੌਮੀ ਪੱਧਰ ਦੀ ਕਾਨਫਰੰਸ ਬਾਰੇ ਚੱਲੀ ਤਾਂ ਉਸ ਦੀ ਤਿਆਰੀ ਦੇ ਸਿਲਸਿਲੇ 'ਚ ਸ. ਅਣਖੀ ਦੱਸ ਰਹੇ ਸਨ ਕਿ ਕਿਵੇਂ ਮਹਿੰਦਰ ਸਿੰਘ ਜੌਹਲ (ਮੇਰੀ ਹਮਸਫਰ ਪਰਮਜੀਤ ਦੇ ਪਿਤਾ ਤੇ ਕਾਮਰੇਡ ਅਣਖੀ ਦੇ ਗਰਾਈਂ) ਤਾਰਾ ਸਿੰਘ ਪੁਆਦੜਾ ਨਾਲ ਮਿਲ ਕੇ ਉਨ੍ਹਾਂ ਦਿਨ ਰਾਤ ਇੱਕ ਕੀਤਾ ਸੀ, ਖਾਣ-ਪੀਣ ਦੀ ਵੀ ਕੋਈ ਸੁੱਧ ਨਹੀਂ ਸੀ ਰਹਿੰਦੀ। ਇਨ੍ਹਾਂ ਪਲਾਂ 'ਚ ਹੀ ਇੱਕ ਇਤਿਹਾਸਕ ਜਾਣਕਾਰੀ ਮੇਰੇ ਹੱਥ ਆ ਗਈ। ਸ਼ਹੀਦ-ਏ-ਆਜ਼ਮ ਦਾ ਬਾਬਾ ਕਰਮ ਸਿੰਘ ਚੀਮਾ ਕੋਲ ਆਉਣ ਜਾਣ ਲੱਗਾ ਰਹਿੰਦਾ ਸੀ।

ਬਾਪੂ ਅਣਖੀ ਨੇ ਦੱਸਿਆ, "ਕਿਸਾਨ ਸਭਾ ਦੀ ਰੁੜਕਾ ਕਲਾਂ ਕਾਨਫਰੰਸ ਦੀ ਤਿਆਰੀ ਸਬੰਧੀ ਮੈਂ ਪਿੰਡ ਚੀਮਾ ਖੁਰਦ ਬਾਬਾ ਕਰਮ ਸਿੰਘ ਚੀਮਾ ਕੋਲ ਗਿਆ ਤਾਂ ਉਹ ਪੁੱਛਣ ਲੱਗੇ ਕਿ 'ਬੱਚੂ ਰੋਟੀ ਖਾਧੀ ਆ ਭਲਾ?' ਮੈਂ ਝਿਜਕਦਿਆਂ ਆਖ ਦਿੱਤਾ, ਬਾਬਾ ਜੀ, ਖਾਧੀ ਸੀ ਸਵੇਰੇ। ਬਾਬਾ ਜੀ ਸਮਝ ਗਏ ਕਿ ਮੈਂ ਭੁੱਖਾ ਹਾਂ ਤੇ ਮੇਰੇ ਲਈ ਰੋਟੀ ਦਾ ਪ੍ਰਬੰਧ ਕਰਨ ਲਈ ਪਰਿਵਾਰ ਨੂੰ ਆਖ ਦਿੱਤਾ। ਰੋਟੀ ਪਾਣੀ ਛਕ ਕੇ ਜਦ ਮੈਂ ਤੁਰਨ ਲੱਗਾ ਤਾਂ ਬਾਬਾ ਜੀ ਵੀ ਨਾਲ ਈ ਮੇਰਾ ਹੱਥ ਫੜ ਕੇ ਤੁਰ ਪਏ। ਆਪਣੀ ਬਾਰਾਂਦਰੀ ਦੀ ਡਿਓੜੀ 'ਚ ਰੁਕ ਕੇ ਮੇਰੇ ਨਾਲ ਕਿਸਾਨ ਕਾਨਫਰੰਸ ਦੀ ਤਿਆਰੀ, ਫੰਡ ਉਗਰਾਹੀ ਬਾਰੇ ਗੱਲਾਂ ਕਰਨ ਲੱਗੇ। ਕਹਿੰਦੇ, "ਲੈ ਬੱਚੂ, ਤੈਨੂੰ ਇੱਕ ਭੇਤ ਦੀ ਗੱਲ ਦੱਸਦਾਂ। ਜਿੱਥੇ ਹੁਣ ਆਪਾਂ ਖੜੇ ਆਂ ਨਾ, ਇਥੇ ਈ ਮੈਂ ਭਗਤ ਸਿੰਘ ਨੂੰ ਉਹ ਪਿਸਤੌਲ ਦਿੱਤਾ ਸੀ, ਜਿਸ ਨਾਲ ਉਸ ਨੇ ਸਾਂਡਰਸ 'ਤੇ ਗੋਲੀ ਚਲਾਈ ਸੀ।"

ਮੈਂ ਇੱਕਦਮ ਚੌਂਕ ਉਠਿਆ, "ਚਾਚਾ ਜੀ, ਇਹ ਤਾਂ ਇੱਕ ਅਹਿਮ ਇਤਿਹਾਸਕ ਘਟਨਾ ਨਾਲ ਜੁੜੀ ਬੇਹੱਦ ਕੀਮਤੀ ਜਾਣਕਾਰੀ ਐ, ਜੋ ਹੁਣ ਤੱਕ ਕਿਤੇ ਵੀ ਦਰਜ ਨਹੀਂ ਹੈ।" ਮੈਂ ਹੈਰਾਨੀ ਜ਼ਾਹਰ ਕੀਤੀ ਕਿ ਇਹ ਤੱਥ ਹੁਣ ਤੱਕ ਛਿਪਿਆ ਕਿਵੇਂ ਰਹਿ ਗਿਆ!

ਬਾਪੂ ਅਣਖੀ ਦਾ ਜਵਾਬ ਸੀ, "ਕਾਕਾ ਅਸੀਂ ਕਿਹੜਾ ਤੁਹਾਡੇ ਵਰਗੇ ਪੱਤਰਕਾਰ ਜਾਂ ਲਿਖਾਰੀ ਸੀ, ਜੋ ਲਿਖ ਕੇ ਲੋਕਾਂ ਨੂੰ ਦੱਸਦੇ। ਤੇ ਬਾਬਾ ਚੀਮਾ ਤਾਂ ਸਾਰੀ ਉਮਰ ਹਕੂਮਤਾਂ ਨਾਲ ਸੰਘਰਸ਼ ਈ ਕਰਦਾ ਰਿਹਾ, ਪਹਿਲਾਂ ਅੰਗਰੇਜ਼ਾਂ ਨਾਲ ਤੇ ਫਿਰ ਦੇਸੀ ਹਾਕਮਾਂ ਨਾਲ। ਉਨ੍ਹਾਂ ਨੂੰ ਇਨ੍ਹਾਂ ਗੱਲਾਂ ਲਈ ਵਿਹਲ ਕਿੱਥੇ ਸੀ?" ਫਿਰ ਹੱਸਦਿਆਂ ਕਹਿਣ ਲੱਗੇ, "ਲੈ ਬੱਚੂ ਹੁਣ ਤੇਰੇ ਜ਼ੁੰਮੇ ਆਂ, ਤੂੰ ਦੱਸ ਲੋਕਾਂ ਨੂੰ।"

ਇਸ ਘਟਨਾਕ੍ਰਮ ਨਾਲ ਈ ਜੁੜੀ ਇੱਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ। ਸ. ਅਣਖੀ ਨੇ ਕਿਹਾ, "ਬਹੁਤ ਸਾਰੇ ਲੋਕਾਂ ਨੇ, ਜਿਨ੍ਹਾਂ 'ਚ ਕਾਂਗਰਸੀਆਂ ਦੀ ਝੰਡੀ ਰਹੀ, ਆਜ਼ਾਦੀ ਘੁਲਾਟੀਆਂ ਵਾਲੀ ਪੈਨਸ਼ਨ ਹਾਸਲ ਕਰਨ ਲਈ ਝੂਠੇ ਕਾਗਜ਼ ਪੱਤਰ ਬਣਾਏ ਤੇ ਕਾਮਯਾਬ ਵੀ ਹੋਏ। ਰਾਏਪੁਰ ਅਰਾਈਆਂ ਦੇ ਸੁਰੈਣ ਸਿੰਘ ਨੇ ਜੰਡਿਆਲੇ ਵਾਲੇ ਕਾਂਗਰਸੀ ਦਰਬਾਰਾ ਸਿੰਘ, ਜੋ ਬਾਅਦ 'ਚ ਪੰਜਾਬ ਦਾ ਮੁੱਖ ਮੰਤਰੀ ਬਣਿਆ, ਕੋਲੋਂ ਤਸਦੀਕ ਕਰਵਾ ਕੇ ਅਰਜ਼ੀ ਪਾਈ ਕਿ ਭਗਤ ਸਿੰਘ ਨੂੰ ਪਿਸਤੌਲ ਖਰੀਦਣ ਲਈ ਆਪਣੀ ਜ਼ਮੀਨ ਵੇਚ ਕੇ 300 ਰੁਪਏ ਉਸ ਨੇ ਦਿੱਤੇ ਸਨ ਤੇ ਉਹ ਪੈਨਸ਼ਨ ਹਾਸਲ ਕਰਨ 'ਚ ਕਾਮਯਾਬ ਵੀ ਰਿਹਾ। ਉਸ ਦੇ ਭਰਾ ਉਸ ਨੂੰ ਗਾਲ੍ਹਾਂ ਕੱਢਣ ਕਿ ਹਰਾਮੀ ਝੂਠ ਬਕਦੈ, ਸਾਨੂੰ ਦੱਸੇ ਖਾਂ ਇਹਨੇ ਕਿਹੜਾ ਖੇਤ ਵੇਚਿਐ? ਸਾਡਾ ਤਾਂ ਇੱਕ ਸਿਆੜ ਵੀ ਨਹੀਂ ਵਿਕਿਆ! ਅਜਿਹੇ ਹੋਰ ਪਤਾ ਨਹੀਂ ਕਿੰਨੇ ਸੁਰੈਣ ਸਿੰਘ ਹੋਣਗੇ, ਜੋ 'ਆਜ਼ਾਦੀ ਘੁਲਾਟੀਏ' ਬਣ ਗਏ।"

ਜ਼ਿਕਰਯੋਗ ਹੈ ਕਿ ਬਾਬਾ ਕਰਮ ਸਿੰਘ ਚੀਮਾ ਜੈਲਦਾਰਾਂ ਦੇ ਪਰਿਵਾਰ ਵਿਚੋਂ ਸਨ। ਅਜਿਹੇ ਪਰਿਵਾਰ ਦਾ ਹਿੱਸਾ ਹੁੰਦਿਆਂ ਗਦਰ ਪਾਰਟੀ ਤੇ ਫਿਰ ਕਮਿਊਨਿਸਟ ਲਹਿਰ 'ਚ ਸਰਗਰਮੀ ਨਾਲ ਹਿੱਸਾ ਲੈਣਾ ਆਪਣੇ ਆਪ 'ਚ ਮਾਇਨੇ ਰੱਖਦਾ ਹੈ। ਇੱਥੇ ਇਹ ਗੱਲ ਸਪੱਸ਼ਟ ਕਰਨੀ ਜਰੂਰੀ ਹੈ ਕਿ ਭਗਤ ਸਿੰਘ ਦੇ ਪਿਸਤੌਲ ਨਾਲ ਸਬੰਧਿਤ ਬਿਰਤਾਂਤ ਪੇਸ਼ ਕਰਨ ਦਾ ਮਕਸਦ ਇਤਿਹਾਸਕ ਤੱਥਾਂ ਨੂੰ ਸਹੀ ਸੰਦਰਭ 'ਚ ਪੇਸ਼ ਕਰਨਾ ਹੈ, ਨਾ ਕਿ ਉਨ੍ਹਾਂ ਦੀ ਪਿਸਤੌਲ ਵਾਲੀ ਦਿੱਖ ਨੂੰ ਉਭਾਰਨਾ। ਇਹ ਗੱਲ ਚੰਗੀ ਤਰ੍ਹਾਂ ਪਤਾ ਹੋਣੀ ਚਾਹੀਦੀ ਹੈ ਕਿ ਭਗਤ ਸਿੰਘ ਵਿਚਾਰਧਾਰਕ ਜਾਗਰੂਕਤਾ ਨੂੰ ਪਰਮ ਅਗੇਤ ਦਿੰਦੇ ਸਨ। ਉਨ੍ਹਾਂ ਦੀ ਸਮਝ ਸੀ ਕਿ ਗੁਲਾਮੀ ਤੋਂ ਮੁਕਤੀ ਲਈ ਲੋਕਾਂ ਨੂੰ ਵਿਚਾਰਧਾਰਕ ਤੌਰ 'ਤੇ ਜਾਗਰੂਕ ਕਰਕੇ ਹੀ ਅਸਲੀ ਲੋਕ ਮੁਕਤੀ ਲਈ ਤਿਆਰ ਕੀਤਾ ਜਾ ਸਕਦਾ ਹੈ। ਉਨ੍ਹਾਂ ਲਿਖਿਆ ਵੀ ਹੈ, "ਇਨਕਲਾਬ ਦੀ ਧਾਰ ਵਿਚਾਰਾਂ ਦੀ ਸਾਣ 'ਤੇ ਹੀ ਤਿੱਖੀ ਹੁੰਦੀ ਹੈ।"

ਉਹ ਕੇਵਲ ਬਰਤਾਨਵੀ ਸਾਮਰਾਜ ਤੋਂ ਹੀ ਆਜ਼ਾਦੀ ਦੇ ਹੱਕ ਵਿਚ ਨਹੀਂ ਸਨ, ਅਜਿਹੇ ਨਿਜ਼ਾਮ ਦੀ ਸਥਾਪਤੀ ਦੇ ਹੱਕ ਵਿਚ ਵੀ ਸਨ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ, ਜਿੱਥੇ ਕਿਸੇ ਨਾਲ ਜਾਤ, ਰੰਗ, ਨਸਲ ਦੇ ਆਧਾਰ 'ਤੇ ਵਿਤਕਰਾ ਨਾ ਹੋਵੇ। ਅਜਿਹੇ ਨਿਜ਼ਾਮ ਦੀ ਸਥਾਪਤੀ ਲਈ ਬਾਬਾ ਚੀਮਾ ਜਿਹੇ ਅਸਲ ਦੇਸ਼ ਭਗਤ ਆਜ਼ਾਦੀ ਤੋਂ ਬਾਅਦ ਵੀ ਲੱਗੇ ਰਹੇ। ਜੇ ਉਨ੍ਹਾਂ ਦਾ ਮਕਸਦ ਸਿਰਫ ਬਰਤਾਨਵੀ ਸਾਮਰਾਜ ਤੋਂ ਮੁਕਤੀ ਹੀ ਹੁੰਦਾ ਤਾਂ ਉਹ ਵੀ ਆਰਾਮ ਦੀ ਜ਼ਿੰਦਗੀ ਜੀਅ ਸਕਦੇ ਸਨ।

ਬਾਬਾ ਚੀਮਾ ਵਰਗੇ ਬਜੁਰਗਾਂ ਨਾਲ ਜੁੜੀਆਂ ਕਈ ਅਜਿਹੀਆਂ ਘਟਨਾਵਾਂ ਹਨ, ਜੋ ਲੋਕਪੱਖੀ ਜਨਤਕ ਜੀਵਨ ਜਿਉਣ ਦੀ ਇੱਛਾ ਰੱਖਣ ਵਾਲੇ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦੀਆਂ ਹਨ।

ਗਦਰ ਪਾਰਟੀ ਦਾ ਚੋਖਾ ਫੰਡ ਵੀ ਬਾਬਾ ਚੀਮਾ ਕੋਲ ਸੀ, ਜੋ ਉਨ੍ਹਾਂ ਕਮਿਊਨਿਸਟ ਪਾਰਟੀ ਦੇ ਹਵਾਲੇ ਕਰ ਦਿੱਤਾ ਸੀ। ਉਹ ਇੰਨੇ ਇਮਾਨਦਾਰ ਤੇ ਸਿਰੜੀ ਸਨ ਕਿ ਬੋਹੜ ਪੱਟ ਤੂਫਾਨਾਂ ਸਾਹਵੇਂ ਅਡੋਲ ਖੜ੍ਹੇ ਰਹਿਣ ਦਾ ਮਾਦਾ ਰੱਖਦੇ ਸਨ। ਦੇਸ਼ ਭਗਤਾਂ ਵਿਰੁਧ ਮੁਕੱਦਮਿਆਂ ਦੀ ਪੈਰਵੀ ਦੀ ਜ਼ਿੰਮੇਵਾਰੀ ਵੀ ਬਾਬਾ ਚੀਮਾ ਸਿਰ ਸੀ। ਇਹ ਮੁਕੱਦਮੇ ਲੜਨ ਲਈ ਵਿਦੇਸ਼ਾਂ ਵਿਚਲੇ ਦੇਸ਼ ਭਗਤ, ਬਾਬਾ ਜੀ ਨੂੰ ਵੱਖੋ ਵੱਖ ਢੰਗ ਤਰੀਕਿਆਂ ਨਾਲ ਮਾਲੀ ਮਦਦ ਭੇਜਦੇ ਸਨ ਤੇ ਹਾਸਲ ਹੋਈ ਮਦਦ ਦਾ ਇੱਕ ਨਿੱਕਾ ਪੈਸਾ ਵੀ ਕਿਸੇ ਦੂਸਰੇ ਕੰਮ ਲਈ ਨਹੀਂ ਸੀ ਖਰਚਿਆ ਜਾਂਦਾ।

ਬਾਪੂ ਅਣਖੀ ਨੇ ਦੱਸਿਆ ਕਿ ਇੱਕ ਵਾਰ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਰੂਸ ਰਸਤੇ ਇਸ ਕਾਰਜ ਲਈ ਪੈਸੇ ਲੈ ਕੇ ਆਏ ਤਾਂ ਨੂਰ ਮਹਿਲ ਸਟੇਸ਼ਨ ਤੋਂ ਪੈਦਲ ਬਾਬਾ ਚੀਮਾ ਵੱਲ ਤੁਰ ਪਏ। ਕਿਉਂਕਿ ਕਿਸੇ ਬੱਸ, ਟੈਂਪੂ ਦਾ ਤਾਂ ਉਨ੍ਹੀਂ ਦਿਨੀਂ ਕੋਈ ਪ੍ਰਬੰਧ ਹੁੰਦਾ ਨਹੀਂ ਸੀ, ਰਸਤੇ 'ਚ ਉਨ੍ਹਾਂ ਨੂੰ ਪੁਲਿਸ ਨੇ ਫੜ ਲਿਆ ਤੇ ਪੈਸੇ ਬਾਬਾ ਚੀਮਾ ਤੱਕ ਨਾ ਪੁੱਜ ਸਕੇ। ਸਾਰਾ ਪੈਸਾ ਪੁਲਿਸ ਨੇ ਜ਼ਬਤ ਕਰ ਲਿਆ। ਪੁਲਿਸ ਬਾਬਾ ਜਲਾਲਦੀਵਾਲ ਨੂੰ ਲਾਹੌਰ ਕਿਲ੍ਹੇ 'ਚ ਲੈ ਗਈ ਤੇ ਤਸ਼ੱਦਦ ਢਾਹੁਣ 'ਚ ਕੋਈ ਕਸਰ ਬਾਕੀ ਨਾ ਛੱਡੀ, ਪਰ ਉਹ ਕੋਈ ਵੀ ਰਾਜ਼ ਬਾਬਾ ਜਲਾਲਦੀਵਾਲ ਤੋਂ ਨਾ ਕਢਾ ਸਕੇ। ਇਸ ਦੌਰਾਨ ਇੱਕ ਪੁਲਿਸ ਵਾਲਾ ਬਾਬਾ ਜਲਾਲਦੀਵਾਲ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ। ਉਹ ਬਾਬੇ ਨੂੰ ਪੁੱਛਣ ਲੱਗਾ, ਬਾਬਾ ਜੀ, ਬਾਹਰ ਕਿਸੇ ਨੂੰ ਕੋਈ ਸੁੱਖ ਸੁਨੇਹਾ ਤਾਂ ਨਹੀਂ ਭੇਜਣਾ? ਬਾਬਾ ਜਲਾਲਦੀਵਾਲ ਨੇ ਕਿਹਾ ਕਿ ਹੋਰ ਤਾਂ ਕੁਝ ਨਹੀਂ, ਇਹ ਸੁਨੇਹਾ ਬਾਬਾ ਚੀਮਾ ਤੱਕ ਪਹੁੰਚਦਾ ਕਰ ਦੇ ਕਿ ਸਾਰਾ ਪੈਸਾ ਪੁਲਿਸ ਨੇ ਜ਼ਬਤ ਕਰ ਲਿਐ, ਪਰ ਉਹ ਮੇਰੇ ਕੋਲੋਂ ਇੱਕ ਵੀ ਭੇਤ ਨਹੀਂ ਹਾਸਲ ਕਰ ਸਕੇ। ਮਤਲਬ ਕਿ ਬਾਬਾ ਜਲਾਲਦੀਵਾਲ ਨੂੰ ਆਪਣਾ ਨਹੀਂ, ਉਸ ਜ਼ਿੰਮੇਵਾਰੀ ਦਾ ਫਿਕਰ ਸੀ, ਜਿਸ ਨੂੰ ਉਹ ਨਿਭਾ ਨਹੀਂ ਸਨ ਸਕੇ ਤੇ ਇਹ ਚਿੰਤਾ ਵੀ ਸੀ ਕਿ ਬਾਬਾ ਚੀਮਾ ਲੋੜ ਪੈਣ 'ਤੇ ਪੈਸੇ ਦਾ ਜੁਗਾੜ ਕਿੱਥੋਂ ਕਰਨਗੇ?




(ਖੱਬੇ) ਬਾਬਾ ਸੋਹਣ ਸਿੰਘ ਭਕਨਾ ਅਤੇ (ਸੱਜੇ) ਬਾਬਾ ਕਰਮ ਸਿੰਘ ਚੀਮਾ

ਗੱਲ ਖੁਸ਼ ਹੈਸੀਅਤੀ ਮੋਰਚੇ ਬਾਰੇ ਚੱਲੀ ਤਾਂ ਬਾਪੂ ਅਣਖੀ ਆਖਣ ਲੱਗੇ, "ਇੰਦਰਜੀਤ, ਕਾਕਾ ਇਨ੍ਹਾਂ ਬਜੁਰਗਾਂ ਦੇ ਬਲਿਹਾਰੇ ਜਾਈਏ, ਜਿਨ੍ਹਾਂ ਆਪਣੇ ਆਖਰੀ ਸਾਹਾਂ ਤੱਕ ਵੀ ਲੋਕਪੱਖੀ ਸਿਆਸਤ ਤੋਂ ਕਿਨਾਰਾ ਨਹੀਂ ਕੀਤਾ, ਕਦੇ ਆਪਣੀ ਸੁੱਖ ਸਹੂਲਤ ਬਾਰੇ ਨਹੀਂ ਸੋਚਿਆ। ਹਮੇਸ਼ਾ ਇਹੀ ਖਿਆਲ ਰਿਹਾ ਕਿ ਕਿਤੇ ਲੋਕ-ਸੇਵਾ ਵਾਲੀ ਚਾਦਰ ਮੈਲੀ ਨਾ ਹੋ ਜਾਵੇ। ਜਲੰਧਰ ਜੇਲ੍ਹ 'ਚ ਸਾਡਾ ਤੰਬੂ ਫਾਂਸੀ ਵਾਲੀ ਕੋਠੜੀ ਵਾਲੇ ਅਹਾਤੇ ਵਿਚ ਸੀ। ਮੈਂ ਦੇਖਿਆ ਕਿ ਬਾਬਾ ਕਰਮ ਸਿੰਘ ਚੀਮਾ ਆਪਣਾ ਖੂੰਡਾ ਕੱਛ ਵਿਚ ਲਈ ਕੰਧ ਨਾਲ ਢਾਸਣਾ ਲਾ ਕੇ ਖਾਣਾ ਲੈਣ ਵਾਸਤੇ ਕਤਾਰ 'ਚ ਖੜ੍ਹੇ ਹਨ। ਮੈਂ ਭੱਜ ਕੇ ਕੋਲ ਗਿਆ ਤੇ ਆਖਿਆ ਕਿ ਬਾਬਾ ਜੀ ਤੁਸੀਂ ਤੰਬੂ 'ਚ ਬੈਠੋ, ਖਾਣਾ ਮੈਂ ਲੈ ਆਉਨਾਂ। ਬਾਬਾ ਕਹਿਣ ਲੱਗਾ, 'ਬੱਚੂ ਰੋਟੀ-ਪਾਣੀ ਹਮੇਸ਼ਾ ਲੋਕਾਂ 'ਚ ਬੈਠ ਕੇ ਛਕਣਾ ਚਾਹੀਦਾ, ਨਹੀਂ ਤਾਂ ਲੋਕ ਗਾਲ੍ਹਾਂ ਕੱਢਣ ਲੱਗ ਪੈਂਦੇ ਆ ਕਿ ਪਤਾ ਨਹੀਂ ਕੰਜਰ ਅੰਦਰ ਲੁਕ ਕੇ ਕੀ ਖਾਈ ਜਾਂਦੇ ਆ।' ਉਨ੍ਹਾਂ ਦੀ ਇਹ ਗੱਲ ਮੈਨੂੰ ਜ਼ਿੰਦਗੀ ਭਰ ਨਹੀਂ ਭੁੱਲੀ।"

ਮੈਂ ਇਹ ਗੱਲ ਸੁਣਦਾ ਸੋਚ ਰਿਹਾ ਸੀ ਕਿ ਇਸ ਨਿੱਕੀ ਜਿਹੀ ਗੱਲ ਦੇ ਅਰਥ ਕਿੰਨੇ ਡੂੰਘੇ ਹਨ। ਇੱਕ ਚੰਗੇ ਆਗੂ ਦੀ ਪਛਾਣ ਈ ਇਹ ਹੈ ਕਿ ਲੋਕਾਂ ਨੂੰ ਉਹ ਆਪਣੇ ਵਰਗਾ ਈ ਜਾਪੇ।

ਬਾਪੂ ਅਣਖੀ ਦੀਆਂ ਗੱਲਾਂ ਸੁਣਦਿਆਂ ਮਹਿਸੂਸ ਕੀਤਾ ਕਿ ਆਪਣੇ ਬਜੁਰਗਾਂ ਦੇ ਜੀਵਨ ਦੇ ਲੋਕ ਸੇਵਾ ਨੂੰ ਸਮਰਪਿਤ ਪਲਾਂ ਨਾਲ ਸਬੰਧਤ ਸੁਨਹਿਰੀ ਪੱਤਰਾਂ ਨੂੰ ਸਾਂਭ ਕੇ ਰੱਖਣਾ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਨ੍ਹਾਂ ਨੂੰ ਪ੍ਰੇਰਨਾ ਸਰੋਤ ਬਣਾ ਕੇ ਸੰਜੀਦਗੀ ਨਾਲ ਪੇਸ਼ ਕਰਨਾ ਸਾਡੀ ਅਹਿਮ ਜ਼ਿੰਮੇਵਾਰੀ ਹੈ ਤੇ ਹੋਣੀ ਵੀ ਚਾਹੀਦੀ ਹੈ।

## ਭਗਤ ਸਿੰਘ ਦੇ ਟੱਪੇ

ਦਿੱਤਾ ਵਾਰ ਜੁਆਨੀ ਨੂੰ
ਕੌਣ ਭੁੱਲ ਸਕਦਾ ਹੈ
ਤੇਰੀ ਇਸ ਕੁਰਬਾਨੀ ਨੂੰ।

ਮਹਿਮਾ ਸ਼ੇਰ ਦੀ ਗਾਵਾਂਗੇ
ਵੀਰ ਸੋਹਣੇ ਭਗਤ ਸਿੰਘ ਜੀ
ਕਥਾ ਤੇਰੀ ਸੁਣਾਵਾਂਗੇ।

ਅੱਖੀਆਂ ਵਿਚ ਫਿਰਦੇ ਨੇ
ਜਦੋਂ ਤੇਰੀ ਯਾਦ ਆਵੇ
ਹੰਝੂ ਅੱਖਾਂ ਵਿਚੋਂ ਗਿਰਦੇ ਨੇ।

ਐਸਾ ਕਰਮ ਕਮਾਇਆ ਤੂੰ
ਦੇਸ਼ ਦੀ ਆਜ਼ਾਦੀ ਬਦਲੇ
ਗਲ ਫਾਂਸੀ ਨੂੰ ਪਾਇਆ ਤੂੰ।

ਬਾਗੇ ਵਿਚ ਆਰੀ ਏ
ਆਪਣੇ ਦੇਸ਼ ਬਦਲੇ
ਬਾਜ਼ੀ ਜ਼ਿੰਦਗੀ ਦੀ ਮਾਰੀ ਏ।

ਸੋਹਣੀ ਜ਼ਿੰਦੜੀ ਗਵਾਈ ਤੂੰ
ਸ਼ਮਾ ਜੋ ਆਜ਼ਾਦੀ ਦੀ
ਜਿੰਦ ਦੇ ਕੇ ਜਗਾਈ ਤੂੰ।

ਤੂੰ ਸੀ ਕੌਮ ਦਾ ਦੀਵਾਨਾ
ਹੱਸ ਹੱਸ ਬੰਨ੍ਹ ਲਿਆ ਸੀ
ਹੱਥਕੜੀਆਂ ਦਾ ਤੂੰ ਗਾਨਾ।

ਸ਼ੇਰਾ! ਜਿਗਰਾ ਦਿਖਾਇਆ ਤੂੰ
ਅਸੈਂਬਲੀ 'ਚ ਬੰਬ ਮਾਰ ਕੇ
ਗੈਰਾਂ ਨੂੰ ਡਰਾਇਆ ਤੂੰ।

ਹਰ ਗੋਰਾ ਘਬਰਾਇਆ ਸੀ
ਸਾਥੀਆ! ਫਰੰਗੀਆਂ ਨੂੰ
ਕੁੱਲ ਵਖਤ ਤੂੰ ਪਾਇਆ ਸੀ।

ਤੇਰਾ ਮੌਤ ਨੂੰ ਗਲ ਲਾਣਾ
ਸਬਕ ਸਿਖਾਇਆ ਜੱਗ ਨੂੰ
ਵਤਨਾਂ ਤੋਂ ਮਰ ਜਾਣਾ।

ਕੌਮੀ ਸ਼ਮਾ ਉਤੇ ਮਰ ਹੀ ਗਿਆ
ਲਾਜ ਵਾਲੇ ਸਿਹਰੇ ਬੰਨ੍ਹ ਕੇ
ਘੋੜੀ ਮੌਤ ਦੀ ਚੜ੍ਹ ਹੀ ਗਿਆ।

ਕੌਣ ਤੈਥੋਂ ਬਲਕਾਰੀ ਭਲਾ
ਨਾਮ ਤੇਰਾ ਦੁਨੀਆਂ 'ਤੇ
ਸਦਾ ਚੰਨ ਵਾਂਗੂੰ ਚਮਕੇਗਾ।

# ਕਮਰ ਕਿ ਕਮਰਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕਿਸੇ ਦੀ ਕਮਰ ਬਹੁਤ ਮੋਟੀ ਹੋਵੇ ਤਾਂ ਆਮ ਤੌਰ 'ਤੇ ਉਸ ਨੂੰ ਛੇੜਨ ਲਈ ਕਿਹਾ ਜਾਂਦਾ ਹੈ ਕਿ ਤੇਰੀ ਕਮਰ ਹੈ ਕਿ ਕਮਰਾ। ਅਖਬਾਰਾਂ ਵਿਚ ਪ੍ਰੇਰਨਾਰਥ ਲੇਖ ਜਾਂ ਇਸ਼ਤਿਹਾਰ ਪੜ੍ਹਨ ਨੂੰ ਮਿਲਦੇ ਰਹਿੰਦੇ ਹਨ ਕਿ ਜੇ ਤੁਹਾਡੀ ਕਮਰ ਵਿਚ ਚਰਬੀ ਚੜ੍ਹ ਕੇ ਕਮਰਾ ਬਣ ਚੁਕੀ ਹੈ ਤਾਂ ਫਲਾਣੇ ਫਲਾਣੇ ਨੁਸਖੇ ਅਜਮਾਓ। ਕਿਸ ਔਰਤ ਦੀ ਕਾਮਨਾ ਨਹੀਂ ਕਿ ਉਸ ਦੀ ਕਮਰ ਪਤਲੀ ਹੋਵੇ? ਮਰਦ ਪਤਲੀ ਕਮਰੀਆ 'ਤੇ ਮਰਦੇ ਹਨ। ਮੁਕੇਸ਼-ਲਤਾ ਦੇ ਇਕ ਗੀਤ ਦੇ ਬੋਲ ਹਨ, 'ਪਤਲੀ ਕਮਰ ਹੈ, ਤਿਰਛੀ ਨਜ਼ਰ ਹੈ।' ਪੰਜਾਬੀਆਂ ਦੀ ਝਾਕਣੀ ਵੀ ਔਰਤ-ਸਰੀਰ ਦੇ ਇਸੇ ਹਿੱਸੇ 'ਤੇ ਟਿਕੀ ਰਹਿੰਦੀ ਹੈ, 'ਲੱਕ ਤੇਰਾ ਪਤਲਾ ਜਿਹਾ।' ਉਂਜ ਵੀ ਕਮਰਾ ਸ਼ਬਦ ਤੋਂ ਕੰਨਾ ਹੀ ਉਤਾਰਨਾ ਹੈ, ਕਮਰ ਸਾਹਮਣੇ ਪ੍ਰਗਟ ਹੋ ਜਾਵੇਗੀ! ਕੀ ਕਮਰ ਤੇ ਕਮਰਾ ਸ਼ਬਦ ਵਿਚ ਕੋਈ ਭਾਵੁਕ ਸਾਂਝ ਹੈ?

ਕੁਝ ਸਾਲ ਪਹਿਲਾਂ ਅਸੀਂ ਇੱਕ ਲੇਖ ਵਿਚ ਕਾਮਰੇਡ, ਕਮਰਾ, ਕੈਮਰਾ, ਚੈਂਬਰ ਆਦਿ ਬਾਰੇ ਲਿਖ ਆਏ ਹਾਂ। ਨਿਰੁਕਤੀ ਪੱਖੋਂ ਇਹ ਸਾਰੇ ਇੱਕ ਦੂਜੇ ਨਾਲ ਸਬੰਧਤ ਸੰਕਲਪ ਹਨ, ਜਿਨ੍ਹਾਂ ਵਿਚ 'ਕਾਸੇ ਦੇ ਘਿਰੇ ਹੋਏ ਹੋਣ ਦਾ' ਤੋਂ ਮੁਰਾਦ ਹੈ। ਇਨ੍ਹਾਂ ਸ਼ਬਦਾਂ ਦਾ ਪਿਛੋਕੜ ਭਾਵੇਂ ਯੂਰਪੀ ਹੈ, ਪਰ ਇਹ ਲਗਭਗ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਰਚੇ-ਮਿਚੇ ਹੋਏ ਹਨ। ਇਨ੍ਹਾਂ ਦੇ ਬਹੁਤ ਪਿਛੇ ਇਕੋ ਸ਼ਬਦ ਕਾਰਗਰ ਹੈ। ਅੱਜ ਅਸੀਂ ਇਨ੍ਹਾਂ ਨੂੰ ਇੱਕ ਸਾਂਝੇ ਭਾਰੋਪੀ ਮੂਲ ਵਿਚ ਪਰੋ ਕੇ ਸਮਝਣ ਦੀ ਕੋਸ਼ਿਸ਼ ਕਰਦਿਆਂ ਇਨ੍ਹਾਂ ਦੇ ਹਿੰਦ-ਆਰਿਆਈ ਭਾਸ਼ਾਵਾਂ ਵਿਚ ਸਜਾਤੀ ਲੱਭਣ ਦਾ ਯਤਨ ਕਰਾਂਗੇ।

ਪਹਿਲਾਂ ਇਨ੍ਹਾਂ ਦੇ ਸਬੰਧਾਂ ਦਾ ਮੁੜ ਖੁਲਾਸਾ ਕਰ ਲਈਏ। ਨਿਰੁਕਤ-ਸ਼ਾਸਤਰੀਆਂ ਨੇ ਇਨ੍ਹਾਂ ਸ਼ਬਦਾਂ ਦੇ ਧੁਰ ਪਿਛੇ ਪ੍ਰਾਚੀਨ ਗਰੀਕ ਕਮਰ (Kamara) ਲੱਭਿਆ ਹੈ। ਕਮਰੇ ਦੇ ਅਰਥ ਵਾਲਾ ਚੈਂਬਰ ਸ਼ਬਦ ਦਰਅਸਲ ਇਸੇ ਕਮਰ ਦਾ ਹੀ ਇੱਕ ਭੇਦ ਹੈ। ਕਈ ਭਾਸ਼ਾਵਾਂ ਵਿਚ ਇਹ ਸ਼ਬਦ ਜੱਜ ਆਦਿ ਦੇ ਕਮਰੇ ਜਾਂ ਵਿਧਾਨ ਸਭਾ ਦੇ ਕਿਸੇ ਸਦਨ ਜਾਂ ਬੈਠਕ ਲਈ ਹੀ ਰੂੜ ਹੋ ਗਿਆ ਹੈ। ਗਰੀਕ ਦਾ ਇਹ ਸ਼ਬਦ ਮੁਢਲੇ ਤੌਰ 'ਤੇ ਕਿਸੇ ਵੀ ਡਾਟਦਾਰ ਵਲਗਣ, ਮਹਿਰਾਬ, ਗੁੰਬਦ ਜਾਂ ਅਜਿਹੀ ਬਣਤਰ ਵੱਲ ਸੰਕੇਤ ਕਰਦਾ ਹੈ, ਜਿਸ ਦਾ ਢੱਕਣ ਵਿਕ੍ਰਿਤ ਜਾਂ ਢਾਲਵਾਂ ਹੋਵੇ। ਬਹੁਤ ਸਾਰੀਆਂ ਪੁਰਾਣੀਆਂ ਇਮਾਰਤਾਂ, ਤਾਕੀਆਂ, ਦਰਵਾਜਿਆਂ, ਪੁਲਾਂ ਆਦਿ ਦੀਆਂ ਛੱਤਾਂ ਡਾਟਦਾਰ ਹੁੰਦੀਆਂ ਹਨ। ਡਾਟਦਾਰ ਤੋਂ ਦੀਵਾਰਾਂ ਵਾਲੇ ਵਗਲੇ ਕਮਰੇ ਦਾ ਭਾਵ ਵਿਕਸਿਤ ਹੋਣਾ ਸਹਿਜ ਵਰਤਾਰਾ ਹੈ। ਗਰੀਕ ਕਮਰ ਲਾਤੀਨੀ ਵਿਚ ਗਿਆ ਤਾਂ ਇਸ ਦਾ ਰੂਪ ਕੈਮਰਾ (Camera) ਜਿਹਾ ਹੋ ਗਿਆ, ਜਿਸ ਵਿਚ ਇਹੀ ਅਰਥ ਰਹੇ। ਇਸ ਕੈਮਰਾ ਤੋਂ ਹੋਰ ਰੁਮਾਂਸ ਭਾਸ਼ਾਵਾਂ ਜਿਵੇਂ ਇਤਾਲਵੀ, ਸਪੈਨਿਸ਼, ਫਰਾਂਸੀਸੀ, ਰੁਮਾਨੀਅਨ ਵਿਚ ਰਲਦੇ-ਮਿਲਦੇ ਅਰਥਾਂ ਵਾਲੇ ਸ਼ਬਦ ਬਣੇ। ਫਰਾਂਸੀਸੀ ਵਿਚ ਇਸ ਦਾ ਰੂਪ ਚੈਂਬਰ ਜਿਹਾ ਸੀ ਤੇ ਇਹੋ ਅੰਗਰੇਜ਼ੀ ਵਿਚ ਚਲਾ ਗਿਆ। ਰੁਮਾਨੀਅਨ ਤੇ ਡੱਚ ਭਾਸ਼ਾਵਾਂ ਵਿਚ ਕਮਰੇ ਲਈ



ਕਾਮੇਰਾ ਸ਼ਬਦ ਹੈ। ਹਾਬਸਨ-ਜਾਬਸਨ ਕੋਸ਼ ਅਨੁਸਾਰ ਅੰਦਰ, ਕੋਠੜੀ ਆਦਿ ਦੇ ਅਰਥਾਂ ਵਾਲਾ ਕਮਰਾ ਸ਼ਬਦ ਪੁਰਤਗਾਲੀ ਭਾਸ਼ਾ ਦਾ ਹੈ, ਜੋ ਅੱਜ ਤੋਂ ਕੋਈ ਪੰਜ ਸਦੀਆਂ ਪਹਿਲਾਂ ਪੁਰਤਗਾਲੀਆਂ ਦੇ ਭਾਰਤ ਵਿਚ ਆਂਸ਼ਕ ਸ਼ਾਸਨ ਦੌਰਾਨ ਭਾਰਤੀ ਖਿੱਤੇ ਵਿਚ ਪਧਾਰਿਆ ਤਾਂ ਘਰ ਘਰ ਕਮਰੇ ਬਣਨ ਲੱਗੇ!

ਲਾਤੀਨੀ ਕੈਮਰਾ ਔਬਸਕਯੁਰਾ ਦਾ ਸ਼ਾਬਦਿਕ ਅਰਥ ਹੈ, ਹਨੇਰਾ ਡੱਬਾ। ਇਹ ਇਕ ਅਜਿਹਾ ਜੁਗਾੜ ਹੈ, ਜਿਸ ਦਾ ਡੱਬਾ ਅੰਦਰੋਂ ਕਾਲੇ ਰੰਗ ਦਾ ਹੁੰਦਾ ਹੈ ਅਤੇ ਜਿਸ ਦੇ ਇਕ ਪਾਸੇ ਲੈਂਜ਼ ਲਾ ਕੇ ਬਾਹਰਲੀਆਂ ਚੀਜ਼ਾਂ ਦੇ ਬਿੰਬ ਪਰਤਾਏ ਜਾਂਦੇ ਹਨ। ਅਸੀਂ ਸਕੂਲਾਂ ਵਿਚ ਸੂਈ-ਛੇਕ-ਕੈਮਰੇ ਬਾਰੇ ਪੜ੍ਹਿਆ ਹੈ, ਜੋ ਲਗਭਗ ਇਹੀ ਚੀਜ਼ ਹੈ। ਆਧੁਨਿਕ ਫੋਟੋਆਂ ਖਿੱਚਣ ਵਾਲੇ ਕੈਮਰੇ ਦਾ ਵਿਚਾਰ ਇਸੇ ਵਰਤਾਰੇ ਤੋਂ ਹੀ ਪੈਦਾ ਹੋਇਆ ਤੇ ਇਸੇ ਨੂੰ ਇਹ ਨਾਂ ਬਖਸ਼ਿਆ ਗਿਆ। ਹੌਲੀ ਹੌਲੀ 'ਕੈਮਰਾ ਔਬਸਕਯੁਰਾ' ਸ਼ਬਦ ਤੋਂ ਔਬਸਕਯੁਰਾ ਸ਼ਬਦ ਖਿਸਕ ਗਿਆ ਤੇ ਬਾਕੀ ਕੈਮਰਾ ਹੀ ਰਹਿ ਗਿਆ, ਜੋ ਅੱਜ ਤੱਕ ਪ੍ਰਚਲਿਤ ਹੈ।

ਕਮਰ ਸ਼ਬਦ ਗਰੀਕ ਤੋਂ ਲਾਤੀਨੀ ਵੱਲ ਹੁੰਦਾ ਹੋਇਆ ਸਪੈਨਿਸ਼ ਵਿਚ ਪੁੱਜਾ ਤਾਂ ਇਸ ਨੇ ਕਾਮਾਰੇਡਾ ਜਿਹਾ ਰੂਪ ਧਾਰਿਆ, ਜਿਸ ਦਾ ਅਰਥ ਹੋਇਆ, ਇਕੋ ਕਮਰੇ ਵਿਚ ਰਹਿਣ ਵਾਲਾ ਜਾਂ ਕਹਿ ਲਵੋ ਹਮ-ਕਮਰਾ। ਕੇਮੇਰਾਦ ਬਣ ਕੇ ਇਹੋ ਸ਼ਬਦ ਸੋਲ੍ਹਵੀਂ ਸਦੀ ਵਿਚ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਦਾਖਿਲ ਹੋਇਆ ਤਾਂ ਇਸ ਦਾ ਅਰਥ ਵਿਸਤਾਰ ਹੋ ਕੇ ਇਹ ਸਾਥੀ ਦਾ ਸੰਕੇਤਕ ਬਣ ਗਿਆ।

ਇਕ ਇਤਲਾਹ ਅਨੁਸਾਰ 1884 ਵਿਚ ਸੋਸ਼ਲਿਸਟਾਂ ਅਤੇ ਕਮਿਊਨਿਸਟਾਂ ਨੇ ਆਪਣੀ ਵਿਸ਼ੇਸ਼ ਪਛਾਣ ਦਰਸਾਉਣ ਲਈ ਮਿਸਟਰ ਦੇ ਟਾਕਰੇ 'ਤੇ ਇਸ ਸ਼ਬਦ ਨੂੰ ਆਪਣੇ ਨਾਂਵਾਂ ਦੇ ਅੱਗੇ ਲਾਉਣਾ ਸ਼ੁਰੂ ਕਰ ਦਿੱਤਾ। ਕਾਮਰੇਡਾਂ ਦੇ ਭਾਰਤੀ ਹਮਰਾਹੀ ਇਸ ਦਾ ਅਨੁਵਾਦ ਕਰਕੇ ਆਪਣੇ ਨਾਂ ਅੱਗੇ ਸਾਥੀ ਸ਼ਬਦ ਦੀ ਵਰਤੋਂ ਕਰਨ ਲੱਗ ਪਏ। ਇਹ ਵੱਖਰੀ ਗੱਲ ਹੈ ਕਿ ਕਾਮਰੇਡ ਸ਼ਬਦ ਇੱਕ ਤਰ੍ਹਾਂ ਕਮਿਊਨਿਸਟ ਦਾ ਸਮਾਨਅਰਥਕ ਵੀ ਹੋ ਗਿਆ, ਪਰ ਸਾਥੀ ਵਿਚ ਇਹ ਜਾਨ ਨਾ ਪੈ ਸਕੀ।

ਕੁਝ ਸ੍ਰੋਤ ਇਨ੍ਹਾਂ ਸ਼ਬਦਾਂ ਦਾ ਪਿੱਛਾ ਗਰੀਕ ਤੱਕ ਹੀ ਲਿਜਾਂਦੇ ਹਨ ਤੇ ਇਸ ਤੋਂ ਅੱਗੇ ਇਸ ਦੀਆਂ ਜੜ੍ਹਾਂ ਨਾ ਫਰੋਲਦਿਆਂ ਇਸ ਦੀ ਵਿਉਤਪਤੀ ਨੂੰ ਅਗਿਆਤ ਗਰਦਾਨਦੇ ਹਨ; ਪਰ ਕੁਝ ਇੱਕ ਥਾਂਵਾਂ 'ਤੇ ਮੈਂ ਇਸ ਭਾਵ ਪਿਛੇ ਸਾਂਝੇ ਭਾਰੋਪੀ ਮੂਲ ਦਾ ਜ਼ਿਕਰ ਦੇਖਿਆ ਹੈ, ਭਾਵੇਂ ਮੈਂ ਇਸ ਦੇ ਸਹੀ ਹੋਣ ਬਾਰੇ ਬਹੁਤਾ ਸੁਨਿਸਚਿਤ ਨਹੀਂ। ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਅਨੁਸਾਰ ਇਹ ਮੂਲ ਹੈ, 'Kam' ਜਿਸ ਵਿਚ ਕਮਾਨੀਦਾਰ, ਡਾਟ, ਵਕ੍ਰਤਾ, ਮਹਿਰਾਬ, ਝੁਕਾਉ ਦੇ ਭਾਵ ਹਨ।

ਪੁਰਾਣੇ ਜ਼ਮਾਨੇ ਤੋਂ ਹੀ ਛੱਤਾਂ ਡਾਟਦਾਰ ਜਾਂ ਢਾਲਵੀਆਂ ਹੁੰਦੀਆਂ ਸਨ। ਇਥੋਂ ਤੱਕ ਕਿ ਛੰਨਾਂ, ਛੱਪਰ ਵੀ ਢਾਲਵੇਂ ਹੀ ਹੁੰਦੇ ਸਨ। ਇਸੇ ਪ੍ਰਸੰਗ ਵਿਚ ਅਸੀਂ ਫਾਰਸੀ ਵਲੋਂ ਆਇਆ ਤੀਰ ਕਮਾਨ ਸ਼ਬਦ-ਜੁੱਟ ਵਿਚਲਾ ਕਮਾਨ ਸ਼ਬਦ ਵਿਚਾਰ ਸਕਦੇ ਹਾਂ। ਕਮਾਨ ਧਨੁਖ ਨੂੰ ਆਖਦੇ ਹਨ, 'ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥' (ਗੁਰੂ ਨਾਨਕ ਦੇਵ)। ਕਮਾਨ ਇਕ ਝੁਕਿਆ ਹੋਇਆ, ਖਮਦਾਰ, ਮੁੜਿਆ ਸੰਦ ਹੈ, ਜਿਸ ਨੂੰ ਚਿੱਲੇ ਨਾਲ ਖਿੱਚ ਕੇ ਤੀਰ ਚਲਾਇਆ ਜਾਂਦਾ ਹੈ। ਬਰਮੇ ਦੀ ਕਮਾਣੀ ਵੀ ਇਸੇ ਪ੍ਰਕਾਰ ਦੀ ਖਮਦਾਰ ਹੁੰਦੀ ਹੈ। ਕਮਾਣਚਾ ਜਾਂ ਕਮਾਨਚਾ ਛੋਟੀ ਕਮਾਨ ਨੂੰ ਆਖਦੇ ਹਨ। ਸਾਜ਼ ਵਜਾਉਣ ਵਾਲਾ ਗਜ਼ ਅਤੇ ਰੂੰ ਪਿੰਜਣ ਵਾਲਾ ਸੰਦ ਵੀ ਕਮਾਨਚਾ ਅਖਵਾਉਂਦਾ ਹੈ। ਫਾਰਸੀ ਵਿਚ ਸਤਰੰਗੀ ਪੀਂਘ ਨੂੰ ਕਮਾਨ-ਏ-ਰੁਸਤਮ ਕਿਹਾ ਜਾਂਦਾ ਹੈ। ਫਾਰਸੀ ਵਿਚ ਕਮਾਨ ਦਾ ਇੱਕ ਰੁਪਾਂਤਰ ਖਮਾਨ ਵੀ ਹੈ, ਜਿਸ ਦਾ ਮਤਲਬ ਕਮਾਨ ਤੋਂ ਇਲਾਵਾ ਟੇਢ, ਝੁਕਣ, ਦੋ ਟੇਢੀਆਂ ਚੀਜ਼ਾਂ ਵੀ ਹੈ।

ਇਥੇ ਲੱਕ ਦੇ ਅਰਥਾਂ ਵਾਲਾ ਕਮਰ ਸ਼ਬਦ ਵੀ ਥਾਂ ਸਿਰ ਹੈ। ਫਾਰਸੀ ਵਲੋਂ ਆਏ ਕਮਰ ਸ਼ਬਦ ਵਿਚ ਵੀ ਝੁਕਾਉ, ਵਕ੍ਰਤਾ, ਗੁਲਾਈ, ਖਮ ਦੇ ਭਾਵ ਸਪੱਸ਼ਟ ਹਨ। ਕਮਰ ਨੂੰ ਖਿੱਚ ਕੇ ਰੱਖਣ ਵਾਲੀ ਦਵਾਈ ਨੂੰ ਕਮਰਕੱਸ ਆਖਦੇ ਹਨ। ਲੱਕ ਬੰਨ੍ਹ ਕੇ ਰੱਖਣ ਵਾਲਾ ਅਰਥਾਤ ਹਮੇਸ਼ਾ ਤਿਆਰ-ਬਰ-ਤਿਆਰ ਆਦਮੀ ਨੂੰ ਵੀ ਕਮਰਕਸ ਆਖਦੇ ਹਨ। ਲੱਕ ਨੂੰ ਬੰਨ੍ਹਣ ਵਾਲਾ ਪਟਕਾ ਕਮਰਕੱਸਾ ਹੁੰਦਾ ਹੈ। 'ਕਮਰ ਕੱਸਾ ਕਰਨਾ' ਮੁਹਾਵਰੇ ਦਾ ਅਰਥ ਬਣ ਗਿਆ, ਕਿਸੇ ਮੁਹਿੰਮ ਲਈ ਤਿਆਰ ਹੋ ਜਾਣਾ। ਇਸ ਨੂੰ ਲੱਕ ਬੰਨ੍ਹਣਾ ਵੀ ਆਖਦੇ ਹਨ। ਲੱਕ ਬੰਨ੍ਹਣ ਵਾਲੇ ਪਰਨੇ ਨੂੰ ਕਮਰਬੰਦ ਆਖਦੇ ਹਨ। ਗੁਰੂ ਨਾਨਕ ਦੇਵ ਨੇ ਸੰਤੋਖ ਨੂੰ ਹੀ ਕਮਰਬੰਦ ਕਿਹਾ ਹੈ, 'ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥' ਇਹ ਸ਼ਬਦ Cummerbund ਵਜੋਂ ਅੰਗਰੇਜ਼ੀ ਵਿਚ ਵੀ ਚਲਾ ਗਿਆ ਹੈ। ਅੱਜ ਕਲ੍ਹ ਪਾਰਟੀਆਂ ਸਮੇਂ ਔਰਤਾਂ ਅਤੇ ਮਰਦਾਂ ਦੇ ਪਹਿਰਾਵੇ ਵਿਚ ਕਮਰਬੰਦ ਦਾ ਫੈਸ਼ਨ ਹੋ ਗਿਆ ਹੈ।

ਅਸੀਂ ਪਿਛੇ ਕਮਰਾ ਸ਼ਬਦ ਨੂੰ ਪੁਰਤਗਾਲੀ ਦਾ ਮਾਂਗਵਾਂ ਸ਼ਬਦ ਦੱਸਿਆ ਹੈ, ਪਰ ਫਾਰਸੀ ਦੇ ਕਮਰਾ ਸ਼ਬਦ ਦੇ ਇਸ ਪ੍ਰਕਾਰ ਦੇ ਅਰਥਾਂ ਤੋਂ ਹੋਰ ਤਸਵੀਰ ਉਘੜਦੀ ਹੈ, "ਰਾਤ ਨੂੰ ਚੌਪਾਏ ਬੰਨ੍ਹਣ ਦੀ ਥਾਂ; ਵਾੜਾ; ਮਹਿਲ ਜਾਂ ਮਹਿਰਾਬਦਾਰ ਤਾਕ; ਉਚੀ ਕੰਧ; ਅੰਗਰੇਜ਼ੀ ਢੰਗ ਨਾਲ ਬਣਾਇਆ ਕੋਠਾ, ਹੁਜਰਾ, ਕੋਠੜੀ; ਰੇਲ ਜਾਂ ਜਹਾਜ ਦਾ ਡੱਬਾ।" ਇਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਜਾਂ ਤਾਂ ਸਾਡਾ ਕਮਰਾ ਸ਼ਬਦ ਪੁਰਤਗਾਲੀ ਤੋਂ ਫਾਰਸੀ ਥਾਣੀਂ ਭਾਰਤੀ ਭਾਸ਼ਾਵਾਂ ਵਿਚ ਪੁੱਜਾ ਜਾਂ ਇਸ ਦਾ ਫਾਰਸੀ ਵਿਚ ਸੁਤੰਤਰ ਤੌਰ 'ਤੇ ਕਮ ਧਾਤੂ ਤੋਂ ਵਿਕਾਸ ਹੋਇਆ ਜਾਂ ਫਿਰ ਦੋਵੇਂ ਗੱਲਾਂ ਹੋਈਆਂ।

ਫਾਰਸੀ 'ਖਮ' ਸ਼ਬਦ ਵੀ ਕਮ ਦਾ ਹੀ ਰੁਪਾਂਤਰ ਹੈ। ਖਮ ਵਿਚ ਝੁਕਾਉ, ਵਕ੍ਰਤਾ, ਵਿੰਗ, ਟੇਢ, ਲਿਫ ਦੇ ਭਾਵ ਹਨ। ਖਮ ਤੋਂ ਬਣੇ ਖਮਦਾਰ ਦਾ ਅਰਥ ਹੈ-ਟੇਢਾ, ਝੁਕਿਆ, ਮੁੜਿਆ। ਫਾਰਸੀ ਬੋਲ 'ਖ਼ਮ ਬਾਸ਼' ਦਾ ਸ਼ਾਬਦਿਕ ਅਰਥ ਹੈ, ਝੁਕ ਜਾਹ, ਅਰਥਾਤ ਕਿਹਾ ਮੰਨ। ਇਥੇ ਕਮੰਦ ਸ਼ਬਦ ਵੀ ਥਾਂ ਸਿਰ ਹੈ। ਕਮੰਦ ਇਕ ਅਜਿਹੀ ਰੱਸੀ ਹੁੰਦੀ ਹੈ, ਜਿਸ ਨੂੰ ਲੜਾਈ ਸਮੇਂ ਸੁੱਟ ਕੇ ਦੁਸ਼ਮਣ ਦੇ ਗਲੇ ਵਿਚ ਫਸਾ ਲਿਆ ਜਾਂਦਾ ਹੈ ਤੇ ਫਿਰ ਖਿੱਚ ਕੇ ਕਾਬੂ ਕਰ ਲਿਆ ਜਾਂਦਾ ਹੈ। ਕਿਸੇ ਚੀਜ਼ ਜਾਂ ਵਿਅਕਤੀ ਨੂੰ ਕਮੰਦ ਪਾ ਕੇ ਉਚੀ ਥਾਂ 'ਤੇ ਚੜ੍ਹਾ ਦਿੱਤਾ ਜਾਂਦਾ ਹੈ। ਚੋਰਾਂ ਦੇ ਅਜਿਹੇ ਰੱਸੇ ਅਤੇ ਹੋਰ ਅੱਗੇ ਰੱਸੀ ਵਾਲੀ ਪੌੜੀ ਨੂੰ ਵੀ ਕਮੰਦ ਕਿਹਾ ਜਾਂਦਾ ਹੈ। ਇਸ ਦਾ ਇਕ ਰੂਪ ਖਮੰਦ ਵੀ ਹੈ। ਇਸ ਸ਼ਬਦ ਵਿਚ ਕਮ/ਖਮ ਸਪੱਸ਼ਟ ਝਲਕਦਾ ਹੈ। ਇਸ ਸ਼ਬਦ ਨੂੰ ਫਾਹੀ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਮਰਦ ਲਈ ਔਰਤ ਦਾ ਹੁਸਨ ਕਮੰਦ (ਫਾਹੀ) ਹੀ ਤਾਂ ਹੁੰਦਾ ਹੈ, ਅਲੀ ਹੈਦਰ ਮੁਲਤਾਨੀ ਤੋਂ ਪੁੱਛੋ,

ਅਲਿਫ-ਓਸ ਸੁਨਹਰੀ ਫੰਨੜੇ ਦਾ,
ਦਿਲ ਡੰਗੜਾ ਮੈਨੂੰ ਕਮੰਦ ਥੀਆ।
ਸੋਨੇ ਦੀ ਵਾਲੜੀ ਕੰਨ ਦੀ ਨੂੰ,
ਮਿਲ ਉਹ ਕਮੰਦ ਦੋ-ਚੰਦ ਥੀਆ।

ਰੱਸੀ ਦੇ ਇੱਕ ਖਾਸ ਤਰ੍ਹਾਂ ਦੇ ਵਲ ਨੂੰ ਕਮੰਦ ਵਲ ਆਖਿਆ ਜਾਂਦਾ ਹੈ। ਸਮਾਨੰਤਰ ਵਿਕਾਸ ਦੀ ਮਿਸਾਲ ਹੈ, ਸੰਸਕ੍ਰਿਤ ਦੇ ਇੱਕ ਧਾਤੂ 'ਕੁਟ' ਤੋਂ ਬਣੇ ਸ਼ਬਦ। ਇਸ ਧਾਤੂ ਵਿਚ ਵੀ ਝੁਕਾਉ, ਖਮ, ਵਿੰਗ ਦੇ ਭਾਵ ਹਨ। ਕੁਟੀਆ, ਕੁਟੀਰ ਆਦਿ ਸ਼ਬਦ ਇਸੇ ਤੋਂ ਬਣੇ। ਧਿਆਨ ਦਿਉ, ਛੱਪਰ ਵਾਲੀ ਕੁਟੀਆ ਦੀ ਛੱਤ ਢਾਲਵੀਂ ਜਾਂ ਮੁੜਵੀਂ ਹੁੰਦੀ ਹੈ।

# ਮਨਾਂ ਵਿਚ ਵਸੇ ਮਾਰੂਥਲ



ਸੰਤੋਖ ਮਿਨਹਾਸ
ਫੋਨ: 559-283-6376

ਇਸ ਧਰਤੀ 'ਤੇ ਹਰ ਵਕਤ ਕੁਝ ਨਾ ਕੁਝ ਨਵਾਂ ਵਾਪਰ ਰਿਹਾ ਹੈ-ਇਹ ਸਾਨੂੰ ਵੇਖਣ ਨੂੰ ਵੀ ਮਿਲ ਰਿਹਾ ਹੈ, ਸੁਣਨ ਨੂੰ ਵੀ ਤੇ ਸਮਝਣ ਨੂੰ ਵੀ। ਇਹ ਸਭ ਕੁਝ ਏਨੀ ਤੇਜੀ ਨਾਲ ਵਾਪਰ ਰਿਹਾ ਹੈ ਕਿ ਮਨੁੱਖ ਸਾਹੋ ਸਾਹੀ ਹੋਇਆ ਇਸ ਦੀ ਰਫਤਾਰ ਨਾਲ ਭੱਜਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਦੇ ਡਿੱਗਦਾ ਹੈ, ਫਿਰ ਉਠਦਾ ਹੈ, ਸਮੇਂ ਨਾਲ ਰਲਣ ਦੀ ਕੋਸ਼ਿਸ਼ ਕਰਦਾ ਹੰਭਿਆ ਪਿਆ ਹੈ। ਉਸ ਨੂੰ ਸਮਝ ਨਹੀਂ ਆ ਰਹੀ ਕਿ ਉਹ ਕਰੇ ਤਾਂ ਕੀ ਕਰੇ! ਇਸ ਲਈ ਉਹ ਆਪਣੇ ਟੀਚੇ, ਸਮਝ ਤੇ ਉਦੇਸ਼ ਪਲ ਪਲ ਬਦਲ ਰਿਹਾ ਹੈ। ਕਿਸੇ ਇਕ ਚੀਜ਼ ਨਾਲ ਬੰਨ ਕੇ ਬੈਠਣਾ, ਉਸ ਦੇ ਨਸੀਬ ਵਿਚੋਂ ਚੋਰੀ ਹੋ ਗਿਆ ਹੈ। ਇਸ ਲਈ ਉਹ ਜਾਣੇ-ਅਣਜਾਣੇ ਕਈ ਵਾਰ ਇਸ ਤਰ੍ਹਾਂ ਦੇ ਕੰਮ ਕਰ ਬੈਠਦਾ ਹੈ, ਜਿਸ ਨਾਲ ਉਸ ਨੂੰ ਆਪਣੀ ਇੱਜਤ ਤੇ ਹੋਂਦ ਵੀ ਖਤਰੇ ਵਿਚ ਪਈ ਮਹਿਸੂਸ ਹੋਣ ਲਗਦੀ ਹੈ।

ਇਹ ਵਰਤਾਰਾ ਕਿਸੇ ਇੱਕ ਮਨੁੱਖ ਦੇ ਹਿੱਸੇ ਨਹੀਂ ਆਇਆ, ਸਗੋਂ ਇਹ ਹੋਣੀ ਆਮ ਮਨੁੱਖ ਲਈ ਮਲੋਮੱਲੀ ਮਿਲਿਆ ਵਰਦਾਨ ਬਣ ਕੇ ਰਹਿ ਗਈ ਹੈ, ਜਿਸ ਦਾ ਸੰਕਟ ਮੋਚਨ ਉਸ ਦੇ ਹੱਥਾਂ ਵਿਚੋਂ ਤਿਲਕ ਗਿਆ ਹੈ। ਉਹ ਖਾਲੀ ਹੱਥ ਮਲਦਾ ਆਪਣੇ ਆਪ 'ਤੇ ਝੂਰ ਰਿਹਾ ਹੈ।

ਬਾਹਰੋਂ ਖੁਸ਼ ਮਿਜਾਜ ਦਿਸਦਾ ਬੰਦਾ ਅੰਦਰੋਂ ਤਿੜਕਿਆ ਪਿਆ ਹੈ। ਉਸ ਨੂੰ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰਨ ਵਾਲੀ ਗੱਲ ਠੀਕ ਲੱਗਣ ਲੱਗ ਪਈ ਹੈ। ਬੇਵਿਸ਼ਵਾਸੀ ਦਾ ਆਲਮ ਏਨਾ ਹੈ ਕਿ ਮਨੁੱਖ ਆਪਣੇ ਆਪ 'ਤੇ ਵੀ ਯਕੀਨ ਕਰਨਾ ਭੁੱਲ ਗਿਆ ਹੈ। ਅੰਦਰੋਂ ਏਨਾ ਕਮਜੋਰ ਹੋ ਗਿਆ ਹੈ ਕਿ ਉਸ ਨੂੰ ਕਿਸੇ ਦੀ ਹਰ ਗੱਲ, ਕਦੇ ਕਦੇ ਗਲਤ ਲੱਗਣ ਲੱਗਦੀ ਹੈ ਅਤੇ ਕਦੇ ਕਦੇ ਕਿਸੇ ਦੀ ਹਰ ਗੱਲ ਠੀਕ। ਇਹ ਭੰਬਲਭੂਸੇ ਦੀ ਪ੍ਰਵਿਰਤੀ ਉਸ ਦਾ ਜਿਉਣ ਸਲੀਕਾ ਬਣ ਗਈ ਹੈ। ਕਿਸੇ ਮਾੜੀ ਗੱਲ ਨੂੰ ਆਪਣੀ ਵਡਿਆਈ ਬਣਾ ਕੇ ਪੇਸ਼ ਕਰਨਾ ਉਸ ਨੂੰ ਚੰਗਾ ਲੱਗਦਾ ਹੈ। ਚਾਪਲੂਸਾਂ ਦਾ ਸਾਥ ਮਾਣਦਾ, ਦੋਸਤੀ ਦੀਆਂ ਡੀਂਗਾਂ ਦਾ ਸੁਆਗਤ ਕਰਦਾ ਹੈ। ਅੰਦਰੋਂ ਏਨਾ ਭਰਿਆ ਪਿਆ ਹੈ ਕਿ ਆਪਣੀ ਭੜਾਸ ਕੱਢਣ ਲਈ ਉਸ ਨੂੰ ਸ਼ੋਰ ਦੀ ਦੁਨੀਆਂ ਚੰਗੀ ਲੱਗਣ ਲੱਗ ਪਈ ਹੈ। ਉਹ ਤਾਂਘਦਾ ਕੁਝ ਹੋਰ ਹੈ ਤੇ ਭਾਲਦਾ ਕੁਝ ਹੋਰ, ਕਹਿੰਦਾ ਕੁਝ ਹੋਰ ਹੈ ਤੇ ਕਰਦਾ ਕੁਝ ਹੋਰ ਹੈ। ਉਸ ਦੀ ਝੋਲੀ ਵਿਚ ਪੈਂਦਾ ਕੁਝ ਹੋਰ ਹੈ। ਇਹ ਨਾਚਾਹਿਆ ਫਲ ਉਸ ਨੂੰ ਹਜ਼ਮ ਨਹੀਂ ਹੋ ਰਿਹਾ। ਇਸ ਦਾ ਦੋਸ਼ ਉਹ ਦੂਜਿਆਂ ਦੇ ਸਿਰ ਮੜਦਾ ਹੈ। ਉਹ ਆਪਣੇ ਕੀਤੇ ਨੂੰ ਇਸ ਸਿੱਟੇ ਤੋਂ ਖਾਰਜ ਕਰਦਾ ਹੈ। ਕੌੜੇ ਫਲ ਦੀ ਥੂਹ ਥੂਹ ਦੂਜਿਆਂ 'ਤੇ ਸਿੱਟਦਾ ਹੈ। ਆਪਣੀਆਂ ਗਲਤੀਆਂ ਨੂੰ ਦਰੁਸਤ ਦੱਸਦਾ, ਦੂਜੇ ਦੇ ਨੁਕਸ਼ਾਂ ਦੀ ਭਾਲ ਵਿਚ ਬੁਰੇ ਦੇ ਘਰ ਤੱਕ ਜਾਂਦਾ ਹੈ।

ਇਸ ਸਾਰੇ ਵਰਤਾਰੇ ਕਰਕੇ ਹੀ, ਉਹ ਆਪਣੇ ਆਪ ਨੂੰ ਹਮੇਸ਼ਾ, ਅੰਦਰੋਂ ਅੰਦਰ ਇਕੱਲ ਦੀ ਸੂਲੀ 'ਤੇ ਟੰਗਿਆ ਮਹਿਸੂਸ ਕਰਦਾ ਹੈ। ਫੁੱਲਾਂ, ਪੰਛੀਆਂ ਤੇ ਤਾਰਿਆਂ ਦੀ ਦੁਨੀਆਂ ਤੋਂ ਬੇਖਬਰ ਹੈ। ਆਸੇ-ਪਾਸੇ ਪਸਰੀ ਕਾਇਨਾਤ ਦੀ ਅਦਭੁਤ ਦੁਨੀਆਂ ਦੀ ਹੋਂਦ ਉਸ ਨੂੰ ਕਦੇ ਮਹਿਸੂਸ ਨਹੀਂ ਹੋਈ। ਅੱਖਾਂ ਨੂੰ ਸੁਖਾਵੇਂ ਲੱਗਦੇ ਹਰੇ-ਭਰੇ ਜੰਗਲ, ਉਚੇ ਉਚੇ ਪਹਾੜ, ਬਰਫ ਲੱਦੀਆਂ ਸਫੈਦ ਚੋਟੀਆਂ, ਨਿਰਮਲ ਧਾਰਾ ਵਿਚ ਵਹਿੰਦੇ ਝਰਨੇ, ਕਲ ਕਲ ਵਗਦੇ ਨਦੀਆਂ-ਨਾਲੇ ਵੇਖਣ ਲਈ ਉਸ



ਕੋਲ ਅੱਖ ਨਹੀਂ ਹੈ। ਇਸ ਹੱਡ-ਮਾਸ ਦੇ ਪੁਤਲੇ ਨੂੰ ਹਰ ਸ਼ੈਅ ਸਥੂਲ ਨਜ਼ਰ ਆਉਂਦੀ ਹੈ। ਰੰਗ ਬਰੰਗੇ ਫੁੱਲਾਂ ਨੂੰ ਮਾਣਨਾ, ਚੰਨ ਤਾਰਿਆਂ ਨਾਲ ਗੱਲਾਂ ਕਰਨੀਆਂ ਜਾਂ ਪੰਛੀਆਂ ਦਾ ਸੰਗੀਤ ਸੁਣਨਾ, ਉਹ ਪਾਗਲ ਜਿਹੇ ਲੋਕਾਂ ਦਾ ਠਰਕ ਸਮਝਦਾ ਹੈ। ਖੂਨ ਖਰਾਬੇ, ਜੰਗਾਂ, ਬਲਾਤਕਾਰ ਜਿਹੀਆਂ ਖਬਰਾਂ ਉਸ ਲਈ ਅਹਿਮ ਘਟਨਾਵਾਂ ਹਨ।

ਹਰ ਬੰਦਾ ਆਪਣੀ ਆਪਣੀ ਚੁਗਾਠ ਚੁੱਕੀ ਫਿਰਦਾ ਹੈ। ਉਹ ਆਪਣੇ ਫਰੇਮ ਤੋਂ ਬਾਹਰ ਨਹੀਂ ਝਾਕਦਾ; ਜੋ ਉਸ ਨੂੰ ਚੁਗਾਠ ਵਿਚ ਦੀ ਦਿਸਦਾ ਹੈ, ਉਹੀ ਠੀਕ ਹੈ। ਬਾਹਰੀ ਸੰਸਾਰ ਉਸ ਲਈ ਨਖਿੱਧ ਹੈ। ਲਚਕ, ਨਰਮਾਈ ਜਾਂ ਤਰਕ ਦਲੀਲ ਨਾਲ ਗੱਲ ਕਰਨੀ ਆਪਣੀ ਤੌਹੀਨ ਸਮਝਦਾ ਹੈ। ਆਪਸੀ ਮੇਲ-ਜੋਲ ਵਿਚ ਵੀ ਇੱਕ ਵਿੱਥ ਬਣਾ ਕੇ ਰੱਖਦਾ ਹੈ, ਇਸੇ ਲਈ ਬੰਦੇ ਨੇ ਇਕ ਘਰ ਵਿਚ ਕਈ ਘਰ ਸਿਰਜ ਲਏ ਹਨ। ਹਰ ਜੀਅ ਦਾ ਆਪਣਾ ਕਮਰਾ, ਆਪਣਾ ਘਰ। ਸਰਾਂ ਵਿਚ ਠਹਿਰੇ ਲੋਕਾਂ ਵਾਂਗ, ਆਪਣਾ ਨਿੱਜ, ਆਪਣਾ ਸਵਾਰਥ। ਇਕ ਘਰ ਵਿਚ ਰਹਿੰਦਿਆਂ ਵੀ, ਇਕ ਦੂਜੇ ਤੋਂ ਕੋਹਾਂ ਦੂਰ। ਅਪਣੱਤ, ਲਗਾਓ, ਨੇੜਤਾ ਵਰਗੇ ਸ਼ਬਦ, ਜ਼ਿੰਦਗੀ ਦੇ ਜਿਉਣ ਢੰਗ 'ਚੋਂ ਮਨਫੀ ਹੋ ਗਏ ਹਨ। ਆਪਣਿਆਂ ਨਾਲ ਵੀ ਓਪਰਿਆਂ ਜਿਹੀ, ਪੇਤਲੀ ਜਿਹੀ ਸਾਂਝ ਦਾ ਮੁਲੰਮਾ ਉਸ ਨੂੰ ਖਟਕਦਾ ਨਹੀਂ। ਬੋਲ-ਚਾਲ ਦੇ ਹਰ ਸ਼ਬਦ ਵਿਚ ਖੋਟ ਦੀ ਰਲਾਵਟ ਉਸ ਨੂੰ ਹੁਣ ਚੁਭਦੀ ਨਹੀਂ, ਸਗੋਂ ਰਿਸ਼ਤਿਆਂ ਨੂੰ ਪੁਗਾਉਣ ਮਾਤਰ ਇੱਕ ਜ਼ਰੀਆ ਬਣ ਗਈ ਹੈ। ਨੇੜਤਾ ਅਤੇ ਸਾਂਝ ਵਿਚ ਵੀ ਇਹ ਤਿਜਾਰਤ ਦਾ ਪਾਸਕੂ ਉਸ ਨੂੰ ਲਾਹੇਵੰਦਾ ਲੱਗਦਾ ਹੈ। ਇਸ ਸਭ ਕੁਝ ਦੇ ਬਾਵਜੂਦ ਉਹ ਆਪਣੇ ਆਪ ਨੂੰ ਮਾਡਰਨ ਯੁੱਗ ਦਾ 'ਸਭਿਅਕ ਬਾਸ਼ਿੰਦਾ' ਅਖਵਾਉਣ 'ਚ ਮਾਣ ਮਹਿਸੂਸ ਕਰਦਾ ਹੈ।

ਹੁਣ ਉਸ ਲਈ ਠੱਗੀ, ਚੋਰੀ, ਰਿਸ਼ਵਤ ਆਦਿ ਜਿਉਣ ਦਾ ਰੁਤਬਾ ਬਣ ਗਏ ਹਨ। ਉਹ ਸ਼ੱਰ੍ਹੇਆਮ ਲੁੱਟੀ ਮਾਇਆ ਦਾ ਦਿਖਾਵਾ ਕਰਦਾ ਹੈ। ਪੈਸੇ ਦੇ ਜੋਰ ਨਾਲ ਸਭ ਕੁਝ ਖਰੀਦਣ ਦਾ ਦਾਅਵਾ ਕਰਦਾ ਹੈ। ਇਸ ਇਸ਼ਤਿਹਾਰਬਾਜੀ ਦੇ ਯੁੱਗ ਵਿਚ ਆਪਣੇ ਆਪ ਨੂੰ ਇਸ਼ਤਿਹਾਰ ਦੇ ਰੂਪ ਵਿਚ ਪੇਸ਼ ਕਰਦਾ ਹੈ। ਭੀੜ ਵਿਚ ਅਲੱਗ ਦਿੱਸਣ ਦੀ ਲਾਲਸਾ ਨੇ ਉਸ ਨੂੰ ਬਹੁਰੂਪੀਆ ਬਣਾ ਦਿੱਤਾ ਹੈ।

ਆਮ ਜੀਵਨ ਵਿਚ ਵਿਚਰਨ ਵੇਲੇ ਵੀ ਪੈਂਤੜਿਆਂ ਦਾ ਢਕਵੰਜ ਰਚਦਾ ਹੈ ਤਾਂ ਕਿ ਆਮ ਲੋਕਾਂ ਨੂੰ ਅਨੋਖਾ ਤੇ ਨਿਵੇਕਲਾ ਦਿਸੇ। ਇਸ ਫਿਤਰਤ ਨੇ ਉਸ ਨੂੰ ਅੰਦਰੋਂ ਘੁਣ ਵਾਂਗ ਖਾ ਲਿਆ ਹੈ। ਵੇਖਣ ਨੂੰ ਇਹ ਬਾਹਰੋਂ ਸਾਬਤ ਸਬੂਤਾ ਲੱਗਦਾ ਬੰਦਾ ਅੰਦਰੋਂ ਖੋਖੇ ਦੀ ਨਿਆਈਂ ਬਣ ਗਿਆ ਹੈ। ਚਾਵਾਂ, ਉਮੀਦਾਂ ਨਾਲ ਭਰੀ ਝੋਲੀ ਵੇਖਣ ਵਾਲਾ ਇਹ ਬੰਦਾ ਖਾਲੀ ਝੋਲੀ ਅੱਡੀ ਮੰਡੀ ਵਿਚ ਭੱਜਿਆ ਫਿਰਦਾ ਹੈ। ਹੱਥ ਵਿਚ ਤੱਕੜੀ ਤੇ ਮਨ ਵਿਚ ਵੱਟੇ ਪਾਈ ਫਿਰਦਾ ਹੈ। ਚਿਹਰੇ 'ਤੇ ਮੁਸਕਰਾਹਟ ਦਾ ਝਉਲਾ, ਪਰ ਅੰਦਰ ਕੁੜਿੱਤਣ ਨਾਲ ਭਰਿਆ ਪਿਆ ਹੈ। ਸ਼ਹਿਦ ਡੱਬਿਆਂ ਵਿਚ ਬੰਦ ਹੈ, ਬੋਲਾਂ ਵਿਚ ਚਾਸ਼ਣੀ ਦਾ ਭਰਮ ਹੈ। ਬੰਦੇ ਦੇ ਹੱਥ ਵਿਚ ਪੈਸੇ ਹਨ, ਤੇ ਪੈਸੇ ਦੇ ਭਰਮ ਨੂੰ ਹੀ ਸੱਚ ਸਮਝਦਾ ਹੈ, ਜਦੋਂਕਿ ਸੱਚ ਇਹ ਹੈ ਕਿ ਹਾਸੇ, ਖੁਸ਼ੀਆਂ ਮੰਡੀ ਵਿਚ ਨਹੀਂ ਵਿਕਦੇ। ਇੱਥੇ ਆ ਕੇ ਉਹ ਹਾਰ ਜਾਂਦਾ ਹੈ, ਪਰ ਫਿਰ ਵੀ ਬਾਹਰੋਂ ਜਿੱਤਿਆ ਦਿੱਸਣਾ ਚਾਹੁੰਦਾ ਹੈ। ਬਸ ਇਹ ਹਾਰ ਹੀ ਅੱਜ ਦੇ ਮਨੁੱਖ ਦਾ ਨਸੀਬ ਹੈ।

# ਸਾਹਿਤ ਤੋਂ ਦੂਰ ਹੁੰਦਾ ਸਿਨੇਮਾ

ਸਾਹਿਤ ਅਤੇ ਸਿਨੇਮਾ ਦਾ ਸਬੰਧ ਪੁਰਾਣਾ ਹੈ ਪਰ ਕੁਝ ਦਹਾਕਿਆਂ ਵਿਚ ਫਿਲਮਾਂ ਸਾਹਿਤ ਤੋਂ ਦੂਰ ਹੁੰਦੀਆਂ ਗਈਆਂ। ਜੇ ਕੋਈ ਇਕ-ਅੱਧ ਨਿਰਮਾਤਾ ਸਾਹਿਤ ਨੂੰ ਆਧਾਰ ਬਣਾ ਕੇ ਫਿਲਮ ਬਣਾਉਂਦਾ ਵੀ ਹੈ ਤਾਂ ਉਸ ਨੂੰ ਟਿਕਟ ਖਿੜਕੀ 'ਤੇ ਚੰਗਾ ਹੁੰਗਾਰਾ ਨਹੀਂ ਮਿਲ ਰਿਹਾ। ਸਿਨੇਮਾ ਦੇ ਸ਼ੁਰੂਆਤੀ ਦੌਰ ਵਿਚ ਸਾਹਿਤਕ ਕ੍ਰਿਤਾਂ 'ਤੇ ਬਹੁਤ ਫਿਲਮਾਂ ਬਣੀਆਂ ਪਰ ਜ਼ਿਆਦਾਤਰ ਦਾ ਮਾੜਾ ਹਸ਼ਰ ਦੇਖ ਕੇ ਫਿਲਮਸਾਜ਼ ਹੁਣ ਇਸ 'ਤੇ ਫਿਲਮ ਬਣਾਉਣ ਤੋਂ ਗੁਰੇਜ਼ ਕਰਦੇ ਹਨ।

ਚਾਰਲਸ ਡਿਕਨਜ਼ ਦੇ ਨਾਵਲ 'ਦਿ ਗ੍ਰੇਟ ਐਕਸਪੈਕਟੇਸ਼ਨ' 'ਤੇ ਬਣੀ ਫਿਲਮ 'ਫਿਤੂਰ' ਨਾਲ ਬੁਰੀ ਤਰ੍ਹਾਂ ਹੱਥ ਜਲਾ ਬੈਠੇ ਨਿਰਦੇਸ਼ਕ ਅਭਿਸ਼ੇਕ ਕਪੂਰ ਦੀ ਨਜ਼ਰ ਹੁਣ ਫਿਰ ਸਾਹਿਤਕ ਰਚਨਾਵਾਂ 'ਤੇ ਹੈ। ਇਸ ਤੋਂ ਬਾਅਦ ਉਸ ਦੀ ਫਿਲਮ 'ਕੇਦਾਰਨਾਥ' ਵੀ ਫਲਾਪ ਰਹੀ ਹੈ। ਦੱਸਣਾ ਜ਼ਰੂਰੀ ਹੈ ਕਿ ਉਸ ਦੀ ਪਹਿਲੀ ਫਿਲਮ 'ਫਿਤੂਰ' ਦੀ ਹੀਰੋਇਨ ਕੈਟਰੀਨਾ ਕੈਫ ਨੂੰ ਚਾਰਲਸ ਡਿਕਨਜ਼ ਦਾ 'ਦਿ ਗ੍ਰੇਟ ਐਕਸਪੈਕਟੇਸ਼ਨ' ਬਹੁਤ ਪਸੰਦ ਸੀ। ਉਸ ਨੇ ਕਈ ਵਾਰ ਇਸ ਸਿਲਸਿਲੇ ਵਿਚ ਕਿਹਾ ਸੀ ਕਿ ਉਹ ਇਸ ਨਾਵਲ 'ਤੇ ਬਣਨ ਵਾਲੀ ਫਿਲਮ ਵਿਚ ਕੰਮ ਕਰਨਾ ਚਾਹੁੰਦੀ ਸੀ। ਪਹਿਲਾਂ ਚੇਤਨ ਭਗਤ ਦੇ ਹਰਮਨਪਿਆਰੇ ਨਾਵਲ 'ਦਿ ਥ੍ਰੀ ਮਿਸਟੇਕ ਆਫ ਮਾਈ ਲਾਈਫ' 'ਤੇ ਫਿਲਮ 'ਕਾਈ ਪੋ ਛੇ' ਬਣਾ ਚੁੱਕੇ ਅਭਿਸ਼ੇਕ ਕਪੂਰ ਇਸ ਫਿਲਮ ਦੀ ਬਿਤਹਰ ਪਟਕਥਾ ਲਈ ਹਮੇਸ਼ਾ ਸਲਾਹੇ ਗਏ ਪਰ 'ਫਿਤੂਰ' ਫਿਲਮ ਦਾ ਇਹ ਰੰਗ ਨਹੀਂ ਉਘੜ ਸਕਿਆ।

ਐਸ਼ਵਰਿਆ ਰਾਏ ਅਤੇ ਇਰਫਾਨ ਦੀ ਫਿਲਮ 'ਜਜ਼ਬਾ' ਵੀ ਅੰਗਰੇਜ਼ੀ ਨਾਵਲ 'ਤੇ ਆਧਾਰਿਤ ਸੀ। ਉਂਜ 'ਜਜ਼ਬਾ' ਦੇ ਨਿਰਦੇਸ਼ਕ ਸੰਜੇ ਗੁਪਤਾ ਦੀ ਪਿਛਲੀ ਫਿਲਮ 'ਸ਼ੂਟਆਊਟ ਐਟ ਵਡਾਲਾ' ਐਸ. ਹੁਸੈਨ ਜੈਦੀ ਦੀ ਕਿਤਾਬ 'ਡੋਂਗਰੀ ਟੂ ਦੁਬਈ' 'ਤੇ ਬਣੀ ਸੀ। ਇਸ ਦੌਰਾਨ ਚੇਤਨ ਭਗਤ ਦੀ ਮੰਗ ਵਧੇਰੇ ਰਹੀ। ਉਸ ਦੇ ਤਕਰੀਬਨ ਹਰ ਨਾਵਲ 'ਤੇ ਫਿਲਮਾਂ ਬਣ ਚੁੱਕੀਆਂ ਹਨ। ਉਸ ਦੇ ਨਾਵਲ 'ਹਾਫ ਗਰਲ ਫਰੈਂਡ' 'ਤੇ ਮੋਹਿਤ ਸੂਰੀ ਤੇ ਏਕਤਾ ਕਪੂਰ ਨੇ ਫਿਲਮ ਬਣਾਈ ਪਰ ਫਲਾਪ ਹੋ ਗਈ। ਉਸ ਦੇ ਇਕ ਹੋਰ ਨਾਵਲ 'ਟੂ ਸਟੇਟਸ' 'ਤੇ ਬਣੀ ਫਿਲਮ ਨੇ ਸੌ ਕਰੋੜ ਰੁਪਏ ਤੋਂ ਜ਼ਿਆਦਾ ਦਾ ਕਾਰੋਬਾਰ ਕੀਤਾ ਸੀ। ਨਵੇਂ ਦੌਰ ਦੇ ਨਿਰਦੇਸ਼ਕ ਦਿਬਾਕਰ ਬੈਨਰਜੀ ਦੀ ਫਿਲਮ 'ਬਿਓਮਕੇਸ਼ ਬਖਸ਼ੀ', ਸੱਤਿਆਜੀਤ ਰੇਅ ਦੀਆਂ ਕੁਝ ਛੋਟੀਆਂ ਕਹਾਣੀਆਂ 'ਤੇ ਆਧਾਰਿਤ ਸੀ। ਚੰਦਰਪ੍ਰਕਾਸ਼ ਦ੍ਵਿਵੇਦੀ ਦੀ 'ਅੱਸੀ ਮੁਹੱਲਾ' ਕਾਸ਼ੀਨਾਥ ਸਿੰਘ ਦੇ ਨਾਵਲ 'ਕਾਸ਼ੀ ਕਾ ਅੱਸੀ' 'ਤੇ ਆਧਾਰਿਤ ਸੀ। ਆਮਿਰ ਦੀ ਫਿਲਮ 'ਠੱਗਜ਼ ਆਫ ਹਿੰਦੁਸਤਾਨ' ਵੀ ਫਿਲਿਪ ਮਿਡੋਜ਼ ਟੇਲਰ ਦੀ ਲਿਖੀ ਕਿਤਾਬ 'ਕਨਫੈਸ਼ਨ ਆਫ ਠੱਗ' 'ਤੇ ਆਧਾਰਿਤ ਸੀ।



ਕੁੱਲ ਮਿਲਾ ਕੇ ਹਰਮਨਪਿਆਰੀਆਂ ਅਤੇ ਸਾਹਿਤਕ ਕਿਤਾਬਾਂ 'ਤੇ ਨਿਰਮਾਤਾਵਾਂ ਦਾ ਧਿਆਨ ਗਿਆ ਹੈ ਪਰ ਸ਼ਾਨਦਾਰ ਕਿਤਾਬ 'ਤੇ ਬਣਨ ਵਾਲੀ ਫਿਲਮ ਵੀ ਹਿੱਟ ਹੋਵੇਗੀ, ਇਸ ਦੀ ਕੋਈ ਗਰੰਟੀ ਨਹੀਂ। ਕੁਝ ਸਾਲ ਪਹਿਲਾਂ ਰਸਕਿਨ ਬੌਂਡ ਦੇ ਅੰਗਰੇਜ਼ੀ ਨਾਵਲ 'ਤੇ ਆਧਾਰਤ ਵਿਸ਼ਾਲ ਭਾਰਦਵਾਜ ਦੀ ਫਿਲਮ 'ਸਾਤ ਖੂਨ ਮਾਫ' ਦਾ ਬਹੁਤ ਬੁਰਾ ਹਸ਼ਰ ਹੋਇਆ ਸੀ। ਵਿਸ਼ਾਲ ਚਰਚਿਤ ਰਚਨਾਵਾਂ 'ਤੇ ਫਿਲਮਾਂ ਬਣਾਉਣ ਲਈ ਮਸ਼ਹੂਰ ਹੈ। ਉਸ ਦੀ ਫਿਲਮ 'ਓਮਕਾਰਾ' ਸ਼ੇਕਸਪੀਅਰ ਦੇ ਨਾਟਕ 'ਓਥੈਲੋ', 'ਮਕਬੂਲ' ਨਾਟਕ 'ਮੇਕਬੈਥ' ਅਤੇ 'ਹੈਦਰ' ਨਾਟਕ 'ਹੇਮਲੇਟ' 'ਤੇ ਆਧਾਰਤ ਸੀ। ਮਾਨਿਨੀ ਚੈਟਰਜੀ ਦੇ ਚਰਚਿਤ ਅੰਗਰੇਜ਼ੀ ਨਾਵਲ 'ਡੂ ਔਰ ਡਾਈ' 'ਤੇ ਆਧਾਰਤ ਆਸ਼ੂਤੋਸ਼ ਗੋਵਾਰੀਕਰ ਦੀ ਹਿੰਦੀ ਫਿਲਮ 'ਖੇਲੇਂਗੇ ਜੀ ਜਾਨ' ਨਹੀਂ ਚੱਲੀ ਪਰ ਇਹ ਚੰਗੀ ਫਿਲਮ ਸੀ।

ਪ੍ਰਸਿਧ ਫਿਲਮਸਾਜ਼ ਮਹੇਸ਼ ਭੱਟ ਜੋ ਅਕਸਰ ਕਿਸੇ ਕਿਤਾਬ ਜਾਂ ਸਾਹਿਤ 'ਤੇ ਘੱਟ ਹੀ ਫਿਲਮਾਂ ਬਣਾਉਂਦੇ ਹਨ, ਇਸ ਦਾ ਪੂਰਾ ਦੋਸ਼ ਚੰਗੀ ਪਟਕਥਾ 'ਤੇ ਮੜ੍ਹਦੇ ਹਨ। ਉਹ ਕਹਿੰਦੇ ਹਨ, 'ਅਸੀਂ ਅਕਸਰ ਇਹ ਭੁੱਲ ਜਾਂਦੇ ਹਾਂ ਕਿ ਪੜ੍ਹਨ ਅਤੇ ਦੇਖਣ ਵਿਚ ਬਹੁਤ ਫਰਕ ਹੁੰਦਾ ਹੈ। ਕਈ ਅਜਿਹੀਆਂ ਕਿਤਾਬਾਂ ਹਨ ਜੋ ਮੈਨੂੰ ਪੜ੍ਹਨ ਨੂੰ ਬਹੁਤ ਰੌਚਕ ਲੱਗੀਆਂ ਪਰ ਉਨ੍ਹਾਂ 'ਤੇ ਮੈਨੂੰ ਫਿਲਮ ਬਣਾਉਣ ਦਾ ਖਿਆਲ ਕਦੇ ਨਹੀਂ ਆਇਆ। ਵਜ੍ਹਾ ਸਾਫ ਹੈ, ਇਨ੍ਹਾਂ 'ਤੇ ਫਿਲਮ ਬਣਾਉਂਦੇ ਸਮੇਂ ਮੈਨੂੰ ਪਟਕਥਾ ਵਿਚ ਬਹੁਤ ਤਬਦੀਲੀ ਕਰਨੀ ਪਏਗੀ। ਇਹ ਗੱਲ ਮੂਲ ਲੇਖਕ ਨੂੰ ਪਸੰਦ ਨਹੀਂ ਹੋਵੇਗੀ।' ਕਾਫੀ ਹੱਦ ਤਕ ਇਹ ਗੱਲ ਸਹੀ ਹੈ। ਅਜਿਹੇ ਬਹੁਤ ਵਿਵਾਦ ਹਨ ਜਿਸ ਵਿਚ ਕਿਸੇ ਲੇਖਕ ਨੇ ਫਿਲਮਸਾਜ਼ 'ਤੇ ਉਸ ਦੀ ਰਚਨਾ ਨੂੰ ਖਰਾਬ ਕਰਨ ਦੇ ਦੋਸ਼ ਲਗਾਏ ਹਨ। ਇਸ ਦੀ ਚੰਗੀ ਮਿਸਾਲ ਰਾਜਕੁਮਾਰ ਹਿਰਾਨੀ ਦੀ ਸੁਪਰ ਹਿੱਟ ਫਿਲਮ 'ਥ੍ਰੀ ਇਡੀਅਟਸ' ਬਣੀ ਸੀ। ਅੰਗਰੇਜ਼ੀ ਲੇਖਕ ਚੇਤਨ ਭਗਤ ਦੇ ਚਰਚਿਤ ਨਾਵਲ 'ਫਾਈਵ ਪੁਆਇੰਟਸ ਸਮਵਨ' 'ਤੇ ਇਹ ਫਿਲਮ ਬਣੀ ਸੀ। ਫਿਲਮ ਦੇ ਪ੍ਰਦਰਸ਼ਨ ਤੋਂ ਬਾਅਦ ਚੇਤਨ ਭਗਤ ਨੇ ਇਸ ਦੇ ਨਿਰਮਾਤਾਵਾਂ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਨਾ ਸਿਰਫ ਇਸ ਵਿਚ ਬਹੁਤ ਜ਼ਿਆਦਾ ਤਬਦੀਲੀ ਕੀਤੀ ਹੈ, ਬਲਕਿ ਉਸ ਨੂੰ ਕੋਈ ਸਿਹਰਾ ਵੀ ਨਹੀਂ ਦਿੱਤਾ।




ਫਿਲਮ 'ਫਿਤੂਰ' ਦਾ ਪੋਸਟਰ

ਮਰਹੂਮ ਸ਼ਕਤੀ ਸਾਮੰਤਾ ਨੇ 'ਆਰਾਧਨਾ', 'ਅਮਰ ਪ੍ਰੇਮ', 'ਅਮਾਨੁਸ਼',' ਆਨੰਦ', 'ਆਸ਼ਰਮ' ਵਰਗੀਆਂ ਉਮਦਾ ਫਿਲਮਾਂ ਦਰਸ਼ਕਾਂ ਨੂੰ ਦਿੱਤੀਆਂ ਹਨ। 'ਆਰਾਧਨਾ' ਤੋਂ ਬਾਅਦ ਉਨ੍ਹਾਂ ਆਪਣੀ ਦਿਸ਼ਾ ਬਦਲ ਲਈ। ਉਹ ਆਪਣੀਆਂ ਫਿਲਮਾਂ ਲਈ ਬੰਗਾਲ ਦੇ ਸਾਹਿਤ 'ਤੇ ਕੁਝ ਜ਼ਿਆਦਾ ਹੀ ਨਿਰਭਰ ਹੋ ਗਏ। ਉਂਜ, ਉਹ ਸਫਲ ਵੀ ਖੂਬ ਹੋਏ, ਕਿਉਂਕਿ ਉਹ ਇਨ੍ਹਾਂ ਫਿਲਮਾਂ ਦੀ ਪਟਕਥਾ 'ਤੇ ਜ਼ਰੂਰਤ ਤੋਂ ਜ਼ਿਆਦਾ ਧਿਆਨ ਦਿੰਦੇ ਸਨ। ਉਹ ਇਸ ਕਾਰਜ ਲਈ ਅਕਸਰ ਪ੍ਰਸਿਧ ਸਾਹਿਤਕਾਰ ਕਮਲੇਸ਼ਵਰ ਦੀ ਸਹਾਇਤਾ ਲੈਂਦੇ ਸਨ। ਉਨ੍ਹਾਂ ਤੋਂ ਇਲਾਵਾ ਬਿਮਲ ਰਾਏ, ਰਿਸ਼ੀ ਦਾ ਵਰਗੇ ਵੱਡੇ ਫਿਲਮਸਾਜ਼ ਫਿਲਮ ਦੀ ਪਟਕਥਾ ਵਿਚ ਬਹੁਤ ਯੋਗਦਾਨ ਦੇਣ ਦੇ ਬਾਵਜੂਦ ਆਪਣੀ ਫਿਲਮ ਦੇ ਪਟਕਥਾ ਲੇਖਣ ਤੋਂ ਹਮੇਸ਼ਾ ਦੂਰ ਰਹਿੰਦੇ ਸਨ। ਇਸ ਮਾਮਲੇ ਵਿਚ ਉਨ੍ਹਾਂ ਨੇ ਇਸ ਖੇਤਰ ਵਿਚ ਗੁਣੀ ਬੰਦੇ 'ਤੇ ਹੀ ਭਰੋਸਾ ਕੀਤਾ।

'ਪਦਮਾਵਤ' ਤੋਂ ਬਾਅਦ ਸੰਜੇ ਲੀਲਾ ਭੰਸਾਲੀ ਦੀ ਨਵੀਂ ਫਿਲਮ 'ਇੰਸ਼ਾ ਅੱਲ੍ਹਾ' ਵੀ ਚਰਚਿਤ ਕਿਤਾਬ 'ਤੇ ਆਧਾਰਤ ਹੈ। ਇਸ ਫਿਲਮ ਨੂੰ ਵੀ ਉਸ ਨੇ ਆਪਣੀ ਪਿਛਲੀ ਫਿਲਮ ਵਾਂਗ ਤੋੜਿਆ-ਮਰੋੜਿਆ ਹੈ। ਉਹ ਇਸ ਗੱਲ ਤੋਂ ਇਨਕਾਰ ਨਹੀਂ ਕਰਦੇ ਕਿ ਅਜਿਹਾ ਕਰਦੇ ਸਮੇਂ ਫਿਲਮਸਾਜ਼ 'ਤੇ ਆਲੋਚਕਾਂ ਦਾ ਬਹੁਤ ਦਬਾਅ ਹੁੰਦਾ ਹੈ। ਉਹ ਕਹਿੰਦੇ ਹਨ, 'ਗੱਲ ਜੇ ਕਿਸੇ ਸਾਹਿਤਕ ਰਚਨਾ ਦੀ ਹੋਵੇ ਤਾਂ ਆਲੋਚਕ ਦੀ ਨਜ਼ਰ ਹੋਰ ਤੇਜ਼ ਹੋ ਜਾਂਦੀ ਹੈ। 'ਦੇਵਦਾਸ' ਤੋਂ ਬਾਅਦ ਮੇਰੇ 'ਤੇ ਦੋਸ਼ ਲੱਗੇ ਕਿ ਮੈਂ ਸ਼ਰਤ ਬਾਬੂ ਦੀ ਰਚਨਾ ਨਾਲ ਬਹੁਤ ਛੇੜਖਾਨੀ ਕੀਤੀ ਹੈ ਪਰ ਮੇਰਾ ਮਨ ਸਾਫ ਸੀ। ਬਤੌਰ ਨਿਰਦੇਸ਼ਕ ਮੈਨੂੰ ਇਹ ਛੋਟ ਲੈਣ ਦਾ ਪੂਰਾ ਹੱਕ ਸੀ। ਮੈਂ ਸ਼ਰਤਚੰਦਰ ਦਾ ਇਹ ਨਾਵਲ ਕਈ ਵਾਰ ਪੜ੍ਹਿਆ ਸੀ ਪਰ ਦੇਵਦਾਸ ਨੂੰ ਮੈਂ ਜਿਸ ਰੂਪ ਵਿਚ ਦੇਖਿਆ ਸੀ, ਮਹਿਸੂਸ ਕੀਤਾ ਸੀ, ਉਸ ਨੂੰ ਅੱਜ ਦੇ ਪ੍ਰਸੰਗ ਵਿਚ ਉਸ ਢੰਗ ਨਾਲ ਬਣਾਉਣਾ ਚਾਹੁੰਦਾ ਸੀ, ਤਾਂ ਹੀ ਮੈਂ ਕਹਾਣੀ ਵਿਚ ਕੁਝ ਤਬਦੀਲੀਆਂ ਕੀਤੀਆਂ।'



ਫਿਲਮਸਾਜ਼ ਅਭਿਸ਼ੇਕ ਕਪੂਰ ਦੀ ਹਿੱਟ ਫਿਲਮ 'ਕਾਈ ਪੋ ਛੇ' ਦੀ ਝਲਕ ਜੋ ਚੇਤਨ ਭਗਤ ਦੇ ਨਾਵਲ ਉਤੇ ਆਧਾਰਤ ਸੀ।

ਅਭਿਨੇਤਾ ਨਾਨਾ ਪਾਟੇਕਰ ਵੀ ਇਸ ਦਾ ਸਾਰਾ ਦੋਸ਼ ਫਿਲਮਸਾਜ਼ਾਂ 'ਤੇ ਮੜ੍ਹਦੇ ਹਨ। ਉਨ੍ਹਾਂ ਮੁਤਾਬਿਕ ਸਾਡੇ ਕੋਲ ਸਾਹਿਤ ਦਾ ਭੰਡਾਰ ਹੈ ਪਰ ਇਨ੍ਹਾਂ ਦੀ ਨਜ਼ਰ ਸਾਹਿਤਕ ਰਚਨਾ 'ਤੇ ਘੱਟ ਹੀ ਪੈਂਦੀ ਹੈ। ਫਿਲਮਸਾਜ਼ਾਂ ਨੂੰ ਇਨ੍ਹਾਂ ਵੱਲ ਦੇਖਣਾ ਚਾਹੀਦਾ ਹੈ।' ਅੱਜ ਬੇਸ਼ੱਕ ਵਪਾਰਕ ਸਿਨੇਮਾ ਨੇ ਸਾਹਿਤ ਨੂੰ ਫਿਲਮਾਂ ਤੋਂ ਦੂਰ ਕਰ ਦਿੱਤਾ ਹੈ ਪਰ ਸਾਹਿਤਕ ਰਚਨਾਵਾਂ ਅਕਸਰ ਨਜ਼ਰ ਆ ਹੀ ਜਾਂਦੀਆਂ ਹਨ। ਜਿਥੋਂ ਤਕ ਸਾਹਿਤ 'ਤੇ ਬਣੀਆਂ ਫਿਲਮਾਂ ਦੀ ਸਫਲਤਾ ਅਤੇ ਅਸਫਲਤਾ ਦਾ ਸੁਆਲ ਹੈ, ਜ਼ਿਆਦਾਤਰ ਫਿਲਮਸਾਜ਼ ਮੰਨਦੇ ਹਨ ਕਿ ਕਹਾਣੀ ਚੰਗੀ ਹੋਣੀ ਚਾਹੀਦੀ ਹੈ।

**-ਅਸੀਮ ਚਕਰਵਰਤੀ**

# ਲਾਪਤਾ ਦੀ ਤਲਾਸ਼ 'ਚ ਕਸ਼ਮੀਰ

ਜਦੋਂ ਕਿਸੇ ਸਮਾਜ ਦੇ ਸਿਆਸੀ ਅਤੇ ਸਮਾਜਿਕ ਵਰਤਾਰੇ ਵਿਚ ਵਿਗਾੜ ਪੈਦਾ ਹੁੰਦਾ ਹੈ ਤਾਂ ਉਸ ਦੇ ਨਿਵਾਸੀਆਂ 'ਤੇ ਅਸਰ ਪੈਣਾ ਸੁਭਾਵਿਕ ਹੈ। ਇਸ ਵਿਗਾੜ ਦਾ ਪ੍ਰਭਾਵ ਕਈ ਸਾਲਾਂ ਤਕ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਦਾ ਵਿਗਾੜ ਪੰਜਾਬ, ਕਸ਼ਮੀਰ ਅਤੇ ਹੋਰ ਕਈ ਸੂਬਿਆਂ ਵਿਚ ਦਿਖਾਈ ਦਿੰਦਾ ਹੈ। ਕਸ਼ਮੀਰ ਕੁਦਰਤ ਦਾ ਅਦਭੁਤ ਕ੍ਰਿਸ਼ਮਾ ਹੈ। ਉਥੋਂ ਦੀਆਂ ਵਾਦੀਆਂ ਬੰਦੇ ਦੇ ਮਨ ਨੂੰ ਮੋਹ ਲੈਂਦੀਆਂ ਹਨ। ਇਸ ਦੀ ਤੁਲਨਾ ਦੁਨੀਆ 'ਤੇ ਸਵਰਗ ਨਾਲ ਕੀਤੀ ਜਾਂਦੀ ਹੈ ਪਰ ਮੌਜੂਦਾ ਦੌਰ ਵਿਚ ਕਸ਼ਮੀਰੀ ਕਈ ਮੁਸ਼ਕਿਲਾਂ 'ਚੋਂ ਗੁਜ਼ਰ ਰਹੇ ਹਨ।



ਫਿਲਮ 'ਨੋ ਫਾਦਰਜ਼ ਇਨ ਕਸ਼ਮੀਰ' ਦਾ ਦ੍ਰਿਸ਼।

ਕਸ਼ਮੀਰ ਦੇ ਇਸ ਮਾਹੌਲ ਬਾਰੇ ਕਈ ਫਿਲਮਾਂ ਬਣੀਆਂ ਜਿਨ੍ਹਾਂ ਵਿਚ 'ਨੋ ਫਾਦਰਜ਼ ਇਨ ਕਸ਼ਮੀਰ' ਅਤੇ 'ਹਾਮਿਦ' 2019 ਵਿਚ ਰਿਲੀਜ਼ ਹੋਈਆਂ। ਇਹ ਫਿਲਮਾਂ ਕਸ਼ਮੀਰੀ ਲੋਕਾਂ ਦੇ ਮਨ ਅੰਦਰ ਬਣੇ ਦਹਿਸ਼ਤ ਦੇ ਮਾਹੌਲ ਤੋਂ ਦਰਸ਼ਕਾਂ ਨੂੰ ਜਾਣੂ ਕਰਾਉਂਦੀਆਂ ਹਨ। ਇਹ ਦੋਵੇਂ ਫਿਲਮਾਂ ਬਿਆਨ ਕਰਦੀਆਂ ਹਨ ਕਿ ਪਿਤਾ ਤੋਂ ਵਿਹੂਣੇ ਬੱਚਿਆਂ ਦੇ ਮਨਾਂ ਅੰਦਰ ਕਿਹੋ ਜਿਹੇ ਅਹਿਸਾਸ ਤੇ ਭਾਵਨਾਵਾਂ ਪਨਪਦੀਆਂ ਹਨ ਅਤੇ ਬਾਪ ਨੂੰ ਮਿਲਣ ਦੀ ਤਾਂਘ ਕਿਵੇਂ ਉਨ੍ਹਾਂ ਬੱਚਿਆਂ ਵਿਚ ਪ੍ਰਬਲ ਹੁੰਦੀ ਹੈ।

'ਨੋ ਫਾਦਰਜ਼ ਇਨ ਕਸ਼ਮੀਰ' ਦਾ ਨਿਰਦੇਸ਼ਨ ਅਸ਼ਵਿਨ ਕੁਮਾਰ ਨੇ ਕੀਤਾ ਹੈ। ਇਸ ਤੋਂ ਪਹਿਲਾਂ ਵੀ ਅਸ਼ਵਿਨ ਕੁਮਾਰ ਕਸ਼ਮੀਰ 'ਤੇ ਦਸਤਾਵੇਜ਼ੀ ਫਿਲਮਾਂ ਦਾ ਨਿਰਮਾਣ ਕਰ ਚੁੱਕਾ ਹੈ। ਇਹ ਫਿਲਮ ਲਾਪਤਾ ਪਿਤਾ ਦੀ ਤਲਾਸ਼ ਵਿਚ ਬੱਚਿਆਂ ਦੇ ਜੀਵਨ ਦੀ ਜੱਦੋ-ਜਹਿਦ ਦੀ ਕਹਾਣੀ ਹੈ। ਫਿਲਮ ਦੋ ਬੱਚਿਆਂ ਦੇ ਕਿਰਦਾਰ ਦੁਆਲੇ ਹੀ ਘੁੰਮਦੀ ਹੈ। ਨੂਰ ਬ੍ਰਿਟਿਸ਼ ਕਸ਼ਮੀਰੀ ਬਾਲੜੀ ਹੈ ਜੋ ਆਪਣੇ ਦਾਦਾ-ਦਾਦੀ ਨੂੰ ਮਿਲਣ ਲਈ ਹਿੰਦੁਸਤਾਨ ਆਉਂਦੀ ਹੈ। ਇਥੇ ਉਸ ਦੀ ਮੁਲਾਕਾਤ ਕਸ਼ਮੀਰੀ ਮੁੰਡੇ ਮਜੀਦ ਨਾਲ ਹੁੰਦੀ ਹੈ। ਇਨ੍ਹਾਂ ਦੋਹਾਂ ਬੱਚਿਆਂ ਦੇ ਪਿਤਾ ਕਸ਼ਮੀਰ ਵਿਚ ਲਾਪਤਾ ਹਨ। ਜਿਨ੍ਹਾਂ ਦੀ ਤਲਾਸ਼ ਲਈ ਉਹ ਦਰ-ਬ-ਦਰ ਭਟਕਦੇ ਤੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਦੇ ਬਾਪ ਜ਼ਿੰਦਾ ਹਨ ਵੀ ਕਿ ਨਹੀਂ। ਇਸ ਤਰ੍ਹਾਂ ਦੀ ਹਾਲਤ ਦਾ ਸਭ ਤੋਂ ਵੱਡਾ ਅਸਰ ਬੱਚਿਆਂ ਤੇ ਔਰਤਾਂ ਦੇ ਮਨਾਂ ਉਪਰ ਪੈਂਦਾ ਹੈ, ਕਿਉਂਕਿ ਔਰਤਾਂ ਨਾ ਤਾਂ ਸੁਹਾਗਣਾਂ ਹਨ ਤੇ ਨਾ ਹੀ ਵਿਧਵਾਵਾਂ। ਇਸ ਤਰ੍ਹਾਂ ਦੀ ਹਾਲਤ ਬੜੀ ਭਿਆਨਕ ਬਣ ਜਾਂਦੀ ਹੈ। ਇਸ ਤਰ੍ਹਾਂ ਦੀ ਕਹਾਣੀ ਕਿਸੇ ਇਕ ਕਸ਼ਮੀਰੀ ਪਰਿਵਾਰ ਦੀ ਨਹੀਂ ਸਗੋਂ ਹਜ਼ਾਰਾਂ ਪਰਿਵਾਰਾਂ ਦੀ ਹੈ।

ਇਸੇ ਤਰ੍ਹਾਂ ਦੀ ਫਿਲਮ 'ਹਾਮਿਦ' ਹੈ ਜਿਸ ਦਾ ਨਿਰਦੇਸ਼ਨ ਐਜਾਜ਼ ਖਾਨ ਨੇ ਕੀਤਾ ਹੈ। ਇਹ ਫਿਲਮ 'ਫੋਨ ਨੰਬਰ 786' ਨਾਟਕ 'ਤੇ ਆਧਾਰਤ ਹੈ ਜਿਸ ਦਾ ਰਚੇਤਾ ਮੁਹੰਮਦ ਆਮੀਨ ਭੱਟ ਹੈ। 'ਹਾਮਿਦ' ਦਾ ਬਿਰਤਾਂਤ ਵੀ 'ਨੋ ਫਾਦਰਜ਼ ਇਨ ਕਸ਼ਮੀਰ' ਵਰਗਾ ਹੀ ਹੈ। ਹਾਮਿਦ ਦਾ ਪਿਤਾ ਕਿਸ਼ਤੀਆਂ ਬਣਾਉਣ ਦਾ ਕੰਮ ਕਰਦਾ ਹੈ। ਇਕ ਦਿਨ ਉਹ ਕੰਮ ਤੋਂ ਵਾਪਸ ਨਹੀਂ ਆਉਂਦਾ ਤੇ ਲਾਪਤਾ ਹੋ ਜਾਂਦਾ ਹੈ ਪਰ ਹਾਮਿਦ ਹਮੇਸ਼ਾਂ ਆਪਣੀ ਮਾਂ ਨੂੰ ਸਵਾਲ ਕਰਦਾ ਹੈ ਕਿ ਉਸਦਾ ਪਿਤਾ ਕਿਥੇ ਹੈ? ਤਾਂ ਮਾਂ ਹਾਮਿਦ ਨੂੰ ਕਹਿ ਦਿੰਦੀ ਹੈ ਕਿ ਉਸ ਦਾ ਪਿਤਾ ਅੱਲ੍ਹਾ ਕੋਲ ਚਲਾ ਗਿਆ ਹੈ। ਉਹ ਇਕ ਦਿਨ ਅੱਲ੍ਹਾ ਦੇ ਨੰਬਰ 786 ਦਾ ਜੋੜ-ਤੋੜ ਕਰਕੇ ਦਸ ਅੰਕਾਂ ਦਾ ਫੋਨ ਨੰਬਰ ਡਾਇਲ ਕਰਦਾ ਹੈ। ਕੁਦਰਤੀ ਉਹ ਫੋਨ ਸੀ.ਆਰ.ਪੀ.ਐਫ. ਦੇ ਜਵਾਨ ਨੂੰ ਮਿਲ ਜਾਂਦਾ ਹੈ। ਉਸ ਜਵਾਨ ਨੂੰ ਖੁਦਾ ਸਮਝ ਕੇ ਹਾਮਿਦ ਗੱਲ ਕਰਦਾ ਹੈ। ਜਵਾਨ ਵੀ ਉਸ ਬੱਚੇ ਨੂੰ ਖੁਦਾ ਵਰਗਾ ਦਿਲਾਸਾ ਦਿੰਦਾ ਹੈ ਅਤੇ ਹਾਮਿਦ ਤੇ ਉਸ ਦੇ ਪਰਿਵਾਰ ਦੀ ਮਾਲੀ ਤੇ ਹੋਰ ਸਾਧਨਾਂ ਨਾਲ ਸਹਾਇਤਾ ਵੀ ਕਰਦਾ ਹੈ। ਜਵਾਨ ਨੂੰ ਉਸ ਵਿਚੋਂ ਆਪਣੀ ਧੀ ਦੀ ਝਲਕ ਨਜ਼ਰ ਆਉਂਦੀ ਹੈ। ਇਸ ਫਿਲਮ ਵਿਚ ਆਮ ਕਸ਼ਮੀਰੀ ਨਾਗਰਿਕ ਤੇ ਫੌਜ ਦੇ ਜਵਾਨਾਂ ਦੇ ਆਪਸੀ ਰਿਸ਼ਤਿਆਂ ਨੂੰ ਉਘਾੜਿਆ ਗਿਆ ਹੈ।



ਫਿਲਮ 'ਹਾਮਿਦ' ਦੀ ਝਲਕ।

ਇਸ ਤਰ੍ਹਾਂ ਦੀਆਂ ਕਈ ਹੋਰ ਫਿਲਮਾਂ ਕਸ਼ਮੀਰੀ ਜਨ-ਜੀਵਨ ਨੂੰ ਪੇਸ਼ ਕਰਨ ਵਾਲੀਆਂ ਹਨ ਜਿਨ੍ਹਾਂ ਵਿਚ ਖਾਸ ਕਰਕੇ ਵਿਸ਼ਾਲ ਭਾਰਦਵਾਜ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਹੈਦਰ' ਜਿਹੜੀ ਸ਼ੈਕਸਪੀਅਰ ਦੇ ਨਾਟਕ 'ਹੈਮਲੈਟ' 'ਤੇ ਆਧਾਰਤ ਹੈ। ਹੈਮਲੈਟ ਦੀ ਵੰਡੀ ਹੋਈ ਸ਼ਖਸੀਅਤ ਤੇ ਉਸਰਿਆ ਕੇਂਦਰੀ ਕਿਰਦਾਰ ਹੀ ਕਸ਼ਮੀਰ ਦੇ ਦੁਖਾਂਤ ਦਾ ਪ੍ਰਤੀਕ ਹੀ ਨਹੀਂ ਬਣਦਾ ਸਗੋਂ ਉਸਦੀ ਮਾਂ, ਪ੍ਰੇਮਿਕਾ, ਪਿਤਾ, ਚਾਚਾ ਅਤੇ ਹੋਰ ਕਿਰਦਾਰ ਵੀ ਵਰ੍ਹਿਆਂ ਤੋਂ ਵਾਪਰ ਰਹੀ ਤ੍ਰਾਸਦੀ ਦੇ ਗਵਾਹ ਹੋ ਨਿਬੜਦੇ ਹਨ। ਉਨ੍ਹਾਂ ਦੀਆਂ ਜ਼ਿੰਦਗੀਆਂ ਮਧੋਲੀਆਂ ਗਈਆਂ ਹਨ, ਕਸ਼ਮੀਰ ਮਧੋਲਿਆ ਗਿਆ ਹੈ, ਸਭ ਕੁਝ ਖਤਮ ਹੈ। ਇਸ ਤਰ੍ਹਾਂ ਦੀਆਂ ਕਈ ਸਮੱਸਿਆਵਾਂ ਨਾਲ ਕਸ਼ਮੀਰੀ ਲੋਕ ਘਿਰੇ ਹੋਏ ਹਨ। ਜਿੰਨਾ ਚਿਰ ਉਥੋਂ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਨਾਲ ਜੋੜਨ ਦਾ ਸਾਰਥਿਕ ਉਪਰਾਲਾ ਨਹੀਂ ਕੀਤਾ ਜਾਂਦਾ, ਉਦੋਂ ਤਕ ਹਾਲਾਤ ਨਹੀਂ ਸੁਧਰਨਗੇ।

**-ਜਤਿੰਦਰ ਸਿੰਘ**

BOMBAY FILMS

PRESENTS

# Diwali Mela

Cultural Events & Mela

**SUNDAY OCTOBER 13, 2019**

11 AM TO 7 PM

**BURTON MANOR**

27777 SCHOOLCRAFT, LIVONIA, MI 48158

BOMBAY Films By Anil Relan

miindia.com bringing community together!






***One Gift Box per family please***

Booth & Sponsorship options available.
Call: 586-733-0294
info@mybombayfilms.com

Free Parking. Free Admission.
Visit: www.mybombayfilms.com

ਪ੍ਰੋਗਰਾਮ ਤੋਂ ਇਕੱਤਰ ਹੋਇਆ ਪੈਸਾ
ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਲੈਨਸਿੰਗ
(ਮਿਸ਼ੀਗਨ) ਨੂੰ ਭੇਟ ਕੀਤਾ ਜਾਵੇਗਾ

**Look for us on TV! We will be featured on our local network affiliate weekend programs as follows:**

**On Saturday, October 5, you'll see Rupal Jaipati of Bombay Boutique at 8:50am on WJBK Fox 2.**

**Check out delicious Indian cuisine from Saffron restaurant on October 12, on WDIV local 4 at 7:15am.**

**Catch the dancers from Nartan Dance Academy on October 13, on WXYZ channel 7 in the morning.**